ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free

ਸਾਲ : 4 ਅੰਕ : 01 Phone : 780 465 9118, 403 830 7007, 204 218 6284 : Fax: 780 465 0661, e-mail: info@nawidunia.com ਜਨਵਰੀ 2013



ਲੇਖਕ ਤੇ ਰੰਗਕਰਮੀ ਸਫ਼ਦਰ ਹਾਸ਼ਮੀ : ਕਤਲ 02 ਜਨਵਰੀ 1989

ਅਲਬਰਟਾ ਦੀਆਂ ਝੀਲਾਂ ! ਪੰਨਾ-3



ਸਥਾਈ ਵਿੱਤੀ ਅਸਾਸਿਆਂ ਦਾ ਹੋਣਾ ਜਰੂਰੀ ਪੰਨਾ-6





ਅਲਵਿਦਾ 2012 ਪੰਨਾ-18,19,20 ਤੇ 21

ਈਵਨ ਦੇ ਰੇਨ ਪੰਨਾ-46




## ਮੂਲਵਾਸੀਆਂ ਵੱਲੋਂ ਅਦਾਲਤ ਵਿੱਚ ਸਰਕਾਰ ਦੇ ਫੈਸਲੇ ਨੂੰ ਚੁਣੌਤੀ

### ਬਿਲ ਸੀ-38 ਅਤੇ ਸੀ-45 ਵਿੱਚ ਤਬਦੀਲੀ ਦਾ ਮਾਮਲਾ

ਐਡਮਿੰਟਨ (ਨਦਬ)- ਪਿਛਲੇ ਦਿਨੀਂ ਫਸਟ ਨੇਸ਼ਨਜ਼ ਮਿਕੀਸਿਊ ਕਰੀ ਅਤੇ ਫਰੌਗ ਲੇਕ ਨੇ ਮਿਲ ਕੇ ਫੈਡਰਲ ਅਦਾਲਤ ਵਿੱਚ ਸਰਕਾਰ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਹੈ, ਜਿਸ ਤਹਿਤ ਸਰਕਾਰ ਨੇ ਬਿਲ ਸੀ-38 ਅਤੇ ਸੀ-45 ਵਿੱਚ ਕੁੱਝ ਤਬਦੀਲੀਆਂ ਕੀਤੀਆਂ ਹਨ। ਇਸ ਤਹਿਤ ਹੀ ਫਿਸ਼ਰੀ ਐਕਟ, ਨੈਵੀਗੇਬਲ ਵਾਟਰ ਪ੍ਰੋਟੈਕਸ਼ਨ ਐਕਟ ਅਤੇ ਕਨੇਡੀਅਨ ਇਨਵਾਇਰਮੈਂਟਲ ਅਸੈਸਮੈਂਟ ਐਕਟ ਵਿੱਚ ਕੁੱਝ ਤਬਦੀਲੀਆਂ ਕੀਤੀਆਂ ਹਨ। ਮੂਲਵਾਸੀਆਂ ਵੱਲੋਂ ਅਦਾਲਤ ਵਿੱਚ ਪਾਈ ਚੁਣੌਤੀ 'ਚ ਕਿਹਾ ਗਿਆ ਹੈ ਕਿ ਸਰਕਾਰ ਵੱਲੋਂ ਕਾਨੂੰਨ ਵਿੱਚ ਇਹ ਤਬਦੀਲੀਆਂ ਕਰਨ ਤੋਂ ਪਹਿਲਾਂ ਕਾਨੂੰਨੀ ਤੌਰ 'ਤੇ ਉਹਨਾਂ ਨਾਲ ਸਲਾਹ-ਮਸ਼ਵਰਾ ਕਰਨਾ ਜਰੂਰੀ ਸੀ, ਕਿਉਂਕਿ ਇਹਨਾਂ ਫੈਸਲਿਆਂ ਨਾਲ ਸਿੱਧੇ ਤੌਰ 'ਤੇ ਉਹਨਾਂ ਦੀ ਜ਼ਿੰਦਗੀ ਪ੍ਰਭਾਵਿਤ ਹੁੰਦੀ ਹੈ। ਇਸ ਸਬੰਧੀ ਮੂਲਵਾਸੀਆਂ ਦੇ ਲੀਗਲ ਕੌਂਸਲ ਰੌਬਰਟ ਜੇਨਸ ਦਾ ਕਹਿਣਾ ਹੈ ਕਿ ਅਸੀਂ ਅਦਾਲਤ ਵਿੱਚ ਵਾਤਾਵਰਣ ਦੇ ਕੁੱਝ ਨੁਕਤਿਆਂ ਨੂੰ ਲੈ ਕੇ ਸਰਕਾਰ ਨੂੰ ਚੁਣੌਤੀ ਦਿੱਤੀ ਹੈ। ਸਰਕਾਰ ਵੱਲੋਂ ਕਾਨੂੰਨ ਦੀ ਆੜ ਲੈ ਕੇ ਮੂਲਵਾਸੀਆਂ ਦੀ ਪਰੰਪਰਿਕ ਜੀਵਨ ਸ਼ੈਲੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦੋਂਕਿ ਇਸ ਖੇਤਰ ਵਿੱਚ ਕੋਈ ਵੀ ਕਦਮ ਚੁੱਕਣ ਤੋਂ ਪਹਿਲਾਂ ਸਰਕਾਰ ਲਈ ਮੂਲਵਾਸੀਆਂ ਨਾਲ ਮਸ਼ਵਰਾ ਕਰਨਾ ਜਰੂਰੀ ਹੈ। ਅਸਲ ਵਿੱਚ ਫੈਡਰਲ ਸਰਕਾਰ ਦੀ ਯੋਜਨਾ ਇਹ ਹੈ ਕਿ ਉਪਰੋਕਤ ਕਾਨੂੰਨਾਂ ਵਿੱਚ ਤਬਦੀਲੀਆਂ ਕਰਕੇ ਮੂਲਵਾਸੀਆਂ ਦੇ ਅਧਿਕਾਰਾਂ ਨੂੰ ਸੀਮਤ ਕੀਤਾ ਜਾਵੇ ਤਾਂ ਜੋ ਇਹਨਾਂ ਲੋਕਾਂ ਦੇ ਕੁਦਰਤੀ ਸੋਮਿਆਂ 'ਤੇ ਕਬਜ਼ਾਂ ਕਰਨ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ।

ਜ਼ਿਕਰਯੋਗ ਹੈ ਕਿ ਫਰੌਗ ਲੇਕ ਐਡਮਿੰਟਨ ਤੋਂ ਦੱਖਣੀ ਪੂਰਬੀ ਵਾਲੇ ਪਾਸੇ ਪੈਂਦਾ ਹੈ। ਇਸ ਕਮਿਊਨਿਟੀ ਦੀ ਆਪਣੀ ਫਰੌਗ ਲੇਕ ਐਨਰਜ਼ੀ ਨਾਂ ਦੀ ਤੇਲ ਕੰਪਨੀ ਹੈ, ਜਿਸਦਾ ਕੁੱਲ ਅੰਦਾਜ਼ਨ ਬਜਟ 150 ਮਿਲੀਅਨ ਡਾਲਰ ਤੋਂ ਲੈ ਕੇ 200 ਮਿਲੀਅਨ ਡਾਲਰ ਤਕ ਦਾ ਹੈ। ਇਸ ਤਰ੍ਹਾਂ ਹੀ ਮਿਕੀਸਿਊ ਕਰੀ ਦੀਆਂ ਵੀ ਆਪਣੀਆਂ ਫੋਰਟ ਮੈਕਮੁਰੇ ਨਾਂ ਹੇਠ ਐਡਮਿੰਟਨ ਅਤੇ ਟਰਾਂਟੋ ਵਿੱਚ ਕੰਪਨੀਆਂ ਹਨ।

ਬਾਕੀ ਸਫ਼ਾ 4 'ਤੇ

### ਇਨਸਾਨੀਅਤ ਸ਼ਰਮਸਾਰ

## ਚੱਲਦੀ ਬੱਸ ਵਿੱਚ ਵਿਦਿਆਰਥਣ ਨਾਲ ਸਮੂਹਿਕ ਬਲਾਤਕਾਰ

### ਸਿੰਘਾਪੁਰ ਦੇ ਹਸਪਤਾਲ ਵਿੱਚ ਪੀੜਿਤ ਦੀ ਮੌਤ

ਨਵੀਂ ਦਿੱਲੀ (ਨਦਬ)- ਪਿਛਲੇ ਦਿਨੀਂ ਦਿੱਲੀ ਵਿੱਚ ਇਨਸਾਨੀਅਤ ਨੂੰ ਸ਼ਰਮਸਾਰ ਕਰ ਦੇਣੀ ਵਾਲੀ ਅਜਿਹੀ ਘਟਨਾ ਵਾਪਰੀ ਜਿਹੜੀ ਇਸ ਗੱਲ ਦੀ ਪੋਲ ਖੋਲਦੀ ਹੈ ਸਰਕਾਰਾਂ ਵੱਲੋਂ 'ਵਿਮਨ ਇੰਪਾਵਰਮੈਂਟ' ਦਾ ਨਾਅਰਾ ਸਿਰਫ਼ ਔਰਤਾਂ ਦੀ ਵੋਟਾਂ ਬਟੋਰਨ ਵਾਸਤੇ ਹੀ ਲਾਇਆ ਜਾਂਦਾ ਹੈ। ਅਸਲ ਵਿੱਚ ਔਰਤ ਹਿੰਦੁਸਤਾਨ ਦੇ ਦੂਰ-ਦਰੇਡੇ ਇਲਾਕਿਆਂ ਵਿੱਚ ਤਾਂ ਕੀ, ਦੇਸ਼ ਦੀ ਰਾਜਧਾਨੀ ਵਿੱਚ ਵੀ ਸੁਰੱਖਿਅਤ ਨਹੀਂ। ਦੱਖਣੀ ਦਿੱਲੀ ਦੇ ਬਸੰਤ ਵਿਹਾਰ ਵਿੱਚ ਪੈਰਾ-ਮੈਡੀਕਲ ਦੀ ਇੱਕ ਵਿਦਿਆਰਥਣ ਨਾਲ ਉਸਦੇ ਦੋਸਤ ਸਾਹਮਣੇ ਛੇ ਮਰਦਾਂ ਨੇ ਸਮੂਹਿਕ ਬਲਾਤਕਾਰ ਕੀਤਾ, ਜਦੋਂ ਕੁੜੀ ਦੇ ਦੋਸਤ ਨੇ ਇਸਦਾ ਵਿਰੋਧ ਕੀਤਾ ਤਾਂ ਉਸਨੂੰ ਨੰਗਾ ਕਰਕੇ ਲੋਹੇ ਦੀਆਂ ਰਾਡਾਂ ਨਾਲ ਕੁੱਟਿਆ ਗਿਆ। ਬਲਾਤਕਾਰ ਕਰਨ ਮਗਰੋਂ ਦੋਸ਼ੀਆਂ ਨੇ ਦੋਹਾਂ ਨੂੰ ਹੀ ਚੱਲਦੀ ਬੱਸ ਵਿੱਚੋਂ ਮਹੀਪਾਲਪੁਰ ਸੜਕ ਕੰਢੇ ਸੁੱਟ ਦਿੱਤਾ।

ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੜਕੀ ਉੱਤਰ ਪ੍ਰਦੇਸ਼ ਦੇ ਬਾਲੀਆ ਤੇ ਲੜਕਾ ਗੋਰਖਪੁਰ ਦਾ ਰਹਿਣ ਵਾਲਾ ਹੈ। ਲੜਕੇ ਨੇ ਪੁਲਿਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਰਾਤ ਨੂੰ ਤਕਰੀਬਨ 9.15 ਵਜੇ ਆਪਣੀ ਦੋਸਤ ਨਾਲ ਬਸ ਸਟੈਂਡ 'ਤੇ ਖੜਾ ਸੀ। ਇੰਨੇ ਵਿੱਚ ਇੱਕ ਨਿੱਜੀ ਕੰਪਨੀ ਦੀ ਬੱਸ ਨੇ ਉਹਨਾਂ ਨੂੰ ਦਵਾਰਕਾ ਛੱਡਣ ਦੀ ਗੱਲ ਕਹੀ। ਕੁੱਝ ਦੂਰ ਜਾਣ 'ਤੇ ਨੌਜਵਾਨਾਂ ਨੇ ਕੁੜੀ ਨਾਲ ਛੇੜਛਾੜ ਸ਼ੁਰੂ ਕਰ ਦਿੱਤੀ। ਜਦੋਂ ਮੈਂ ਇਸਦਾ ਵਿਰੋਧ ਕੀਤਾ ਤਾਂ ਮੈਨੂੰ ਰਾਡਾਂ ਨਾਲ ਕੁੱਟਿਆ ਤੇ ਮੇਰੀ ਦੋਸਤ ਨਾਲ ਸਵਾ ਘੰਟਾ ਸਮੂਹਿਕ ਬਲਾਤਕਾਰ ਕੀਤਾ ਗਿਆ। ਇਸ ਤੋਂ ਬਾਅਦ ਸਾਨੂੰ ਦੋਹਾਂ ਨੂੰ ਚੱਲਦੀ ਬੱਸ ਵਿੱਚੋਂ ਬਾਹਰ ਸੁੱਟ ਦਿੱਤਾ ਗਿਆ।

ਇਸ ਘਟਨਾ ਤੋਂ ਬਾਅਦ ਪੀੜਿਤ ਨੂੰ ਦਿੱਲੀ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਇਸ ਤੋਂ ਬਾਅਦ ਇਲਾਜ ਲਈ ਉਸਨੂੰ ਸਿੰਘਾਪੁਰ ਦੇ ਹਸਪਤਾਲ ਵਿੱਚ ਭੇਜਿਆ ਗਿਆ ਜਿੱਥੇ ਉਸਨੇ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਦਮ ਤੋੜ ਦਿੱਤਾ। ਇਸ ਘਟਨਾ ਨੂੰ ਲੈ ਕੇ ਦਿੱਲੀ ਵਿੱਚ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਹੋਏ, ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ



ਦੋਸ਼ੀਆਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਜਾਣਾ ਚਾਹੀਦਾ ਹੈ। ਇਹਨਾਂ ਪ੍ਰਦਰਸ਼ਨਾਂ ਦਾ ਦਿੱਲੀ ਵਿੱਚ ਹੀ ਨਹੀਂ ਸਗੋਂ ਪੂਰੇ ਹਿੰਦੁਸਤਾਨ ਵਿੱਚ ਅਸਰ ਦੇਖਿਆ ਗਿਆ। ਦੁੱਖ ਵਾਲੀ ਗੱਲ ਇਹ ਹੈ ਕਿ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਵੱਲੋਂ ਅੰਨੇਵਾਹ ਤਸ਼ੱਦਦ ਕੀਤਾ ਗਿਆ। ਇਸ ਸੰਘਰਸ਼ ਦੌਰਾਨ ਇੱਕ ਸਿਪਾਹੀ ਦੀ ਜਾਨ ਵੀ ਚਲੀ ਗਈ। ਹਿੰਦੁਸਤਾਨ ਦੇ ਲੋਕਾਂ ਨੇ ਇਸ ਘਟਨਾ ਨੂੰ ਇੰਨੀ ਗੰਭੀਰਤਾ ਨਾਲ ਲਿਆ ਕਿ ਨੇਤਾਵਾਂ ਨੂੰ ਸੰਸਦ ਵਿੱਚ ਇਸ ਬਾਰੇ ਬਹਿਸ ਕਰਨੀ ਪਈ।

ਦੇਸ਼ ਦੇ ਲੋਕਾਂ ਨੂੰ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਵਿਸ਼ਵਾਸ ਦਿਵਾਇਆ ਕਿ ਇਹ ਮਾਮਲਾ ਫਾਸਟ ਟਰੈਕ ਦੇ ਅਧਾਰ 'ਤੇ ਚਲਾਇਆ ਜਾਵੇਗਾ ਤੇ ਛੇਤੀ ਤੋਂ ਛੇਤੀ ਦੋਸ਼ੀਆਂ ਨੂੰ ਸਜ਼ਾ ਦੇ ਦਿੱਤੀ ਜਾਵੇਗੀ। ਪਰ ਪ੍ਰਦਰਸ਼ਨਕਾਰੀਆਂ ਨੇ ਗ੍ਰਹਿ ਮੰਤਰੀ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲਿਆ, ਜਿਸਨੂੰ ਦੇਖਦਿਆਂ ਸਰਕਾਰ ਨੂੰ ਮਜ਼ਬੂਰਨ ਇਸ ਮਾਮਲੇ ਦੀ ਜਾਂਚ ਲਈ ਇੱਕ ਮੈਂਬਰੀ ਕਮਿਸ਼ਨ ਦਾ ਗਠਨ ਕਰਨਾ ਪਿਆ, ਜਿਹੜਾ ਕਿ ਤਿੰਨ ਮਹੀਨਿਆਂ ਦੇ ਅੰਦਰ ਇਸ ਮਾਮਲੇ ਸਬੰਧੀ ਰਿਪੋਰਟ ਸਰਕਾਰ ਨੂੰ ਦੇਵੇਗਾ।

## ਸੁਲੱਖਣ ਸਰਹੱਦੀ ਦੀ ਨਵੇਂ ਸਾਲ 'ਤੇ ਵਿਸ਼ੇਸ਼ ਗ਼ਜ਼ਲ

ਚਿੜੀਓ ਕੁੜੀਓ ਜਸ਼ਨ ਮਨਾਓ ਆ ਪਹੁੰਚਾ ਹੈ ਸਾਲ ਨਵਾਂ,
ਰੰਗ ਬਰੰਗੀਆਂ ਪੀੜ੍ਹੀਆਂ ਵਾਲਾ ਬਣ ਕੇ ਆ ਗਿਆ ਜਾਲ਼ ਨਵਾਂ।

ਓਹੀ ਲਾਰੇ, ਓਹੀ ਧੋਖੇ, ਓਹੀ ਸੁੱਕੇ ਟੁੱਕਰ ਹਨ,
ਓਹੀ ਭੁੱਖ ਤੇ ਸਬਰ ਦਾ ਸਾਲਣ ਚਮ ਚਮ ਕਰਦਾ ਥਾਲ ਨਵਾਂ।

ਸਾਡੇ ਦਰ 'ਤੇ ਆ ਕੇ ਮੰਡੀ ਸਾਡਾ ਵੀ ਮੁੱਲ ਲਾ ਗਈ ਹੈ,
ਸਾਡੇ ਲਈ ਇਹ ਖੁੱਲੀ ਮੰਡੀ ਜੀਅ ਦਾ ਹੈ ਜੰਜਾਲ ਨਵਾਂ।

ਉਸ ਰਾਜੇ ਤੋਂ ਜਦ ਵੀ ਆਪਾਂ ਆਪਣੇ ਉੱਤਰ ਲੈਣ ਗਏ,
ਸਾਡੀ ਝੋਲੀ ਦੇ ਵਿੱਚ ਪਾਇਆ ਉਲਟਾ ਇੱਕ ਸਵਾਲ ਨਵਾਂ।

ਮੁੱਲਾ, ਭਾਈ, ਪੰਡਤ, ਫਾਦਰ ਚੀਕੇ ਆਪਣੀ ਹੋਂਦ ਲਈ,
ਜਦ ਲੋਕਾਂ ਦਿਲ ਦੇ ਮੰਦਰ ਛੋਹਿਆ ਹੈ ਸੁਰਤਾਲ ਨਵਾਂ।

ਇਹ ਜੋ ਲੋਕੀਂ ਫੁਟਪਾਥਾਂ 'ਤੇ ਖ਼ਾਮੋਸ਼ੀ ਵਿੱਚ ਡੁੱਬੇ ਹਨ,
ਇਹਨਾਂ ਅੰਦਰ ਪਨਪ ਰਿਹਾ ਹੈ ਇੱਕ ਲਾਵਾ ਭੂਚਾਲ ਨਵਾਂ।

ਸਾਰੇ ਦੀਪ ਬੁਝਾ ਕੇ ਲੰਘਣਾ ਖ਼ਬਤ ਹੈ ਤੁੰਦ ਹਵਾਵਾਂ ਦਾ,
ਸਾਡਾ ਜ਼ਬਤ ਵੀ ਵੇਖ ਕਿ ਦੀਵਾ ਦੀਵਾ ਦੇਈਏ ਬਾਲ ਨਵਾਂ।

ਸਾਨੂੰ ਸਦੀਆਂ ਸੁੰਨ ਕਰ ਛੱਡਿਆ ਰਾਹ ਦੇ ਪੱਥਰ ਹੋ ਗਏ ਹਾਂ,
ਐ ਸਰਹੱਦੀ! ਸਾਡੇ ਲਈ ਤੂੰ ਹੁਣ ਨਾ ਮਾਂਝੀ ਭਾਲ ਨਵਾਂ।

LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
Sarjan Luthra
B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

ALL INDIA RESTAURANT & SWEETS
Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

ਨਵੇਂ ਸਾਲ 2013, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਅਤੇ ਲੋਹੜੀ ਦੀਆਂ ਸਭ ਨੂੰ ਵਧਾਈਆਂ
Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech BUILDING SYSTEMS INC.
ਵਰਕਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ।
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700

REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ਼ਰੀਦਣ ਲਈ ਨੁਸਰਤ ਅਲੀ ਅਖ਼ਤਰ ਨੂੰ ਸੰਪਰਕ ਕਰੋ
780-994-1600 (Cell)
780-450-6300 (24 Hrs)
Fax: 780-450-6670
NUSRAT ALI AKHTAR
ASSOCIATE
aakhtar@realtyexecutives.com
www.aliakhtar.com
4107-99 St NW, Edmonton



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
**3 For 1**
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza · Vegetarian · Supreme Special · Chicken Special · The Pasta Niche



Kuldip S. Powar

# POWAR
## HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਕੈਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ, ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com



Ranjit S. Powar

Contact At
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE
50549, RANGE ROAD 234 EDMONTON, AB

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





eaglerock GOLF COURSE

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA
## Tent Rentals
All Events Big or Small

We are in this
Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਨੌਕਰੀ ਕਰਨ ਵਾਲੇ ਕੈਨੇਡੀਅਨਾਂ ਦੀ ਤਨਖਾਹ ਵਿੱਚੋਂ ਵਧਣਗੀਆਂ ਕਟੌਤੀਆਂ

ਟਰਾਂਟੋ (ਨਦਬ)-2013 ਵਿੱਚ ਕੰਮਕਾਜੀ ਕੈਨੇਡੀਅਨਾਂ ਦੀ ਜੇਬ੍ਹ ਹੋਰ ਢਿੱਲੀ ਹੋਣ ਦੀ ਸੰਭਾਵਨਾ ਹੈ। ਬਹੁਤੇ ਕੈਨੇਡੀਅਨਾਂ ਦੀਆਂ ਤਨਖਾਹਾਂ ਵਿੱਚੋਂ ਕਟੌਤੀਆਂ ਵਧਣ ਦੀ ਗੁੰਜਾਇਸ਼ ਵੀ ਵੱਧ ਗਈ ਹੈ। ਬਿੱਲਾਂ ਦੀਆਂ ਅਦਾਇਗੀਆਂ ਤੋਂ ਇਲਾਵਾ ਹੁਣ ਕੈਨੇਡੀਅਨਾਂ ਨੂੰ ਛੁੱਟੀਆਂ ਦੇ ਮੌਸਮ ਵਿੱਚ ਖਰੀਦਦਾਰੀ ਮਹਿੰਗੀ ਪਵੇਗੀ, ਕੈਨੇਡਾ ਪੈਨਸ਼ਨ ਪਲੈਨ ਤੇ ਇੰਪਲਾਇਮੈਂਟ ਇੰਸ਼ੋਰੈਂਸ ਪ੍ਰੀਮੀਅਮਜ਼ ਵਿੱਚ ਵੀ ਵਾਧਾ ਹੋਣ ਦੀ ਸੰਭਾਵਨਾ ਹੈ। ਜਿਹੜੇ ਕੈਨੇਡੀਅਨ ਘੱਟੋ ਘੱਟ 47,400 ਡਾਲਰ ਕਮਾਉਂਦੇ ਹਨ ਉਨ੍ਹਾਂ ਨੂੰ ਇਸ ਸਾਲ ਈਆਈ ਪ੍ਰੀਮੀਅਮ ਦੇ ਰੂਪ ਵਿੱਚ 891.12 ਡਾਲਰ ਦੇਣੇ ਹੋਣਗੇ, ਜੋ ਕਿ ਪਹਿਲਾਂ ਨਾਲੋਂ 51.50 ਡਾਲਰ ਵੱਧ ਹਨ। ਇੰਪਲਾਇਰਜ਼ ਨੂੰ ਹਰੇਕ ਕਰਮਚਾਰੀ ਲਈ 1,247.57 ਡਾਲਰ ਦੇਣੇ ਹੋਣਗੇ, ਜੋ ਕਿ ਪਹਿਲਾਂ ਨਾਲੋਂ 71.61 ਡਾਲਰ ਵੱਧ ਹੋਣਗੇ। ਜੋ ਕੋਈ ਵੀ ਕੈਨੇਡਾ ਵਿੱਚ ਘੱਟੋ ਘੱਟ 51,100 ਡਾਲਰ ਕਮਾਉਂਦਾ ਹੈ ਉਸ ਲਈ ਕੈਨੇਡਾ ਪੈਨਸ਼ਨ ਪਲੈਨ ਵਿੱਚ ਪਾਇਆ ਜਾਣ ਵਾਲਾ ਯੋਗਦਾਨ 49.50 ਤੋਂ 2,356.20 ਡਾਲਰ ਵੱਧ ਜਾਵੇਗਾ, ਇੰਪਲਾਇਰਜ਼ ਵੱਲੋਂ ਪਾਏ ਜਾਣ ਵਾਲੇ ਹਿੱਸੇ ਵਿੱਚ ਵੀ ਇਸੇ ਤਰ੍ਹਾਂ ਵਾਧਾ ਹੋ ਜਾਵੇਗਾ। ਸੀਪੀਪੀ ਬੈਨੇਫਿਟਸ, ਜਿਹੜੇ ਪਹਿਲਾਂ ਤੋਂ ਹੀ ਹਾਸਲ ਕਰ ਰਹੇ ਹਨ, ਵਿੱਚ 1.8 ਫੀ ਸਦੀ ਵਾਧਾ ਹੋਵੇਗਾ। ਨਵੇਂ ਰੈਸੀਪਿਐਂਟਸ ਲਈ ਵੱਧ ਤੋਂ ਵੱਧ ਸੀਪੀਪੀ ਰਿਟਾਇਰਮੈਂਟ ਬੈਨੇਫਿਟ ਵਿੱਚ ਪ੍ਰਤੀ ਮਹੀਨਾ 986.67 ਡਾਲਰ ਤੋਂ 1,012.50 ਡਾਲਰ ਦਾ ਵਾਧਾ ਹੋਵੇਗਾ। ਇਹ ਵਾਧਾ ਪਿਛਲੇ ਪੰਜਾਂ ਸਾਲਾਂ ਦੀ ਸਲਾਨਾ ਵੱਧ ਤੋਂ ਵੱਧ ਪੈਨਸ਼ਨਯੋਗ ਕਮਾਈ ਦੇ ਅਧਾਰ ਉੱਤੇ ਗਿਣਿਆ ਜਾਵੇਗਾ। ਬ੍ਰਿਟਿਸ਼ ਕੋਲੰਬੀਆ ਵਿੱਚ ਕਰਮਚਾਰੀਆਂ ਨੂੰ ਲਗਾਤਾਰ ਚੌਥੇ ਸਾਲ ਤਨਖਾਹਾਂ ਉੱਤੇ ਵਸੂਲੇ ਜਾਣ ਵਾਲੇ ਸਿਹਤ ਸਬੰਧੀ ਟੈਕਸ ਵਿੱਚ ਵਾਧਾ ਜਰਨਾ ਹੋਵੇਗਾ। ਬੀਸੀ ਵਿੱਚ ਮੈਡੀਕਲ ਸਰਵਿਸਿਜ਼ ਪ੍ਰੀਮੀਅਮ ਵਿੱਚ ਵਾਧੇ ਤੋਂ ਭਾਵ ਹੈ ਕਿ ਜਿਹੜੇ ਵਿਅਕਤੀ 30,000 ਡਾਲਰ ਤੋਂ ਵੱਧ ਕਮਾਉਂਦੇ ਹਨ ਉਨ੍ਹਾਂ ਨੂੰ 64 ਡਾਲਰ ਫੀ ਥਾਂ 66.50 ਡਾਲਰ ਦੇਣੇ ਹੋਣਗੇ। ਤਿੰਨ ਜਾਂ ਤਿੰਨਾਂ ਤੋਂ ਵੱਧ ਦੇ ਪਰਿਵਾਰ ਨੂੰ ਮਹੀਨੇ ਦੇ 133 ਡਾਲਰ ਦੇਣੇ ਹੋਣਗੇ ਜੋ 128 ਡਾਲਰ ਨਾਲੋਂ ਵੱਧ ਹੋਣਗੇ ਤੇ ਦੋ ਜੀਆਂ ਵਾਲੇ ਪਰਿਵਾਰ ਨੂੰ 116 ਡਾਲਰ ਦੀ ਥਾਂ 120.50 ਡਾਲਰ ਦੇਣੇ ਹੋਣਗੇ।

# ਅਲਬਰਟਾ ਦੀਆਂ ਝੀਲਾਂ ਵਿੱਚ ਨਜ਼ਰ ਆਉਣ ਲੱਗਿਆ ਆਇਲਸੈਂਡਜ਼ ਦੇ ਰਸਾਇਣਿਕ ਭੰਡਾਰਾਂ ਦਾ ਅਸਰ



ਕੈਲਗਰੀ (ਨਦਬ)-ਇੱਕ ਨਵੇਂ ਅਧਿਐਨ ਤੋਂ ਸਾਹਮਣੇ ਆਇਆ ਹੈ ਕਿ ਪਿਛਲੇ 50 ਸਾਲਾਂ ਦੌਰਾਨ ਤਿਆਰ ਕੀਤੇ ਗਏ ਆਇਲਸੈਂਡਜ਼ ਉਤਪਾਦਾਂ ਲਈ ਵਰਤੇ ਰਸਾਇਣਾਂ ਦਾ ਅਸਰ ਉੱਤਰੀ ਅਲਬਰਟਾ ਦੀਆਂ ਝੀਲਾਂ ਵਿੱਚ ਨਜ਼ਰ ਆਉਣ ਲੱਗਿਆ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਅਸਰ ਪਹਿਲਾਂ ਲਾਏ ਗਏ ਅੰਦਾਜ਼ੇ ਨਾਲੋਂ ਕਿਤੇ ਜ਼ਿਆਦਾ ਹੈ। ਕੁਈਨਜ਼ ਯੂਨੀਵਰਸਿਟੀ ਤੇ ਐਨਵਾਇਰਮੈਂਟ ਕਨੇਡਾ ਦੇ ਵਿਗਿਆਨੀਆਂ ਵੱਲੋਂ ਸਾਂਝੇ ਤੌਰ ਉੱਤੇ ਕੀਤੇ ਗਏ ਇਸ ਅਧਿਐਨ ਤਹਿਤ ਫੋਰਟ ਮੈਕਮਰੀ, ਅਲਬਰਟਾ ਨੇੜੇ ਸਥਿਤ ਆਇਲਸੈਂਡਜ਼ ਦੀਆਂ ਪੰਜ ਝੀਲਾਂ ਦੇ ਸੈਂਪਲ ਲਏ ਗਏ ਸਨ। ਇਸ ਤੋਂ ਇਲਾਵਾ ਵਿਗਿਆਨੀਆਂ ਨੇ ਇੱਥੋਂ 90 ਕਿਲੋਮੀਟਰ ਨਾਰਥਵੈਸਟ ਸਥਿਤ ਨਮੂਰ ਝੀਲ ਵਿੱਚੋਂ ਵੀ ਸੈਂਪਲ ਲੈ ਕੇ ਉਨ੍ਹਾਂ ਦਾ ਅਧਿਐਨ ਕੀਤਾ ਸੀ। ਰਿਪੋਰਟ ਤਿਆਰ ਕਰਨ ਵਾਲਿਆਂ ਨੇ ਪੌਲੀਸਿਕਲਿਕ ਐਰੋਮੈਟਿਕ ਹਾਈਡਰੋਕਾਰਬਨਜ਼ ਉੱਤੇ ਧਿਆਨ ਕੇਂਦਰਿਤ ਕੀਤਾ। ਜਦੋਂ ਚੀਜ਼ਾਂ ਨੂੰ ਸਾੜਿਆ ਜਾਂਦਾ ਹੈ ਤਾਂ ਇਹ ਕੈਂਸਰ ਪੈਦਾ ਕਰਨ ਵਾਲੇ ਰਸਾਇਣ ਨਿਕਲਦੇ ਹਨ, ਇਹ ਕੁਦਰਤੀ ਤੌਰ ਉੱਤੇ ਵੀ ਵਾਪਰ ਸਕਦਾ ਹੈ, ਜਿਵੇਂ ਜੰਗਲ ਦੀ ਅੱਗ ਤੋਂ, ਜਵਾਲਾਮੁਖੀ ਫਟਣ ਕਾਰਨ ਤੇ ਭੂਗਰਭੀ ਭੰਡਾਰਾਂ ਕਾਰਨ। ਪਰ ਆਇਲਸੈਂਡਜ਼ ਉੱਤੇ ਹੋਣ ਵਾਲੇ ਉਤਪਾਦਨ ਦੌਰਾਨ ਪੈਟਰੋਲੀਅਮ ਨੂੰ ਸਾੜੇ ਜਾਣ ਨਾਲ ਇੱਕ ਖਾਸ ਕਿਸਮ ਦੇ ਨਿਸ਼ਾਨ ਰਹਿ ਜਾਂਦੇ ਹਨ ਤੇ ਵਿਗਿਆਨੀ ਇਹ ਪਤਾ ਲਾਉਣ ਵਿੱਚ ਕਾਮਯਾਬ ਹੁੰਦੇ ਹਨ ਕਿ ਇਹ ਪੌਲੀਸਿਕਲਿਕ ਐਰੋਮੈਟਿਕ ਹਾਈਡਰੋਕਾਰਬਨਜ਼ ਦੇ ਨਿਸ਼ਾਨ ਕਿੱਥੋਂ ਆਏ ਹਨ। ਅਧਿਐਨ ਵਿੱਚ ਪਾਇਆ ਗਿਆ ਕਿ ਇਸ ਖੇਤਰ ਵਿੱਚ ਆਇਲਸੈਂਡਜ਼ ਮਾਇਨਿੰਗ ਸ਼ੁਰੂ ਹੋਣ ਤੋਂ ਪਹਿਲਾਂ 1960ਵਿਆਂ ਦੇ ਸ਼ੁਰੂ ਵਿੱਚ ਝੀਲਾਂ ਵਿੱਚ ਪਾਏ ਜਾਣ ਵਾਲੇ ਪੌਲੀਸਿਕਲਿਕ ਐਰੋਮੈਟਿਕ ਹਾਈਡਰੋਕਾਰਬਨਜ਼ ਦਾ ਪੱਧਰ ਢਾਈ ਗੁਣਾਂ ਤੋਂ ਵੱਧ ਕੇ 23 ਗੁਣਾਂ ਹੋ ਗਿਆ ਹੈ। ਇਹ ਪੌਲੀਸਿਕਲਿਕ ਐਰੋਮੈਟਿਕ ਹਾਈਡਰੋਕਾਰਬਨਜ਼ ਹਵਾ ਪ੍ਰਦੂਸ਼ਣ ਕਾਰਨ ਪਾਣੀ ਵਿੱਚ ਡਿੱਗਦੇ ਹਨ ਤੇ ਸਮਾਂ ਗੁਜ਼ਰਨ ਦੇ ਨਾਲ ਨਾਲ ਸਤਹਿ ਉੱਤੇ ਘੁਲਦੇ ਰਹਿੰਦੇ ਹਨ ਤੇ ਜੰਮ ਜਾਂਦੇ ਹਨ। ਇਸ ਅਧਿਐਨ ਦੇ ਕੁਈਨ ਯੂਨੀਵਰਸਿਟੀ ਨਾਲ ਸਬੰਧਤ ਮੁੱਖ ਲੇਖਕ ਬਾਇਓਲੋਜਿਸਟ ਜੌਹਨ ਸਮੌਲ ਦਾ ਕਹਿਣਾ ਹੈ ਕਿ ਇਨ੍ਹਾਂ ਉੱਤਰੀ ਝੀਲਾਂ ਵਿੱਚ ਵੀ ਹੁਣ ਉਹੋ ਜਿਹਾ ਰਸਾਇਣ ਪਾਇਆ ਜਾਂਦਾ ਹੈ ਜਿਹੋ ਜਿਹਾ ਰਸਾਇਣਿਕ ਮਿਸ਼ਰਣ ਸ਼ਹਿਰੀ ਇਲਾਕੇ ਦੀਆਂ ਝੀਲਾਂ ਵਿੱਚ ਪਾਇਆ ਜਾਂਦਾ ਹੈ। ਉਨ੍ਹਾਂ ਆਖਿਆ ਕਿ ਇਹ ਜੋ ਕੁੱਝ ਵਾਪਰ ਰਿਹਾ ਹੈ ਉਸ ਦੀ ਸ਼ੁਰੂਆਤੀ ਚੇਤਾਵਨੀ ਹੈ। ਇਹ ਝੀਲਾਂ ਪ੍ਰਦੂਸ਼ਿਤ ਹੋ ਰਹੀਆਂ ਹਨ ਤੇ ਸ਼ਹਿਰੀ ਝੀਲਾਂ ਵਾਂਗ ਹੀ ਗੰਧਲੀਆਂ ਹੁੰਦੀਆਂ ਜਾ ਰਹੀਆਂ ਹਨ। ਸਮੌਲ ਨੇ ਆਖਿਆ ਕਿ ਵਿਗਿਆਨੀ ਇਹ ਵੇਖ ਕੇ ਹੈਰਾਨ ਸਨ ਕਿ ਐਨੀ ਦੂਰ ਸਥਿਤ ਨਮੂਰ ਝੀਲ ਵੀ ਪ੍ਰਭਾਵਿਤ ਹੋਈ ਹੈ। ਅਧਿਐਨ ਵਿੱਚ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਆਉਣ ਵਾਲੇ 25 ਸਾਲਾਂ ਵਿੱਚ ਉੱਤਰੀ ਅਲਬਰਟਾ ਵਿੱਚ ਆਇਲਸੈਂਡਜ਼ ਦਾ ਉਤਪਾਦਨ ਵਧਣ ਨਾਲ ਰਸਾਇਣਿਕ ਭੰਡਾਰ ਵੀ ਇਨ੍ਹਾਂ ਝੀਲਾਂ ਵਿੱਚ ਵਧਣਗੇ।

# ਸਟੈਨਲੇ ਕੱਪ ਦੰਗਿਆਂ ਵਿੱਚ 40 ਹੋਰਨਾਂ ਖਿਲਾਫ ਦੋਸ਼ ਤੈਅ

ਵੈਨਕੂਵਰ (ਨਦਬ)- ਜੂਨ 2011 ਵਿੱਚ ਡਾਊਨਟਾਊਨ ਵੈਨਕੂਵਰ ਵਿੱਚ ਹੋਏ ਸਟੈਨਲੇ ਕੱਪ ਦੰਗਿਆਂ ਦੇ ਸਬੰਧ ਵਿੱਚ ਵੈਨਕੂਵਰ ਪੁਲਿਸ ਨੇ 40 ਹੋਰ ਵਿਅਕਤੀਆਂ ਖਿਲਾਫ ਦੋਸ਼ ਆਇਦ ਕੀਤੇ ਹਨ। ਵਿਭਾਗ ਵੱਲੋਂ ਹੁਣ ਤੱਕ ਕੁੱਲ 315 ਵਿਅਕਤੀਆਂ ਖਿਲਾਫ ਦੋਸ਼ ਆਇਦ ਕੀਤੇ ਜਾ ਚੁੱਕੇ ਹਨ ਤੇ ਕਾਂਸਟੇਬਲ ਬ੍ਰਾਇਨ ਮੌਨਟੇਗ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚੋਂ 171 ਖਿਲਾਫ ਦੋਸ਼ ਸਿੱਧ ਕਰਨਗੇ। ਤਾਜ਼ਾ ਦੋਸ਼ਾਂ ਵਿੱਚ ਸ਼ਰਾਰਤ ਕਰਨ, ਹਮਲਾ ਕਰਨ ਤੇ ਅਗਜ਼ਨੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦਾ ਮਾਮਲਾ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸਟੈਨਲੇ ਕੱਪ ਦੇ ਫਾਈਨਲ, ਗੇਮ 7, ਵਿੱਚ ਬੋਸਟਨ ਬਰੁਇਨਜ਼ ਹੱਥੋਂ ਕੈਨੱਕਸ ਦੇ ਹਾਰਨ ਤੋਂ ਬਾਅਦ ਰੋਹ ਵਿੱਚ ਆਏ ਪ੍ਰਸ਼ੰਸਕਾਂ ਵੱਲੋਂ ਡਾਊਨਟਾਊਨ ਵੈਨਕੂਵਰ ਵਿੱਚ ਸੜਕਾਂ ਉੱਤੇ ਉਤਰ ਕੇ ਹੰਗਾਮਾਂ ਕੀਤਾ ਸੀ, ਦੁਕਾਨਾਂ ਤੇ ਘਰਾਂ ਦੀਆਂ ਖਿੜਕੀਆਂ ਤੋੜੀਆਂ, ਕਾਰਾਂ ਨੂੰ ਅੱਗ ਲਾਈ ਤੇ ਸਟੋਰਾਂ ਨੂੰ ਲੁੱਟਿਆ ਸੀ। ਮੌਨਟੇਗ ਦਾ ਕਹਿਣਾ ਹੈ ਕਿ ਪੁਲਿਸ ਨੂੰ ਵੀਡੀਓਜ਼ ਤੇ ਫੋਟੋਆਂ ਤੋਂ ਅਜੇ ਵੀ ਕੋਈ ਨਾ ਕੋਈ ਸੁਰਾਗ ਮਿਲ ਰਿਹਾ ਹੈ ਤੇ ਥੋੜ੍ਹੀ ਬਹੁਤ ਸੂਹ ਮਸ਼ਕੂਕ ਦੰਗਕਾਰੀਆਂ ਦੇ ਪਰਿਵਾਰਕ ਮੈਂਬਰਾਂ ਤੋਂ ਵੀ ਮਿਲ ਜਾਂਦੀ ਹੈ।

# ਸਰਕਾਰ ਨੇ ਅਧਿਆਪਕਾਂ 'ਤੇ ਦੋ ਸਾਲ ਦਾ ਕਾਂਟਰੈਕਟ ਮੜ੍ਹਿਆ

## *ਸਰਕਾਰ ਦਾ ਕਦਮ ਸ਼ਰਮਨਾਕ -ਯੂਨੀਅਨ

ਟੋਰਾਂਟੋ (ਨਦਬ)-ਓਨਟਾਰੀਓ ਸਰਕਾਰ ਵੱਲੋਂ 126,000 ਪਬਲਿਕ ਸਕੂਲ ਅਧਿਆਪਕਾਂ ਤੇ ਸਿੱਖਿਆ ਵਰਕਰਾਂ ਉੱਤੇ ਦੋ ਸਾਲ ਦਾ ਕਾਂਟਰੈਕਟ ਮੜ੍ਹਿਆ ਗਿਆ ਹੈ। ਇਸ ਨਾਲ ਅਗਲੇ ਹਫਤੇ ਤੋਂ ਸੂਰੂ ਹੋਣ ਜਾ ਰਹੀਆਂ ਕਲਾਸਾਂ ਵਿੱਚ ਪਰਤਣ ਵਾਲੇ ਵਿਦਿਆਰਥੀਆਂ ਨੂੰ ਵਧੇਰੇ ਅਸਥਿਰਤਾ ਦਾ ਸਾਹਮਣਾ ਕਰਨਾ ਹੋਵੇਗਾ। ਇਸ ਕਾਂਟਰੈਕਟ ਰਾਹੀਂ ਅਧਿਆਪਕਾਂ ਤੇ ਸਿੱਖਿਆ ਵਰਕਰਾਂ ਨੂੰ ਦਿੱਤੇ ਜਾਣ ਵਾਲੇ ਭੱਤਿਆਂ ਵਿੱਚ ਕਟੌਤੀ ਕੀਤੇ ਜਾਣ ਤੇ ਬਹੁਤੇ ਅਧਿਆਪਕਾਂ ਦੀਆਂ ਤਨਖਾਹਾਂ ਵਿੱਚ ਵਾਧੇ ਉੱਤੇ ਰੋਕ ਲਾਉਣ ਦਾ ਪ੍ਰਬੰਧ ਹੈ। ਪਰ ਸਿੱਖਿਆ ਮੰਤਰੀ ਲਾਰਲ ਬਰੌਟਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਨੂੰ ਇਸ ਤਰ੍ਹਾਂ ਸਾਂਝਾ ਕਰਾਰ ਅਧਿਆਪਕਾਂ ਤੇ ਹੋਰ ਅਮਲੇ ਉੱਤੇ ਮੜ੍ਹਨ ਦੀ ਸ਼ਕਤੀ ਦੇਣ ਵਾਲੇ ਇਸ ਵਿਵਾਦਗ੍ਰਸਤ ਹੜਤਾਲ ਵਿਰੋਧੀ ਕਾਨੂੰਨ ਨੂੰ ਉਹ ਜਲਦ ਹੀ ਮਨਸੂਖ ਕਰ ਦੇਵੇਗੀ। ਜ਼ਿਕਰਯੋਗ ਹੈ ਕਿ ਯੂਨੀਅਨ ਦੇ ਮੈਂਬਰਾਂ ਵੱਲੋਂ ਇਸ ਕਾਨੂੰਨ ਦੇ ਵਿਰੋਧ ਵਿੱਚ ਇੱਕ ਰੋਜ਼ਾ ਹੜਤਾਲ ਕੀਤੀ ਗਈ ਤੇ ਹੋਰਨਾਂ ਗਤੀਵਿਧੀਆਂ ਵਿੱਚ ਹਿੱਸਾ ਨਾ ਲੈਣ ਤੋਂ ਵੀ ਗੁਰੇਜ਼ ਕੀਤਾ ਗਿਆ। ਯੂਨੀਅਨ ਆਗੂਆਂ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਆਉਣ ਵਾਲੇ ਹਫਤਿਆਂ ਵਿੱਚ ਉਨ੍ਹਾਂ ਦੀ ਬਾਰੇ ਕਿਹੋ ਜਿਹੀ ਪ੍ਰਤੀਕਿਰਿਆ ਰਹੇਗੀ। ਪਰ ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਆਉਣ ਵਾਲੇ ਦਿਨਾਂ ਵਿੱਚ ਕੰਮਕਾਜ ਆਮ ਵਾਂਗ ਨਹੀਂ ਚੱਲ ਸਕੇਗਾ। ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਆਫ ਓਨਟਾਰੀਓ ਦੇ ਪ੍ਰਧਾਨ ਸੈਮ ਹੈਮੰਡ ਨੇ ਆਖਿਆ ਕਿ ਇਸ ਤਰ੍ਹਾਂ ਦੇ ਕਾਂਟਰੈਕਟ ਮੜ੍ਹਨ ਲਈ ਗਲਤ ਢੰਗ ਤਰੀਕੇ ਅਪਨਾਉਣ ਤੋਂ ਬਾਅਦ ਫਿਰ ਇਸ ਤਰ੍ਹਾਂ ਦੇ ਗੈਰ ਜਮਹੂਰੀ ਕਾਨੂੰਨ ਨੂੰ ਰੱਦ ਕਰਨ ਦੇ ਬਿਆਨ ਦੇਣਾ ਸਰਕਾਰੀ ਸ਼ਕਤੀਆਂ ਦੀ ਦੁਰਵਰਤੋਂ ਨਹੀਂ ਤਾਂ ਹੋਰ ਕੀ ਹੈ। ਓਨਟਾਰੀਓ ਵਿੱਚ ਜੋ ਕੁੱਝ ਵੀ ਹੋ ਰਿਹਾ ਹੈ ਉਸ ਤੋਂ ਕੈਨੇਡਾ ਭਰ ਦੇ ਲੇਬਰ ਗਰੁੱਪਸ ਪਰੇਸ਼ਾਨ ਹਨ। ਦੂਜੇ ਪਾਸੇ ਪ੍ਰੋਗਰੈਸਿਵ ਕੰਜ਼ਰਵੇਟਿਵ ਆਗੂ ਟਿਮ ਹੁਡਕ ਨੇ ਆਖਿਆ ਕਿ ਓਨਟਾਰੀਓ ਦੇ ਸਕੂਲਾਂ ਵਿੱਚ ਇਸ ਤਰ੍ਹਾਂ ਦੀ ਗੜਬੜੀ ਲਈ ਲਿਬਰਲ ਆਪ ਹੀ ਜ਼ਿੰਮੇਵਾਰ ਹਨ।

# ਕੈਨੇਡਾ ਭਰ ਵਿੱਚ ਕੱਢੀਆਂ ਗਈਆਂ "ਆਈਡਲ ਨੋ ਮੋਰ" ਰੈਲੀਆਂ




ਓਟਵਾ (ਨਦਬ)-ਫਰਸਟ ਨੇਸ਼ਨਜ਼ ਦੇ ਅਧਿਕਾਰਾਂ ਦੀ ਹਿਫਾਜ਼ਤ ਲਈ ਕਾਰਕੁੰਨ ਤੇ ਮੁਜ਼ਾਹਰਾਕਾਰੀ ਕਨੇਡਾ ਭਰ ਵਿੱਚ ਸੜਕਾਂ ਉੱਤੇ ਉਤਰ ਆਏ। ਫਰਸਟ ਨੇਸ਼ਨਜ਼ ਵੱਲੋਂ ਚਲਾਈ ਗਈ "ਆਈਡਲ ਨੋ ਮੋਰ" ਲਹਿਰ ਮੱਠੀ ਪੈਣ ਦਾ ਨਾਂ ਹੀ ਨਹੀਂ ਲੈ ਰਹੀ। ਵਿਨੀਪੈਗ, ਐਡਮਿੰਟਨ, ਓਟਵਾ ਤੇ ਨੋਵਾ ਸਕੋਸ਼ੀਆ ਵਿੱਚ ਸ਼ਾਂਤਮਈ ਇੱਕਠ ਹੋਏ ਤੇ ਇਸ ਤਰ੍ਹਾਂ ਦੇ ਇੱਕਠ ਦੇਸ਼ ਭਰ ਵਿੱਚ ਹੋਣ ਦੀ ਸੰਭਾਵਨਾ ਹੈ। ਮੈਨੀਟੋਬਾ ਦੇ ਫਰਸਟ ਨੇਸ਼ਨਜ਼ ਗਰੁੱਪਸ ਵੱਲੋਂ ਵਿਨੀਪੈਗ ਇੰਟਰਨੈਸ਼ਨਲ ਏਅਰਪੋਰਟ ਉੱਤੇ ਰੈਲੀ ਕੀਤੀ ਗਈ। ਇਨ੍ਹਾਂ ਗਰੁੱਪਸ ਨੇ ਕਾਰਾਂ ਵਿੱਚ ਸਵਾਰ ਹੋ ਕੇ ਗੋਲ ਦਾਇਰਿਆਂ ਵਿੱਚ ਘੁੰਮ ਕੇ ਤੇ ਹੌਰਨ ਵਜਾ ਕੇ ਆਪਣਾ ਰੋਸ ਪ੍ਰਗਟਾਇਆ। ਉਨ੍ਹਾਂ ਕੋਲ ਤਖ਼ਤੀਆਂ ਵੀ ਚੁੱਕੀਆਂ ਹੋਈਆਂ ਸਨ ਜਿਨ੍ਹਾਂ ਉੱਤੇ ਲਿਖਿਆ ਸੀ ਕਨੇਡਾ ਸ਼ਰਮ ਕਰੇ। ਗਰੁੱਪ ਵੱਲੋਂ ਲੈਜਿਸਲੇਟਿਵ ਬਿਲਡਿੰਗ ਉੱਤੇ ਆਈਡਲ ਨੋ ਮੋਰ ਰੈਲੀ ਕਰਨ ਦੀ ਯੋਜਨਾ ਵੀ ਤਿਆਰ ਕੀਤੀ ਗਈ ਹੈ। ਤਰੂਰੋ, ਨੋਵਾ ਸਕੋਸ਼ੀਆ ਵਿੱਚ ਹਾਈਵੇਅ 102 ਦੇ ਨਾਲ ਨਾਲ ਕੀਤੇ ਗਏ ਇਸ ਤਰ੍ਹਾਂ ਦੇ ਮੁਜ਼ਾਹਰੇ ਕਾਰਨ ਅੱਠ ਕਿਲੋਮੀਟਰ ਤੱਕ ਦੇ ਰਸਤੇ ਉੱਤੇ ਜਾਮ ਲੱਗਿਆ ਰਿਹਾ ਪਰ ਇਹ ਮੁਜ਼ਾਹਰਾ ਵੀ ਸ਼ਾਂਤਮਈ ਰਿਹਾ। ਐਬੋਰਿਜਨਲ ਆਗੂਆਂ ਨੇ ਓਟਵਾ ਦੀਆਂ ਸੜਕਾਂ ਉੱਤੇ ਵੀ ਮਾਰਚ ਕਰਨ ਦਾ ਫੈਸਲਾ ਕੀਤਾ ਹੈ। ਫਰਸਟ ਨੇਸ਼ਨਜ਼ ਦੇ ਆਗੂਆਂ ਦਾ ਕਹਿਣਾ ਹੈ ਕਿ ਫਰਸਟ ਨੇਸ਼ਨਜ਼ ਲਈ ਓਟਵਾ ਦੀਆਂ ਨੀਤੀਆਂ ਦਮਨਕਾਰੀ ਰਹੀਆਂ ਹਨ ਤੇ ਉਨ੍ਹਾਂ ਨੂੰ ਡਰ ਹੈ ਕਿ ਫੈਡਰਲ ਸਰਕਾਰ ਉਨ੍ਹਾਂ ਤੋਂ ਸ਼ਕਤੀਆਂ ਵਾਪਿਸ ਲੈਣ ਦੀਆਂ ਤਿਆਰੀ ਕਰ ਰਹੀ ਹੈ। ਕਾਰਕੁੰਨਾਂ ਨੇ ਆਖਿਆ ਕਿ ਉਨ੍ਹਾਂ ਨੂੰ ਵੱਡੀ ਚਿੰਤਾ ਪਿੱਛੇ ਜਿਹੇ ਪਾਸ ਹੋਏ ਸਰਬਾਂਗੀ ਬਜਟ ਬਿੱਲ ਸੀ 45 ਕਾਰਨ ਹੈ, ਲਹਿਰੇ ਦੇ ਪ੍ਰਬੰਧਕਾਂ ਅਨੁਸਾਰ ਇਸ ਨਾਲ ਐਬੋਰਿਜਨਲਜ਼ ਨੂੰ ਆਪਣੀ ਜ਼ਮੀਨ ਸਰਕਾਰ ਨੂੰ ਸੌਂਪਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਫਰਸਟ ਨੇਸ਼ਨਜ਼ ਗਰੁੱਪਸ ਦਾ ਕਹਿਣਾ ਹੈ ਕਿ ਉਨ੍ਹਾਂ ਨਾਲ ਇਸ ਕਾਨੂੰਨ ਤੋਂ ਪਹਿਲਾਂ ਸਹੀ ਢੰਗ ਨਾਲ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ। ਪੈਨਲ ਡਿਸਕਸ਼ਨ ਮੌਕੇ ਨੋਵਾ ਸਕੋਸ਼ੀਆ ਤੋਂ ਐਬੋਰਿਜਨਲ ਕਾਰਕੁੰਨ ਸੈਲੀ ਯੰਗ ਨੇ ਆਖਿਆ ਕਿ ਅਸੀਂ ਸਿਰਫ ਆਪਣੀ ਗੱਲ ਨਹੀਂ ਕਰ ਰਹੇ ਅਸੀਂ ਤਾਂ ਸਮੁੱਚੇ ਕਨੇਡਾ ਲਈ ਅਵਾਜ਼ ਉਠਾ ਰਹੇ ਹਾਂ। ਅਸੀਂ ਇਹ ਜਾਣਦੇ ਹਾਂ ਕਿ ਸੰਧੀ ਦੇ ਸਾਡੇ ਅਧਿਕਾਰ ਪਾਣੀਆਂ ਤੇ ਜਲਮਾਰਗ ਦੀ ਹਿਫਾਜ਼ਤ ਕਰਦੇ ਹਨ। ਅਸੀਂ ਉਨ੍ਹਾਂ ਲਈ ਕੁੱਝ ਕਰਨਾ ਚਾਹੁੰਦੇ ਹਾਂ।

Maple
DENTAL CLINIC
Dr. Sandeep Dhaliwal
DMD
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ
Take Home Whitening Kits
with new patient exams & cleaning !
Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions
Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm
Accepting New Patients
Appointments @780-440-5001
4444-36 Ave NW Edmonton, AB T6L 3S1

ਨਵੀਂ ਦੁਨੀਆ

## ਬਿਲ ਸੀ-38 ਅਤੇ ਸੀ-45 ਸਫ਼ਾ 1 ਦੀ ਬਾਕੀ

ਸਰਕਾਰ ਵੱਲੋਂ ਉਪਰੋਕਤ ਕਾਨੂੰਨਾਂ ਵਿੱਚ ਕੀਤੀਆਂ ਤਬਦੀਲੀਆਂ ਨਾਲ ਇਹਨਾਂ ਕੰਪਨੀਆਂ ਦੀ ਹੋਂਦ ਖਤਰੇ ਵਿੱਚ ਪੈ ਜਾਵੇਗੀ। ਇਹੀ ਨਹੀਂ ਇਹਨਾਂ ਤਬਦੀਲੀਆਂ ਨਾਲ ਮੂਲਵਾਸੀਆਂ ਨੂੰ ਤਬਾਹ ਕਰਨ ਵਾਲੀਆਂ ਤਾਕਤਾਂ ਨੂੰ ਇਸ ਖੇਤਰ ਵਿੱਚ ਘੁਸਪੈਠ ਕਰਨ ਦੇ ਵੀ ਹੋਰ ਵੱਧ ਅਧਿਕਾਰ ਮਿਲ ਜਾਣਗੇ।

ਰੋਬਰਟ ਜੇਨਸ ਦਾ ਕਹਿਣਾ ਹੈ ਕਿ ਮੂਲਵਾਸੀਆਂ ਦਾ ਜੀਵਨ ਬਸਰ ਕਾਫ਼ੀ ਹੱਦ ਤੱਕ ਉਪਰੋਕਤ ਕੰਪਨੀਆਂ ਤੋਂ ਹੁੰਦੀ ਆਮਦਨ 'ਤੇ ਆਧਾਰਿਤ ਹੈ, ਕਾਨੂੰਨ ਵਿੱਚ ਕੀਤੀਆਂ ਤਬਦੀਲੀਆਂ ਨਾਲ ਇਹਨਾਂ ਲੋਕਾਂ ਲਈ ਜੀਵਨ ਬਸਰ ਕਰਨਾ ਮੁਸ਼ਕਿਲ ਹੋ ਜਾਵੇਗਾ। ਅਦਾਲਤੀ ਕਾਰਵਾਈ ਬਾਰੇ ਉਹਨਾਂ ਹੋਰ ਦੱਸਦਿਆਂ ਕਿਹਾ ਕਿ ਅਦਾਲਤ ਵੱਲੋਂ ਦੋਵੇਂ ਧਿਰਾਂ ਨੂੰ ਐਫੀਡੇਵਿਟ ਫਾਇਲ ਕਰਨ ਲਈ 60 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ ਤੇ ਉਹਨਾਂ ਅਨੁਸਾਰ ਆਉਣ ਵਾਲੀਆਂ ਗਰਮੀਆਂ ਤੱਕ ਮੁਕੱਦਮੇ ਦੀ ਤਰੀਕ ਪੈ ਸਕਦੀ ਹੈ।

ਦੂਜੇ ਪਾਸੇ ਮੂਲਵਾਸੀਆਂ ਦੇ ਮਾਮਲਿਆਂ ਬਾਰੇ ਮੰਤਰੀ ਜੌਹਨ ਡੰਕਨ ਦੇ ਪ੍ਰੈਸ ਸਕੱਤਰ ਨੇ ਇਸ ਮਾਮਲੇ 'ਤੇ ਬੋਲਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਐਫੀਡੇਵਿਟ ਫਾਇਲ ਕਰਨ ਤੋਂ ਪਹਿਲਾਂ ਇਸ 'ਤੇ ਕੋਈ ਟਿੱਪਣੀ ਕਰਨੀ ਅਣਉਚਿਤ ਹੋਵੇਗੀ।

ਇੱਥੇ ਇਹ ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਅਜਿਹਾ ਪਹਿਲੀ ਵਾਰ ਹੋਇਆ ਹੈ ਜਦੋਂ ਮੂਲਵਾਸੀਆਂ ਨੇ ਫੈਡਰਲ ਸਰਕਾਰ ਦੇ ਕਿਸੇ ਫੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਹੈ, ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਮੂਲਵਾਸੀ ਆਪਣੇ ਅਧਿਕਾਰਾਂ ਪ੍ਰਤੀ ਪਹਿਲਾਂ ਨਾਲੋਂ ਵੱਧ ਸੁਚੇਤ ਹੋਏ ਹਨ।

## ਪੂਰਬੀ ਕਨੇਡਾ ਤੋਂ ਚੋਰੀ ਹੋਈਆਂ ਗੱਡੀਆਂ ਪਹੁੰਚ ਰਹੀਆਂ ਹਨ ਅਲਬਰਟਾ ਵਿੱਚ

ਐਡਮਿੰਟਨ (ਨਦਬ)-ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਅਨੁਸਾਰ ਪੂਰਬੀ ਕਨੇਡਾ ਤੋਂ ਚੋਰੀ ਹੋਈਆਂ ਗੱਡੀਆਂ ਵੇਚਣ ਲਈ ਅਲਬਰਟਾ ਲਿਆਂਦੀਆਂ ਜਾ ਰਹੀਆਂ ਹਨ। ਏਜੰਸੀ ਵੱਲੋਂ ਪਿੱਛੇ ਜਿਹੇ ਜਾਰੀ ਕੀਤੀ ਗਈ ਰਲੀਜ਼ ਵਿੱਚ ਦੱਸਿਆ ਗਿਆ ਕਿ ਕਿਹੜੀਆਂ ਕਾਰਾਂ ਤੇ ਟਰੱਕ ਸੱਭ ਤੋਂ ਵੱਧ ਚੋਰੀ ਕੀਤੇ ਜਾਂਦੇ ਹਨ। ਸੱਭ ਤੋਂ ਵੱਧ ਚੋਰੀ ਹੋਣ ਵਾਲੀਆਂ ਕਾਰਾਂ ਵਿੱਚ ਹਾਂਡਾ ਸਿਵਿਕ ਮੂਹਰੇ ਹੈ। ਇਸ ਸੂਚੀ ਵਿੱਚ ਫੋਰ ਵ੍ਹੀਲ ਡਰਾਈਵ ਤੇ ਆਲ ਵ੍ਹੀਲ ਡਰਾਈਵ ਟਰੱਕ ਵੀ ਚੋਰੀ ਕੀਤੀਆਂ ਜਾਣ ਵਾਲੀਆਂ ਗੱਡੀਆਂ ਵਿੱਚ ਆਉਂਦੇ ਹਨ। ਇੰਸ਼ੋਰੈਂਸ ਬਿਊਰੋ ਦੇ ਬੁਲਾਰੇ ਰਿੱਕ ਡੁਬਿਨ ਦਾ ਕਹਿਣਾ ਹੈ ਕਿ ਬਹੁਤ ਸਾਰੀਆਂ ਗੱਡੀਆਂ ਜਿਹੜੀਆਂ ਕਿਊਬਿਕ ਤੇ ਪੂਰਬੀ ਕਨੇਡਾ ਤੋਂ ਚੋਰੀ ਹੁੰਦੀਆਂ ਹਨ ਉਨ੍ਹਾਂ ਨੂੰ ਵਿਦੇਸ਼ਾਂ ਵਿੱਚ ਵੇਚਣ ਦੀ ਥਾਂ ਇੱਧਰ ਪੱਛਮ ਵੱਲ ਲਿਆਂਦਾ ਜਾਂਦਾ ਹੈ। ਉਨ੍ਹਾਂ ਆਖਿਆ ਕਿ ਇਸ ਖਾਸ ਕਿਸਮ ਦੀ ਗੱਡੀ ਦੀ ਕਾਫੀ ਮੰਗ ਹੈ ਤੇ ਇਸੇ ਲਈ ਅਸੀਂ ਇਹ ਆਖਦੇ ਹਾਂ ਕਿ ਗੱਡੀਆਂ ਨੂੰ ਪੱਛਮ ਵੱਲ ਪਹੁੰਚਾਉਣ ਦਾ ਕੰਮ ਸੰਗਠਿਤ ਜੁਰਮ ਦਾ ਹੀ ਸਿੱਟਾ ਹੈ। ਉਹੀ ਇਨ੍ਹਾਂ ਗੱਡੀਆਂ ਨੂੰ ਅਜਿਹੇ ਗਾਹਕਾਂ ਨੂੰ ਵੇਚਦੇ ਹਨ ਜਿਨ੍ਹਾਂ ਉੱਤੇ ਆਮ ਤੌਰ ਉੱਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਡੁਬਿਨ ਨੇ ਦੱਸਿਆ ਕਿ ਚੋਰ ਫੋਰਡ ਐਫ-250 ਤੇ ਐਫ-350 ਵਿੱਚ ਵੈਹੀਕਲ ਆਈਡੈਂਟੀਫਿਕੇਸ਼ਨ ਨੰਬਰ ਪਲੇਟਾਂ ਬਦਲ ਦਿੰਦੇ ਹਨ।

## ਗੁਰਦੁਆਰਾ ਮਿਲਵੁਡਜ਼ ਵਿਖੇ ਰੈਣਿ ਸਬਾਈ ਕੀਰਤਨ ਅਤੇ ਨਵੇਂ ਸਾਲ ਦੀ ਆਮਦ ਬੜੇ ਉਤਸ਼ਾਹ ਨਾਲ ਮਨਾਈ ਗਈ



ਐਡਮਿੰਟਨ (ਨਦਬ)-ਰੈਣਿ ਸਬਾਈ ਕੀਰਤਨ ਦਰਬਾਰ ਗੁਰਦੁਆਰਾ ਮਿਲਵੁਡਜ਼ ਵਿਖੇ ਐਤਵਾਰ, 30 ਦਸੰਬਰ, 2012 ਨੂੰ ਸ਼ਾਮ 5:00 ਬਜੇ ਅਰੰਭ ਹੋਇਆ ਅਤੇ ਅਗਲੇ ਦਿਨ ਸਵੇਰ 6:00 ਬਜੇ ਸਮਾਪਤ ਹੋਇਆ। ਸੰਗਤਾਂ ਨੇ ਸਾਰੀ ਰਾਤ ਬੜੀ ਸ਼ਰਧਾ ਨਾਲ ਮਨੋਹਰ ਕੀਰਤਨ ਸਰਵਣ ਕੀਤਾ। ਇਸ ਕੀਰਤਨ ਦਰਬਾਰ ਵਿਚ ਸਥਾਨਕ ਕੀਰਤਨ ਜਥਿਆਂ ਤੋਂ ਸਿਵਾ ਦੂਸਰੇ ਗੁਰਦੁਆਰਿਆਂ ਦੇ ਕੀਰਤਨ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸੋਮਵਾਰ, 31 ਦਸੰਬਰ, 2012 ਨੂੰ ਸ਼ਾਮ 5:00 ਵਜੇ ਨਵੇਂ ਸਾਲ ਦੀ ਆਮਦ ਦੀ ਖੁਸ਼ੀ ਵਿਚ ਦੀਵਾਨ ਅਰੰਭ ਹੋਏ ਜਿਸ ਵਿਚ ਰਾਮਗੜ੍ਹੀਆ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਕੀਰਤਨ ਕੀਤਾ। ਉਪਰੰਤ ਕਥਾਵਾਚਕ ਭਾਈ ਹਰਜਿੰਦਰ ਸਿੰਘ ਹੋਰਾਂ ਗੁਰਬਾਣੀ ਵਿਚਾਰ ਅਤੇ ਰੈਣਿ ਸਬਾਈ ਕੀਰਤਨ ਬਾਬਤ ਵਿਚਾਰ ਸਾਂਝੇ ਕੀਤੇ। ਸਥਾਨਿਕ ਜੱਥੇ ਭਾਈ ਪ੍ਰਿਥੀਪਾਲ ਸਿੰਘ ਅਤੇ ਭਾਈ ਸੁਰਿੰਦਰਪਾਲ ਸਿੰਘ ਹੋਰਾਂ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਬਲਬੀਰ ਸਿੰਘ ਚਾਨਾ ਹੋਰਾਂ ਦੇ ਢਾਡੀ ਜੱਥੇ ਨੇ ਗੁਰਮਤ ਅਨੁਸਾਰ ਜੀਵਨ ਜਾਚ ਸਬੰਧੀ ਵਿਚਾਰ ਸਾਂਝੇ ਕੀਤੇ। ਰਾਤ 12:00 ਬਜਦਿਆਂ ਹੀ ਜੈਕਾਰਿਆਂ ਦੀ ਗੂੰਜ ਨਾਲ 2013 ਸਾਲ ਨੂੰ ਜੀ ਆਇਆ ਕਹਿੰਦਿਆ ਹੀ ਸਿਮਰਨ ਨਾਲ ਨਵੇਂ ਸਾਲ ਦੀ ਅਰੰਭਤਾ ਕੀਤੀ ਗਈ। ਅੰਤ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਇਸ ਵਿਸ਼ੇਸ਼ ਦੀਵਾਨ ਦੀ ਸਮਾਪਤੀ ਕੀਤੀ ਗਈ। ਅੰਤ ਵਿਚ ਸਮੂਹ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਨੂੰ ਜੀ ਆਇਆ ਕਹਿੰਦਿਆਂ ਪ੍ਰਧਾਨ ਸ. ਬਲਬੀਰ ਸਿੰਘ ਚਾਨਾ ਹੋਰਾਂ ਨੇ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿਤੀ ਅਤੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ। ਪਰਿਵਾਰਾਂ ਵਲੋਂ ਦੋਨਾਂ ਦਿਨਾਂ ਦੌਰਾਨ ਲੰਗਰ, ਮਠਿਆਈ ਅਤੇ ਚਾਹ ਆਦਿ ਦੀ ਸੇਵਾ ਕੀਤੀ ਗਈ। ਸੰਗਤਾਂ ਨੇ ਨਵੇਂ ਸਾਲ ਦੀ ਖੁਸ਼ੀ ਪ੍ਰਗਟ ਕਰਦਿਆਂ ਆਪਸ ਵਿਚ ਵਧਾਈਆਂ ਸਾਝੀਆਂ ਕੀਤੀਆਂ।

## ਪੰਜ ਮਿੰਟਾਂ ਤੋਂ ਵੱਧ ਚਾਲੂ ਵਾਹਨ ਰੱਖਣ ਵਾਲੇ ਵਾਹਨ ਮਾਲਕ ਨੂੰ ਹੋਵੇਗਾ ਜੁਰਮਾਨਾ

### ਕਾਨੂੰਨ ਇੱਕ ਜਨਵਰੀ ਤੋਂ ਲਾਗੂ



ਐਡਮਿੰਟਨ (ਨਦਬ)- ਨਵੇਂ ਸਾਲ ਦੀ ਨਵੀਂ ਗੱਲ ਇਹ ਹੈ ਕਿ ਲੰਘੀ ਇੱਕ ਜਨਵਰੀ ਤੋਂ ਸਿਟੀ ਕੌਂਸਲ ਦੁਆਰਾ ਪਿਛਲੇ ਸਾਲ ਦੀ ਮਈ ਵਿੱਚ ਪਾਸ ਕੀਤਾ ਗਿਆ ਉਹ ਕਾਨੂੰਨ ਲਾਗੂ ਹੋ ਗਿਆ ਹੈ, ਜਿਸ ਅਨੁਸਾਰ ਸਕੂਲ ਤੇ ਹਸਪਤਾਲ ਦੇ ਖੇਤਰ ਵਿੱਚ ਜ਼ੀਰੋ ਤਾਪਮਾਨ ਤੋਂ ਘੱਟ ਤਾਪਮਾਨ ਸਮੇਂ ਆਪਣਾ ਵਾਹਨ ਕਿਸੇ ਖਾਸ ਵਜ੍ਹਾ ਤੋਂ ਬਿਨਾ ਅੱਧੇ ਘੰਟੇ ਵਿੱਚ ਪੰਜ ਮਿੰਟਾਂ ਤੋਂ ਵੱਧ ਚਾਲੂ ਹਾਲਤ ਵਿੱਚ ਨਹੀਂ ਰੱਖਿਆ ਜਾ ਸਕਦਾ। ਇਸ ਮਾਮਲੇ ਵਿੱਚ ਸਕੂਲ ਬੱਸਾਂ, ਐਂਬੂਲੈਂਸ, ਟੈਕਸੀਆਂ ਅਤੇ ਲਾਇਸੈਂਸ ਪ੍ਰਾਪਤ ਟਰਾਂਸਪੋਰਟ ਦੇ ਹੋਰ ਸਾਧਨਾਂ ਨੂੰ ਛੋਟ ਦਿੱਤੀ ਗਈ ਹੈ। ਡੌਨ ਇਵਸਨ ਦਾ ਇਸ ਬਾਰੇ ਕਹਿਣਾ ਹੈ ਕਿ ਇਹ ਹੋਰ ਕਾਨੂੰਨਾਂ ਵਾਂਗ ਹੀ ਸਧਾਰਣ ਕਾਨੂੰਨ ਹੈ ਜੋ ਨਾਗਰਿਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਲਾਗੂ ਕੀਤਾ ਗਿਆ ਹੈ। ਇਸ ਲਈ ਨਾਗਰਿਕਾਂ ਨੂੰ ਇਸ ਤੋਂ ਪ੍ਰੇਸ਼ਾਨ ਹੋਣ ਦੀ ਕੋਈ ਲੋੜ ਨਹੀਂ। ਕਮਿਊਨਿਟੀ ਸਟੈਂਡਰਡਜ਼ ਬਰਾਂਚ ਮੈਨੇਜਰ ਡੇਵਿਡ ਏਟਿਨ ਨੇ ਕਿਹਾ ਕਿ ਇਸ ਕਾਨੂੰਨ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਅਜਿਹੀਆਂ ਥਾਂਵਾਂ ਦੀ ਨਿਸ਼ਾਨਦੇਹੀ ਕਰਕੇ ਪੋਸਟਰ ਲਾਵਾਂਗੇ ਜਿਸ ਤੋਂ ਨਾਗਰਿਕਾਂ ਨੂੰ ਸੰਬੰਧਿਤ ਖੇਤਰ ਸਬੰਧੀ ਜਾਣਕਾਰੀ ਹੋਵੇਗੀ ਤੇ ਉਹ ਪੋਸਟਰ ਦੇਖ ਕੇ ਆਪਣੇ ਵਾਹਨ ਦੀ ਗਤੀਸ਼ੀਲਤਾ ਨਿਰਧਾਰਤ ਕਰ ਸਕਣਗੇ। ਇਸ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਨੂੰ 250 ਡਾਲਰ ਦਾ ਜੁਰਮਾਨਾ ਹੋਵੇਗਾ ਪਰ ਇਹ ਜੁਰਮਾਨਾ ਖਾਸ ਸਥਿਤੀਆਂ ਵਿੱਚ ਹੀ ਲਾਇਆ ਜਾਵੇਗਾ।

## ਇੱਕ ਤਾਰਾ ਅਸਮਾਨੋ ਟੁੱਟਿਆ...

## ਗੁਰਪ੍ਰੀਤ ਭੁੱਲਰ ਦਾ ਬੇਵਕਤੀ ਤੇ ਅਸਿਹ ਵਿਛੋੜਾ



ਐਡਮਿੰਟਨ (ਨਦਬ)-ਰਾਏਕੋਟ ਤਹਿਸੀਲ ਦੇ ਪਿੰਡ ਅੱਚਰਵਾਲ ਨਾਲ ਸਬੰਧਿਤ 30 ਸਾਲਾ ਗੁਰਪ੍ਰੀਤ ਭੁੱਲਰ ਦਾ ਅਚਾਨਕ ਦਿਮਾਗ ਦੀ ਨਾੜੀ ਫਟਣ ਨਾਲ ਦਿਹਾਂਤ ਹੋ ਗਿਆ। ਗੁਰਪ੍ਰੀਤ 'ਦੇਸ ਪ੍ਰਦੇਸ ਟਾਈਮਜ਼' ਨਾਲ ਪਿਛਲੇ ਕਾਫ਼ੀ ਸਮੇਂ ਕੰਮ ਕਰ ਰਿਹਾ ਸੀ। ਇਸ ਦੇ ਨਾਲ ਹੀ ਉਹ ਜੀ.ਫੋਰ.ਐਸ ਸਿਕਿਉਰਿਟੀ ਕੰਪਨੀ ਨਾਲ ਵੀ ਕੰਮ ਕਰਦਾ ਸੀ। ਉਹ ਬਹੁਤ ਮਿਲਾਪੜੇ ਸੁਭਾਅ ਵਾਲਾ ਸੀ ਅਤੇ ਹਰੇਕ ਦੀ ਮਦਦ ਲਈ ਤਿਆਰ ਰਹਿੰਦਾ ਸੀ। ਗੁਰਪ੍ਰੀਤ ਆਪਣੇ ਪਿੱਛੇ 3 ਸਾਲ ਦੀ ਬੇਟੀ ਏਕਮਜੋਤ ਅਤੇ ਪਤਨੀ ਹਰਮਨਦੀਪ ਕੌਰ ਛੱਡ ਗਿਆ ਹੈ। ਉਸ ਦੇ ਪਿਤਾ ਜਗਜੀਤ ਸਿੰਘ ਭੁੱਲਰ, ਮਾਤਾ ਭੁਪਿੰਦਰ ਕੌਰ ਅਤੇ ਛੋਟਾ ਭਰਾ ਗੁਰਬੀਰ ਭੁੱਲਰ ਵੀ ਐਡਮਿੰਟਨ ਵਿਚ ਹੀ ਰਹਿੰਦੇ ਹਨ। ਅਦਾਰਾ 'ਨਵੀਂ ਦੁਨੀਆ' ਇਸ ਔਖੀ ਤੇ ਅਸਿਹ ਘੜ੍ਹੀ 'ਚ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ। ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਲਈ 780-965-2833 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਅਮਰੀਕੀ ਸੁੰਦਰੀ ਓਲੀਵੀਆ ਕਲਪੋ ਬਣੀ ਮਿਸ ਯੂਨੀਵਰਸ

### ਭਾਰਤੀ ਸੁੰਦਰੀ ਆਖ਼ਰੀ ਦਸ ਵਿੱਚ ਥਾਂ ਨਾ ਬਣਾ ਸਕੀ

ਏਂਜਲਸ (ਨਦਬ)-ਅਮਰੀਕਾ ਦੀ ਸੁੰਦਰੀ ਓਲੀਵੀਆ ਕਲਪੋ ਨੇ ਮਿਸ ਯੂਨੀਵਰਸ ਦਾ ਖ਼ਿਤਾਬ ਜਿੱਤ ਲਿਆ ਹੈ, ਜ਼ਿਕਰਯੋਗ ਹੈ ਕਿ ਅਜਿਹਾ 14 ਸਾਲਾਂ ਬਾਅਦ ਵਾਪਰਿਆ ਹੈ। ਪਿਛਲੇ ਦਿਨੀਂ ਲਾਸ ਵੇਗਾਸ ਦੇ ਪਲੈਨੇਟ ਹਾਲੀਵੁੱਡ ਕੈਸੀਨੋ ਵਿੱਚ ਹੋਏ ਮੁਕਾਬਲੇ 'ਚ ਓਲੀਵੀਆ ਕਲਪੋ ਨੇ 88 ਦੇਸ਼ਾਂ ਦੀਆਂ ਸੁੰਦਰੀਆਂ ਨੂੰ ਪਛਾੜ ਕੇ ਇਹ ਖ਼ਿਤਾਬ ਹਾਸਲ ਕੀਤਾ। ਉਸਨੂੰ ਪਿਛਲੇ ਸਾਲ ਦੀ ਯੂਨੀਵਰਸ ਅੰਗੋਲਾ ਦੀ ਲੀਲਾ ਲੋਪੇਜ਼ ਨੇ ਇਹ ਤਾਜ ਪਹਿਨਾਇਆ। ਭਾਰਤੀ ਸੁੰਦਰੀ ਸ਼ਿਲਪਾ ਸਿੰਘ ਆਖ਼ਰੀ ਦਸਾਂ ਵਿੱਚ ਥਾਂ ਨਾ ਬਣਾ ਸਕੀ, ਪਰ ਜ਼ਿਕਰਯੋਗ ਹੈ ਕਿ 23 ਸਾਲਾ ਸ਼ਿਲਪਾ 2007 ਤੋਂ ਬਾਅਦ ਟਾਪ 16 ਵਿੱਚ ਪਹੁੰਚਣ ਵਾਲੀ ਪਹਿਲੀ ਸੁੰਦਰੀ ਹੈ।

ਇੱਥੇ ਇਹ ਦੱਸਣਯੋਗ ਹੈ ਕਿ ਇਸ ਮੁਕਾਬਲੇ ਵਿੱਚ ਫਿਲੀਪੀਨਜ਼ ਦੀ ਜੈਨੀ ਤੁਗੋਨੋ ਦੂਸਰੇ ਜਦਕਿ ਵੈਨੇਜ਼ੂਏਲਾ ਦੀ ਇਰੇਨੇ ਈਸਰ ਤੀਸਰੇ ਸਥਾਨ 'ਤੇ ਰਹੀ।



ANJALI AGARWAL

With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor

Now I have access to almost all banks and more than 25 lenders.

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

call @ 780-934-7217 (Cell) or Email anjali.agarwal@mortgagegroup.com

TMG

# ਯੁਗਾਂਤਰ ਆਸ਼ਰਮ ਵਿੱਚ ਸਮਾਗਮ ਦੌਰਾਨ ਕੀਤਾ ਐਲਾਨ

# ਹਰ ਬੁੱਧਵਾਰ ਖੁੱਲ੍ਹਿਆ ਕਰੇਗਾ ਯੁਗਾਂਤਰ ਆਸ਼ਰਮ

ਸਾਂਨਫਰਾਂਸਿਸਕੋ (ਹਰਜਿੰਦਰ ਢੇਸੀ)-ਸੈਨਫਰਾਸ਼ਿਸਕੋ ਦਾ 5 ਵੁਡ ਸਟਰੀਟ ਯੁਗਾਂਤਰ ਆਸ਼ਰਮ ਉਹ ਸਥਾਨ ਜਿੱਥੇ ਬੈਠ ਕੇ ਗ਼ਦਰੀ ਬਾਬਿਆਂ ਨੇ ਸੌ ਸਾਲ ਪਹਿਲਾਂ ਗ਼ਦਰ ਪਾਰਟੀ ਦੀ ਨੀਂਹ ਰੱਖੀ ਸੀ ਤੇ ਉਸ ਗ਼ਦਰ ਪਾਰਟੀ ਦੇ ਝੰਡੇ ਹੇਠ ਲਾਮਬੰਦ ਹੋ ਕੇ ਦੇਸ਼ ਦੀ ਆਜ਼ਾਦੀ ਦੀਆਂ ਵਿਉਂਤਾਂ ਬਣਾਈਆ ਸਨ। ਗ਼ਦਰ ਪਾਰਟੀ ਵੱਲੋਂ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਲਈ ਲਾਮਬੰਦ ਕਰਨ ਲਈ ਗ਼ਦਰ ਦੀ ਗੂੰਜ ਨਾਂ ਦਾ ਪਰਚਾ ਵੀ ਇਸੇ ਸਥਾਨ ਤੋਂ ਕੱਢਿਆ ਗਿਆ ਸੀ ਅਤੇ ਇਸਨੂੰ ਗ਼ਦਰ ਪਾਰਟੀ ਦਾ ਅਣਥਕ ਸਿਪਾਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਹੱਥਾਂ ਨਾਲ ਚੱਲਣ ਵਾਲੀ ਮਸ਼ੀਨ ਗੇੜ ਕੇ ਪੇਪਰ ਛਾਪਦਾ ਸੀ। ਪਰ ਉਹ ਪ੍ਰੈਸ ਅੱਜ ਯੁਗਾਂਤਰ ਆਸ਼ਰਮ ਵਿੱਚ ਮੌਜੂਦ ਨਹੀਂ ਹੈ। ਇਹ ਇਤਿਹਾਸਕ ਸਥਾਨ ਜੋ ਕਿ ਇੰਡੀਅਨ ਕਾਂਸਲੇਟ ਆਫ਼ਿਸ ਦੀ ਦੇਖ-ਰੇਖ ਹੇਠ ਸੀ, ਚਿਰਾਂ ਤੋਂ ਬੰਦ ਪਿਆ ਸੀ। ਕਿਸੇ ਨੂੰ ਵੀ ਇਸ ਜਗ੍ਹਾ ਤੇ ਜਾਣ ਜਾਂ ਦੇਖਣ ਦੇ ਲਈ ਇੰਡੀਅਨ ਕਾਂਸਲੇਟ ਆਫ਼ਿਸ ਦੀਆਂ ਲੰਬੀਆਂ ਦਫ਼ਤਰੀ ਕਰਵਾਈਆਂ ਵਿੱਚੋਂ ਲੰਘਣਾ ਪੈਂਦਾ ਸੀ, ਜੋ ਬਾਹਰੋ ਆਉਣ ਵਾਲੇ ਮਹਿਮਾਨਾਂ ਲਈ ਮੁਸ਼ਕਲ ਸੀ। ਇਸ ਨੂੰ ਲੈ ਕੇ ਗ਼ਦਰ ਪਾਰਟੀ ਦੀ ਸੋਚ ਨੂੰ ਸਮਰਪਤ ਕੈਲੇਫੋਰਨੀਆਂ ਦੀਆ ਸਮੂਹ ਜੰਥੇਬੰਦੀਆ ਚਿਰਾਂ ਤੋਂ ਇਹ ਮੰਗ ਕਰਦੀਆਂ ਆ ਰਹੀਆਂ ਸਨ ਕੇ ਯੁਗਾਂਤਰ ਆਸ਼ਰਮ ਨੂੰ ਇਕ ਇਤਿਹਾਸਿਕ ਇਮਾਰਤ ਦਾ ਦਰਜਾ ਦਿਤਾ ਜਾਵੇ ਅਤੇ ਇਸ ਨੂੰ ਇਕ ਮਿਉਜ਼ੀਅਮ ਦੇ ਵਿੱਚ ਤਬਦੀਲ ਕੀਤਾ ਜਾਵੇ, ਜਿਸ ਵਿੱਚ ਗ਼ਦਰੀ ਸੂਰਬੀਰਾਂ ਦੀਆਂ ਤਸਵੀਰਾਂ ਅਤੇ ਗ਼ਦਰ ਪਾਰਟੀ ਨਾਲ ਸਬੰਧਿਤ ਹੋਰ ਦਸਤਾਵੇਜ਼ਾਂ ਨੂੰ ਰੱਖਿਆ ਜਾਵੇ ਅਤੇ ਇਹਨਾਂ ਦੀ ਲੋੜੀਂਦੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਜੋ ਇਹ ਇਤਿਹਾਸਕ ਸਥਾਨ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਬਣਿਆ ਰਹੇ। ਇਸ ਗੱਲ ਦੀ ਮੰਗ ਕਰਨ ਵਾਲੀਆਂ ਜਥੇਬੰਦੀਆਂ ਵਿੱਚ ਮੁੱਖ ਤੌਰ 'ਤੇ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ, ਗ਼ਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਅਮੈਰਿਕਾ ਸੈਕਰਾਮੈਂਟੋ, ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜ਼ੇਸ਼ਨ ਬੇ ਏਰੀਆ, ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਬੇ ਏਰੀਆ ਅਤੇ ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਆਰਗੇਨਾਈਜ਼ੇਸ਼ਨ ਯੂਬਾਸਿਟੀ ਸ਼ਾਮਲ ਹਨ। ਇਨ੍ਹਾਂ ਜਥੇਬੰਦੀਆਂ ਦੇ ਲਗਾਤਾਰ ਯਤਨਾਂ ਅਤੇ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀਆ ਕੋਸ਼ਿਸ਼ਾਂ ਸਦਕਾ ਅੰਤ ਹਿੰਦੋਸਤਾਨ ਦੀ ਸਰਕਾਰ ਨੇ ਯੁਗਾਂਤਰ ਆਸ਼ਰਮ ਦੀ ਇਤਿਹਾਸਿਕ ਮਹੱਤਤਾ ਨੂੰ ਪਹਿਚਾਣਦਿਆਂ ਇਸ ਨੂੰ ਲੋਕਾਂ ਲਈ ਖੋਲ੍ਹਣ ਦਾ ਫੈਸਲਾ ਕੀਤਾ ਹੈ। 2 ਜਨਵਰੀ 2013 ਨੂੰ ਸੈਂਨਫਰਾਸਿਸਕੋ ਦੇ 5 ਵੁਡ ਸਟਰੀਟ ਤੇ ਇੰਡੀਅਨ ਕਾਂਸਲੇਟ ਅਤੇ ਇਨ੍ਹਾਂ ਜਥੇਬੰਦੀਆਂ ਵੱਲੋਂ ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ ਵਿੱਚ ਯੁਗਾਂਤਰ ਆਸ਼ਰਮ ਨੂੰ ਲੋਕਾਂ ਦੇ ਲਈ ਖੋਲ੍ਹਣ ਦਾ ਐਲਾਨ ਕੀਤਾ ਗਿਆ। ਇੰਡੀਅਨ ਕਾਂਸਲੇਟ ਆਫ਼ਿਸ ਵੱਲੋਂ ਇਸ ਗੱਲ ਦਾ ਐਲਾਨ ਐਮ ਪੀ ਸਿੰਘ ਨੇ ਕੀਤਾ। ਉਨ੍ਹਾਂ ਨੇ ਕਿਹਾ ਕਿ ਯੁਗਾਂਤਰ ਆਸ਼ਰਮ ਹਰ ਬੁੱਧਵਾਰ ਨੂੰ ਸਵੇਰ 10 ਵਜੇ ਤੋਂ ਸ਼ਾਮ ਦੇ 4 ਵਜੇ ਤੱਕ ਖੁੱਲ੍ਹਿਆ ਕਰੇਗਾ ਅਤੇ ਇਸ ਦੌਰਾਨ ਕੋਈ ਵੀ ਇਸ ਸਥਾਨ ਦੇ ਦੀਦਾਰ ਕਰ ਸਕਦਾ ਹੈ।

ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ ਵੱਲੋਂ ਬੋਲਦਿਆਂ ਗੁਰਦੀਪ ਸਿੰਘ ਅਣਖੀ ਨੇ ਇੰਡੀਅਨ ਕਾਂਸਲੇਟ ਆਫ਼ਿਸ ਤੇ ਖ਼ਾਸ ਕਰ ਇੰਡੀਅਨ ਕਾਂਸਲੇਟ ਜਨਰਲ ਐਨ ਪਾਰਥਾਸਾਰਥੀ ਜੀ ਦਾ ਧੰਨਵਾਦ ਕੀਤਾ। ਉਨਾਂ ਨੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦਾ ਵੀ ਖ਼ਾਸ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਮਸਲੇ ਵਿੱਚ ਖਾਸ ਦਿਲਚਸਪੀ ਲੈ ਕੇ ਹਿੰਦੋਸਤਾਨ ਸਰਕਾਰ ਤੱਕ ਪਹੁੰਚ ਕੀਤੀ। ਚਰਨ ਸਿੰਘ ਜੱਜ ਹੁਰਾਂ ਨੇ ਵੀ ਸ੍ਰੀ ਐਨ ਪਾਰਥਾਸਾਰਥੀ ਜੀ ਦਾ ਧੰਨਵਾਦ ਕੀਤਾ।

ਇਸ ਸਮਾਗਮ ਵਿੱਚ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਰਣਵੀਰ ਸਿੰਘ ਸੰਧੂ ਮੰਡੇਰਾ, ਕੰਵਰ ਕਸ਼ਮੀਰ ਸਿੰਘ, ਚਰਨ ਸਿੰਘ ਜੱਜ, ਦਵਿੰਦਰ ਸਿਘ ਧੂਤ, ਮੁਲਖ ਰਾਜ, ਮੱਖਣ ਸਿਘ ਬਾਸੀ, ਮਹਿੰਗਾ ਸਿੰਘ, ਅਵਤਾਰ ਸਿਘ, ਸੰਤੋਖ ਸਿੰਘ ਜੱਜ, ਸਤਨਾਮ ਸਿੰਘ ਬਲ, ਗੁਰਦੀਪ ਸਿੰਘ ਅਣਖੀ, ਬਲਦੇਵ ਸਿੰਘ ਧਾਲੀਵਾਲ, ਮਾਸਟਰ ਗੁਰਦੇਵ ਸਿੰਘ, ਸੁੰਰਿਦਰ ਸਿੰਘ ਮੰਢਾਲੀ, ਪ੍ਰੋਫੈਸਰ ਹਰਪਾਲ ਸਿੰਘ, ਤਾਰਾ ਸਾਗਰ, ਅਸ਼ੋਕ ਭੌਰਾ ਅਤੇ ਹੋਰ ਅਨੇਕਾਂ ਸਾਥੀ ਸ਼ਾਮਲ ਹੋਏ।

## ਅਕਾਲੀ-ਕਾਂਗਰਸੀਆਂ ਦੀ ਬਹਿਸ

# ਵਿਧਾਨ ਸਭਾ ਵਿੱਚ ਮਜੀਠੀਆ ਤੇ ਰਾਣਾ ਗਾਲ੍ਹੋ-ਗਾਲ੍ਹੀ





ਚੰਡੀਗੜ੍ਹ (ਨਦਬ)-ਪਿਛਲੇ ਦਿਨੀਂ ਵਿਧਾਨ ਸਭਾ ਦੇ ਸਰਦ ਰੁੱਤ ਇਜਲਾਸ ਦੌਰਾਨ ਅਕਾਲੀ-ਕਾਂਗਰਸੀਆਂ ਨੇ ਇੱਕ-ਦੂਜੇ ਨੂੰ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢ ਕੇ ਸਦਨ ਦੀ ਮਰਿਆਦਾ ਨੂੰ ਤਾਰ-ਤਾਰ ਕਰ ਦਿੱਤਾ, ਪੰਜਾਬ ਦੇ ਲੋਕਾਂ ਨੇ ਵਿਧਾਨ ਸਭਾ ਵਿੱਚ ਹੁੰਦੀ ਇਸ ਬਹਿਸ ਦਾ ਟੀਵੀ 'ਤੇ ਸਿੱਧਾ ਪ੍ਰਸਾਰਣ ਦੇਖਿਆ। ਜ਼ਿਕਰਯੋਗ ਹੈ ਕਿ ਅਮਨ-ਕਾਨੂੰਨ ਦੇ ਮੁੱਦੇ 'ਤੇ ਬਹਿਸ ਦੌਰਾਨ ਵਿਰੋਧੀ ਧਿਰ ਦੇ ਆਗੂ ਸੁਨੀਲ ਜਾਖੜ ਦੇ ਬੋਲਣ ਤੋਂ ਬਾਅਦ ਪੰਜਾਬ ਦੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਬੋਲ ਰਹੇ ਸਨ। ਇਸ ਦੌਰਾਨ ਉਹਨਾਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ 'ਤੇ ਦੋਸ਼ ਲਾਇਆ ਕਿ ਉਹਨਾਂ ਨੇ ਚੱਡਾ ਭਰਾਵਾਂ ਦੇ ਹੱਤਿਆ ਦੇ ਦੋਸ਼ੀ ਸੁਖਦੇਵ ਸਿੰਘ ਨਾਮਧਾਰੀ ਦੇ ਹਥਿਆਰ ਦਾ ਲਾਇਸੈਂਸ ਬਣਵਾਇਆ ਸੀ, ਸਬੂਤ ਵਜੋਂ ਉਹਨਾਂ ਨੇ ਦਸਤਾਵੇਜ਼ ਦਿਖਾਉਂਦਿਆਂ ਦਾਅਵਾ ਕੀਤਾ ਕਿ ਰਾਣਾ ਗੁਰਜੀਤ ਸਿੰਘ ਦੇ ਕਪੂਰਥਲਾ ਸਥਿਤ ਏਕਤਾ ਨਿਵਾਸ ਦੇ ਪਤੇ 'ਤੇ ਹਥਿਆਰਾਂ ਦੇ 20 ਲਾਇਸੈਂਸ ਬਣੇ ਹਨ। ਇਸ ਗੱਲ ਤੋਂ ਤੈਸ਼ ਵਿੱਚ ਆ ਕੇ ਰਾਣਾ ਨੇ ਅਪਸ਼ਬਦ ਕਹਿਣੇ ਸ਼ੁਰੂ ਕਰ ਦਿੱਤੇ ਜਿਹੜੇ ਕਿ ਸਪੀਕਰ ਬੰਦ ਹੋਣ ਦੇ ਕਾਰਨ ਬਹੁਤਿਆਂ ਨੂੰ ਸਮਝ ਨਹੀਂ ਆਏ, ਪਰ ਸੂਤਰਾਂ ਮੁਤਾਬਿਕ ਇਸ ਦੌਰਾਨ ਉਹਨਾਂ ਨੇ ਮਜੀਠੀਆਂ ਨੂੰ ਮਾਂ ਦੀ ਗਾਲ੍ਹ ਕੱਢੀ ਤੇ ਇਸਦੇ ਬਦਲੇ ਵਿੱਚ ਮਜੀਠੀਆ ਨੇ ਰਾਣਾ ਨੂੰ ਮੈਕ ਵਿੱਚ ਭੈਣ ਦੀ ਗਾਲ੍ਹ ਕੱਢ ਦਿੱਤੀ। ਇਸ ਦਰਮਿਆਨ ਦੋਵੇਂ ਪਾਸਿਆਂ ਦੇ ਵਿਧਾਇਕ ਇੱਕ-ਦੂਜੇ ਵੱਲ ਵਧੇ ਪਰ ਸੀਨੀਅਰ ਵਿਧਾਇਕਾਂ ਨੇ ਉਹਨਾਂ ਨੂੰ ਰੋਕ ਦਿੱਤਾ ਤੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਸਥਿਤੀ ਦੀ ਗੰਭੀਰਤਾ ਨੂੰ ਭਾਂਪਦਿਆਂ ਸਦਨ ਦੀ ਕਾਰਵਾਈ ਨੂੰ ਕੁੱਝ ਸਮੇਂ ਲਈ ਮੁਲਤਵੀ ਕਰ ਦਿੱਤਾ। ਇਸ ਤੋਂ ਅਕਾਲੀ ਵਿਧਾਇਕਾਂ ਨੇ ਸਪੀਕਰ 'ਤੇ ਰਾਣਾ ਗੁਰਜੀਤ ਸਿੰਘ ਨੂੰ ਮੁਅੱਤਲ ਕਰਨ ਲਈ ਦਬਾਅ ਪਇਆ ਤੇ ਸਪੀਕਰ ਨੇ ਸੈਸ਼ਨ ਦੇ ਰਹਿੰਦੇ ਦੋ ਦਿਨਾਂ ਲਈ ਰਾਣਾ ਨੂੰ ਮੁਅੱਤਲ ਕਰ ਦਿੱਤਾ। ਇਸ ਤੋਂ ਬਾਅਦ ਮਾਮਲੇ ਨੂੰ ਠੰਡਾ ਕਰਨ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸੀ ਵਿਧਾਇਕਾਂ ਨਾਲ ਗੱਲ ਕੀਤੀ। ਮੁੱਖ ਮੰਤਰੀ ਦੇ ਦਖ਼ਲ ਨਾਲ ਵਿਧਾਇਕਾਂ ਦੇ ਪੱਧਰ 'ਤੇ ਮਾਮਲਾ ਭਾਵੇਂ ਠੰਡਾ ਪੈ ਗਿਆ ਹੋਵੇ ਪਰ ਇਸ ਨਾਲ ਵਿਧਾਨ ਸਭਾ ਦੀ ਮਰਿਆਦਾ 'ਤੇ ਜੋ ਦਾਗ਼ ਲੱਗਿਆ ਹੈ ਉਹ ਕਦੇ ਵੀ ਧੋਤਾ ਨਹੀਂ ਜਾਵੇਗਾ।

ਇਸ ਸਬੰਧ ਜਦੋਂ ਰਾਣਾ ਗੁਰਜੀਤ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੇ ਭਾਸ਼ਨ ਦੌਰਾਨ ਮੇਰਾ ਨਾਂ ਲਿਆ ਸੀ, ਇਸ ਲਈ ਪੱਖ ਰੱਖਣ ਲਈ ਸਪੀਕਰ ਤੋਂ ਪੁਆਇੰਟ ਆਫ਼ ਆਰਡਰ ਦੀ ਮੰਗ ਕੀਤੀ ਸੀ ਪ੍ਰੰਤੂ ਨਹੀਂ ਦਿੱਤਾ ਗਿਆ। ਮੇਰੇ ਵੱਲੋਂ ਅਸੱਭਿਅਕ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਗਈ, ਇਹ ਗੱਲ ਰਿਕਾਰਡ ਦੀ ਜਾਂਚ ਕਰਨ ਤੋਂ ਬਾਅਦ ਸਿੱਧ ਹੋ ਜਾਵੇਗੀ।

ਬਿਕਰਮ ਸਿੰਘ ਮਜੀਠੀਆ ਦਾ ਇਸ ਬਾਰੇ ਕਹਿਣਾ ਹੈ ਕਿ ਗਾਲ੍ਹ ਕੱਢਣ ਦੀ ਪਹਿਲ ਰਾਣਾ ਵੱਲੋਂ ਕੀਤੀ ਗਈ ਜੋ ਕਿ ਸਾਫ਼ ਤੌਰ 'ਤੇ ਸਦਨ ਦੇ ਨਿਯਮਾਂ ਦੀ ਉਲੰਘਣਾ ਹੈ, ਮੇਰੀ ਪ੍ਰਤੀਕਿਰਿਆ ਉਹਨਾਂ ਵੱਲੋਂ ਕੱਢੀ ਗਾਲ੍ਹ ਦੇ ਬਦਲੇ ਵਜੋਂ ਸਾਹਮਣੇ ਆਈ ਹੈ।

Happy New Year 2013



DAVID C. DORWARD, CMA CA
MLA Edmonton – Gold Bar

7510 – 82 Avenue
Edmonton, AB T6C 0X9
Phone: 780 414-1015
E: edmonton.goldbar@assembly.ab.ca

Emergency Service 24x7

Free Estimate with Treatment

GOLDEN ARROW PEST CONTROL INC.



CALL @ 780 462 6669

Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਪੰਜਾਬ ਵਿਚਲੇ ਐਨ ਆਰ ਆਈ ਮੀਡੀਆ ਕਰਮੀਆਂ ਨੂੰ ਮਾਨਤਾ ਦੇਣ ਦੀ ਮੰਗ ਪੰਜਾਬ ਸਰਕਾਰ ਕੋਲ ਉਠਾਉਣ ਦਾ ਫੈਸਲਾ



ਚੰਡੀਗੜ (ਨਦਬ)- ਅਮਰੀਕਾ , ਕਨੇਡਾ ਅਤੇ ਹੋਰ ਵੱਖ ਵੱਖ ਮੁਲਕਾਂ ਦੇ ਐਨ ਆਰ ਆਈ ਮੀਡੀਏ ਲਈ ਪੰਜਾਬ,ਚੰਡੀਗੜ ਅਤੇ ਨੇੜਲੇ ਖੇਤਰਾਂ ਵਿਚ ਕੰਮ ਕਰਦੇ ਐਨ ਆਰ ਆਈ ਮੀਡੀਆ ਕਰਮੀਆਂ ਦੀ ਭਾਰਤ ਵਿਚਲੀ ਜਥੇਬੰਦੀ ਐਨ ਆਰ ਆਈ ਮੀਡੀਆ ਐਸੋਸੀਏਸ਼ਨ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਉਨਾ ਨੂੰ ਵੀ ਆਮ ਪੱਤਰਕਾਰਾਂ ਵਾਂਗ ਮਾਨਤਾ ਦਿੱਤੀ ਜਾਵੇ ਅਤੇ ਕਵਰੇਜ ਲਈ ਸਹੂਲਤਾਂ ਦਿੱਤੀਆਂ ਜਾਣ। ਇਹ ਵੀ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ, ਐਨ ਆਰ ਆਈ ਮੀਡੀਏ ਨਾਲ ਵਿਤਕਰਾ ਖ਼ਤਮ ਕਰਕੇ ਇਸ ਨਾਲ ਜੁੜੇ ਪੰਜਾਬ ਅਤੇ ਚੰਡੀਗੜ ਵਿਚਲੇ ਪੱਤਰਕਾਰਾ ਅਤੇ ਮੀਡੀਆ ਕਰਮੀਆਂ ਨੂੰ ਸਰਕਾਰ ਦੀ ਸੂਚਨਾ ਪ੍ਰਣਾਲੀ ਨਾਲ ਉਸੇ ਤਰਾਂ ਜੋੜੇ ਜਿਸ ਤਰਾਂ ਸਥਾਨਕ ਮੀਡੀਏ ਨੂੰ ਜੋੜਿਆ ਗਿਆ ਹੈ।

ਐਸੋਸੀਏਸ਼ਨ ਦੀ ਬੁੱਧਵਾਰ ਨੂੰ ਚੰਡੀਗੜ ਵਿਚ ਹੋਈ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਕਿ ਆਪਣੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਐਨ ਆਰ ਆਈ ਮਾਮਲਿਆਂ ਦੇ ਅਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਦਿੱਤਾ ਜਾਵੇਗਾ।

ਮੀਟਿੰਗ ਦੀ ਕਾਰਵਾਈ ਸਬੰਧੀ ਜਾਰੀ ਕੀਤੀ ਪ੍ਰੈੱਸ ਰੀਲੀਜ਼ ਵਿੱਚ ਕਿ ਕਿਹਾ ਗਿਆ ਹੈ ਕਿ ਐਨ ਆਰ ਆਈ ਮੀਡੀਆ ਨਾਲ ਜੁੜੇ ਪੱਤਰਕਾਰਾਂ ਨੂੰ ਸਰਕਾਰੀ ਅਦਾਰਿਆਂ ਅਤੇ ਦਫ਼ਤਰਾਂ ਤਕ ਪਹੁੰਚ ਕਰਨ ਲਈ ਮਾਨਤਾਪ੍ਰਾਪਤ ਪੱਤਰਕਾਰਾਂ ਵਾਲੇ ਸ਼ਨਾਖ਼ਤੀ ਕਾਰਡ ਜਾਰੀ ਕੀਤੇ ਜਾਣ ਅਤੇ ਉਨਾ ਨੂੰ ਆਪਣੀ ਪੇਸ਼ਾਵਰ ਜ਼ਿੰਮੇਵਾਰੀ ਨਿਭਾਉਣ ਲਈ ਢੁੱਕਵੀਆਂ ਸਹੂਲਤਾਂ ਦਿੱਤੀਆਂ ਜਾਣ ।ਐਸੋਸੀਏਸ਼ਨ ਦੇ ਕਨਵੀਨਰ ਅਤੇ ਓਮਨੀ ਟੀ ਵੀ ਕਨੇਡਾ ਅਤੇ ਇੰਡੋ- ਕੈਨੇਡੀਅਨ ਟਾਈਮਜ਼ ਦੇ ਨੁਮਾਇੰਦੇ ਬਲਜੀਤ ਬੱਲੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿਚ ਪੰਜਾਬ ਸਰਕਾਰ ਵੱਲੋਂ ਐਨ ਆਰ ਆਈ ਸੰਮੇਲਨ ਬੁਲਾਏ ਜਾਣ ਅਤੇ ਖ਼ਾਸ ਕਰਕੇ ਪਰਦੇਸੀ ਮੀਡੀਏ ਦੇ ਸੰਪਾਦਕਾਂ ਨੂੰ ਇਸ ਵਿਚ ਬੁਲਾਏ ਜਾਣ ਦੀ ਭਰਪੂਰ ਸ਼ਲਾਘਾ ਕੀਤੀ ਗਈ।

ਮੀਟਿੰਗ ਵਿਚ ਇਹ ਵੀ ਰਹਿ ਜ਼ਾਹਰ ਕੀਤੀ ਗਈ ਕਿ ਪੰਜਾਬ ਸਰਕਾਰ ਨੂੰ ਪਰਦੇਸੀ ਮੀਡੀਏ ਲਈ ਆਪਣੀ ਇੱਕ ਠੋਸ ਮੀਡੀਆ ਨੀਤੀ ਬਨਾਉਣੀ ਚਾਹੀਦੀ ਹੈ। ਇਸ ਨੀਤੀ ਅਧੀਨ ਪਰਦੇਸੀ ਅਖ਼ਬਾਰਾਂ, ਰੇਡੀਓ, ਟੀ ਵੀ ਅਤੇ ਬਾਕੀ ਮੀਡੀਏ ਨੂੰ ਇਸ਼ਿਤਿਹਾਰ ਜਾਰੀ ਕਰਨ ਦੀ ਵੀ ਨੀਤੀ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ ।ਇਹ ਵੀ ਨਿਰਨਾ ਕੀਤਾ ਗਿਆ ਕਿ ਇਹ ਮੁੱਦੇ 4 ਅਤੇ 5 ਜਨਵਰੀ ਨੂੰ ਹੋ ਰਹੇ ਆਨਿ ਆਰ ਆਈ ਸੰਮੇਲਨ ਵਿਚ ਵੀ ਉਠਾਏ ਜਾਣਗੇ ।ਇੱਕ ਵੱਖਰੇ ਮਤੇ ਵਿਚ ਪੰਜਾਬ ਸਰਕਾਰ ਵੱਲੋਂ ਪੰਜਾਬ ਅਤੇ ਚੰਡੀਗੜ ਵਿਚਲੇ ਮੀਡੀਆ ਕਰਮੀਆਂ ਨੂੰ 4 ਜਨਵਰੀ ਦੇ ਐਨ ਆਰ ਆਈ ਸੰਮੇਲਨ ਵਿਚ ਨਾ ਬੁਲਾਏ ਜਾਣ ਦੇ ਫ਼ੈਸਲੇ ਦੀ ਸਖ਼ਤ ਨਿੰਦਾ ਕੀਤੀ ਗਈ।

ਬੈਠਕ ਦੌਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਵਿਦੇਸ਼ਾਂ'ਚੋਂ ਪ੍ਰਕਾਸ਼ਤ ਹੋਣ ਵਾਲੇ ਭਾਰਤੀ ਕਮਿਊਨਟੀ ਨਾਲ ਸਬੰਧਤ ਅਖਬਾਰਾਂ, ਰੇਡੀਓ ਤੇ ਟੀ। ਵੀ। ਚੈਨਲਾਂ ਦੇ ਸੰਪਾਦਕਾਂ/ਸੰਚਾਲਕਾਂ ਨਾਲ ਸੰਪਰਕ ਕਰਕੇ ਉਨਾਂ ਦੇ ਭਾਰਤ ਚ ਕੰਮ ਕਰਨ ਵਾਲੇ ਮੀਡੀਆ ਕਰਮੀਆਂ ਨੂੰ ਨਾਲ ਜੋੜਿਆ ਜਾਵੇ ।ਪੰਜਾਬ ਅਤੇ ਭਾਰਤ ਵਿਚ ਕੰਮ ਕਰਦੇ ਐਨ ਆਰ ਆਈ ਮੀਡੀਆ ਕਰਮੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਸੰਸਥਾ ਨਾਲ ਜੁੜਨ ਅਤੇ ਆਪਣੇ ਸੁਝਾਅ ਵੀ ਦੇਣ ।ਇਹ ਵੀ ਨਿਰਨਾ ਕੀਤਾ ਗਿਆ ਕਿ ਐਸੋਸੀਏਸ਼ਨ ਦਾ ਅਧਾਕ ਢਾਂਚਾ ਹੀ ਕਾਇਮ ਰੱਖਿਆ ਜਾਵੇ ਅਤੇ ਅਗਲੇ ਸਮੇਂ ਵਿਚ ਹੋਰ ਭਰਵੀਂ ਮੀਟਿੰਗ ਬੁਲਾਕੇ ਇਸ ਨੂੰ ਜਥੇਬੰਦਕ ਰੂਪ ਦਿੱਤਾ ਜਾਵੇ ।ਇਸ ਗੱਲ ਤੇ ਵੀ ਸਹਿਮਤੀ ਬਣੀ ਕਿ ਭਾਰਤ ਤੋਂ ਬਾਹਰ ਕਨੇਡਾ ਅਤੇ ਹੋਰ ਮੁਲਕਾਂ ਵਿਚ ਪਰਦੇਸੀ ਪੱਤਰਕਾਰਾਂ ਦੀਆਂ ਦੇ ਕਲੱਬਾਂ ,ਸੰਸਥਾਵਾਂ ਅਤੇ ਜਥੇਬੰਦੀਆਂ ਨੂੰ ਸਹਿਯੋਗ ਦਿੱਤਾ ਜਾਵੇਗਾ ਅਤੇ ਉਨਾ ਨਾਲ ਤਾਲਮੇਲ ਵੀ ਕੀਤਾ ਜਾਵੇਗਾ।

ਮੀਟਿੰਗ ਚ ਇਲਾਵਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਮਰੀਕਾ ਦੇ ਸੰਪਾਦਕ ਦਲਜੀਤ ਸਿੰਘ ਸਰਾ, ਸਾਡੇ ਲੋਕ ਵੀਕਲੀ ਅਮਰੀਕਾ ਦੇ ਸੰਪਾਦਕ ਖੁਸ਼ਹਾਲ ਲਾਲੀ, ਪਰਵਾਸੀ ਵੀਕਲੀ ਦੇ ਨਿਊਜ਼ ਐਡੀਟਰ ਦੀਪਕ ਸ਼ਰਮਾ, ਨਵੀਂ ਦੁਨੀਆ ਕੈਨੇਡਾ ਦੇ ਸੰਪਾਦਕ ਸੁਸ਼ੀਲ ਦੁਸਾਂਝ, ਅਜੀਤ ਦੇ ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਜੀ ਪੰਜਾਬ ਟੀ। ਵੀ। ਉਤਰੀ ਅਮਰੀਕਾ ਦੇ ਸੀਨੀਅਰ ਪ੍ਰੋਡਿਊਸਰ ਉਜਲ ਸਤਨਾਮ, ਰੇਡੀਓ ਚੰਨ ਪਰਦੇਸੀ ਅਮਰੀਕਾ ਤੇ ਰੇਡੀਓ ਤਰਾਨਾ ਨਿਊਜ਼ੀਲੈਂਡ ਦੇ ਪ੍ਰਤੀਨਿਧ ਪਰਮਿੰਦਰ ਸਿੰਘ ਟਿਵਾਣਾ, ਅੰਮ੍ਰਿਤਸਰ ਟਾਈਮਜ਼ ਅਮਰੀਕਾ ਦੇ ਸਮਾਚਾਰ ਸੰਪਾਦਕ ਗੌਤਮ ਰਿਸ਼ੀ,ਇੰਡੀਅਨ ਰਿਪੋਰਟਰ ਦੇ ਬਿਊਰੋ ਚੀਫ ਚੰਚਲ ਮਨੋਹਰ ਸਿੰਘ, ਰੇਡੀਓ ਪੱਤਰਕਾਰ ਰਮਨਜੀਤ ਕੌਰ ਚਾਹਲ ਤੇ ਓਮਨੀ ਟੀ। ਵੀ। ਦੇ ਕੈਮਰਾਮੈਨ ਦਯਾ ਰਾਮ ਰਾਏ ਵੀ ਹਾਜ਼ਰ ਸਨ ਗ਼ੈੱਡ ਐਫ ਰੇਡੀਓ ਕਨੇਡਾ ਦੇ ਨੁਮਾਇੰਦੇ ਅਤੇ ਨਾਮਵਰ ਪ੍ਰਵਾਸੀ ਪੱਤਰਕਾਰ ਬਲਤੇਜ ਪੰਨੂ ਅਤੇ ਪੰਜਾਬ ਟਾਈਮਜ਼ ਅਮਰੀਕਾ ਦੇ ਨੁਮਾਇੰਦੇ ਬਲਵਿੰਦਰ ਸਿੰਘ ਜੰਮੂ ਜ਼ੀਰਕਪੁਰ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ ਪਰ ਉਨਾ ਨੇ ਅੱਜ ਦੀ ਮੀਟਿੰਗ ਦੇ ਮਤਿਆਂ ਨਾਲ ਸਹਿਮਤੀ ਜ਼ਾਹਰ ਕੀਤੀ ਹੈ।

ਇਸ ਮੀਟਿੰਗ ਵਿਚ ਵਿਸ਼ੇਸ਼ ਮਹਿਮਾਨ ਵਜੋਂ ਟਰਾਂਟੋ ਤੋਂ ਪੁੱਜੇ ਪੰਜਾਬੀ ਪੋਸਟ ਕੈਨੇਡਾ ਦੇ ਸੰਪਾਦਕ ਅਤੇ ਗਲੋਬਲ ਪੰਜਾਬੀ ਮੀਡੀਆ ਐਸੋਸੀਏਸ਼ਨ ਦੇ ਕੋਆਰਡੀਨੇਟਰ ਜਗਦੀਸ਼ ਸਿੰਘ ਗਰੇਵਾਲ ਨੇ ਐਨ ਆਰ ਆਈ ਮੀਡੀਆ ਐਸੋਸੀਏਸ਼ਨ ਵੱਲੋਂ ਕੀਤੀ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਆਪਣੇ ਸਹਿਯੋਗ ਦਾ ਭਰੋਸਾ ਦਿਵਾਇਆ। ਜਗਦੀਸ਼ ਗਰੇਵਾਲ , ਪੰਜਾਬ ਸਰਕਾਰ ਦੇ ਸੱਦੇ ਤੇ ਉਚੇਚੇ ਤੌਰ ਤੇ ਪ੍ਰਵਾਸੀ ਪੰਜਾਬੀ ਸੰਮੇਲਨ ਵਿਚ ਸ਼ਾਮਲ ਹੋਣ ਲਈ ਆਏ ਹਨ।

ਮੀਟਿੰਗ ਚ 7 ਮੈਂਬਰੀ ਐਡਹਾਕ ਕਮੇਟੀ ਨੂੰ ਹੀ ਫਿਲਹਾਲ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ ਤੇ ਇਸ ਦੇ ਢਾਂਚੇ ਦਾ ਵਿਸਥਾਰ ਕਰਨ ਤੋਂ ਪਹਿਲਾਂ ਪਰਵਾਸੀ ਮੀਡੀਆ ਅਦਾਰਿਆਂ ਨਾਲ ਕੰਮ ਕਰਨ ਵਾਲੇ ਪੱਤਰਕਾਰਾਂ ਦੀ ਇਕ ਹੋਰ ਮੀਟਿੰਗ ਬੁਲਾ ਕੇ ਸੁਝਾਅ ਲੈਣ ਤੇ ਵੱਧ ਤੋਂ ਵੱਧ ਪੱਤਰਕਾਰਾਂ ਨੂੰ ਸੰਸਥਾ ਨਾਲ ਜੋੜਨ ਦਾ ਨਿਰਨਾ ਕੀਤਾ ਗਿਆ।

# ਗੁਜਰਾਤ ਅਤੇ ਹਿਮਾਚਲ ਦੀਆਂ ਵਿਧਾਨ ਸਭਾ ਚੋਣਾਂ ਮੋਦੀ ਦੀ ਹੈਟ੍ਰਿਕ, ਧੂਮਲ ਆਊਟ, 6ਵੀਂ ਵਾਰ ਮੁੱਖ ਮੰਤਰੀ ਬਣੇ ਵੀਰਭੱਦਰ ਸਿੰਘ

ਨਵੀਂ ਦਿੱਲੀ (ਨਦਬ)- ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਨੂੰ ਸਿਆਸੀ ਹਲਕਿਆਂ ਵਿੱਚ ਕਾਫ਼ੀ ਅਹਿਮੀਅਤ ਦਿੱਤੀ ਗਈ ਇਸਦਾ ਕਾਰਨ ਇਹ ਹੈ ਕਿ ਇਹਨਾਂ ਚੋਣਾਂ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਗਿਆ ਹੈ। ਦੂਜਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਲੋਕ ਇਹ ਦੇਖਣਾ ਚਾਹੁੰਦੇ ਸਨ ਕਿ ਵੋਟਰ ਨਰਿੰਦਰ ਮੋਦੀ ਨੂੰ ਨਕਾਰਦੇ ਹਨ ਜਾਂ ਨਹੀਂ। ਪਰ ਇਹਨਾਂ ਚੋਣਾਂ ਦੇ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਗੁਜਰਾਤ ਵਿੱਚ ਨਰਿੰਦਰ ਮੋਦੀ ਦਾ ਜਾਦੂ ਅਜੇ ਕਾਇਮ ਹੈ। ਸੂਬੇ ਵਿੱਚ ਸਿਆਸੀ ਪੰਡਤਾਂ ਦੀ ਭਵਿੱਖਬਾਣੀ ਨੂੰ ਸੱਚ ਸਿੱਧ ਕਰਦੇ ਹੋਏ ਮੋਦੀ ਨੇ ਹੈਟ੍ਰਿਕ ਲਾਈ ਹੈ, ਗੁਜਰਾਤ ਦੇ ਮੁੱਖ ਮੰਤਰੀ ਵਜੋਂ ਉਹਨਾਂ ਦੀ ਤੀਸਰੀ ਪਾਰੀ ਸ਼ੁਰੂ ਹੋ ਚੁੱਕੀ ਹੈ। ਸੂਬੇ ਵਿੱਚ ਪਾਰਟੀ ਦੀ ਇਹ ਲਗਾਤਾਰ ਪੰਜਵੀਂ ਜਿੱਤ ਹੈ। ਹਾਲਾਂਕਿ ਭਾਜਪਾ ਨੂੰ ਪਿਛਲੀ ਵਾਰੀ ਦੀਆਂ 117 ਸੀਟਾਂ ਦੇ ਮੁਕਾਬਲੇ ਇਸ ਵਾਰੀ ਦੋ ਸੀਟਾਂ ਘੱਟ ਮਿਲੀਆਂ ਹਨ, ਜਦਕਿ ਕਾਂਗਰਸ ਨੇ ਇਸ ਵਾਰੀ ਦੋ ਸੀਟਾਂ ਵਿੱਚ ਇਜਾਫ਼ਾ ਕਰਦਿਆਂ 61 ਸੀਟਾਂ 'ਤੇ ਕਬਜ਼ਾ ਕੀਤਾ ਹੈ। ਕੇਸੂਭਾਈ ਪਟੇਲ ਦੀ ਗੁਜਰਾਤ ਪਰਿਵਰਤਨ ਪਾਰਟੀ ਇਹਨਾਂ ਚੋਣਾਂ ਵਿੱਚ ਅਸਫ਼ਲ ਰਹੀ ਹੈ, ਉਹ ਸਿਰਫ਼ ਦੋ ਸੀਟਾਂ ਹੀ ਹਾਸਲ ਕਰ ਸਕੀ। ਇਸ ਤੋਂ ਇਲਾਵਾ ਚਾਰ੍ਹ ਸੀਟਾਂ ਅਜ਼ਾਦ ਤੇ ਹੋਰ ਉਮੀਦਵਾਰਾਂ ਨੇ ਹਾਸਲ ਕੀਤੀਆਂ। ਸੂਬੇ ਵਿੱਚ ਵਿਧਾਨ ਸਭਾ ਦੀਆਂ ਕੁੱਲ ਸੀਟਾਂ 182 ਹਨ। ਦੂਜੇ ਪਾਸੇ ਹਿਮਾਚਲ ਪ੍ਰਦੇਸ਼ ਵਿੱਚ ਭਾਜਪਾ ਤੋਂ ਸੱਤਾ ਖੁੱਸ ਗਈ ਹੈ। ਹਿਮਾਚਲ ਦੇ ਮਾਮਲੇ ਵਿੱਚ ਇਹ ਇਸ ਵਾਰੀ ਵੀ ਸੱਚ ਸਿੱਧ ਹੋਇਆ ਹੈ ਕਿ ਉੱਥੇ ਸੱਤਾ ਵਿੱਚ ਰਹਿਣ ਵਾਲੀ ਪਾਰਟੀ ਦੀ ਵਾਪਸੀ ਨਹੀਂ ਹੁੰਦੀ। ਕੁੱਲ 68 ਸੀਟਾਂ ਵਿੱਚੋਂ ਭਾਜਪਾ ਨੂੰ 26 ਸੀਟਾਂ ਮਿਲੀਆਂ ਹਨ ਜਦਕਿ ਕਾਂਗਰਸ ਨੇ 36 ਸੀਟਾਂ 'ਤੇ ਕਬਜ਼ਾ ਕੀਤਾ ਹੈ। ਬਾਕੀ ਦੀਆਂ ਛੇ ਸੀਟਾਂ 'ਤੇ ਅਜ਼ਾਦ ਉਮੀਦਵਾਰਾਂ ਨੇ ਆਪਣਾ ਕਬਜ਼ਾ ਜਮਾਇਆ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਦੀ ਜਿੱਤ ਤੋਂ ਬਾਅਦ ਸੂਬੇ ਦੇ ਮੁੱਖ ਮੰਤਰੀ ਵਜੋਂ ਵੀਰਭੱਦਰ ਸਿੰਘ ਨੇ ਸਹੁੰ ਚੁੱਕ ਲਈ ਹੈ।

# ਅਕਾਲੀ ਆਗੂਆਂ ਦੀ ਦਹਿਸ਼ਤ ਇੱਕ ਹੋਰ ਯੂਥ ਅਕਾਲੀ ਆਗੂ ਨੌਜਵਾਨ ਦੇ ਕਤਲ ਵਿੱਚ ਫਸਿਆ



ਅੰਮ੍ਰਿਤਸਰ- ਛੇਹਰਟਾ ਵਿੱਚ ਹੋਏ ਥਣੇਦਾਰ ਦੇ ਕਤਲ ਦਾ ਮਾਮਲਾ ਅਜੇ ਠੰਡਾ ਵੀ ਨਹੀਂ ਪਿਆ ਕਿ ਅੰਮ੍ਰਿਤਸਰ ਜਿਲ੍ਹੇ ਦੇ ਇੱਕ ਹੋਰ ਯੂਥ ਅਕਾਲੀ ਨੇ ਕਤਲ ਕਰਕੇ ਇਹ ਦਰਸਾ ਦਿੱਤਾ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਵਰਕਰਾਂ ਨੂੰ ਗੁੰਡਾਗਰਦੀ ਕਰਨ ਅਤੇ ਲੁੱਟ ਮਚਾਉਣ ਦੀ ਪੂਰੀ ਖੁੱਲ ਦਿੱਤੀ ਹੋਈ ਹੈ।

ਅਜਨਾਲਾ ਦੇ ਯੂਥ ਅਕਾਲੀ ਦਲ ਦੇ ਸਕੱਤਰ ਅਤੇ ਵੰਝਾ ਵਾਲਾ ਪਿੰਡ ਦੇ ਸਰਪੰਚ ਅਮਰਜੀਤ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਪਿੰਡ ਦੇ ਹੀ ਇੱਕ ਨੌਜਵਾਨ ਨੂੰ ਅਗਵਾ ਕਰਕੇ ਏਨੀ ਬੁਰੀ ਤਰ੍ਹਾਂ ਕੁੱਟਿਆ ਕਿ ਉਸਦੀ ਮੌਤ ਹੋ ਗਈ। ਇਹੀ ਨਹੀਂ ਜਦੋਂ ਪਿੰਡ ਦੇ ਲੋਕ ਨੌਜਵਾਨ ਨੂੰ ਛੁਡਵਾਉਣ ਲਈ ਪਹੁੰਚੇ ਤਾਂ ਅਕਾਲੀ ਸਰਪੰਚ ਨੇ ਫਾਇਰਿੰਗ ਕਰਕੇ ਸਭ ਨੂੰ ਉੱਥੋਂ ਭਜਾ ਦਿੱਤਾ। ਮ੍ਰਿਤਕ ਦੀ ਮਾਤਾ ਸੁਖਰਾਜ ਕੌਰ ਨੇ ਥਾਣਾ ਅਜਨਾਲਾ ਪੁਲਿਸ ਨੂੰ ਸ਼ਿਕਾਇਤ ਕੀਤੀ ਹੈ ਕਿ ਅੱਠ ਦਸੰਬਰ ਦੀ ਰਾਤ ਨੂੰ 11 ਵਜੇ ਉਹਨਾਂ ਦਾ ਬੇਟਾ ਗੁਰਪ੍ਰੀਤ ਸਿੰਘ ਗੋਪੀ ਘਰ ਵਿੱਚ ਸੌਂ ਰਿਹਾ ਸੀ ਤਾਂ ਪਿੰਡ ਦਾ ਸਰਪੰਚ ਲਗਭਗ ਇੱਕ ਦਰਜਨ ਸਾਥੀਆਂ ਨਾਲ ਉਸਨੂੰ ਘਰੋਂ ਮੱਲੋ-ਜ਼ੋਰੀ ਉਠਾ ਕੇ ਲੈ ਗਿਆ ਤੇ ਫਿਰ ਕੁੱਟ-ਕੁੱਟ ਉਸਦੀ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਮਾਂ ਨੇ ਅਜਿਹਾ ਕੋਈ ਕਾਰਨ ਨਹੀਂ ਦੱਸਿਆ ਜਿਸ ਤੋਂ ਇਹ ਸਾਬਤ ਹੁੰਦਾ ਹੋਵੇ ਕਿ ਉਹਨਾਂ ਵਿਚਕਾਰ ਕੋਈ ਖੁੰਦਕ ਸੀ।




ਨਵੇਂ ਸਾਲ 2013
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਦਿਵਸ ਅਤੇ ਲੋਹੜੀ
ਦੀਆਂ ਸਭ ਨੂੰ ਵਧਾਈਆਂ

amarjeet.sohi@edmonton.ca
www.amarjeetsohi.com
2nd Floor, City Hall
1 Sir Winston Churchill Square
Edmonton, AB T5J 2R7
Phone - 780 496 8148

Blend of flavours

Party Cakes – Cupcakes – Desserts
Gluten free menu
Thai & Asian cuisine

http://www.facebook.com/Blendofflavours
tania – 780-977-4589
(take away only)

# ਲਾਟਰੀ ਦੀ ਬਜਾਇ ਸੂਬੇ ਦੇ ਸਥਾਈ ਵਿੱਤੀ ਅਸਾਸਿਆਂ ਦਾ ਹੋਣਾ ਜ਼ਿਆਦਾ ਜਰੂਰੀ



ਆਪਣੇ ਖਾਸ ਅੰਦਾਜ਼ ਲਈ ਜਾਣੀ ਜਾਂਦੀ ਸਿਆਸੀ ਆਗੂ ਡੇਨੀਅਲ ਸਮਿਥ ਅਕਸਰ ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਕਰਦੀ ਹੈ, ਜਿਨ੍ਹਾਂ ਦਾ ਕੋਈ ਵਿਚਾਰਧਾਰਕ ਆਧਾਰ ਨਹੀਂ ਹੁੰਦਾ। ਉਹਨਾਂ ਦੇ ਇਸ ਅੰਦਾਜ਼ ਕਾਰਨ ਹੀ ਚੋਣਾਂ ਵਿੱਚ ਉਹਨਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ ਸੀ। ਚੋਣਾਂ ਦੌਰਾਨ ਉਹਨਾਂ ਵੱਲੋਂ ਜਿਹੜੇ ਮਸਲੇ ਵਿਚਾਰਨੇ ਬਣਦੇ ਸਨ, ਡੇਨੀਅਲ ਨੇ ਉਹਨਾਂ ਨੂੰ ਦਰਕਿਨਾਰ ਕਰਕੇ ਐਡਮਿੰਟਨ ਵਾਸੀਆਂ ਨੂੰ ਬੁਰਾ-ਭਲਾ ਕਿਹਾ ਤੇ ਉਹਨਾਂ ਦੀ ਜੀਵਨ ਸ਼ੈਲੀ 'ਤੇ ਵਿਅੰਗ ਕਸੇ। ਇਹੀ ਕਾਰਨ ਸੀ ਕਿ ਮੈਟਰੋ ਐਡਮਿੰਟਨ ਵਿੱਚ ਉਹਨਾਂ ਦੀ ਪਾਰਟੀ ਇੱਕ ਵੀ ਸੀਟ ਹਾਸਲ ਨਹੀਂ ਕਰ ਸਕੀ ਸੀ। ਹੁਣ ਇੱਕ ਵਾਰ ਫੇਰ ਉਹਨਾਂ ਨੇ ਅਜਿਹੇ ਹੀ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਹੈ, ਜਿਹੜਾ ਕਈ ਪੱਖਾਂ ਤੋਂ ਅਜੀਬ ਹੈ। ਪਿਛਲੇ ਦਿਨੀਂ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਐਡਮਿੰਟਨ ਵਾਸੀਆਂ ਦੀ ਭਲਾਈ ਲਈ ਉਹਨਾਂ ਕੋਲ ਇੱਕ ਫਾਰਮੂਲਾ ਹੈ ਜਿਸ ਤਹਿਤ ਕਾਫ਼ੀ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਪ੍ਰੈਸ ਕਾਨਫਰੰਸ ਵਿੱਚ ਉਹਨਾਂ ਨੇ ਪ੍ਰਸਤਾਵ ਰੱਖਿਆ ਕਿ ਛੋਟੀ ਜਿਹੀ ਸੂਬਾ ਪੱਧਰੀ ਲਾਟਰੀ, ਜਿਹੜੀ ਬਿੰਗੋ ਗੇਮ ਵਾਂਗ ਹੈ ਤੇ ਜਿਸਨੂੰ ਕਿਨੂੰ ਕਿਹਾ ਜਾਂਦਾ ਹੈ, ਦਾ ਵੱਡੇ ਪੱਧਰ 'ਤੇ ਵਿਸਥਾਰ ਕਰਕੇ, ਉਸਦਾ ਲਾਭ ਐਡਮਿੰਟਨ ਅਤੇ ਕੈਲਗਰੀ ਵਿੱਚ ਵੰਡਿਆ ਜਾਵੇ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਕਿਨੂੰ ਤੋਂ 3.1 ਮਿਲੀਅਨ ਡਾਲਰ ਇਕੱਠੇ ਹੋਏ ਸਨ। ਡੇਨੀਅਲ ਅਨੁਸਾਰ ਇਸਦਾ ਵਿਸਥਾਰ ਕਰਕੇ ਸਾਲ ਵਿੱਚ 196 ਮਿਲੀਅਨ ਡਾਲਰ ਇਕੱਠੇ ਕੀਤੇ ਜਾ ਸਕਦੇ ਹਨ ਤੇ ਇਸ ਤਰ੍ਹਾਂ ਕਰਨ ਨਾਲ ਸਾਲ ਵਿੱਚ 49 ਮਿਲੀਅਨ ਡਾਲਰ ਦੀ ਬੱਚਤ ਹੋਵੇਗੀ ਤੇ ਇਸ ਲਾਭ ਨੂੰ ਐਡਮਿੰਟਨ ਅਤੇ ਕੈਲਗਰੀ ਵਿੱਚ ਤੇਲ ਅਤੇ ਇਸ ਤਰ੍ਹਾਂ ਦੇ ਹੋਰ ਸਾਧਨਾਂ ਦੇ ਵਿਕਾਸ ਲਈ ਵਰਤਿਆ ਜਾ ਸਕਦਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਇਸ ਲਾਟਰੀ ਦਾ ਕਾਫ਼ੀ ਧਨ ਜੇਤੂਆਂ ਵਿੱਚ ਵੀ ਵੰਡਿਆ ਜਾਂਦਾ ਹੈ।

ਸਮਿਥ ਵੱਲੋਂ ਐਡਮਿੰਟਨ ਵਾਸੀਆਂ ਦੀ ਇਸ ਢੰਗ ਨਾਲ ਫ਼ਿਕਰ ਕਰਨਾ ਚੰਗੀ ਗੱਲ ਹੈ ਪਰ ਉਹਨਾਂ ਦਾ ਇਹ ਪ੍ਰਸਤਾਵ ਪੂਰੀ ਤਰ੍ਹਾਂ ਗੈਰ ਸੰਜੀਦਾ ਅਤੇ ਗੈਰ ਅਮਲਯੋਗ ਹੈ, ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਕਿ ਸਮਿਥ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਹ ਧਨ ਕਿਵੇਂ ਇਕੱਠਾ ਹੋਵੇਗਾ, ਕਿੱਥੋਂ ਆਵੇਗਾ ਤੇ ਕਿਸ ਕਿਸਮ ਦਾ ਹੋਵੇਗਾ। ਦੂਜੀ ਗੱਲ ਇਹ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਇਸ ਲਾਟਰੀ ਰਾਹੀਂ 2012 ਵਿੱਚ 200 ਮਿਲੀਅਨ ਡਾਲਰ ਇਕੱਠੇ ਕੀਤੇ ਗਏ ਜਦੋਂ ਕਿ ਦੂਜੇ ਸੂਬਿਆਂ ਵਿੱਚ ਇਸ ਤਰ੍ਹਾਂ ਨਹੀਂ ਵਾਪਰਿਆ। ਅਜਿਹੀ ਹਾਲਤ ਵਿੱਚ ਇਸ ਗੱਲ ਦੀ ਕੀ ਗਰੰਟੀ ਹੈ ਕਿ ਅਲਬਰਟਾ ਵਿੱਚ ਲਾਟਰੀ ਰਾਹੀਂ ਇੰਨਾ ਧਨ ਇਕੱਠਾ ਹੋ ਜਾਵੇਗਾ। ਬੀ ਸੀ 'ਚ ਸਲਾਟ ਮਸ਼ੀਨਾਂ ਨੂੰ ਖ਼ਾਸ ਥਾਂਵਾਂ 'ਤੇ ਹੀ ਲਾਇਆ ਗਿਆ ਹੈ ਜਿਵੇਂ ਕੈਸੀਨੋ ਅਤੇ ਰੇਸ ਟਰੈਕ, ਹੋਰ ਕਿਤੇ ਲਾਉਣ 'ਤੇ ਮਨਾਹੀ ਹੈ ਜਿਵੇਂ ਪੱਬ ਅਤੇ ਬਾਰ ਵਿੱਚ, ਜਦੋਂਕਿ ਅਲਬਰਟਾ ਵਿੱਚ ਲਾਟਰੀ ਸਬੰਧੀ ਇਸ ਤਰ੍ਹਾਂ ਦੇ ਨਿਸਚਿਤ ਨਿਯਮ ਨਹੀਂ ਹਨ।

ਨੈਤਿਕਤਾ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਸਭ ਤੋਂ ਵੱਡੀ ਗੱਲ ਇਹ ਹੈ ਕਿ ਕੀ ਸੂਬੇ ਦੇ ਵਿਕਾਸ ਲਈ ਪੈਸੇ ਇਕੱਠੇ ਕਰਨ ਦਾ ਲਾਟਰੀ ਚੰਗਾ ਤੇ ਉਚਿਤ ਸਾਧਨ ਹੈ, ਜਦੋਂਕਿ ਇਸ ਸਕੀਮ ਨੂੰ ਅਲਬਰਟਾ ਦੀਆਂ ਚੈਰਿਟੀਆਂ ਵਾਸਤੇ ਤਿਆਰ ਕੀਤਾ ਗਿਆ ਹੈ, ਜਿਹੜੀਆਂ ਕਿ ਵੱਖ-ਵੱਖ ਖੇਤਰਾਂ ਵਿੱਚ ਆਪਣੇ ਢੰਗ ਨਾਲ ਇਸ ਧਨ ਦੀ ਵਰਤੋਂ ਕਰਦੀਆਂ ਹਨ। ਦੂਜੀ ਗੱਲ ਇਹ ਹੈ ਕਿ ਲਾਟਰੀ ਦਾ ਇੱਥੇ ਅਰਥ ਬਦਲਿਆ ਜਾ ਰਿਹਾ ਹੈ, ਅਸਲ ਵਿੱਚ ਲਾਟਰੀ 'ਤੇ ਧਨ ਲਾਉਣ ਵਾਲਿਆਂ ਦਾ ਮਕਸਦ ਸਮਾਜ ਭਲਾਈ ਦੇ ਕਾਰਜ ਕਰਨ ਦਾ ਨਹੀਂ ਹੁੰਦਾ ਸਗੋਂ ਉਹ ਆਪਣੇ ਲਾਲਚ ਜਾਂ ਆਪਣੀ ਭਲਾਈ ਵਾਸਤੇ ਪੈਸੇ ਲਾਉਂਦੇ ਹਨ।

ਕਿਨੂੰ ਨੂੰ ਵੀਐਲਟੀਐਸ ਦੇ ਮੁਕਾਬਲੇ ਵੱਧ ਸਮਾਜਿਕ ਮਾਨਤਾ ਹੈ ਪਰ ਅਸੀਂ ਇਹ ਚਾਹੁੰਦੇ ਹਾਂ ਕਿ ਗਰੀਬ ਅਲਬਰਟਾ ਵਾਸੀਆਂ ਦਾ ਇਸ ਆੜ ਵਿੱਚ ਹੋਰ ਵੱਧ ਸੋਸ਼ਣ ਨਾ ਕੀਤਾ ਜਾਵੇ, ਉਹ ਵੀ ਅਮੀਰਾਂ ਦੀ ਖੁਸ਼ੀ ਅਤੇ ਲਾਭ ਵਾਸਤੇ।

ਅਸਲ ਗੱਲ ਇਹ ਹੈ ਜੋ ਇਸ ਵਰਤਾਰੇ ਤੋਂ ਵੀ ਸਪੱਸ਼ਟ ਹੁੰਦੀ ਹੈ ਕਿ ਅਸੀਂ ਸਰਕਾਰੀ ਸੇਵਾਵਾਂ ਲਈ ਟੈਕਸ ਹੀ ਨਹੀਂ ਦੇਣਾ ਚਾਹੁੰਦੇ।

ਬਹਿਸ ਦਾ ਵਿਸ਼ਾ ਇਹ ਨਹੀਂ ਹੋਣਾ ਚਾਹੀਦਾ ਕਿ ਫੈਂਸੀ ਨਿਊ ਐਡਮਿੰਟਨ ਵਾਸਤੇ ਕੌਣ ਧਨ ਲਾਉਂਦਾ ਹੈ, ਇਹ ਇੱਕ ਵੱਖਰਾ ਵਿਸ਼ਾ ਹੈ। ਬਹਿਸ ਦਾ ਵਿਸ਼ਾ ਇਹ ਹੈ ਕਿ ਅਸੀਂ ਸਕੂਲਾਂ, ਸਿਹਤ ਸੇਵਾਵਾਂ, ਸਫ਼ਾਈ, ਸੜਕਾਂ ਅਤੇ ਵਾਤਾਵਰਣ ਨੂੰ ਲੈ ਕੇ ਕੀ ਖਰਚ ਰਹੇ ਹਾਂ, ਜਦੋਂ ਕਿ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਸਾਡੀ ਵਿੱਤੀ ਹਾਲਤ ਚੰਗੀ ਹੈ ਤੇ ਸਾਡੇ ਕੋਲ ਵਿੱਤੀ ਅਸਾਸੇ ਵੀ ਭਰਪੂਰ ਹਨ। ਜੇਕਰ ਡੇਨੀਅਲ ਸਮਿਥ ਸਚਮੁੱਚ ਬਹਾਦਰ ਹੈ ਤਾਂ ਉਸਨੂੰ ਅਸਲ ਸਵਾਲਾਂ ਦੇ ਰੂਬਰੂ ਹੋਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਤੇ ਉਹਨਾਂ ਦੀ ਪਾਰਟੀ ਨੂੰ ਜਵਾਬ ਦੇਣਾ ਚਾਹੀਦਾ ਹੈ।

(ਐਡਮਿੰਟਨ ਜਰਨਲ ਚੋ ਧੰਨਵਾਦ ਸਹਿਤ)

# ਜੱਜ ਕਿਸੇ ਗਵਾਹ ਨੂੰ ਵੀ ਨਕਾਬ ਉਤਾਰਨ ਲਈ ਆਖ ਸਕਦੇ ਹਨ : ਸੁਪਰੀਮ ਕੋਰਟ

ਟਰਾਂਟੋ (ਨਦਬ)-ਕਨੇਡਾ ਦੇ ਸੁਪਰੀਮ ਕੋਰਟ ਵੱਲੋਂ ਇਹ ਫੈਸਲਾ ਸੁਣਾਇਆ ਗਿਆ ਹੈ ਕਿ ਇੱਕ ਮੁਸਲਮਾਨ ਔਰਤ ਸੁਣਾਵਈ ਦੌਰਾਨ ਨਕਾਬ ਪਾ ਸਕਦੀ ਹੈ ਪਰ ਅਜਿਹਾ ਸਿਰਫ ਕੁੱਝ ਖਾਸ ਹਾਲਾਤ ਵਿੱਚ ਹੀ ਹੋ ਸਕਦਾ ਹੈ। ਸੁਪਰੀਮ ਕੋਰਟ ਦੇ ਜੱਜ ਸਾਂਝਾ ਫੈਸਲਾ ਲੈਣ ਤੋਂ ਅਸਮਰੱਥ ਰਹੇ ਤੇ ਇਹ ਫੈਸਲਾ 4-2-1 ਦੇ ਰੂਪ ਵਿੱਚ ਸਾਹਮਣੇ ਆਇਆ। ਮਾਮਲਾ ਟੋਰਾਂਟੋ ਦੀ ਇੱਕ ਔਰਤ ਨਾਲ ਸਬੰਧਤ ਹੈ ਜਿਸ ਦੀ ਪਛਾਣ ਪ੍ਰਕਾਸ਼ਿਤ ਕਰਨ ਉੱਤੇ ਪਾਬੰਦੀ ਹੈ ਤੇ ਉਸ ਨੂੰ ਸਾਰੇ ਐਨਐਸ ਵਜੋਂ ਹੀ ਜਾਣਦੇ ਹਨ। ਐਨਐਸ ਦਾ ਕਹਿਣਾ ਹੈ ਕਿ ਜਦੋਂ ਉਹ ਛੇ ਸਾਲ ਦੀ ਬੱਚੀ ਸੀ ਤਾਂ ਉਦੋਂ ਤੋਂ ਹੀ ਉਸ ਦੇ ਇੱਕ ਅੰਕਲ ਤੇ ਇੱਕ ਕਜ਼ਨ ਨੇ ਉਸ ਦਾ ਜਿਨਸੀ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ ਸੀ ਤੇ ਇਹ ਸਿਲਸਿਲਾ ਚਾਰ ਸਾਲਾਂ ਤੱਕ ਚੱਲਦਾ ਰਿਹਾ ਸੀ। ਉਹ ਹੁਣ ਚਾਹੁੰਦੀ ਹੈ ਕਿ ਉਸ ਨੂੰ ਇਨਸਾਫ ਮਿਲੇ ਤੇ ਉਸ ਦੇ ਗੰਦੀ ਨੀਅਤ ਵਾਲੇ ਰਿਸ਼ਤੇਦਾਰਾਂ ਨੂੰ ਸਜ਼ਾ ਮਿਲੇ। ਇਸ ਦੇ ਨਾਲ ਹੀ ਉਹ ਆਪਣੇ ਧਾਰਮਿਥ ਚਿੰਨ੍ਹ, ਨਕਾਬ, ਨੂੰ ਨਹੀਂ ਉਤਾਰਨਾ ਚਾਹੁੰਦੀ। ਉਸ ਦਾ ਕਹਿਣਾ ਹੈ ਕਿ ਉਸ ਦੇ ਇਸਲਾਮ ਧਰਮ ਵਿੱਚ ਜਨਤਾ ਵਿੱਚ ਵਿਚਰਨ ਸਮੇਂ ਉਸ ਨੂੰ ਨਕਾਬ ਪਾਉਣ ਦਾ ਹੁਕਮ ਹੈ ਤੇ ਉਹ ਸੁਣਵਾਈ ਦੌਰਾਨ ਵੀ ਇਸ ਨੂੰ ਉਤਾਰ ਨਹੀਂ ਸਕਦੀ। ਦੂਜੇ ਪਾਸੇ ਦੋਵੇਂ ਮਸ਼ਕੂਕ ਇਹ ਆਖ ਰਹੇ ਹਨ ਕਿ ਚਾਰਟਰ ਆਫ ਰਾਈਟਸ ਉਨ੍ਹਾਂ ਨੂੰ ਇਹ ਅਧਿਕਾਰ ਦਿੰਦਾ ਹੈ ਕਿ ਉਹ ਆਪਣੇ ਉੱਤੇ ਦੋਸ਼ ਲਾਉਣ ਵਾਲੇ ਦਾ ਚਿਹਰਾ ਵੇਖ ਸਕਣ ਤੇ ਉਸ ਦੇ ਹਾਵ ਭਾਵ ਤੋਂ ਜਾਣੂ ਹੋ ਸਕਣ। ਬਹੁਗਿਣਤੀ ਜੱਜਾਂ ਦੇ ਫੈਸਲੇ ਨੂੰ ਚੀਫ ਜਸਟਿਸ ਬੈਵਰਲੀ ਮੈਕਲੈਕਲਿਨ ਵੱਲੋਂ ਲਿਖਿਆ ਗਿਆ। ਉਨ੍ਹਾਂ ਆਖਿਆ ਕਿ ਨਕਾਬ ਪਹਿਨਣ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ ਜਾਂ ਨਹੀਂ ਇਹ ਫੈਸਲਾ ਹਰ ਕੇਸ ਦੇ ਹਿਸਾਬ ਨਾਲ ਲਿਆ ਜਾਣਾ ਚਾਹੀਦਾ ਹੈ। ਕਿਸੇ ਵੀ ਮਹਿਲਾ ਨੂੰ ਨਕਾਬ ਉਤਾਰਨ ਲਈ ਆਖਣ ਤੋਂ ਪਹਿਲਾਂ ਜੱਜਾਂ ਨੂੰ ਚਾਰ ਸਵਾਲਾਂ ਉੱਤੇ ਵਿਚਾਰ ਕਰ ਲੈਣਾ ਚਾਹੀਦਾ ਹੈ। ਚਸ਼ਮਦੀਦ ਨੂੰ ਨਕਾਬ ਪਾਉਣ ਦੀ ਇਜਾਜ਼ਤ ਦੇਣ ਨਾਲ ਸੁਣਵਾਈ ਨੂੰ ਕੋਈ ਖਤਰਾ ਤਾਂ ਨਹੀਂ। ਜੱਜਾਂ ਨੂੰ ਹੀ ਇਹ ਵੀ ਤੈਅ ਕਰਨਾ ਹੋਵੇਗਾ ਕਿ ਚਸ਼ਮਦੀਦ ਗਵਾਹ ਤੇ ਮਸ਼ਕੂਕ ਦੇ ਅਧਿਕਾਰ ਦੋਵਾਂ ਦਾ ਹੀ ਖਿਆਲ ਰੱਖਿਆ ਜਾਵੇ। ਕਿਸੇ ਮਾਮਲੇ ਦੀ ਸੁਣਵਾਈ ਕਰ ਰਿਹਾ ਜੱਜ ਸਥਿਤੀ ਦੀ ਨਜ਼ਾਕਤ ਨੂੰ ਵੇਖਦਿਆਂ ਹੋਇਆਂ ਕਿਸੇ ਵੀ ਗਵਾਹ ਨੂੰ ਆਪਣਾ ਨਕਾਬ ਹਟਾਉਣ ਲਈ ਆਖ ਸਕਦਾ ਹੈ।



ਸੁਪਰੀਮ ਕੋਰਟ ਨੇ ਆਖਿਆ ਕਿ ਜਿਨ੍ਹਾਂ ਮਾਮਲਿਆਂ ਵਿੱਚ ਕਿਸੇ ਮਸ਼ਕੂਕ ਦੀ ਅਜ਼ਾਦੀ ਦਾਅ ਉੱਤੇ ਲੱਗੀ ਹੁੰਦੀ ਹੈ ਤੇ ਚਸ਼ਮਦੀਦ ਗਵਾਹ ਦੇ ਬਿਆਨਾਂ ਦੇ ਅਧਾਰ ਉੱਤੇ ਮਾਮਲੇ ਦਾ ਫੈਸਲਾ ਹੋਣਾ ਹੁੰਦਾ ਹੈ ਤੇ ਗਵਾਹ ਦੀ ਸ਼ਹਾਦਤ ਉੱਤੇ ਸਾਰਾ ਦਾਰੋਮਦਾਰ ਟਿਕਿਆ ਹੁੰਦਾ ਹੈ ਤਾਂ ਅਜਿਹੇ ਵਿੱਚ ਕਿਸੇ ਗਲਤੀ ਦੀ ਗੁੰਜਾਇਸ਼ ਨੂੰ ਖ਼ਤਮ ਕਰਨ ਲਈ ਕਿਸੇ ਮਹਿਲਾ ਨੂੰ ਨਕਾਬ ਉਤਾਰਨ ਲਈ ਆਖਿਆ ਜਾ ਸਕਦਾ ਹੈ। ਜਿਨ੍ਹਾਂ ਮਾਮਲਿਆਂ ਵਿੱਚ ਇਸ ਤਰ੍ਹਾਂ ਦੀ ਲੋੜ ਮਹਿਸੂਸ ਨਹੀਂ ਕੀਤੀ ਜਾਂਦੀ ਉਨ੍ਹਾਂ ਵਿੱਚ ਕੋਈ ਮਹਿਲਾ ਨਕਾਬ ਪਾ ਸਕਦੀ ਹੈ। ਇਸ ਫੈਸਲੇ ਦਾ ਭਾਵ ਹੈ ਕਿ ਐਨਐਸ ਦਾ ਮਾਮਲਾ ਮੁੜ ਓਨਟਾਰੀਓ ਟਰਾਇਲ ਜੱਜ ਕੋਲ ਜਾਵੇਗਾ, ਜਿਸ ਨੇ ਮੁੱਢਲੀ ਸੁਣਵਾਈ ਕੀਤੀ ਸੀ ਤੇ ਜਿਸ ਨੇ ਸੱਭ ਤੋਂ ਪਹਿਲਾਂ ਐਨਐਸ ਨੂੰ ਨਕਾਬ ਉਤਾਰਨ ਲਈ ਆਖਿਆ ਸੀ। ਪਰ ਦੋ ਹੋਰ ਜੱਜ ਮਾਰਸਲ ਰੋਥਸਟੀਨ ਤੇ ਲੁਈਸ ਲੇਬਲ ਇਸ ਮਾਮਲੇ ਵਿੱਚ ਮੈਕਲੈਕਲਿਨ ਨਾਲ ਇਤਫਾਕ ਨਹੀਂ ਰੱਖਦੇ। ਉਨ੍ਹਾਂ ਦਾ ਕਹਿਣਾ ਹੈ ਕਿ ਸੱਭ ਜ਼ਾਹਿਰ ਕਰਨ ਦੇ ਸਿਧਾਂਤ ਕਾਰਨ ਗਵਾਹਾਂ ਵਾਲੇ ਸਟੈਂਡ ਉੱਤੇ ਕਦੇ ਨਕਾਬ ਪਾਇਆ ਹੀ ਨਹੀਂ ਜਾ ਸਕੇਗਾ। ਜੱਜ ਰੋਜ਼ੈਲੀ ਅਬੇਲਾ ਨੇ ਆਖਿਆ ਕਿ ਗਵਾਹ ਨੂੰ ਆਪਣਾ ਨਕਾਬ ਉਤਾਰਨ ਲਈ ਆਖਣ ਨਾਲ ਕਈ ਨੁਕਸਾਨਦੇਹ ਨਤੀਜੇ ਸਾਹਮਣੇ ਆ ਸਕਦੇ ਹਨ, ਹੋ ਸਕਦਾ ਹੈ ਕਿ ਗਵਾਹ ਸੁਣਵਾਈ ਵਿੱਚ ਹਿੱਸਾ ਲੈਣ ਤੋਂ ਹੀ ਇਨਕਾਰ ਕਰ ਦੇਵੇ।

# ਪ੍ਰੋਫੈਸਰ ਜਗਨਨਾਥ ਆਰਡਰ ਆਫ ਕੈਨੇਡਾ ਵਿੱਚ ਸ਼ਾਮਲ

ਕੈਲਗਰੀ (ਨਦਬ): ਜਗਨਨਾਥ ਵਾਣੀ ਨੇ 18 ਸੰਸਥਾਵਾਂ ਕਾਇਮ ਕੀਤੀਆਂ ਤੇ ਯੂਨੀਵਰਸਿਟੀ ਆਫ ਕੈਲਗਰੀ ਵਿਖੇ ਆਪਣੀ ਹੀ ਕਿਸਮ ਦੇ ਵੱਖਰੇ ਪ੍ਰੋਗਰਾਮ ਦੀ ਸੁਰੂਆਤ ਕੀਤੀ। ਐਮੇਰੀਟਸ ਆਫ ਸਟੈਟੇਸਟਿਕਸ ਐਂਡ ਐਕਚੁਰੀਅਲ ਸਾਇੰਸਿਜ਼ ਦੇ ਪ੍ਰੋਫੈਸਰ ਦੀ ਇੱਕ ਹੋਰ ਵੱਡੀ ਪ੍ਰਾਪਤੀ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਉਨ੍ਹਾਂ ਨੂੰ ਕੈਨੇਡਾ ਦਾ ਸੱਭ ਤੋਂ ਵੱਡਾ ਮਾਣ ਆਰਡਰ ਆਫ ਕੈਨੇਡਾ ਬਖਸ਼ਿਆ ਜਾਣਾ। ਕੈਲਗਰੀ ਤੇ ਭਾਰਤ ਵਿੱਚ ਆਪਣੇ ਵੱਲੋਂ ਕੀਤੀ ਗਈ ਸਵੈ ਸੇਵਾ ਤੇ ਗਣਿਤ ਵਿੱਚ ਹਾਸਲ ਕੀਤੀਆਂ ਗਈਆਂ ਉਪਲਬਧੀਆਂ ਸਦਕਾ ਵਾਣੀ ਨੂੰ ਬੀਤੇ ਦਿਨੀਂ ਆਰਡਰ ਆਫ ਕੈਨੇਡਾ ਨਾਲ ਨਵਾਜਿਆ ਗਿਆ। ਉਨ੍ਹਾਂ ਬੜੀ ਹਲੀਮੀ ਨਾਲ ਆਖਿਆ ਕਿ ਇਹ ਉਨ੍ਹਾਂ ਲਈ ਵੱਡੀ ਹੈਰਾਨੀ ਵਾਲੀ ਗੱਲ ਹੈ। ਇਹ ਸਨਮਾਨ ਕਮਿਊਨਿਟੀ ਤੇ ਦੇਸ਼ ਪ੍ਰਤੀ ਨਿਭਾਏ ਗਏ ਸਮਰਪਣ ਤੇ ਹਾਸਲ ਕੀਤੀਆਂ ਪ੍ਰਾਪਤੀਆਂ ਲਈ ਦਿੱਤਾ ਜਾਂਦਾ ਹੈ।1984 ਵਿੱਚ ਉਨ੍ਹਾਂ ਵੱਲੋਂ ਕਾਇਮ ਕੀਤੀ ਗਈ ਮਹਾਰਾਸ਼ਟਰ ਸੇਵਾ ਸਮਿਤੀ ਆਗਗੇਨਾਈਜੇਸ਼ਨ ਵੱਲੋਂ 27 ਸਾਲਾਂ ਦੇ ਅਰਸੇ ਵਿੱਚ ਭਾਰਤ ਦੇ ਗਰੀਬ ਲੋਕਾਂ ਦੀ ਮਦਦ ਲਈ 7 ਮਿਲੀਅਨ ਡਾਲਰ ਜੁਟਾਏ ਗਏ। ਇਸ ਵਿੱਚ ਕੈਨੇਡੀਅਨ ਇੰਟਰਨੈਸ਼ਨਲ ਡਿਵੈਲਪਮੈਂਟ ਏਜੰਸੀ ਤੇ ਅਲਬਰਟਾ ਸਰਕਾਰ ਵੱਲੋਂ ਵੀ ਬਰਾਬਰ ਯੋਗਦਾਨ ਪਾਇਆ ਗਿਆ। 1983 ਵਿੱਚ ਉਨ੍ਹਾਂ ਯੂਨੀਵਰਸਿਟੀ ਆਫ ਕੈਲਗਰੀ ਵਿੱਚ ਐਕਚੁਰੀਅਲ ਸਾਇੰਸ ਪ੍ਰੋਗਰਾਮ ਦੀ ਸੁਰੂਆਤ ਕੀਤੀ ਜੋ ਕਿ ਵਿਨੀਪੈਗ ਦੇ ਪੱਛਮ ਵਿੱਚ ਆਪਣੀ ਹੀ ਕਿਸਮ ਦਾ ਪ੍ਰੋਗਰਾਮ ਸੀ। ਉਨ੍ਹਾਂ ਅਲਬਰਟਾ ਦੀ ਸਕੀਜ਼ੋਫਰੇਨੀਆ ਸੁਸਾਇਟੀ ਵੀ ਕਾਇਮ ਕੀਤੀ ਤੇ ਇਸ ਤੋਂ ਇਲਾਵਾ ਰਾਗ ਮਾਲਾ ਮਿਊਜ਼ਿਕ ਸੁਸਾਇਟੀ, ਜੋ ਕਿ ਭਾਰਤ ਦੇ ਸੰਗੀਤ ਤੇ ਨਾਚ ਨੂੰ ਉਤਸਾਹਿਤ ਕਰਦੀ ਹੈ, ਦੀ ਨੀਂਹ ਵੀ ਰੱਖੀ। ਗਵਰਨਰ ਜਨਰਲ ਡੇਵਿਡ ਜੌਹਨਸਟਨ ਨੇ 33 ਕੈਨੇਡੀਅਨਾਂ ਨੂੰ ਆਫਿਸਰ ਆਫ ਦ ਆਰਡਰ ਆਫ ਕੈਨੇਡਾ ਵਜੋਂ ਨਾਮਜਦ ਕੀਤਾ ਤੇ 56 ਨੂੰ ਮੈਂਬਰ ਵਜੋਂ ਨਾਮਜਦ ਕੀਤਾ। ਵਿਵਾਦਾਂ ਵਿੱਚ ਘਿਰੀ ਰਹਿਣ ਵਾਲੀ ਸਾਬਕਾ ਲਿਬਰਲ ਕੈਬਨਿਟ ਮੰਤਰੀ ਸ਼ੀਲਾ ਕੌਪਸ ਨੂੰ ਵੀ ਆਫਿਸਰ ਨਾਮਜਦ ਕੀਤਾ ਗਿਆ।

# ਸਟੂਡੈਂਟ ਨੂੰ ਨਹੀਂ ਰਹੇਗੀ ਵਰਕ ਪਰਮਿਟ ਦੀ ਲੋੜ ਸਕਿੱਲ ਟਰੇਡ ’ਚ ਵੀਜ਼ਾ ਲਈ ਅਰਜ਼ੀਆਂ ਸ਼ੁਰੂ



ਟੋਰਾਂਟੋ (ਨਦਬ)-ਕਨੇਡਾ ਵਲੋਂ ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ (ਆਈ.ਐਸ.ਪੀ.) ਵਿੱਚ ਵੱਡੀ ਪੱਧਰ ’ਤੇ ਸੁਧਾਰ ਕੀਤੇ ਜਾਣ ਦੀ ਤਿਆਰੀ ਹੈ ਅਤੇ ਭਵਿੱਖ ਵਿਚ ਉਨ੍ਹਾਂ ਵਿਦੇਸ਼ੀ ਵਿਦਿਆਰਥੀਆਂ ਨੂੰ ਹੀ ਸਟੂਡੈਂਟ ਪਰਮਿਟ ਮਿਲੇਗਾ, ਜੋ ਸਰਕਾਰ ਵਲੋਂ ਮਾਨਤਾ ਪ੍ਰਾਪਤ ਵਿਦਿਅਕ ਅਦਾਰੇ ਵਿਚ ਦਾਖਲਾ ਲੈਣਗੇ। ਗੈਰ-ਮਾਨਤਾ ਪ੍ਰਾਪਤ ਵਿਦਿਅਕ ਅਦਾਰਿਆਂ ਵਿਚ (ਹੁਣ ਵਾਂਗ ਹੀ) ਸੈਲਾਨੀ ਵੀਜ਼ਾ ਧਾਰਕ ਪੜ੍ਹਾਈ ਕਰ ਸਕਣਗੇ ਪਰ ਉਨ੍ਹਾਂ ਦਾ ਕੋਰਸ ਛੇ ਮਹੀਨਿਆਂ ਤੋਂ ਲੰਬਾ ਨਹੀਂ ਚੱਲਣਾ ਚਾਹੀਦਾ, ਜਿਸ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਵਤਨ ਵਾਪਸ ਮੁੜਨਾ ਪਵੇਗਾ। ਕਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਜੇਸਨ ਕੈਨੀ ਨੇ ਕਿਹਾ ਹੈ ਕਿ ਵਿਦੇਸ਼ੀ ਵਿਦਿਆਰਥੀਆਂ ਨਾਲ ਹੁੰਦੇ ਧੋਖੇ ਨੂੰ ਰੋਕਣ ਲਈ ਸਰਕਾਰ ਵਲੋਂ ਸਖਤ ਕਦਮ ਉਠਾਏ ਜਾ ਰਹੇ ਹਨ। ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਵਲੋਂ ਕਾਨੂੰਨ ਵਿਚ ਸੋਧ ਕਰਕੇ ਦੇਸ਼ ਦੇ ਅਜਿਹੇ ਵਿਦਿਅਕ ਅਦਾਰਿਆਂ ਦੀ ਨਵੀਂ ਲਿਸਟ ਤਿਆਰ ਕੀਤੀ ਜਾਵੇਗੀ, ਜਿਨ੍ਹਾਂ ਨੂੰ ਸੂਬਿਆਂ ਦੀਆਂ ਸਰਕਾਰਾਂ ਵਲੋਂ ਮਾਨਤਾ ਦਿੱਤੀ ਗਈ ਹੋਵੇਗੀ। ਉਸ ਲਿਸਟ ਵਿਚ ਸ਼ਾਮਿਲ ਕਾਲਜ਼ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਵਾਲੇ ਵਿਦੇਸ਼ੀ ਵਿਦਿਆਰਥੀ ਹੀ ਸਟੂਡੈਂਟ ਵੀਜ਼ਾ ਅਪਲਾਈ ਕਰ ਸਕਣਗੇ। ਆਈ.ਐਸ.ਪੀ. ਦੀ ਇਕ ਨਵੀਂ ਗੱਲ ਇਹ ਵੀ ਹੋਵੇਗੀ ਕਿ ਵਿਦੇਸ਼ੀ ਸਟੂਡੈਂਟ ਨੂੰ ਪਾਰਟ-ਟਾਈਮ ਨੌਕਰੀ ਕਰਨ ਦੀ ਖੁਲ੍ਹ ਹੋਵੇਗੀ, ਜਿਸ ਲਈ ਉਸ ਨੂੰ ਵੱਖਰਾ ਵਰਕ ਪਰਮਿਟ ਲੈਣ ਦੀ ਲੋੜ ਨਹੀਂ ਹੋਵੇਗੀ।

ਇਸ ਦੇ ਨਾਲ ਹੀ ਪ੍ਰਵਾਸ ਤੇ ਨਾਗਰਿਕਤਾ ਮੰਤਰਾਲੇ ਵਲੋਂ ਤਿਆਰ ਕੀਤੇ ਗਏ 'ਫੈਡਰਲ ਸਕਿਲਡ ਟਰੇਡਜ਼’ ਪ੍ਰੋਗਰਾਮ ’ਚ 2 ਜਨਵਰੀ ਤੋਂ ਅਰਜ਼ੀਆਂ ਲੈਣੀਆਂ ਸ਼ੁਰੂ ਕੀਤੀਆਂ ਗਈਆਂ ਹਨ ਪਰ 2013 ’ਚ ਵੱਧ ਤੋਂ ਵੱਧ 3000 ਵਰਕਰਾਂ ਦੀਆਂ ਅਰਜ਼ੀਆਂ ਹੀ ਲਈਆਂ ਜਾਣਗੀਆ। ਇਹ ਪ੍ਰੋਗਰਾਮ 'ਫੈਡਰਲ ਸਕਿਲਡ ਵਰਕਰਜ਼’ ਕੈਟੇਗਰੀ ਦਾ ਇਕ ਹਿੱਸਾ ਹੈ ਜਿਸ ਵਿੱਚ ਵਿਦੇਸ਼ੀ ਕਾਮਿਆਂ ਨੂੰ ਕਨੇਡਾ ਦੀ ਰੋਜ਼ਗਾਰ ਮਾਰਕੀਟ ਦੀ ਲੋੜ ਅਨੁਸਾਰ ਵੀਜ਼ਾ ਦਿੱਤਾ ਜਾਵੇਗਾ। ਅਪਲਾਈ ਕਰਨ ਤੋਂ ਪਹਿਲਾਂ ਅਰਜ਼ੀਕਰਤਾ ਕੋਲ ਨੌਕਰੀ ਦੀ ਪੇਸ਼ਕਸ਼ ਹੋਣੀ ਚਾਹੀਦੀ ਹੈ ਜੋ ਮਹਿਜ਼ ਕਿਸੇ ਕਨੇਡੀਅਨ ਕੰਪਨੀ ਦੇ ਲੈਟਰਪੈਡ ’ਤੇ ਹੀ ਨਾ ਹੋਵੇ ਸਗੋਂ ਕਨੇਡਾ ਦੇ ਮਨੁੱਖੀ ਵਸੀਲਿਆਂ ਦੇ ਮੰਤਰਾਲੇ ਰਾਹੀਂ ਮੰਨਜੂਰਸ਼ੁਦਾ ਹੋਵੇ ਜਾਂ ਜਿਸ ਸੂਬੇ ’ਚ ਨੌਕਰੀ ਕਰਨੀ ਹੈ ਉਥੋਂ ਕੰਮ ਦੀ ਯੋਗਤਾ ਦਾ ਸਰਟੀਫਿਕੇਟ ਲਿਆ ਹੋਵੇ, ਕਿੱਤੇ ’ਚ ਘੱਟੋ-ਘੱਟ ਦੋ ਸਾਲਾਂ ਦਾ ਤਜ਼ਰਬਾ ਹੋਵੇ ਤੇ ਅੰਗਰੇਜ਼ੀ ਜਾਂ ਫਰੈਂਚ ’ਚ ਮੁਹਾਰਤ ਹੋਵੇ। ਇਸ ਦੇ ਨਾਲ ਹੀ ਵਰਕਰ ਦੀ ਯੋਗਤਾ ਤੇ ਤਜ਼ਰਬਾ ਕੈਨੇਡਾ ਦੀ 'ਨੈਸ਼ਨਲ ਆਕੂਪੇਸ਼ਨਲ ਕਲਾਸੀਫਿਕੇਸ਼ਨ’ ਸੂਚੀ ’ਚ ਬੀ ਦਰਜ ਨਾਲ ਮੇਲ ਖਾਂਦੀ ਹੋਵੇ। ਇਸ ਪ੍ਰੋਗਰਾਮ ਰਾਹੀਂ ਕਨੇਡਾ ’ਚ (ਸਿੱਖਿਅਤ ਤੇ ਤਜ਼ਰਬੇਕਾਰ) ਵੈਲਡਰ, ਇਲੈਕਟ੍ਰੀਸ਼ੀਅਨ, ਹੈਵੀ ਡਿਊਟੀ ਮਕੈਨਿਕ ਆਦਿਕ ਦਾ ਜਾਣਾ ਸੌਖਾ ਹੋ ਜਵੇਗਾ।

# ਸਾਹਿਤ ਅਕਾਦਮੀ ਪੁਰਸ਼ਕਾਰ 2012

## ਦਰਸ਼ਨ ਬੁੱਟਰ ਦੀ ਸਾਹਿਤ ਅਕਾਦਮੀ ਦੇ ਪੁਰਸ਼ਕਾਰ ਲਈ ਚੋਣ ਪ੍ਰਗਟ ਸਿੰਘ ਸਤੌਜ ਨੂੰ ਯੁਵਾ ਪੁਰਸ਼ਕਾਰ ਲਈ ਚੁਣਿਆ



ਚੰਡੀਗੜ੍ਹ (ਨਦਬ)- ਪਿਛਲੇ ਦਿਨੀਂ ਸਾਲ 2012 ਦੇ ਸਾਹਿਤ ਅਕਾਦਮੀ ਪੁਰਸ਼ਕਾਰਾਂ ਦਾ ਐਲਾਨ ਹੋਇਆ, ਪੰਜਾਬੀ ਭਾਸ਼ਾ ਵਿੱਚ ਸਾਹਿਤ ਅਕਾਦਮੀ ਦਾ ਪੁਰਸ਼ਕਾਰ ਇਸ ਵਾਰ ਦਰਸ਼ਨ ਬੁੱਟਰ ਦੇ ਕਾਵਿ ਸੰਗ੍ਰਹਿ 'ਮਹਾਂ ਕੰਬਣੀ' ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਸਾਹਿਤ ਅਕਾਦਮੀ ਦੇ ਯੁਵਾ ਪੁਰਸ਼ਕਾਰ ਲਈ ਪ੍ਰਗਟ ਸਿੰਘ ਸਤੌਜ ਦੀ ਚੋਣ ਕੀਤੀ ਗਈ ਹੈ। ਉਹਨਾਂ ਨੂੰ ਇਹ ਪੁਰਸ਼ਕਾਰ ਉਹਨਾਂ ਦੇ ਨਾਵਲ 'ਤੀਵੀਂਆਂ' ਲਈ ਦਿੱਤਾ ਜਾਵੇਗਾ। ਸਾਹਿਤ ਅਕਾਦਮੀ ਵੱਲੋਂ ਇਸ ਸਾਲ 24 ਅਨੁਵਾਦਕਾਂ ਨੂੰ ਵੀ ਪੁਰਸ਼ਕਾਰਾਂ ਲਈ ਚੁਣਿਆ ਗਿਆ ਹੈ। ਪੰਜਾਬੀ ਦੇ ਲੇਖਕ ਡਾ. ਸਤੀਸ਼ ਕੁਮਾਰ ਵਰਮਾ ਇਹ ਪੁਰਸ਼ਕਾਰ ਹਾਸਿਲ ਕਰਨ ਵਾਲਿਆਂ ਵਿੱਚੋਂ ਇੱਕ ਹਨ। ਇਹ ਪੁਰਸ਼ਕਾਰ ਉਹਨਾਂ ਵੱਲੋਂ ਅਨੁਵਾਦ ਕੀਤੀ ਗਈ ਹਿੰਦੀ ਦੀ ਪੁਸਤਕ 'ਥੀਏਟਰ ਕੇ ਸਰਤਾਜ ਪ੍ਰਿਥਵੀਰਾਜ' ਲਈ ਦਿੱਤਾ ਜਾਵੇਗਾ। ਇਹ ਕਿਤਾਬ ਯੋਗਰਾਜ ਦੁਆਰਾ ਲਿਖੀ ਗਈ ਹੈ ਤੇ ਪੰਜਾਬੀ ਵਿੱਚ ਇਸਦਾ ਨਾਮ 'ਰੰਗਮੰਚ ਦਾ ਕੋਹਿਨੂਰ ਪ੍ਰਿਥਵੀ ਰਾਜ ਕਪੂਰ' ਰੱਖਿਆ ਗਿਆ ਹੈ। ਪੁਰਸ਼ਕਾਰ ਦਿੱਲੀ ਵਿੱਚ 18 ਫਰਵਰੀ ਨੂੰ ਇੱਕ ਵਿਸ਼ੇਸ਼ ਸਮਾਗਮ ਦੌਰਾਨ ਦਿੱਤੇ ਜਾਣਗੇ।

ਸਾਹਿਤ ਅਕਾਦਮੀ ਦੇ ਪੁਰਸ਼ਕਾਰ ਵਿੱਚ ਦਰਸ਼ਨ ਬੁੱਟਰ ਨੂੰ ਸਨਮਾਨ ਚਿੰਨ, ਸ਼ਾਲ ਅਤੇ ਇੱਕ ਲੱਖ ਰੁਪਏ ਦਾ ਚੈਕ ਦਿੱਤਾ ਜਾਵੇਗਾ। ਯੁਵਾ ਪੁਰਸ਼ਕਾਰ ਲਈ ਪ੍ਰਗਟ ਸਿੰਘ ਸਤੌਜ ਨੂੰ ਤਾਂਬੇ ਦੀ ਪਲੇਟ ਅਤੇ ਪੰਜਾਹ ਹਜ਼ਾਰ ਰੁਪਏ ਦਾ ਚੈਕ ਦਿੱਤਾ ਜਾਵੇਗਾ। ਅਨੁਵਾਦਕ ਦੇ ਤੌਰ 'ਤੇ ਡਾ. ਸਤੀਸ਼ ਕੁਮਾਰ ਵਰਮਾ ਨੂੰ ਕਾਂਸੇ ਦੀ ਪਲੇਟ ਨਾਲ ਪੰਜਾਹ ਹਜ਼ਾਰ ਰੁਪਏ ਦਾ ਚੈਕ ਦਿੱਤਾ ਜਾਵੇਗਾ।

ਇੱਥੇ ਇਹ ਦੱਸਣਯੋਗ ਹੈ ਕਿ ਪੰਜਾਬੀ ਭਾਸ਼ਾ ਵਿੱਚ ਸਾਹਿਤ ਅਕਾਦਮੀ ਦੇ ਇਨਾਮ ਲਈ ਚੋਣ ਕਮੇਟੀ ਵਿੱਚ ਹਰਭਜਨ ਸਿੰਘ ਸਾਗਰ, ਮੋਹਨ ਭੰਡਾਰੀ ਅਤੇ ਪ੍ਰਿਤਪਾਲ ਸਿੰਘ ਬੇਤਾਬ ਸ਼ਾਮਿਲ ਸਨ। ਯੁਵਾ ਪੁਰਸ਼ਕਾਰ ਦੀ ਚੋਣ ਕਰਨ ਲਈ ਬਣੀ ਚੋਣ ਕਮੇਟੀ ਵਿੱਚ ਡਾ. ਗੁਣਵੰਤ ਕੌਰ ਬਰਾੜ, ਡਾ. ਜਸਬੀਰ ਸਿੰਘ ਸਿੱਧੂ ਅਤੇ ਡਾ. ਜਸਵਿੰਦਰ ਸਿੰਘ ਸ਼ਾਮਿਲ ਸਨ। ਇਸ ਤਰ੍ਹਾਂ ਹੀ ਅਨੁਵਾਦਕ ਦੀ ਚੋਣ ਕਰਨ ਲਈ ਬਣੀ ਕਮੇਟੀ ਵਿੱਚ ਹਰਚੰਦ ਸਿੰਘ ਬੇਦੀ, ਡਾ. ਬਲਵੀਰ ਕੌਰ ਅਤੇ ਪ੍ਰੋ. ਸੁਰਜੀਤ ਲੀ ਸ਼ਾਮਿਲ ਸਨ।

## ਨਿਰਮਲ ਰਿਸ਼ੀ ਦੀ ਨੈਸ਼ਨਲ ਸੰਗੀਤ ਨਾਟਕ ਅਕਾਦਮੀ ਅਵਾਰਡ ਲਈ ਚੋਣ



ਚੰਡੀਗੜ੍ਹ (ਨਦਬ)- ਨੈਸ਼ਨਲ ਸੰਗੀਤ ਨਾਟਕ ਅਕਾਦਮੀ ਅਵਾਰਡ 2012 ਲਈ ਪੰਜਾਬ ਦੇ ਦੋ ਕਲਾਕਾਰਾਂ ਬਲਵੀਰ ਸਿੰਘ ਰਾਗ਼ੀ ਅਤੇ ਨਿਰਮਲ ਰਿਸ਼ੀ ਨੂੰ ਚੁਣਿਆ ਗਿਆ ਹੈ। ਭਾਈ ਬਲਵੀਰ ਸਿੰਘ ਪਿਛਲੇ 36 ਸਾਲਾਂ ਤੋਂ ਲਗਾਤਾਰ ਹਰਿਮੰਦਰ ਸਾਹਿਬ, ਅੰਮ੍ਰਿਤਸਰ ਕੀਰਤਨ ਕਰ ਰਹੇ ਹਨ। ਉਹਨਾਂ ਨੇ ਹੁਣ ਤੱਕ ਤਿੰਨ ਹਜ਼ਾਰ ਸ਼ਬਦਾਂ ਨੂੰ ਦੋ ਸੌ ਰਾਗ਼ਾਂ ਵਿੱਚ ਪਰੋਇਆ ਹੈ ਤੇ ਉਹਨਾਂ ਦੇ ਸ਼ਬਦਾਂ ਦੀਆਂ ਲਗਭਗ 30 ਐਲਬਮਾਂ ਆ ਚੁੱਕੀਆਂ ਹਨ।

ਨਿਰਮਲ ਰਿਸ਼ੀ ਨੂੰ ਇਹ ਐਵਾਰਡ ਉਹਨਾਂ ਵੱਲੋਂ ਥਿਏਟਰ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਦੇਖਦਿਆਂ ਦਿੱਤਾ ਗਿਆ ਹੈ। ਉਹ ਨੈਸ਼ਨਲ ਸਕੂਲ ਆਫ਼ ਡਰਾਮਾ ਤੋਂ ਗ੍ਰੈਜੂਏਟ ਹਨ ਤੇ ਪਿਛਲੇ 40 ਸਾਲਾਂ ਤੋਂ ਪੰਜਾਬੀ ਥਿਏਟਰ ਅਤੇ ਪੰਜਾਬੀ ਫਿਲਮਾਂ ਲਈ ਕੰਮ ਕਰ ਰਹੇ ਹਨ।

ਅਦਾਰਾ 'ਨਵੀਂ ਦੁਨੀਆ' ਦਰਸ਼ਨ ਬੁੱਟਰ ਅਤੇ ਪ੍ਰਗਟ ਸਤੌਜ ਨੂੰ ਸਾਹਿਤ ਅਕਾਦਮੀ ਦੇ ਪੁਰਸ਼ਕਾਰਾਂ ਲਈ, ਬਲਵੀਰ ਸਿੰਘ ਰਾਗ਼ੀ ਅਤੇ ਨਿਰਮਲ ਰਿਸ਼ੀ ਨੂੰ ਨੈਸ਼ਨਲ ਸੰਗੀਤ ਨਾਟਕ ਅਕਾਦਮੀ ਦੇ ਪੁਰਸ਼ਕਾਰਾਂ ਲਈ ਚੁਣੇ ਜਾਣ 'ਤੇ ਖੁਸ਼ੀ ਦਾ ਪ੍ਰਗਟਵਾ ਕਰਦਾ ਹੈ।

# ਸਿਰਫਿਰੇ ਹਮਲਾਵਰ ਨੇ 20 ਬੱਚਿਆਂ ਸਮੇਤ 27 ਜਾਨਾਂ ਲਈਆਂ

## ਬੱਚਿਆਂ ਦੀ ਮੌਤ 'ਤੇ ਰੋ ਪਏ ਅਮਰੀਕੀ ਰਾਸ਼ਟਰਪਤੀ



ਵਾਸ਼ਿੰਗਟਨ (ਨਦਬ)- ਪਿਛਲੇ ਦਿਨੀਂ ਅਮਰੀਕਾ ਦੇ ਕਨੈਕਟੀਕਟ ਸੂਬੇ ਦੇ ਸ਼ਹਿਰ ਨਿਊਟਾਊਨ ਦੇ ਸੈਂਡੀ ਹੁੱਕ ਪ੍ਰਾਇਮਰੀ ਸਕੂਲ ਵਿੱਚ ਇੱਕ ਸਿਰਫਿਰੇ ਹਮਲਾਵਰ ਵੱਲੋਂ ਬੱਚਿਆਂ 'ਤੇ ਅੰਨੀਵਾਹ ਗੋਲੀਬਾਰੀ ਕੀਤੀ ਗਈ ਜਿਸ ਵਿੱਚ ਪੰਜ ਤੋਂ ਦਸ ਸਾਲ ਦੀ ਉਮਰ ਦੇ 20 ਬੱਚਿਆਂ ਦੀ ਮੌਤ ਹੋ ਗਈ ਤੇ ਛੇ ਅਧਿਆਪਕ ਮਾਰੇ ਗਏ। ਇਸ ਘਟਨਾ ਨਾਲ ਪੂਰੇ ਅਮਰੀਕਾ ਵਿੱਚ ਸੋਗ ਦੀ ਲਹਿਰ ਦੌੜ ਗਈ। ਹਮਲਾਵਰ ਦੀ ਪਹਿਚਾਣ 20 ਸਾਲਾ ਐਡਮ ਲੈਂਜਾ ਵਜੋਂ ਕੀਤੀ ਗਈ ਹੈ। ਸਰਕਾਰੀ ਸੂਤਰਾਂ ਮੁਤਾਬਿਕ ਹਮਲਾਵਰ ਨੇ ਘਰ ਵਿੱਚ ਆਪਣੀ ਮਾਂ ਦੀ ਹੱਤਿਆ ਕਰਨ ਤੋਂ ਬਾਅਦ ਸਕੂਲ ਵਿੱਚ ਗੋਲੀਬਾਰੀ ਕੀਤੀ ਤੇ ਮਗਰੋਂ ਸਕੂਲ ਦੀ ਇਮਾਰਤ ਵਿੱਚ ਹੀ ਆਪਣੇ ਆਪ ਨੂੰ ਗੋਲੀ ਮਾਰ ਲਈ। ਜ਼ਿਕਰਯੋਗ ਹੈ ਕਿ ਹਮਲਾਵਰ ਕੋਲ ਇੱਕ ਐਟੋਮੈਟਿਕ ਪਿਸਤੌਲ ਅਤੇ ਬਦੂੰਕ ਸੀ।

ਐਡਮ ਲੈਂਜਾ ਦੇ ਰਿਸ਼ਤੇਦਾਰ ਨੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਐਡਮ ਆਟਿਜ਼ਮ ਨਾਲ ਪੀੜਿਤ ਸੀ ਤੇ ਉਹ ਆਪਣੇ ਮਾਤਾ-ਪਿਤਾ ਤੇ ਵੱਡੇ ਭਰਾ ਨਾਲ ਕਨੈਕਟੀਕਟ ਆਇਆ ਸੀ ਅਤੇ ਪਿਛਲੇ ਕੁੱਝ ਸਮੇਂ ਤੋਂ ਇੱਥੇ ਹੀ ਰਹਿ ਰਿਹਾ ਸੀ। ਐਡਮ ਫੁੱਟਬਾਲ ਅਤੇ ਵੀਡੀਓ ਗੇਮ ਖੇਡਣਾ ਕਾਫ਼ੀ ਪਸੰਦ ਕਰਦਾ ਸੀ। 2009 ਵਿੱਚ ਉਸਦੇ ਮਾਤਾ-ਪਿਤਾ ਦਰਮਿਆਨ ਤਲਾਕ ਹੋ ਗਿਆ ਸੀ ਤੇ ਅੱਜਕੱਲ੍ਹ ਉਹ ਆਪਣੀ ਮਾਂ ਨਾਲ ਰਹਿ ਰਿਹਾ ਸੀ। ਜਾਣਕਾਰੀ ਮਿਲੀ ਹੈ ਕਿ ਉਹ ਪਰਸਨੈਲਿਟੀ ਡਿਸਆਰਡਰ ਦਾ ਸ਼ਿਕਾਰ ਸੀ। ਇੱਥੇ ਖ਼ਾਸ ਤੌਰ 'ਤੇ ਦੱਸਣਯੋਗ ਹੈ ਕਿ ਪਿਛਲੇ ਕੁੱਝ ਸਮੇਂ ਤੋਂ ਅਮਰੀਕਾ ਵਿੱਚ ਅਜਿਹੀਆਂ ਘਟਨਾਵਾਂ ਦਾ ਚਲਣ ਕਾਫ਼ੀ ਵਧ ਗਿਆ ਹੈ, ਜੋ ਇਸ ਗੱਲ ਦਾ ਪ੍ਰਤੀਕ ਹੈ ਕਿ ਦੁਨੀਆਂ ਦੇ ਸਭ ਤੋਂ ਅਮੀਰ ਦੇਸ਼ ਵਿੱਚ ਵਸਦੇ ਲੋਕਾਂ ਦਾ ਮਾਨਸਿਕ ਤਵਾਜ਼ਨ ਵਿਗੜਦਾ ਜਾ ਰਿਹਾ ਹੈ। ਪਿਛਲੇ ਸਾਲ ਕੋਲੋਰਾਡੋ ਦੇ ਸਿਨਮਾ ਘਰ ਤੇ ਵਿਸਕਾਂਸਨ ਦੇ ਗੁਰਦੁਆਰੇ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਜਦੋਂ ਇਸ ਘਟਨਾ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਤਾਂ ਉਹਨਾਂ ਦੀਆਂ ਅੱਖਾਂ ਵਿੱਚ ਹੰਝੂ ਛਲਕ ਆਏ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਵਾਪਰਨਾ ਬਹੁਤ ਹੀ ਮੰਦਭਾਗਾ ਹੈ ਤੇ ਛੇਤੀ ਹੀ ਇਸ ਦਿਸ਼ਾ ਵਿੱਚ ਉਚਿਤ ਕਦਮ ਉਠਾਏ ਜਾਣਗੇ।

ਜ਼ਿਕਰਯੋਗ ਹੈ ਕਿ ਇਸ ਘਟਨਾ ਤੋਂ ਬਾਅਦ ਓਬਾਮਾ ਪ੍ਰਸ਼ਾਸਨ 'ਤੇ ਹਥਿਆਰ ਕਾਨੂੰਨ ਵਿੱਚ ਸੋਧ ਨੂੰ ਲੈ ਕੇ ਦਬਾਅ ਕਾਫ਼ੀ ਵਧ ਗਿਆ ਹੈ। ਇਸ ਮੰਗ ਨੂੰ ਲੈ ਕੇ ਵਾਈਟ ਹਾਊਸ ਦੇ ਬਾਹਰ ਕੁੱਝ ਲੋਕਾਂ ਵੱਲੋਂ ਰੈਲੀ ਵੀ ਕੱਢੀ ਗਈ। ਇਸ ਸਬੰਧੀ ਪ੍ਰਤੀਕਿਰਿਆ ਕਰਦਿਆਂ ਨਿਊਯਾਰਕ ਦੇ ਮੇਅਰ ਮਾਈਕਲ ਬਲੂਮਬਰਗ ਨੇ ਕਿਹਾ ਕਿ ਰਾਸ਼ਟਰਪਤੀ ਨੂੰ ਚਾਹੀਦਾ ਹੈ ਕਿ ਹਥਿਆਰ ਕਾਨੂੰਨ ਵਿੱਚ ਸੋਧ ਦਾ ਪ੍ਰਸਤਾਵ ਸੰਸਦ ਸਾਹਮਣੇ ਭੇਜੇ।



# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਭੂਤ ਮੰਡਲੀ ਹੋਈ ਤਿਆਰ ਮੀਆਂ

ਪੰਜਾਬ ਵਿੱਚ ਭੂਤ ਮੰਡਲੀ ਦੇ ਬੋਲਬਾਲੇ ਦਾ ਵਰਤਾਰਾ ਕੋਈ ਨਵਾਂ ਨਹੀਂ ਹੈ। ਪੰਜਾਬ ਦੀ ਤਵਾਰੀਖ਼ ਦੇ ਅਨੇਕਾਂ ਪੰਨੇ ਇਸ ਭੂਤ ਮੰਡਲੀ ਨੇ ਲਹੂ-ਲੁਹਾਨ ਕੀਤੇ ਹੋਏ ਹਨ। ਇਹ ਭੂਤ ਮੰਡਲੀ ਹੋਰ ਕੁੱਝ ਨਹੀਂ ਸਗੋਂ ਕੁੱਝ ਅਤਿ ਨੀਵੀਂਆਂ ਲਾਲਸਾਵਾਂ ਰੱਖਣ ਵਾਲਿਆਂ ਦੀ ਗੁੰਡਾ ਗਾਰਦ ਹੁੰਦੀ ਹੈ, ਜਿਸਨੂੰ ਅਕਸਰ ਸੱਤਾ ਹਾਸਲ ਕਰਨ ਲਈ ਜਾਂ ਸੱਤਾ ਦਾ ਵਿਸਥਾਰ ਕਰਨ ਲਈ ਖੁੱਲ੍ਹ ਕੇ ਵਰਤਿਆ ਜਾਂਦਾ ਹੈ। ਇਹ ਗੁੰਡਾ ਗਾਰਦ ਜਦੋਂ ਆਪਣੇ ਲਾਭ ਪਾਤਰਾਂ ਦਾ ਮਨੋਰਥ ਪੂਰਾ ਕਰ ਦਿੰਦੀ ਹੈ ਤਾਂ ਅਥਾਹ ਵਿਸ਼ਵਾਸ ਨਾਲ ਭਰ ਜਾਂਦੀ ਹੈ। ਇਸਨੂੰ ਹੁਣ ਆਪਣੇ ਸਿਰ 'ਤੇ ਕੋਈ ਕੁੰਡਾ ਪ੍ਰਵਾਨ ਨਹੀਂ ਹੁੰਦਾ। ਇਹ ਅਜਿਹਾ ਕੀਤੇ ਜਾਣ 'ਤੇ ਸਰਕਾਰ ਨੂੰ ਅੱਖਾਂ ਦਿਖਾਉਂਦੇ ਹਨ। ਆਪਣੇ ਲਈ ਵਿਸ਼ੇਸ਼ ਰਿਆਇਤਾਂ ਅਤੇ ਸਹੂਲਤਾਂ ਮੰਗਦੇ ਹਨ। ਸਰਕਾਰ ਨੂੰ ਇਹਨਾਂ ਦੀਆਂ ਡਾਇਰੈਕਟਰੀਆਂ ਛਪਵਾ ਕੇ ਥਾਣਿਆਂ ਵਿੱਚ ਭੇਜਣੀਆਂ ਪੈਂਦੀਆਂ ਹਨ ਤੇ ਨਾਲ ਹੀ ਪੁਲਿਸ ਅਮਲੇ ਨੂੰ ਹਿਦਾਇਤ ਕਰਨੀ ਪੈਂਦੀ ਹੈ ਕਿ ਸਾਡੇ ਇਹਨਾਂ ਵਰਕਰਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਕੀਤੇ ਜਾਣ। ਇਸੇ ਭੂਤ ਮੰਡਲੀ ਨੇ ਇਸ ਸਮੇਂ ਪੰਜਾਬੀਆਂ ਨੂੰ ਖ਼ੌਫਜ਼ਦਾ ਕੀਤਾ ਹੋਇਆ ਹੈ। ਇਸ ਵੱਲੋਂ ਮਚਾਈ ਅੱਤ ਦੀ ਲੜੀ ਦੀ ਦੂਜੀ ਕੜੀ ਅੰਮ੍ਰਿਤਸਰ ਵਿੱਚ ਵਾਪਰੀ ਘਟਨਾ ਹੈ ਜਿਸ ਵਿੱਚ ਇੱਕ ਉਪਰੋਕਤ ਭੂਤ ਮੰਡਲੀ ਮਾਰਕਾ ਅਕਾਲੀ ਆਗੂ ਰਣਜੀਤ ਸਿੰਘ ਰਾਣਾ ਨੇ ਇੱਕ ਸਹਾਇਕ ਪੁਲਿਸ ਇੰਸਪੈਕਟਰ ਰਵਿੰਦਰਪਾਲ ਨੂੰ ਗੋਲੀਆਂ ਮਾਰ ਕੇ ਦਿਨ ਦਿਹਾੜੇ ਕਤਲ ਕਰ ਦਿੱਤਾ। ਰਵਿੰਦਰਪਾਲ ਦੀ ਲੜਕੀ ਸਥਾਨਕ ਬੈਂਕ ਵਿੱਚ ਨੌਕਰੀ ਕਰਦੀ ਸੀ ਜਿਸਨੂੰ ਰਣਜੀਤ ਰਾਣਾ ਅਕਸਰ ਤੰਗ-ਪਰੇਸ਼ਾਨ ਕਰਦਾ ਸੀ। ਲੜਕੀ ਨੇ ਇਸ ਵਿਹਾਰ ਦੀ ਜਾਣਕਾਰੀ ਆਪਣੇ ਪਿਤਾ ਨੂੰ ਦਿੱਤੀ। ਵਾਰਦਾਤ ਵਾਲੇ ਦਿਨ ਜਦੋਂ ਰਾਣਾ ਫਿਰ ਲੜਕੀ ਨੂੰ ਤੰਗ ਕਰਨ ਆਇਆ ਤਾਂ ਲੜਕੀ ਨੇ ਤੁਰੰਤ ਆਪਣੇ ਪਿਤਾ ਨੂੰ ਫੋਨ ਕਰ ਦਿੱਤਾ। ਰਾਣੇ ਨਾਲ ਹੋਏ ਤਕਰਾਰ ਦੌਰਾਨ ਸਹਾਇਕ ਇੰਸਪੈਕਟਰ ਜ਼ਖ਼ਮੀ ਹੋ ਗਿਆ। ਪੁਲਿਸ ਸਟੇਸ਼ਨ ਸੂਚਨਾ ਦੇ ਦਿੱਤੀ ਗਈ। ਜਦੋਂ ਤੱਕ ਪੁਲਿਸ ਘਟਨਾ ਵਾਲੀ ਥਾਂ 'ਤੇ ਪਹੁੰਚੀ ਉਦੋਂ ਤੱਕ ਰਾਣਾ ਆਪਣੀ ਗੰਨ ਲੈ ਕੇ ਮੁੜ ਆਇਆ ਤੇ ਜ਼ਖ਼ਮੀ ਰਵਿੰਦਰਪਾਲ ਸਿੰਘ ਨੂੰ ਗੋਲੀਆਂ ਮਾਰ ਕੇ ਸਦਾ ਦੀ ਨੀਂਦ ਸੁਆ ਦਿੱਤਾ। ਇਸ ਘਟਨਾ ਦਾ ਤਿੱਖਾ ਪ੍ਰਤੀਕਰਮ ਹੋਇਆ। ਸਰਕਾਰ ਲੋਕ ਰੋਹ ਨੂੰ ਰੋਕਣ ਲਈ ਪੱਬਾਂ ਭਾਰ ਹੋ ਗਈ। ਲੋਕ ਆਪਣੀ ਸੁਰੱਖਿਆ ਨੂੰ ਲੈ ਕੇ ਦਹਿਸ਼ਤਗਰਦੀ ਦੇ ਦੌਰ ਵਾਂਗ ਚਿੰਤਤ ਦਿਖਾਈ ਦਿੱਤੇ। ਇਸ ਘਟਨਾ ਨੇ ਲੋਕਾਂ ਦੀ ਚਿੰਤਾ ਇਸ ਕਾਰਨ ਵੀ ਵਧਾਈ ਕਿ ਅਜੇ ਥੋੜਾ ਸਮਾਂ ਪਹਿਲਾਂ ਹੀ ਭੂਤ ਮੰਡਲੀ ਮਾਰਕਾ ਅਕਾਲੀ ਆਗੂ ਫਰੀਦਕੋਟ ਦੀ ਨਾਬਾਲਿਗ ਲੜਕੀ ਸ਼ਰੁਤੀ ਨੂੰ ਅਗਵਾ ਕਰਕੇ ਲੈ ਗਿਆ ਸੀ। ਇਸ ਵਾਰ ਵੀ ਦੋਸ਼ੀ ਇੱਕ ਅਕਾਲੀ ਆਗੂ ਅਤੇ ਮਾਮਲਾ ਇੱਕ ਲੜਕੀ ਦੀ ਆਬਰੂ ਦਾ ਹੀ ਸੀ। ਇਹ ਤਾਂ ਫੋਕਸ ਵਿੱਚ ਆਈਆਂ ਦੋ ਵੱਡੀਆਂ ਘਟਨਾਵਾਂ ਹਨ। ਪੰਜਾਬ ਵਿੱਚ ਹੇਠਲੇ ਪੱਧਰ 'ਤੇ ਇਸੇ ਤਰਜ਼ 'ਤੇ ਵਾਪਰਦੀਆਂ ਘਟਨਾਵਾਂ ਦਾ ਤਾਂ ਅੰਤ ਹੀ ਨਹੀਂ। ਇਸ ਘਟਨਾ ਦੇ ਵਾਪਰਣ ਮਗਰੋਂ ਜਦੋਂ ਘਟਨਾ ਦੀਆਂ ਪਰਤਾਂ ਉਧੜਨੀਆਂ ਸ਼ੁਰੂ ਹੋਈਆਂ ਤਾਂ ਪੂਰੀ ਸਥਿਤੀ ਹੋਰ ਵੀ ਚਿੰਤਾਜਨਕ ਪ੍ਰਤੀਤ ਹੋਣ ਲੱਗੀ। ਪੰਜਾਬ ਦਾ ਸਮੁੱਚਾ ਸਮਾਜਿਕ ਘਟਨਾਕ੍ਰਮ ਹੀ ਸ਼ਾਇਦ ਅੰਮ੍ਰਿਤਸਰ ਹੱਤਿਆ ਕਾਂਡ ਦੇ ਮੁੱਖ ਦੋਸ਼ੀ ਵਰਗਾ ਹੋ ਗਿਆ ਹੈ। ਜ਼ਮੀਨਾਂ ਵਿਕ ਰਹੀਆਂ ਹਨ, ਹਾਸਲ ਹੋਇਆ ਪੈਸਾ ਲੋਕਾਂ ਦੀ ਜੀਵਨ ਸ਼ੈਲੀ ਅਤੇ ਸੋਚ ਨੂੰ ਨਕਾਰਾਤਮਿਕ ਢੰਗ ਨਾਲ ਤਬਦੀਲ ਕਰ ਰਿਹਾ ਹੈ। ਨੌਜਵਾਨ ਲਗਾਤਾਰ ਦਿਸ਼ਾਹੀਣ ਹੋ ਰਹੇ ਹਨ। ਸੱਤਾ ਦੇ ਲੋਭੀ ਅਤੇ ਨਿਚਲੇ ਦਰਜੇ ਦੇ ਸਵਾਰਥੀ ਸਿਆਸਤਦਾਨ ਇਹਨਾਂ ਦਿਸ਼ਾਹੀਣ ਹੋ ਰਹੇ ਗੱਭਰੂਆਂ ਨੂੰ ਕੋਈ ਨਰੋਆ ਨਿਸ਼ਾਨਾ ਦੇਣ ਦੀ ਬਜਾਇ ਉਹਨਾਂ ਦੀ ਤਾਕਤ ਦਾ ਆਪਣੇ ਸਵਾਰਥਾਂ ਲਈ ਪ੍ਰਯੋਗ ਕਰ ਰਹੇ ਹਨ।

### 108 ਦੀ ਫੋਟੋ ਫਾਈਟ




ਐਂਬੂਲੈਂਸ 108 ਨੂੰ ਪਿਛਲੇ ਦਿਨੀਂ ਪੰਜਾਬ ਵਿੱਚ ਭਾਜੜਾ ਪਈਆਂ ਰਹੀਆਂ। ਮਾਮਲਾ ਇਸ ਗੱਡੀ ਉੱਪਰ ਫੋਟੋ ਲਗਾਉਣ ਦਾ ਸੀ। ਇਸ ਐਂਬੂਲੈਂਸ ਗੱਡੀ ਉੱਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਫੋਟੋ ਲੱਗੀ ਹੋਈ ਹੈ। ਇਹ ਗੱਡੀਆਂ ਸੂਬਾਈ ਸਰਕਾਰ ਨੂੰ ਕੇਂਦਰ ਦੀ ਸਰਕਾਰ ਦੁਆਰਾ ਮੁਹੱਈਆ ਕਰਵਾਈਆਂ ਗਈਆਂ ਹਨ। ਇਹਨਾਂ ਲਈ ਤੇਲ, ਅਮਲੇ ਦਾ ਰੱਖ-ਰਖਾਵ ਅਤੇ ਹੋਰ ਖਰਚ ਵੀ ਕੇਂਦਰ ਸਰਕਾਰ ਦੁਆਰਾ ਦਿੱਤਾ ਜਾਂਦਾ ਹੈ। ਪੰਜਾਬ ਕਾਂਗਰਸ ਦੇ ਆਗੂਆਂ ਅਤੇ ਵਰਕਰਾਂ ਦਾ ਤਰਕ ਹੈ ਕਿ ਜੇਕਰ ਇਹ ਸੁਵਿਧਾ ਸਮੁੱਚੇ ਤੌਰ 'ਤੇ ਕੇਂਦਰ ਦੀ ਦੇਣ ਹੈ ਤਾਂ ਕਿਉਂ ਨਾ 108 ਐਂਬੂਲੈਂਸ ਉੱਪਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤਸਵੀਰ ਵੀ ਮੁੱਖ ਮੰਤਰੀ ਦੀ ਤਸਵੀਰ ਨਾਲ ਲਗਵਾਈ ਜਾਵੇ। ਇਸ ਤਰਕ ਉੱਪਰ ਕਾਂਗਰਸੀਆਂ ਨੇ ਥਾਂ ਪੁਰ ਥਾਂ 108 ਗੱਡੀਆਂ ਨੂੰ ਰੋਕ ਕੇ ਇਹਨਾਂ ਉੱਪਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਫੋਟੋ ਚਿਪਕਾਉਣ ਦੀ ਮੁਹਿੰਮ ਚਲਾਈ , ਜਿਸਨੂੰ ਸਰਕਾਰ ਨੇ ਸਫ਼ਲ ਨਹੀਂ ਹੋਣ ਦਿੱਤਾ। ਇੰਝ ਕਈ ਦਿਨ ਫੋਟੋ ਫਾਈਟ ਚੱਲਦੀ ਰਹੀ। ਜਿਸਦੇ ਚੱਲਦਿਆਂ ਸਾਬਕਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਆਪਣੀ ਫੋਟੋ ਲਾਉਣ ਦਾ ਦਾਅਵਾ ਵੀ ਠੋਕ ਦਿੱਤਾ। ਉਸਦੇ ਤਰਕ ਇਹ ਸੀ ਕਿ ਐਂਬੂਲੈਂਸ ਚਲਾਉਣ ਦੀ ਤਜਵੀਜ਼ ਉਸਨੇ ਆਪਣੇ ਕਾਰਜਕਾਲ ਵਿੱਚ ਤਿਆਰ ਕਰਵਾ ਕੇ ਲਾਗੂ ਕਰਵਾਈ ਸੀ। ਇਹਨਾਂ ਤਰਕਾਂ ਦੇ ਦਰਮਿਆਨ ਇੱਕ ਤਰਕ ਇਹ ਵੀ ਬਣਦਾ ਹੈ ਕਿ ਇਸ ਗੱਡੀ ਉੱਪਰ ਕਿਸੇ ਵੀ ਆਗੂ ਦੀ ਤਸਵੀਰ ਨਾ ਲਗਾਈ ਜਾਵੇ। ਇਹ ਗੱਡੀ ਆਮ ਲੋਕਾਂ ਤੋਂ ਇਕੱਤਰ ਕੀਤੇ ਟੈਕਸਾਂ ਨਾਲ ਚੱਲਦੀ ਹੈ। ਇਸ ਲਈ ਲੋਕਾਂ ਦੀ ਪ੍ਰਮੁੱਖਤਾ ਨੂੰ ਦਰਸਾਉਣ ਵਾਲੀ ਕੋਈ ਤਸਵੀਰ ਇਸ ਉੱਪਰ ਦਿਖਾਈ ਜਾਵੇ। ਉਂਝ ਇੱਕ ਤਰਕ ਇਹ ਵੀ ਉਭਰਦਾ ਹੈ, ਜੋ ਕਿ ਇੱਕ ਵੱਡੇ ਸਵਾਲ ਦੀ ਸ਼ਕਲ ਵਿੱਚ ਹੈ ਕਿ ਕਿਉਂ ਨਾ ਇਸ ਫੋਟੋ ਦਿਖਾਵੇ ਦੇ ਨਾਟਕ ਨੂੰ ਪੂਰੀ ਤਰ੍ਹਾਂ ਬੰਦ ਕਰਕੇ ਜਨਤਕ ਸਿਹਤ ਵੱਲ ਨਜ਼ਰ ਮਾਰੀ ਜਾਵੇ। ਸਰਕਾਰੀ ਪ੍ਰਬੰਧ ਅਧੀਨ ਚੱਲ ਰਹੇ ਸਿਹਤ ਕੇਂਦਰਾਂ ਦੀ ਤਸਵੀਰ ਤਿਆਰ ਕਰਕੇ ਨੁਮਾਇਸ਼ ਰੱਖੀ ਜਾਵੇ ਤੇ ਸਾਡੇ ਆਗੂਆਂ ਨੂੰ ਹਾਕ ਮਾਰ ਕੇ ਕਿਹਾ ਜਾਵੇ ਕਿ ਆਓ ਇਹਨਾਂ ਉੱਪਰ ਲਾਉਣ ਲਈ ਆਪਣੀ-ਆਪਣੀ ਤਸਵੀਰ ਲੈ ਕੇ ਆਓ, ਤਾਂ ਸ਼ਾਇਦ ਕੋਈ ਇੱਧਰ ਨੂੰ ਮੂੰਹ ਵੀ ਨਾ ਕਰੇ। ਸਰਕਾਰੀ ਪ੍ਰਬੰਧਾਂ ਅਧੀਨ ਚੱਲ ਰਹੇ ਸਿਹਤ ਕੇਂਦਰਾਂ ਵਿੱਚੋਂ ਕਿਸੇ ਇੱਕ ਅੱਧ ਨੂੰ ਛੱਡ ਕੇ ਬਾਕੀ ਸਾਰੇ ਬੁਰੀ ਹਾਲਤ ਵਿੱਚ ਹਨ। ਇਹ ਸਰਕਾਰੀ ਬੇਧਿਆਨੀ ਦੀ ਜੀਂਦੀ ਜਾਗਦੀ ਮਿਸਾਲ ਪੇਸ਼ ਕਰਦੇ ਹੋਏ ਸੰਕੇਤ ਦਿੰਦੇ ਹਨ ਕਿ ਸਿਹਤ ਸੇਵਾਵਾਂ ਸਰਕਾਰੀ ਏਜੰਡੇ ਉੱਪਰੋਂ ਚਿਰੋਕਣੀਆਂ ਗਾਇਬ ਹੋ ਗਈਆਂ ਹਨ। ਸਿਹਤ ਕੇਂਦਰਾਂ ਵਿੱਚੋਂ ਅਮਲਾ, ਇਮਾਨਦਾਰੀ ਅਤੇ ਇਲਾਜ਼ ਗਾਇਬ ਹੋ ਗਏ ਹਨ। ਸਿਹਤ ਕੇਂਦਰਾਂ ਦੀਆਂ ਇਮਾਰਤਾਂ ਲਗਾਤਾਰ ਢਹਿ ਰਹੀਆਂ ਹਨ। ਸਮਾਨ ਕਬਾੜ ਵਿੱਚ ਤਬਦੀਲ ਹੋ ਗਿਆ ਹੈ। ਲੋਕਾਂ ਨੂੰ ਇਲਾਜ ਲਈ ਨਿੱਜੀ ਹਸਪਤਾਲਾਂ ਉੱਪਰ ਨਿਰਭਰ ਰਹਿਣਾ ਪੈ ਰਿਹਾ ਹੈ। ਇਹ ਨਿੱਜੀ ਹਸਪਤਾਲ ਲੋਕਾਂ ਨੂੰ ਉਹਨਾਂ ਦੀ ਘਰ ਪੱਟਣ ਦੀ ਕੀਮਤ 'ਤੇ ਇਲਾਜ਼ ਮੁਹੱਈਆਂ ਕਰਵਾਉਂਦੇ ਹਨ। ਡਾਕਟਰਾਂ ਦੇ ਮਸ਼ਵਰੇ, ਟੈਸਟ, ਦਵਾਈਆਂ ਅਤੇ ਅਪਰੇਸ਼ਨ ਸਭ ਬੜੇ ਮਹਿੰਗੇ ਮੁੱਲ ਮਿਲਦੇ ਹਨ। ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਕਾਰਣ, ਕੁਪੋਸ਼ਣ, ਗਰੀਬੀ ਅਤੇ ਅਨਪੜ੍ਹਤਾ ਹੋਣ ਕਾਰਣ ਬਿਮਾਰੀਆਂ ਦਾ ਸਾਮਰਾਜ ਲਗਾਤਾਰ ਫੈਲ ਰਿਹਾ ਹੈ। ਬੀਮਾਰੀਆਂ ਤੋਂ ਪੀੜਿਤ ਲੋਕਾਈ ਤ੍ਰਾਹ-ਤ੍ਰਾਹ ਕਰ ਰਹੀ ਹੈ। ਪਰ ਸਿਹਤ ਸੇਵਾਵਾਂ ਵਿੱਚ ਕਿੱਧਰੇ ਕੋਈ ਸੁਧਾਰ ਨਜ਼ਰ ਨਹੀਂ ਆ ਰਿਹਾ। ਸਰਕਾਰੀ ਡਾਕਟਰ ਨਿੱਜੀ ਪ੍ਰੈਕਟਿਸ ਕਰਦੇ ਫੜੇ ਜਾਂਦੇ ਹਨ ਤਾਂ ਇਸਨੂੰ ਗੰਭੀਰ ਮਸਲੇ ਵਜੋਂ ਲੈਣ ਦੀ ਥਾਂ ਸਿਆਸੀ ਸਵਾਲ ਬਣਾ ਲਿਆ ਜਾਂਦਾ ਹੈ। ਕੁੱਲ ਮਿਲਾ ਕੇ ਸਿਹਤ ਸੇਵਾਵਾਂ ਪ੍ਰਤੀ ਸਰਕਾਰੀ ਪਹੁੰਚ ਗੈਰਜ਼ਿੰਮੇਵਾਰਾਨਾ ਹੈ। ਦੂਜੇ ਪਾਸੇ ਸਿਆਸੀ ਏਜੰਡਿਆਂ ਵਿੱਚ ਇਸਨੂੰ ਬਣਦੀ ਥਾਂ ਨਹੀਂ ਮਿਲ ਰਹੀ। ਸਿਆਸੀ ਏਜੰਡਿਆਂ ਵਿੱਚ ਇਸਦਾ ਜੋ ਜਲੂਸ ਨਿੱਕਲ ਰਿਹਾ ਹੈ ਐਂਬੂਲੈਂਸ 108 ਦੀ ਫੋਟੋ ਫਾਈਟ ਉਸਦੀ ਮੂੰਹ ਬੋਲਦੀ ਤਸਵੀਰ ਹੈ। ਲੋਕਾਂ ਨੂੰ ਇਸਦੇ ਵਿਰੋਧ ਵਿੱਚ ਅੱਗੇ ਆ ਕੇ ਲੋੜੀਂਦੀਆਂ ਸਿਹਤ ਸੇਵਾਵਾਂ ਦੇਣ ਦੀ ਅਪੀਲ ਕਰਨੀ ਚਾਹੀਦੀ ਹੈ।

### ਪਾਤਰ ਅਤੇ ਟੈਗੋਰ ਵਿਚਲਾ ਫਾਸਲਾ



ਕਬੱਡੀ ਕੱਪ ਪੰਜਾਬ ਦੇ ਸਿਆਸਤ ਪਿੜ ਦੀ ਸ਼ਾਇਦ ਸਭ ਤੋਂ ਵੱਡੀ ਗੱਪ ਹੈ। ਗੱਪ ਇਸ ਕਰਕੇ ਕਿ ਨਾ ਤਾਂ ਇਹ ਰਾਸ਼ਟਰੀ ਖੇਡ ਹੈ ਤੇ ਨਾ ਹੀ ਅੰਤਰਾਸ਼ਟਰੀ। ਫਿਰ ਵੀ ਸਿਆਸੀ ਡਰਾਮਾ ਰਚਣ ਲਈ ਇਸ ਖੇਡ ਦਾ ਇੱਕ ਵੱਡਾ ਸਮਾਰੋਹ ਭਾਰੀ ਖਰਚ ਕਰਕੇ ਕਰਵਾਇਆ ਜਾਂਦਾ ਹੈ। ਜਿਵੇਂ-ਕਿਵੇਂ ਕਰਕੇ ਦੁਨੀਆ ਦੇ ਕਈ ਦੇਸ਼ਾਂ ਦੇ ਨਾਂ 'ਤੇ ਇਸ ਸਮਾਰੋਹ ਵਿੱਚ ਟੀਮਾਂ ਦੀ ਸ਼ਮੂਲੀਅਤ ਕਰਵਾਈ ਜਾਂਦੀ ਹੈ। ਇਸ ਸਮਾਰੋਹ ਦਾ ਲਾਭਅੰਸ਼ ਕਈ ਲੋਕਾਂ ਵਿੱਚ ਵੰਡਿਆ ਜਾਂਦਾ ਹੈ। ਫਿਲਮੀ ਸਿਤਾਰਿਆਂ ਨੂੰ ਵੱਡੀ ਅਦਾਇਗੀ ਦੇ ਕੇ ਬੁਲਾਇਆ ਜਾਂਦਾ ਹੈ। ਕੈਟਰੀਨਾ ਕੈਫ਼ ਵਰਗੀਆਂ ਆਪਣੇ ਜਲਵੇ ਬਿਖੇਰਦੀਆਂ ਹਨ। ਸਾਡੇ ਸੂਬੇ ਵਿੱਚ ਸਾਡੀਆਂ ਧੀਆਂ-ਭੈਣਾਂ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ ਅਤੇ ਦੂਜੇ ਪਾਸੇ ਹਾਕਮਾਂ ਦੇ ਚੋਜ਼ ਵੇਖ ਲਵੋ ਕਿ ਫਿਲਮੀ ਗਲੈਮਰ ਜਰੀਏ ਹੁੱਲੜਬਾਜ਼ਾਂ ਨੂੰ ਚਮੁਲਾਇਆ ਜਾਂਦਾ ਹੈ। ਪੰਜਾਬੀਆਂ ਦੀ ਦੁਰਦਸ਼ਾ ਨੂੰ ਅਤੇ ਬੀਤੇ ਦਿਨੀਂ ਵਾਪਰੀਆਂ ਸ਼ਰੁਤੀ, ਰੋਬਿਨਜੀਤ ਧੱਕੇਸ਼ਾਹੀ ਘਟਨਾਵਾਂ ਨੂੰ ਜੇਕਰ ਰਬਿੰਦਰ ਨਾਥ ਟੈਗੋਰ ਨੇ ਦੇਖਿਆ ਹੁੰਦਾ ਤਾਂ ਨਿਸ਼ਚਿਤ ਤੌਰ 'ਤੇ ਉਹਨਾਂ ਦੀ ਆਤਮਾ ਝੰਜੋੜੀ ਜਾਂਦੀ। ਉਹ ਜਰੂਰ ਕਬੱਡੀ ਕੱਪ ਦੇ ਪਖੰਡ ਬਾਰੇ ਆਪਣੀ ਪ੍ਰਤੀਕਿਰਿਆ ਦਾ ਇਜ਼ਹਾਰ ਕਰਦੇ। ਪਰ ਸਾਡੇ ਮਹਾਂਕਵੀ ਤਾਂ ਚੁਫੇਰੇ ਵਾਪਰ ਰਿਹਾ ਸਭ ਕੁੱਝ ਦਰਕਿਨਾਰ ਕਰਕੇ ਹਾਕਮਾਂ ਦੀ ਕਤਾਰ ਵਿੱਚ ਵੀ ਸ਼ਾਮਲ ਹੋਏ ਤੇ ਉਹਨਾਂ ਕੈਟਰੀਨਾ ਕੈਫ਼ ਵਾਲੇ ਮੰਚ ਤੋਂ ਇੱਕ ਪੇਸ਼ਕਾਰੀ ਵੀ ਦਿੱਤੀ। ਮੰਨਿਆ ਜਾ ਸਕਦਾ ਹੈ ਕਿ ਇਹ ਕੋਈ ਭੜਕੀਲੀ ਪੇਸ਼ਕਾਰੀ ਨਹੀਂ ਸੀ ਸਗੋਂ ਦੋਵੇਂ ਚੜਦੇ ਤੇ ਲਹਿੰਦੇ ਪੰਜਾਬਾਂ ਦੀ ਸਾਂਝ ਨੂੰ ਦਰਸਾਉਣ ਅਤੇ ਮਜ਼ਬੂਤ ਕਰਨ ਦੇ ਵਿਸ਼ੇ ਨੂੰ ਪ੍ਰਗਟਾਉਣ ਵਾਲੀ ਪੇਸ਼ਕਾਰੀ ਸੀ। ਪਰ ਜਦੋਂ ਇਸ ਤਰ੍ਹਾਂ ਮੁੜ-ਮੁੜ ਦੁਹਰਾਏ ਜਾ ਰਹੇ ਸੁਨੇਹੇ ਨੂੰ ਭਾਰਤੀ ਅਤੇ ਪਾਕਿਸਤਾਨੀ ਖਿੱਤੇ ਵਿਚਲੀ ਸਿਆਸਤ ਲਗਾਤਾਰ ਬੇਅਸਰ ਕਰਦੀ ਆ ਰਹੀ ਹੋਵੇ ਤਾਂ ਪਾਤਰ ਸਾਹਿਬ ਦੀ ਪੇਸ਼ਕਾਰੀ ਦੀ ਕਿਸੇ ਵੱਡੇ ਉਦੇਸ਼ ਵਜੋਂ ਕੋਈ ਸਾਰਥਿਕਤਾ ਨਹੀਂ ਰਹਿ ਜਾਂਦੀ, ਇਸ ਤਰ੍ਹਾਂ ਦੀ ਪੇਸ਼ਕਾਰੀ ਕੇਵਲ ਪੇਸ਼ਕਾਰੀ ਹੀ ਹੋ ਕੇ ਰਹਿ ਜਾਂਦੀ ਹੈ। ਜਿਵੇਂ ਕਲਾ, ਕਲਾ ਲਈ ਦਾ ਸਿਧਾਂਤ ਕਹਿੰਦਾ ਹੈ ਅਤੇ ਅਸੀਂ ਜਾਣਦੇ ਹਾਂ ਕਿ ਕਲਾ, ਕਲਾ ਲਈ ਦਾ ਸਿਧਾਂਤ ਹਾਕਮਾਂ ਦਾ ਪੱਖ ਪੂਰਨ ਵਾਲਾ ਹੈ।

ਸੁਰਜੀਤ ਪਾਤਰ ਦੀ ਅੱਜ ਸਾਹਿਤਕ ਸੰਸਾਰ ਅੰਦਰ ਵੱਡੀ ਚੜ੍ਹਤ ਹੈ। ਵਿਸ਼ਵ ਭਰ ਵਿੱਚ ਉਹਨਾਂ ਨੂੰ ਸੁਣਨ ਦੇ ਚਾਹਵਾਨ ਫੈਲੇ ਹੋਏ ਹਨ। ਇਨਾਮਾਂ ਸਨਮਾਨਾਂ ਦੀ ਉਹਨਾਂ ਉੱਪਰ ਲੜੀ ਲੱਗੀ ਹੋਈ ਹੈ। ਇਸ ਪ੍ਰਤੀ ਉਹ ਸੁਚੇਤ ਵੀ ਬੜੇ ਹਨ। ਹਰ ਵੱਡਾ ਇਨਾਮ ਹਾਸਲ ਕਰਕੇ ਉਹ ਇਹ ਦਰਸਾਉਂਦੇ ਹਨ ਇਹ ਇਨਾਮ ਉਹਨਾਂ ਲਈ ਕੋਈ ਵੱਡੀ ਅਹਿਮੀਅਤ ਨਹੀਂ ਸੀ ਰੱਖਦਾ। ਵੱਡੀ ਅਹਿਮੀਅਤ ਲਈ ਇਹ ਅਕਸਰ ਆਪਣੀ ਮਾਂ ਦਾ ਹਵਾਲਾ ਦੇਣ ਲੱਗਦੇ ਹਨ। ਹੋ ਸਕਦਾ ਹੈ ਸੁਰਜੀਤ ਪਾਤਰ ਇੰਝ ਹੀ ਸੋਚਦੇ ਹੋਣ ਪਰ ਉਹਨਾਂ ਦੀ ਇਹ ਸੋਚ ਅਕਸਰ ਦੁਬਿਧਾ ਦੀ ਦਲਦਲ ਵਿੱਚ ਫਸ ਕੇ ਰਹਿ ਜਾਂਦੀ ਹੈ। ਉਸਦੀ ਸ਼ਾਇਰੀ ਅੰਦਰਲਾ ਦਵੰਧ ਉਹਨਾਂ ਦੀ ਵਿਅਕਤੀਗਤ ਜ਼ਿੰਦਗੀ ਵਿੱਚ ਛੋਟਾ ਹੋ ਕੇ ਦੁਬਿਧਾ ਬਣ ਜਾਂਦਾ ਹੈ। ਦੁਬਿਧਾ ਵਿੱਚ ਜਦੋਂ ਪਾਤਰ ਨਿਕਲਣ ਲੱਗਦੇ ਹਨ ਤਾਂ ਉਹਨਾਂ ਦੀ ਦਿਸ਼ਾ ਸੱਤਾ ਦੇ ਗਲਿਆਰਿਆਂ ਵੱਲ ਹੁੰਦੀ ਹੈ। ਸ਼ਾਇਦ ਇਹ ਦਿਸ਼ਾ ਹੀ ਪਾਤਰ ਅਤੇ ਟੈਗੋਰ ਵਿਚਲਾ ਫਾਸਲਾ ਹੈ। ਇਹੋ ਸੁਰਜੀਤ ਪਾਤਰ ਦੇ ਵਿਅਕਤੀਤਵ ਦਾ ਸੰਕਟ ਹੈ। ਪ੍ਰੰਤੂ ਇਹ ਸੁਰਜੀਤ ਪਾਤਰ ਦੀ ਸ਼ਾਇਰੀ ਦਾ ਸੰਕਟ ਕਦੇ ਨਹੀਂ ਰਿਹਾ। ਸੁਰਜੀਤ ਪਾਤਰ ਸਰਕਾਰੀ ਮੰਚਾਂ ਨੂੰ ਸ਼ਾਇਦ ਵਧੇਰੇ ਸੁਰੱਖਿਅਤ ਅਤੇ ਅਸਰਦਾਇਕ ਖ਼ਿਆਲ ਕਰਦੇ ਹਨ। ਪਰ ਇਹਨਾਂ ਮੰਚਾਂ 'ਤੇ ਆ ਕੇ ਉਹ ਸਥਾਪਤੀ ਦਾ ਹਿੱਸਾ ਹੋਣ ਦਾ ਪ੍ਰਭਾਵ ਦੇਣ ਲੱਗਦੇ ਹਨ ਅਤੇ ਉਹਨਾਂ ਦੀ ਸ਼ਾਇਰੀ ਵਿਚਲੀ ਪ੍ਰਤੀਰੋਧ ਦੀ ਗੂੰਜ ਮੱਧਮ ਪੈ ਜਾਂਦੀ ਹੈ। ਸੁਰਜੀਤ ਪਾਤਰ ਦਾ ਸਾਹਿਤ ਸੱਭਿਆਚਾਰ ਵਿੱਚ ਇਹ ਵਰਤਾਰਾ ਲੰਮੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਅਸੀਂ ਆਖ ਸਕਦੇ ਹਾਂ ਕਿ ਹੁਣੇ-ਹੁਣੇ ਹੋ ਕੇ ਹਟੇ ਕਬੱਡੀ ਕੱਪ ਤੱਕ ਇਹ ਲਗਾਤਾਰ ਬਣਿਆ ਰਿਹਾ ਹੈ। ਸੱਤਾ ਦਾ ਸਿਤਮ ਕਦੇ ਟੈਗੋਰ ਵਾਂਗ ਪਾਤਰ ਦੀ ਆਤਮਾ ਵਿੱਚ ਵੀ ਖ਼ਲਲ ਪੈਦਾ ਕਰੇਗਾ ਅਜਿਹਾ ਕੋਈ ਸੰਕੇਤ ਫ਼ਿਲਹਾਲ ਤਾਂ ਦਿਖਾਈ ਨਹੀਂ ਦਿੰਦਾ।

### ਭਾਸ਼ਾ ਦਾ ਸਵਾਲ

ਪੰਜਾਬ ਵਿੱਚ ਇੱਕ ਵਾਰ ਫਿਰ ਭਾਸ਼ਾ ਦਾ ਸਵਾਲ ਉੱਠ ਖੜਾ ਹੋਇਆ ਹੈ। ਇਹ ਗੱਲ ਵੱਖਰੀ ਹੈ ਕਿ ਹੁਣ ਇਸ ਸਵਾਲ ਦਾ ਸਰੂਪ ਵੱਖਰਾ ਹੈ। ਹੁਣ ਸਵਾਲ ਪੰਜਾਬ ਵਿਧਾਨ ਸਭਾ ਵਿੱਚ ਭਾਸ਼ਾ ਦੇ ਪ੍ਰਯੋਗ ਦਾ ਹੈ। ਪੜ੍ਹੇ ਲਿਖੇ ਲੋਕਾਂ ਨੂੰ ਅਕਸਰ ਕਿਸੇ ਵੀ ਕਿਸਮ ਦੇ ਮਸਲੇ ਉੱਪਰ ਬੜੀ ਸੱਭਿਅਕ ਭਾਸ਼ਾ ਵਿੱਚ ਗੱਲਾਂ ਕਰਦੇ ਜਾਂ ਵਿਚਾਰ-ਵਟਾਂਦਰਾ ਕਰਦਿਆਂ ਵੇਖਿਆ ਜਾਂਦਾ ਹੈ। ਗੱਲਬਾਤ ਦੇ ਇਸ ਤਰੀਕੇ ਜਾਂ ਸਲੀਕੇ ਨੂੰ ਸਲਾਹਿਆ ਜਾਂਦਾ ਹੈ ਤੇ ਗੱਲਬਾਤ ਦੀ ਇਸ ਭਾਸ਼ਾ ਨੂੰ ਪਾਰਲੀਮਾਨੀ ਭਾਸ਼ਾ ਦਾ ਦਰਜਾ ਦਿੱਤਾ ਜਾਂਦਾ ਹੈ। ਜਦੋਂ ਕੋਈ ਭਾਸ਼ਾ ਦਾ ਸਹੀ ਪ੍ਰਯੋਗ ਨਾ ਕਰ ਰਿਹਾ ਹੋਵੇ, ਭੱਦੀ ਅਤੇ ਅਸੱਭਿਅਕ ਭਾਸ਼ਾ ਵਿੱਚ ਗੱਲ ਕਰ ਰਿਹਾ ਹੋਵੇ ਤਾਂ ਉਸਨੂੰ ਟੋਕ ਪਾਰਲੀਮਾਨੀ ਭਾਸ਼ਾ ਵਿੱਚ ਗੱਲ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਜ਼ਾਹਿਰ ਹੈ ਕਿ ਪਾਰਲੀਮਾਨੀ ਭਾਸ਼ਾ ਸੱਭਿਅਕ, ਸਲੀਕੇਦਾਰ ਤੇ ਮਿਆਰੀ ਭਾਸ਼ਾ ਹੈ। ਇਸਦਾ ਮੂਲ ਸ੍ਰੋਤ ਪਾਰਲੀਮੈਂਟਰੀ ਸੰਸਥਾਵਾਂ ਹਨ। ਭਾਵ ਪਾਰਲੀਮਾਨੀ ਭਾਸ਼ਾ ਦਾ ਸਿੱਧਾ ਜਿਹਾ ਅਰਥ ਇਹ ਬਣਦਾ ਹੈ ਕਿ ਪਾਰਲੀਮੈਂਟ ਜਾਂ ਸੂਬਾਈ ਵਿਧਾਨ ਸਭਾਵਾਂ ਦੇ ਕਾਰ ਵਿਹਾਰ ਤੇ ਬਹਿਸ-ਮੁਬਾਹਸੇ ਵਿੱਚ ਵਰਤੀ ਜਾਣ ਵਾਲੀ ਭਾਸ਼ਾ। ਪਾਰਲੀਮੈਂਟ ਜਾਂ ਸੂਬਾਈ ਵਿਧਾਨ ਸਭਾਵਾਂ ਵਿੱਚ ਭਾਸ਼ਾ ਦੇ ਪ੍ਰਯੋਗ ਦੀ ਸਥਿਤੀ ਬਹੁਤ ਬਦਲੀ ਹੋਈ ਹੈ। ਅੱਜ ਜੇਕਰ ਕਿਸੇ ਨੂੰ ਪਾਰਲੀਮਾਨੀ ਭਾਸ਼ਾ ਵਿੱਚ ਗੱਲ ਕਰਨ ਦੀ ਸਲਾਹ ਦਿੱਤੀ ਜਾਵੇ ਤਾਂ (ਬਦਲੀ ਹੋਈ ਸਥਿਤੀ ਅਨੁਸਾਰ) ਹੋ ਸਕਦਾ ਹੈ ਕਿ ਉਹ ਕੁਰਸੀਆਂ ਚੁੱਕ-ਚੁੱਕ ਕੇ ਸੁੱਟਣੀਆਂ ਸ਼ੁਰੂ ਕਰ ਦੇਵੇ। ਚੀਕਾਂ ਮਾਰਨ ਲੱਗ ਜਾਵੇ ਜਾਂ ਫਿਰ ਨੰਗੀਆਂ ਚਿੱਟੀਆਂ ਗਾਲ੍ਹਾਂ ਕੱਢਣ ਲੱਗ ਜਾਵੇ। ਹਾਂ, ਉਸਦੇ ਅਜਿਹਾ ਕਰਨ ਦੀ ਕਾਫ਼ੀ ਸੰਭਾਵਨਾ ਹੈ ਕਿਉਂਕਿ ਹੁਣੇ-ਹੁਣੇ ਸਮਾਪਤ ਹੋਏ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਉਸਨੇ ਵਿਧਾਇਕਾਂ ਨੂੰ ਅਜਿਹੀ ਹੀ ਭਾਸ਼ਾ ਦਾ ਪ੍ਰਯੋਗ ਕਰਦਿਆਂ ਸੁਣਿਆ ਹੈ। ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸਮਾਗਮ ਵਿੱਚ ਪੰਜਾਬ ਅੰਦਰ ਪੈਦਾ ਹੋਈ ਲਾਕਾਨੂੰਨੀ ਦੀ ਸਥਿਤੀ ਬਾਰੇ ਬਹਿਸ ਦਾ ਪ੍ਰਸਤਾਵ ਸੀ। ਇਸ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਮੁੱਦੇ 'ਤੇ ਬਹਿਸ ਸ਼ੁਰੂ ਹੁੰਦਿਆਂ ਸਾਰ ਹੀ ਇੱਕ ਬਹੁ ਚਰਚਿਤ ਵਜ਼ੀਰ ਦੀਆਂ ਗਾਲ੍ਹਾਂ ਦੀ ਭੇਂਟ ਚੜ ਗਈ। ਬਹਿਸ ਦਾ ਰੁਖ਼ ਹੀ ਬਦਲ ਗਿਆ। ਮੀਡੀਆ ਅੰਦਰ ਬਹਿਸ ਦਾ ਕੇਂਦਰ ਪੰਜਾਬ ਵਿਧਾਨ ਸਭਾ ਅੰਦਰਲੀ ਲਾਕਾਨੂੰਨੀ ਬਣ ਗਿਆ। ਪੰਜਾਬ ਵਿਧਾਨ ਸਭਾ ਅੰਦਰਲੀ ਗਾਲ੍ਹੀ ਗਲੋਚ ਦਾ ਦੋ ਤਰਫ਼ਾ ਬੁਰਾ ਪ੍ਰਭਾਵ ਪਿਆ। ਇੱਕ ਤਾਂ ਲੋਕ ਮਸਲਾ ਬਹਿਸ ਤੋਂ ਵਾਂਝਾ ਰਹਿ ਗਿਆ। ਦੂਜਾ ਇਸਨੇ ਪਾਰਲੀਮਾਨੀ ਭਾਸ਼ਾ ਦਾ ਨਵਾਂ ਮਾਡਲ ਸਾਹਮਣੇ ਲੈ ਆਉਂਦਾ। ਜਿਸਦਾ ਅਕਾਲੀਆਂ ਅਤੇ ਭਾਜਪਾ ਮੈਂਬਰਾਂ ਵੱਲੋਂ ਕੋਈ ਵਿਰੋਧ ਨਹੀਂ ਕੀਤਾ ਗਿਆ। ਦਿਲਚਸਪ ਗੱਲ ਹੈ ਕਿ ਅਕਾਲੀ ਨੇਤਾ ਡਾ. ਦਲਜੀਤ ਸਿੰਘ ਚੀਮਾ ਨੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਸੁਨੀਲ ਜਾਖੜ ਨੂੰ ਅੰਗਰੇਜ਼ੀ ਬੋਲਣ ਵਿਰੁੱਧ ਤਾਂ ਤਾੜਨਾ ਦੇ ਦਿੱਤੀ ਪਰ ਬਿਕਰਮਜੀਤ ਸਿੰਘ ਮਜੀਠੀਆ ਨੂੰ ਗਾਲ੍ਹਾਂ ਕੱਢਣ ਤੋਂ ਬਿਲਕੁੱਲ ਨਹੀਂ ਰੋਕਿਆ। ਕੀ ਸਾਡੇ ਵਿਧਾਇਕਾਂ




ਨੇ ਇਸ ਨਵੇਂ ਭਾਸ਼ਾਈ ਮਾਡਲ ਨੂੰ ਮਾਨਤਾ ਦੇ ਦਿੱਤੀ ਹੈ। ਜੇਕਰ ਇਸ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਭਾਰਤੀ ਲੋਕਤੰਤਰ ਦੀ ਇਸ ਤੋਂ ਵੱਡੀ ਬਦਕਿਸਮਤੀ ਹੋਰ ਕੋਈ ਨਹੀਂ ਹੋ ਸਕਦੀ। ਦਰਅਸਲ ਲੋਕਤੰਤਰ ਭਲਮਾਣਸੀ ਦਾ ਤੰਤਰ ਹੈ ਤੇ ਇਸ ਤੋਂ ਸਮਾਜ ਵਿੱਚ ਸਭ ਮਸਲੇ ਭਲਮਾਣਸੀ ਨਾਲ ਹੱਲ ਕਰਨ ਲਈ ਅਗਵਾਈ ਮਿਲਦੀ ਹੈ। ਸਮਾਜ ਅੰਦਰ ਨਰੋਈਆਂ ਕਦਰਾਂ-ਕੀਮਤਾਂ ਲਈ ਥਾਂ ਬਣਦੀ ਹੈ। ਜੇਕਰ ਇਸ ਭਲਮਾਣਸੀ ਨੂੰ ਬਦਮਾਸ਼ੀ ਨਾਲ ਤਬਦੀਲ ਕਰ ਦਿੱਤਾ ਜਾਵੇ ਤਾਂ ਸਮਾਜ ਦੀ ਤਸਵੀਰ ਵੀ ਇਸੇ ਨਾਲ ਬਦਲਦੀ ਹੈ। ਸਮਾਜ ਆਪਣੇ ਕਥਿਤ ਰਹਿਬਰਾਂ ਤੋਂ ਕੀ ਸਿੱਖ ਸਕਦਾ ਹੈ। ਉਹ ਇਹਨਾਂ ਨੂੰ ਵੇਖ-ਵੇਖ ਵਿਗੜਦਾ ਤੇ ਨਿਘਰਦਾ ਹੈ। ਸੱਚ ਤਾਂ ਇਹ ਹੈ ਕਿ ਜੇਕਰ ਬਦਮਾਸ਼ੀ ਨੂੰ ਸ਼ਹਿ ਮਿਲ ਰਹੀ ਹੈ ਤਾਂ ਇਹ ਸਭ ਕੁੱਝ ਵਿਧਾਨ ਸਭਾ ਵਿੱਚ ਖੁੱਲ੍ਹਮ-ਖੁੱਲ੍ਹਾ ਗਾਲ੍ਹਾਂ ਦਾ ਪ੍ਰਯੋਗ ਕਰਨ ਵਾਲੇ ਵਿਧਾਇਕਾਂ ਦੀ ਮਿਹਰਬਾਨੀ ਹੈ। ਭਾਸ਼ਾ ਦਾ ਭੱਦਾ ਪ੍ਰਯੋਗ ਕਰਨ ਵਾਲਿਆਂ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਉਹ ਘੱਟ ਹੈ, ਕਿਉਂਕਿ ਉਹ ਇੱਕ ਅਜਿਹੀ ਭਾਸ਼ਾ ਦਾ ਮੁਹਾਵਰਾ ਵਿਗਾੜ ਰਹੇ ਹਨ ਜਿਸਨੂੰ ਗੁਰੂਆਂ, ਪੀਰਾਂ ਅਤੇ ਸੂਫ਼ੀ ਫ਼ਕੀਰਾਂ ਨੇ ਆਪਣੀਆਂ ਪਵਿੱਤਰ ਛੋਹਾਂ ਬਖ਼ਸ਼ੀਆਂ ਹਨ।

### ਛੇਕੜਲੀ ਗੱਲ

ਇਨ੍ਹੀਂ ਦਿਨੀਂ 'ਮਹੌਲ' ਦਾ 'ਮਖੌਲ' ਬਣਿਆ ਹੋਇਆ ਹੈ। ਮੁਨਾਦੀ ਕਰਨ ਵਾਲਾ ਇੱਕ ਸਮਾਰੋਹ ਦੀ ਮੁਨਾਦੀ ਕੁੱਝ ਇਸ ਤਰ੍ਹਾਂ ਕਰ ਰਿਹਾ ਸੀ, "......ਹੁੰਮ ਹੁੰਮਾ ਕੇ ਜਾਗਰਣ ਵਿੱਚ ਸ਼ਾਮਲ ਹੋਵੋ.......ਅਕਾਲੀ ਆਗੂ ਫਲਾਣਾ ਸਿੰਘ ਫਲਾਣਾ ਪਹੁੰਚ ਰਹੇ ਹਨ.........ਭਾਜਪਾ ਐਮ ਐਲ ਏ ਫਲਾਣਾ ਰਾਮ ਫਲਾਣਾ.......ਸ਼ਾਨ ਵਧਾਉਣਗੇ.......ਮੰਡਲੀਆਂ ਨਿਹਾਲ ਕਰਨਗੀਆਂ.........ਪੰਡਾਲ ਵਿੱਚ ਧੀਆਂ ਭੈਣਾਂ ਦੀ ਇੱਜਤ ਦੀ ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਹੈ.......।"

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7′ x 12′ ONLY 00.50 ¢/SQ FT
CARPET REM OVER 7′ x 12′ ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8″ 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5″ x 13.5″ 1.29/SF (8870 IN STOCK) 2 COLORS TO CHOOSE
PORCELEIN TILE 13″ x 13″ 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday

ROCKY'S PIZZA
PACKS A LOT OF PUNCH!!
780 423 2323

# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



# ALL INDIA
RESTAURANT & SWEETS

780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**







What we Offer

Home / Auto Insurance
RV Insurance
Travel Insurance
Emergency Road Services
Auto Mobile Warranty Services
Commercial Insurance
D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Services In English, Punjabi, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਰਮਨ ਗਿੱਲ, ਰਾਜਬੀਰ ਸਿੰਘ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

**ADVANCED Roofing Systems Ltd.**

RESIDENTIAL COMMERCIAL

Residential/Commercial Insurance Claims • Asphalt & Specialty Shingles • Siding, Soffits,Fascia • 2 Ply Membranes (SBS) • Cedar Shakes New & Re-Roof Specialists • Condominums Welcome • Steep Roofs Welcome Licaenced & Insured • Pine Shake Replacement • Roof Top Snow removel • FREE Estimates




Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



**Gurkeerat Holding Ltd.**



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873



**G DRIVING SCHOOL LTD.**

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu




Male & Female Instructors are available | VEHICLE PROVIDE FOR ROAD TEST | Free Pickup & Drop Off in Edmonton & Area

9866-41 Ave. Edmonton AB T6E 5L6

Ph. : Off 780-229-1332, Cell : 780-907-0332, Fax : 780-229-0593

E-mail : info@gdrivingshool.com, www.gdrivingschool.com



**PIZZA 99**

Serving for over 16 years

Call (780) 450-9900



ਪਰਮਜੀਤ ਸਿੰਘ ਬਾਠ



ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

www.pizza99.com

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE 1543 Millwoods Road East, Edmonton AB.



**Sidhu Stucco Ltd.**

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।



Stucco is a versatile, beautiful, durable and fire resistant cladding.

All kind of Stucco
Acrylic & Rain Screen

Harinder Dhaliwal (780) 297-9165



EconoLodge BY CHOICE HOTELS

**Red Deer Econo Lodge Inn & Suites**

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3



**$299,900**

Incl. Home, lot & net GST

ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE

No Down Payment, No Problem

Call Rennie @ 780-966-1688

rennie1688@gmail.com



"Wishing you and your family a very Happy New Year and a year filled with success, good health and prosperity!"

— Gene

MLA, Edmonton Mill Creek
Speaker, Alberta Legislative Assembly
Phone: 780 466-3737

"working with you and for you"

ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ




## Nawi Dunia

ਨਵੀਂ ਦੁਨੀਆ ਵੱਲੋਂ ਆਪਣੇ ਪਾਠਕਾਂ, ਸੁਭਚਿੰਤਕਾਂ, ਵਪਾਰਿਕ ਸਹਿਯੋਗੀਆਂ ਨੂੰ ਨਵੇਂ ਸਾਲ 2013
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਅਤੇ ਲੋਹੜੀ ਦੀਆਂ ਸਭ ਨੂੰ ਵਧਾਈਆਂ ਸ਼ੁਭ ਇੱਛਾਵਾਂ

**Phone : 780 465 9118, 403 830 7007, 204 218 6284 : Fax: 780 465 0661, e-mail: info@nawidunia.com**

NDP NPD

# Edmonton East NDP
&
# Linda Duncan, MP
*(Edmonton-Strathcona)*
invite you to join us on
Tuesday, January 22, 7pm
Northgate Lions Seniors' Centre
7524 139 Ave



## Jinny Sims, MP
NDP Official Opposition Critic for Citizenship, Immigration and Multiculturalism

# A **Progressive** Vision for Canadian **Immigration**
A town hall discussion on Canadian immigration policy

For more information: edmonton.east.ndp@gmail.com
OR visit www.lindaduncanmp.ca/events

# ਸਤਿਗੁਰੂ ਜਗਜੀਤ ਸਿੰਘ ਦੀਆਂ ਸਿੱਖਿਆਵਾਂ ਤੋਂ ਸੰਗਤਾਂ ਸੇਧ ਲੈਣ



ਪੰਡਿਤ ਜਵਾਹਰ ਲਾਲ ਨਹਿਰੂ, ਮਾਸਟਰ ਤਾਰਾ ਸਿੰਘ, ਡਾ. ਸੈਫੂਦੀਨ ਕਿਚਲੂ ਅਤੇ ਮੌਲਾਨਾ ਹਬੀਬੁੱਲਾ ਸ੍ਰੀ ਭੈਣੀ ਸਾਹਿਬ ਵਿਖੇ ਇਕ ਧਰਮ ਨਿਰਪੱਖ ਇਕੱਠ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ।



ਸਤਿਗੁਰੂ ਜਗਜੀਤ ਸਿੰਘ ਸਤਿਗੁਰੂ ਪ੍ਰਤਾਪ ਸਿੰਘ

ਸਤਿਗੁਰੂ ਜਗਜੀਤ ਸਿੰਘ ਨਾਮਧਾਰੀ ਕੂਕਾ ਸੰਪਰਦਾਇ ਦੇ ਚੌਥੇ ਮੁਖੀ ਸਨ, ਜਿਨ੍ਹਾਂ ਦਾ ਜਨਮ 20 ਨਵੰਬਰ 1920 ਨੂੰ ਭੈਣੀ ਸਾਹਿਬ ਜਿਲ੍ਹਾ ਲੁਧਿਆਣਾ ਸਤਿਗੁਰੂ ਪ੍ਰਤਾਪ ਸਿੰਘ ਦੇ ਘਰ ਬੀਬੀ ਭੁਪਿੰਦਰ ਕੌਰ ਜੀ ਦੀ ਕੁੱਖੋਂ ਹੋਇਆ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਭਜਨ-ਬੰਦਗੀ ਅਤੇ ਲੋਕ ਹਿੱਤ ਵਾਲੇ ਕਾਰਜਾਂ ਦੇ ਲੇਖੇ ਲਾ ਦਿੱਤੀ। ਸੰਪਰਦਾਇ ਦੀ ਅਗਵਾਈ ਕਰਦਿਆਂ ਲੰਘੀ 5 ਦਸੰਬਰ ਨੂੰ ਉਹ ਪ੍ਰਲੋਕ ਗਮਨ ਕਰ ਗਏ। ਉਹਨਾਂ ਦੇ ਦੇਹਾਂਤ ਨਾਲ ਦੇਸ਼-ਪ੍ਰਦੇਸ਼ ਵਿੱਚ ਜਿੱਥੇ ਵੀ ਨਾਮਧਾਰੀ ਸੰਗਤ ਵਸਦੀ ਹੈ ਸੋਗ ਦੀ ਲਹਿਰ ਫੈਲ ਗਈ।

ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ ਸਾਮਰਾਜ ਤੋਂ ਮੁਕਤੀ ਦੇ ਸੰਘਰਸ਼ ਵਿੱਚ ਨਾਮਧਾਰੀ ਕੂਕਾ ਲਹਿਰ ਦੀ ਅਹਿਮ ਭੂਮਿਕਾ ਹੈ। ਬਾਬਾ ਰਾਮ ਸਿੰਘ ਦੀ ਅਗਵਾਈ ਹੇਠ ਮਲੇਰਕੋਟਲਾ, ਲੁਧਿਆਣਾ, ਅੰਮ੍ਰਿਤਸਰ 90 ਕੂਕਿਆਂ ਨੇ ਜਾਨਾਂ ਵਾਰੀਆਂ। ਉਹਨਾਂ ਬਾਰੇ ਜੇ ਡਬਲਯੂ ਮੈਕਨੈਬ ਅੰਬਾਲਾ ਡਵੀਜ਼ਨ ਲਿਖਦਾ ਹੈ ਕਿ ਗੁਰੂ ਰਾਮ ਸਿੰਘ ਭਾਵੇਂ ਗੁਰੂ ਨਾਨਕ ਦੇ ਧਾਰਮਿਕ ਪ੍ਰਚਾਰ ਦਾ ਆਗੂ ਲੱਗਦਾ ਹੈ ਪਰ ਅਸਲ ਵਿੱਚ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਦਾ ਰੂਪ ਧਾਰਨ ਕਰ ਲਿਆ ਹੈ। ਉਹ ਕੂਕਾ ਲਹਿਰ ਬਾਰੇ ਲਿਖਦਾ ਹੈ ਕਿ ਇਹ ਸਦਾਚਾਰਕ ਜਾਂ ਧਾਰਮਿਕ ਉਥਾਨ ਦੀ ਲਹਿਰ ਨਹੀਂ ਸਗੋਂ ਅੰਗਰੇਜ਼ ਰਾਜ ਦਾ ਭੋਗ ਪਾ ਦੇਣ ਵਾਲੀ ਰਾਜਨੀਤਿਕ ਲਹਿਰ ਹੈ, ਮੈਂ ਇਸ ਲਹਿਰ ਦਾ ਬਿਨਾ ਕਿਸੇ ਕਾਨੂੰਨੀ ਪ੍ਰਕਿਰਿਆ ਦੇ ਛੇਤੀ ਤੋਂ ਛੇਤੀ ਭੋਗ ਪਾ ਦੇਣਾ ਚਾਹੁੰਦਾ ਹਾਂ। ਇਸ ਤਰ੍ਹਾਂ ਰਾਮ ਸਿੰਘ ਤੋਂ ਬਾਅਦ ਅਗਲੇਰੇ ਮੁਖੀ ਵੀ ਇਸੇ ਰਸਤੇ 'ਤੇ ਚੱਲੇ।

ਸਤਿਗੁਰੂ ਜਗਜੀਤ ਸਿੰਘ ਨੇ ਚਾਰ ਸਾਲ ਦੀ ਉਮਰ ਵਿੱਚ ਗੁਰਮੁਖੀ ਅੱਖਰਾਂ ਵਿੱਚ ਮੁਢਲਾ ਗਿਆਨ ਅਤੇ ਸੰਗੀਤ ਵਿੱਦਿਆ ਹਰਨਾਮ ਸਿੰਘ ਚਵਿੰਡਾ ਪਾਸੋਂ ਪ੍ਰਾਪਤ ਕੀਤੀ। ਆਪ ਜੀ ਨੇ ਕਾਫ਼ੀ ਗਿਆਨ ਗੁਰਮਤ ਵਿਦਿਆਲਾ ਭੈਣੀ ਸਾਹਿਬ ਤੋਂ ਲਿਆ।

ਜਵਾਨੀ ਵਿੱਚ ਸਤਿਗੁਰੂ ਜੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਪਏ। ਦੇਸ਼ ਨੂੰ ਆਜ਼ਾਦ ਕਰਾਉਣ ਵਾਲੀਆਂ ਮੀਟਿੰਗਾਂ, ਕਾਨਫ਼ਰੰਸਾਂ ਅਤੇ ਜਲਸਿਆਂ ਵਿੱਚ ਸ਼ਾਮਲ ਹੋਣ ਲੱਗ ਪਏ। ਗੁਰਦੁਰਆਰਾ ਸੁਧਾਰ ਲਹਿਰ ਅਤੇ ਦੇਸ਼ ਦੀ ਆਜ਼ਾਦੀ ਲਈ ਚੱਲੀ ਲਹਿਰ ਵਿੱਚ ਨੇ ਕੂਕਿਆਂ ਨੇ ਖਾਸ ਯੋਗਦਾਨ ਪਾਇਆ। ਜ਼ਿਕਰਯੋਗ ਹੈ ਕਿ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿੱਚ 15 ਨਾਮਧਾਰੀ ਕੂਕਿਆਂ ਨੇ ਆਪਣੀਆਂ ਜਾਨਾਂ ਵਾਰੀਆਂ। 1947 ਦੇ ਉਜਾੜੇ ਵੇਲੇ ਇਸ ਸੰਪਰਦਾਇ ਨਾਲ ਜੁੜੇ ਲੋਕਾਂ ਨੇ ਬਿਨਾ ਕਿਸੇ ਧਾਰਮਿਕ ਭੇਦਭਾਵ ਤੋਂ ਸਿੱਖਾਂ ਅਤੇ ਮੁਸਲਮਾਨਾਂ ਦੀ ਜਾਨ-ਮਾਲ ਦੀ ਕਾਫ਼ੀ ਰੱਖਿਆ ਕੀਤੀ ਅਤੇ ਉਹਨਾਂ ਦੀ ਮੁੜ-ਵਸੇਬੇ ਵਿੱਚ ਵੀ ਕਾਫ਼ੀ ਸਹਾਇਤਾ ਕੀਤੀ।

ਸਤਿਗੁਰੂ ਪ੍ਰਤਾਪ ਸਿੰਘ ਨੇ 1959 ਵਿੱਚ ਭਾਦੋਂ ਦੇ ਦੀਵਾਨ ਵਿੱਚ ਆਪਣੇ ਹੱਥਾਂ ਨਾਲ ਪੂਰੀ ਵਿਧੀ ਵਿਧਾਨ ਨਾਲ ਸਤਿਗੁਰੂ ਜਗਜੀਤ ਸਿੰਘ ਨੂੰ ਸੰਪਰਦਾਇ ਦਾ ਮੁਖੀ ਥਾਪਿਆ। ਜਦੋਂ ਸਤਿਗੁਰੂ ਨੇ ਕੂਕਾ ਨਾਮਧਾਰੀ ਸੰਗਤ ਦੀ ਵਗਡੋਰ ਸੰਭਾਲੀ ਤਾਂ ਉਸ ਵਕਤ ਹਾਲਾਤ ਕਾਫ਼ੀ ਨਾਜ਼ੁਕ ਸਨ। ਦੋਖੀਆਂ ਨੇ ਉਹਨਾਂ ਖਿਲਾਫ਼ 22 ਝੂਠੇ ਕੇਸ ਦਰਜ ਕਰਵਾਏ ਪਰ ਇਹਨਾਂ ਗੱਲਾਂ ਨੂੰ ਅਣਗੌਲਿਆਂ ਕਰਦਿਆਂ ਉਹਨਾਂ ਨੇ ਸਾਰਿਆਂ ਨੂੰ ਆਪਣੇ ਨਾਲ ਰਲਾਇਆ ਅਤੇ ਸੰਗਤ ਨੂੰ ਨਵੀਂ ਸੇਧ ਦਿੱਤੀ।

ਇਸ ਤੋਂ ਇਲਾਵਾ ਉਹਨਾਂ ਨੇ ਸੰਗਤ ਨੂੰ ਸਮਾਜ ਦੇ ਵਿਕਾਸ ਲਈ ਕਾਰਜ ਕਰਨ ਲਈ ਪ੍ਰੇਰਿਆ। ਉਹਨਾਂ ਨੇ ਖੇਤੀਬਾੜੀ ਦੀ ਉਨਤੀ ਤੇ ਵਿਕਾਸ ਲਈ ਸਿਰਸਾ ਨੇੜੇ ਜੀਵਨ ਨਗਰ ਨੂੰ ਆਪਣਾ ਕਾਰਜ ਖੇਤਰ ਬਣਾਇਆ। ਇੱਥੇ ਤਰ੍ਹਾਂ-ਤਰ੍ਹਾਂ ਦੇ ਫਲ-ਫਰੂਟ ਲਗਵਏ। 'ਨਾਮਧਾਰੀ ਵਧੀਆ ਬੀਜ' ਨਾਂ ਦੀ ਕੰਪਨੀ ਬਣਾ ਕੇ ਉੱਨਤ ਕਿਸਮਾਂ ਦੇ ਬੀਜ ਤਿਆਰ ਕੀਤੇ ਜੋ ਕਿ ਇੱਕ ਮਿਸਾਲ ਹੈ। ਵਿੱਦਿਆ ਦੇ ਪਸਾਰ ਲਈ ਸਰਬ ਹਿੰਦ ਨਾਮਧਾਰੀ ਵਿੱਦਿਅਕ ਸੰਸਥਾ ਕਾਇਮ ਕੀਤੀ ਜਿਸਦੀ ਸਰਪ੍ਰਸਤੀ ਹੇਠ ਕਈ ਸਕੂਲ ਤੇ ਕਾਲਜ ਚੱਲਦੇ ਹਨ। ਇਹੀ ਨਹੀਂ ਸਗੋਂ ਥਾਈਲੈਂਡ ਅਤੇ ਬੈਂਕਾਕ ਵਿੱਚ ਵੀ ਸਕੂਲ ਖੋਲ੍ਹੇ, ਜਿੱਥੇ ਵੱਖ-ਵੱਖ ਦੇਸ਼ਾਂ ਦੇ ਵਿਦਿਆਰਥੀ ਪੰਜਾਬੀ ਭਾਸ਼ਾ ਦਾ ਗਿਆਨ ਹਾਸਲ ਕਰਦੇ ਹਨ। ਉਹਨਾਂ ਦੀ ਰਹਿਨੁਮਾਈ ਹੇਠ ਗੁਰੂ ਨਾਨਕ ਦੇਵ ਜੀ ਦਾ 1500 ਸਾਲਾ ਜਨਮ ਦਿਨ, ਅਨੰਦ ਕਾਰਜ ਸ਼ਤਾਬਦੀ 1963, ਸਤਿਰਗੁਰੂ ਪ੍ਰਤਾਪ ਸਿੰਘ ਜਲਾਵਤਨ ਸ਼ਤਾਬਦੀ 1972 ਅਤੇ 300 ਸਾਲਾ ਖਾਲਸਾ ਦਾ ਜਨਮ ਦਿਨ 1999 ਮਨਾਇਆ ਗਿਆ। ਸੰਗੀਤ ਦੇ ਖੇਤਰ ਵਿੱਚ ਆਪ ਜੀ ਨੇ ਸਾਜਨ ਅਤੇ ਰਾਜਨ ਨੂੰ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਸਤਿਗੁਰੂ ਜਗਜੀਤ ਸਿੰਘ ਦੀ ਰਹਿਨੁਮਾਈ ਹੇਠ ਭੈਣੀ ਸਾਹਿਬ ਦੀ ਨਵੀਂ ਦਿੱਖ ਬਣੀ ਤੇ ਨਾਲ ਹੀ ਇਤਿਹਾਸਕ ਮਹੱਤਤਾ ਕਾਇਮ ਰੱਖੀ ਗਈ। ਮਲੇਰਕੋਟਲਾ ਵਿੱਚ ਹੋਏ 60 ਮਹਾਨ ਸ਼ਹੀਦਾਂ ਦੀ ਯਾਦ ਵਿੱਚ 60 ਮੋਰੀਆਂ ਵਾਲੇ 66 ਫੁੱਟ ਉੱਚੇ ਖੰਡੇ ਦੀ ਉਸਾਰੀ ਕੀਤੀ ਗਈ। ਇਸ ਤਰ੍ਹਾਂ ਹੀ ਸਤਿਗੁਰੂ ਰਾਮ ਸਿੰਘ ਯਾਦਗਾਰੀ ਸਮਾਰਕ ਵੀ ਬਣਾਇਆ ਗਿਆ। ਇਸ ਤੋਂ ਇਲਾਵਾ ਹੋਰ ਵੀ ਕਈ ਯਾਦਗਾਰਾਂ ਉਸਾਰੀਆਂ ਗਈਆਂ। ਲੁਧਿਆਣਾ ਵਿੱਚ ਆਪ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਬਣਾਇਆ। ਇਸਤਰੀਆਂ ਦੇ ਹੱਕਾਂ ਦੀ ਰਾਖੀ ਲਈ ਵਿਸ਼ਵ ਨਾਮਧਾਰੀ ਵਿੱਦਿਅਕ ਜਥੇ(ਇਸਤਰੀ ਵਿੰਗ) ਦੀ ਨੀਂਹ ਰੱਖੀ। ਖੇਡਾਂ ਦੇ ਖੇਤਰ ਵਿੱਚ ਸਤਿਗੁਰੂ ਜੀ ਨੇ ਵਿਸ਼ੇਸ਼ ਧਿਆਨ ਦਿੱਤਾ। ਗਿਆਨ ਦੀ ਗੱਲ ਕਰੀਏ ਤਾਂ ਦੇਸ਼ਾਂ ਵਿਦੇਸ਼ਾਂ ਵਿੱਚ ਧਰਮ ਅਤੇ ਰੱਬ ਵਿਸ਼ੇ ਬਾਰੇ ਸੰਗਤਾਂ ਦੇ ਸ਼ੰਕੇ ਦੂਰ ਕੀਤੇ ਅਤੇ ਉਹਨਾਂ ਨੂੰ ਭਜਨ ਬੰਦਗੀ ਦਾ ਰਾਹ ਦੱਸਿਆ।

ਪਸ਼ੂਆਂ ਦੇ ਸਾਂਭ ਸੰਭਾਲ ਅਤੇ ਨਸਲ ਦੇ ਖੇਤਰ ਵਿੱਚ, ਸੰਗੀਤ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਦੇਖਦਿਆਂ ਨੂੰ ਸਤਿਗੁਰੂ ਜੀ ਨੂੰ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਵੱਲੋਂ ਉੱਚ ਕੋਟੀ ਦੇ ਸਨਮਾਨ ਮਿਲੇ। ਇਹਨਾਂ ਵਿੱਚ 1965 ਵਿੱਚ ਹੈਦਰਾਬਾਦ ਵਿੱਚ ਗੌ-ਗਵਰਧਨ ਸੰਗਤੀ ਵੱਲੋਂ ਦੁਧਾਰੂ ਗਾਈਆਂ ਦੀ ਕਿਸਮ ਵਿਕਸਿਤ ਕਰਨ ਹਿੱਤ ਗੋਪਾਲ ਰਤਨ ਸਨਮਾਨ ਮਿਲਿਆ।ਮਰਦਾਨਾ ਕੀਰਤਨ ਦਰਬਾਰ ਵੱਲੋਂ ਭਾਈ ਮਰਦਾਨਾ ਐਵਰਡ ਆਪ ਜੀ ਨੂੰ ਦਿੱਤਾ ਗਿਆ। ਹਰਬਲਭ ਸੰਗੀਤ ਸੁਸਾਇਟੀ ਵੱਲੋਂ ਸੰਗੀਤ ਅਚਾਰੀਆ ਐਵਾਰਡ ਆਪ ਜੀ ਨੂੰ ਦਿੱਤਾ ਗਿਆ।

ਸਤਿਗੁਰੂ ਜੀ ਦਾ ਵੱਖ-ਵੱਖ ਖੇਤਰਾਂ ਵਿੱਚ ਪਾਇਆ ਯੋਗਦਾਨ ਹੁਣ ਇਤਿਹਾਸ ਬਣ ਗਿਆ ਹੈ ਤੇ ਸੰਗਤਾਂ ਇਸ ਤੋਂ ਸਦਾ ਸੇਧ ਲੈਂਦੀਆਂ ਰਹਿਣਗੀਆਂ।

**ਨਾਮਧਾਰੀ ਮੁਖੀਆਂ ਦਾ ਜੀਵਨ ਕਾਲ**

| ਸਤਿਗੁਰੂ | ਜੀਵਨ ਕਾਲ | ਮੁਖੀ ਵਜੋਂ |
|---|---|---|
| ਬਾਬਾ ਰਾਮ ਸਿੰਘ | 1816 ਤੋਂ 1885 | 1857 ਤੋਂ 1885 |
| ਬਾਬਾ ਹਰੀ ਸਿੰਘ | 1819 ਤੋਂ 1890 | 1872 ਤੋਂ 1890 |
| ਸਤਿਗੁਰੂ ਪ੍ਰਤਾਪ ਸਿੰਘ | 1890 ਤੋਂ 1959 | 1906 ਤੋਂ 1959 |
| ਸਤਿਗੁਰੂ ਜਗਜੀਤ ਸਿੰਘ | 1920 ਤੋਂ 2012 | 1959 ਤੋਂ 1912 |



ਗਿਆਨ ਸਿੰਘ ਬਿਲਗਾ
+1-661-397-7330



ਸਿੱਖ ਇਤਿਹਾਸ ਵਿਚ ਪਹਿਲੀ ਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖ ਔਰਤਾਂ ਨੂੰ ਅੰਮ੍ਰਿਤ ਛਕਾ ਕੇ ਸਹੀ ਅਰਥਾਂ ਵਿਚ ਕੌਰ (ਰਾਜ ਕੁਮਾਰੀ) ਦਾ ਸਰੂਪ ਦਿੱਤਾ। (ਜੂਨ, 1863))

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX FOR FAST REFUND USE E-FILES
◈ INDIVIDUAL TAX RETURNS
◈ INCORPORATION OF COMPANIES
◈ PAYROLL, T4 SLIPS
◈ CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph : 780 469 2677 Fax : 780 469 2026

# ਪੰਡਤ ਰਵੀ ਸ਼ੰਕਰ ਦੇ ਕਮਿਊਨਿਸਟ ਪਾਰਟੀ ਨਾਲ ਨੇੜਲੇ ਦਿਨ



(ਨਦਬ)

ਸਾਲ 2012 ਬੀਤਦੇ-ਬੀਤਦੇ ਵਿਸ਼ਵ ਪ੍ਰਸਿੱਧ ਸਿਤਾਰ ਵਾਦਰ ਪੰਡਤ ਰਵੀ ਸ਼ੰਕਰ ਸਾਨੂੰ ਅਲਵਿਦਾ ਕਹਿ ਗਿਆ ਹੈ। ਸੰਗੀਤ ਦੀ ਦੁਨੀਆਂ ਵਿਚ ਆਪਣੀ ਅਨੂਠੀ ਸਿਰਜਣਾਤਮਕ ਪ੍ਰਤਿਭਾ ਨਾਲ ਤਹਿਲਕਾ ਮਚਾ ਦੇਣ ਵਾਲਾ ਪੰਡਤ ਰਵੀ ਸ਼ੰਕਰ ਪੂਰਬ ਅਤੇ ਪੱਛਮ ਵਿਚਕਾਰ ਸੰਗੀਤ ਦਾ ਇੱਕ ਸ਼ਾਨਾਮੱਤਾ ਪੁਲ਼ ਉਸਾਰ ਗਿਆ ਹੈ। ਉਸਦੀਆਂ ਮੌਲਿਕ ਸੰਗੀਤ ਰਚਨਾਵਾਂ ਪੱਛਮ ਵਿੱਚ ਬੇਹੱਦ ਮਕਬੂਲ ਹੋਈਆਂ ਤੇ ਇਹਨਾਂ ਨੇ ਇਸ ਮਹਾਨ ਭਾਰਤੀ ਸੰਗੀਤਕਾਰ ਨੂੰ ਦੁਨੀਆ ਦੇ ਵੱਡੇ ਸੰਗੀਤਕਾਰਾਂ ਦੀ ਕਤਾਰ ਵਿੱਚ ਸ਼ੁਮਾਰ ਕਰ ਦਿੱਤਾ। ਪੰਡਤ ਰਵੀ ਸ਼ੰਕਰ ਆਪਣੇ ਜਾਦੂਈ ਸਿਤਾਰ ਵਾਦਨ ਨਾਲ ਸਰੋਤੇ ਦੀ ਰੂਹ ਵਿੱਚ ਐਸੀ ਕੰਪਨ ਪੈਦਾ ਕਰ ਦਿੰਦੇ ਸਨ ਕਿ ਉਹ ਮੰਤਰ ਮੁਗਧ ਹੋਏ ਬਿਨਾ ਨਹੀਂ ਸੀ ਰਹਿ ਸਕਦਾ। ਨੌ ਦਹਾਕਿਆਂ ਤੋਂ ਲੰਮਾ ਜੀਵਨ ਉਹਨਾਂ ਨੇ ਸੰਗੀਤ ਦੇ ਲੇਖੇ ਲਾਇਆ। ਆਪਣੇ ਸੰਗੀਤ ਜੀਵਨ ਦੇ ਮੁਢਲੇ ਦਿਨਾਂ ਵਿੱਚ ਰਵੀ ਸ਼ੰਕਰ ਕਮਿਊਨਿਸਟ ਪਾਰਟੀ ਦੇ ਨੇੜੇ ਰਹੇ। ਉਹਨਾਂ ਦੀ ਨਾ ਕੇਵਲ ਪਾਰਟੀ ਦੇ ਵੱਡੇ ਕੌਮੀ ਆਗੂਆਂ ਨਾਲ ਨੇੜਤਾ ਰਹੀ ਸਗੋਂ ਉਹ ਪਾਰਟੀ ਦੇ ਸੱਭਿਆਚਾਰਕ ਮੁਹਾਜ ਉੱਪਰ ਵੀ ਕਾਫ਼ੀ ਸਰਗਰਮ ਰਹੇ। ਬੰਗਾਲੀ ਮੂਲ ਦੇ ਇਸ ਸੰਗੀਤਕਾਰ ਨੇ ਬੰਗਾਲੀ ਪ੍ਰਤਿਭਾ ਦਾ ਵਿਸ਼ਵ ਸੰਗੀਤ ਵਿੱਚ ਉਵੇਂ ਪਰਚਮ ਬੁਲੰਦ ਕੀਤਾ ਜਿਵੇਂ ਗੁਰੂ ਰਬਿੰਦਰ ਨਾਥ ਟੈਗੋਰ ਨੇ ਵਿਸ਼ਵ ਸਾਹਿਤ ਦੇ ਖੇਤਰ ਵਿੱਚ ਕੀਤਾ ਹੈ।

ਰਵੀ ਸ਼ੰਕਰ 'ਸਾਰੇ ਜਹਾਂ ਸੇ ਅੱਛਾ' ਦੇ ਸੰਗੀਤ ਨਾਲ ਇਪਟਾ ਵਿੱਚ ਸ਼ਾਮਲ ਹੋਏ। 1917 ਵਿੱਚ ਪੰਡਤ ਰਵੀ ਸ਼ੰਕਰ ਅਤੇ ਉਸਦੇ ਸਾਥੀ ਗਿਟਾਰਵਾਦਕ ਜਾਰਜ ਹੈਰੀਸਨ ਨੇ ਨਿਊਯਾਰਕ ਦੇ ਸੁਕੇਅਰ ਯਾਰਡ ਵਿੱਚ ਬੰਗਲਾਦੇਸ਼ ਦੇ ਯੁੱਧ ਅਤੇ ਅਕਾਲ ਪੀੜਤਾਂ ਲਈ 'ਕਨਸਰਟ ਫਾਰ ਬੰਗਲਾਦੇਸ਼' ਪੇਸ਼ ਕੀਤਾ, ਤਾਂ ਇਸ ਪੇਸ਼ਕਾਰੀ ਦਾ ਕਾਰਨ ਪੰਡਤ ਰਵੀ ਸ਼ੰਕਰ ਦੇ ਇਪਟਾ ਪਿਛੋਕੜ ਨੂੰ ਸਮਝਿਆ ਗਿਆ। 1946 ਵਿੱਚ ਪੰਡਤ ਰਵੀ ਸ਼ੰਕਰ ਇਪਟਾ ਦੇ ਸੰਗੀਤ ਨਿਰਦੇਸ਼ਕ ਸੀ। 1971 ਦਾ ਕਨਸਰਟ ਵੀਹਵੀਂ ਸਦੀ ਦੀਆਂ ਸਮਾਜਿਕ, ਕਲਾਤਮਿਕ ਅਤੇ ਤਜ਼ਾਰਤੀ ਤਬਦੀਲੀਆਂ ਵਿਚਕਾਰ ਇੱਕ ਮੀਲ ਪੱਥਰ ਸੀ। ਸਿਤਾਰਵਾਦਕ ਨੇ ਦੱਖਣੀ ਏਸ਼ੀਆਈ ਸੰਘਰਸ਼ਾਂ ਨਾਲ ਬੜੀ ਸੁਹਿਰਦਤਾ ਨਾਲ ਇੱਕਮੁੱਠਤਾ ਪ੍ਰਗਟਾਈ।

'ਸਾਰੇ ਜਹਾਂ ਸੇ ਅੱਛਾ ਬਾਰੇ' ਪ੍ਰੀਤੀ ਸਰਕਾਰ, ਜੋ ਕਿ ਉਹਨਾਂ ਦਿਨਾਂ ਵਿੱਚ ਮੁੰਬਈ ਅੰਧੇਰੀ ਵਿੱਚ ਰਹਿੰਦੀ ਸੀ, ਸੀ ਪੀ ਆਈ ਦੀ ਕਾਰਜਕਰਤਾ ਅਤੇ ਇਪਟਾ ਦੀ ਕੁੱਲਵਕਤੀ ਸੀ, ਯਾਦ ਕਰਦੀ ਹੈ, " 1945 ਵਿੱਚ ਪੰਡਤ ਅਕਸਰ ਜਦ ਮਲਾਦ ਵਿੱਚ ਠਹਿਰਦੇ ਸੀ, ਇਪਟਾ ਨੇ ਉਹਨਾਂ ਨੂੰ 'ਸਾਰੇ ਜਹਾਂ ਸੇ ਅੱਛਾ' ਸੰਗੀਤਬਧ ਕਰਨ ਦੀ ਬੇਨਤੀ ਕੀਤੀ। ਉਹ ਤੁਰੰਤ ਤਿਆਰ ਹੋ ਗਏ, ਮੈਂ ਉਹਨਾਂ ਦੇ ਕਮਰੇ ਵਿੱਚ ਗਈ। ਉਹਨਾਂ ਨੇ ਸਿਤਾਰ 'ਤੇ ਗੀਤ ਵਜਾਇਆ ਅਤੇ ਮੈਨੂੰ ਨਾਲ ਗਾਉਣ ਲਈ ਕਿਹਾ। ਮੈਂ ਗੀਤ ਸਿੱਖਿਆ ਅਤੇ ਅੰਧੇਰੀ ਆ ਕੇ ਸਾਰਿਆਂ ਦੇ ਸਾਹਮਣੇ ਗਾਇਆ। ਹਰ ਕੋਈ ਪ੍ਰਭਾਵਿਤ ਹੋਇਆ ਅਤੇ ਮੇਰੇ ਤੋਂ ਸਿੱਖਣ ਲਈ ਪ੍ਰੇਰਿਤ ਹੋਇਆ। ਉਦੋਂ ਤੋਂ ਇਹ ਇਪਟਾ ਦੇ ਹਰ ਪ੍ਰੋਗਰਾਮ ਦਾ ਅਰੰਭਲਾ ਗੀਤ ਬਣ ਗਿਆ। ਹੁਣ ਇਹ ਗੀਤ ਸਾਡੇ ਲਈ ਖ਼ਜਾਨਾ ਬਣ ਗਿਆ ਹੈ ਇਸਦਾ ਸਿਹਰਾ ਪੰਡਤ ਜੀ ਨੂੰ ਜਾਂਦਾ ਹੈ।"

ਅਮਰ ਭਾਰਤ ਬੈਲੇ ਵਿੱਚ ਪੰਡਤ ਰਵੀ ਸ਼ੰਕਰ ਨੇ ਲੋਕ ਸੰਗੀਤ ਅਤੇ ਕਲਾਸੀਕਲ ਸੰਗੀਤ ਦਾ ਸੁਮੇਲ ਪੇਸ਼ ਕੀਤਾ। ਪੰਡਤ ਜੀ ਦੀ ਅਗਵਾਈ ਅਤੇ ਸਿਖਲਾਈ ਅਧੀਨ ਇਸ ਭਾਰਤੀ ਸੰਗੀਤ ਦੀਆਂ ਅਜਿਹੀਆਂ ਧੁਨਾਂ ਬਿਖੇਰੀਆਂ ਕਿ ਇਹ ਇਪਟਾ ਦਾ ਸ਼ਾਹਕਾਰ ਹੋ ਨਿਬੜਿਆ। ਭਾਰਤੀ ਸੱਭਿਆਚਾਰ ਦੀ ਵੰਨ-ਸਵੰਨਤਾ ਅਤੇ ਸਮੁੱਚਤਾ ਇਸ ਵਿੱਚ ਧੜਕ ਉੱਠੀ।



ਜੌਰਜ ਹਰੀਸਨ ਅਤੇ ਰਵੀ ਸ਼ੰਕਰ ਹੋਰਨਾਂ ਮਿਊਜ਼ੀਸ਼ਨਾਂ ਨਾਲ-1974

ਪੰਡਤ ਰਵੀ ਸ਼ੰਕਰ ਇਪਟਾ ਵਿੱਚ ਅੱਗੇ ਵਧਦੇ ਗਏ। ਇਪਟਾ ਦੇ ਕਲਾਕਾਰਾਂ ਨੂੰ ਉਹ ਬੜੀ ਮਿਹਨਤ ਨਾਲ ਸਿੱਖਿਅਤ ਕਰਦੇ। ਢੁਕਵੇਂ ਰਾਗ਼ਾਂ ਦੀ ਚੋਣ ਰਾਹੀਂ ਉਹਨਾਂ ਨੂੰ ਪ੍ਰਭਾਵਿਤ ਕਰਦੇ। ਦਿਨ ਰਾਤ ਅਣਥੱਕ ਮਿਹਨਤ ਕਰਦੇ ਅਤੇ ਕਰਵਾਉਂਦੇ। ਪ੍ਰੀਤੀ ਸਰਕਾਰ ਅਨੁਸਾਰ ਪਹਿਲਾਂ ਉਹ ਉਸਨੂੰ ਸਿਖਾਉਂਦੇ ਅਤੇ ਅੱਗੋਂ ਉਹ (ਪ੍ਰੀਤੀ) ਬਾਕੀ ਸਾਥੀਆਂ ਨੂੰ।

ਇਪਟਾ ਵਿੱਚ ਹੁੰਦਿਆਂ ਹੀ ਪੰਡਤ ਰਵੀ ਸ਼ੰਕਰ ਨੇ ਨਵੀਆਂ ਫਿਲਮਾਂ ਜਿਵੇਂ ਕਿ ਚੇਤਨ ਆਨੰਦ ਦੀ 'ਨੀਚਾ ਨਗਰ' ਜੋ ਮੈਕਸਿਮ ਗੋਰਕੀ ਦੀ ਇੱਕ ਰਚਨਾ ਜੋ ਲੋਅਰ ਡੈਪਥਜ ਉੱਪਰ ਅਧਾਰਿਤ ਸੀ ਜਾਂ ਖਵਾਜਾ ਅਹਿਮਦ ਅੱਬਾਸ ਦੀ 'ਧਰਤੀ ਕੇ ਲਾਲ' ਦੇ ਇੱਕ ਗੀਤ ਦਾ ਸੰਗੀਤ ਦਿੱਤਾ। ਇਹ ਗੀਤ 'ਹਮ ਰੁਕੇਂਗੇ ਨਹੀਂ ਹਮ ਝੁਕੇਂਗੇ ਨਹੀਂ' ਸੀ।

ਰਵੀ ਸ਼ੰਕਰ ਹੋਰ ਪ੍ਰਤੀਭਾਸ਼ਾਲੀਆਂ ਜਿਵੇਂ ਤਿਮਿਰ ਬੈਂਰਨ, ਸਾਂਤੀ ਬਰਧਨ, ਸਚਿਨ ਸ਼ੰਕਰ, ਸ਼ੰਭੂ ਮਿੱਤਰਾ, ਤੇਰਾ ਸਿੰਘ ਚੰਨ, ਸੋਭਾ ਸੇਨ ਆਦਿ ਨਾਲ ਇਪਟਾ ਵਿੱਚ ਸ਼ਾਮਲ ਹੋਏ। ਉਦੋਂ ਇਹਨਾਂ ਸਾਰਿਆਂ ਦੀ ਖਿੱਚ ਦਾ ਕੇਂਦਰ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਪੀ ਸੀ ਜੋਸੀ ਸਨ।

ਰਵੀ ਸ਼ੰਕਰ ਨੇ 1949 ਤੋਂ ਪਹਿਲਾਂ ਇਪਟਾ ਛੱਡ ਦਿੱਤੀ ਅਤੇ ਸੰਗੀਤ ਨਿਰਦੇਸ਼ਕ ਵਜੋਂ ਆਲ ਇੰਡੀਆ ਰੇਡਿਓ 'ਤੇ ਚਲੇ ਗਏ। 1950 ਤੋਂ ਮਗਰੋਂ ਹੋਰ ਵੀ ਬਹੁਤ ਸਾਰੇ ਪ੍ਰਤਿਭਾਸ਼ਾਲੀ ਕਲਾਕਾਰ ਇਪਟਾ ਛੱਡ ਕੇ ਚਲੇ ਗਏ। ਇੰਝ ਕਿਉਂ ਵਾਪਰਿਆ ਇਸ ਸਵਾਲ ਲਈ ਗੰਭੀਰ ਵਿਚਾਰ ਦੀ ਲੋੜ ਹੈ। ਭਾਵੇਂ ਪੀ ਸੀ ਜੋਸ਼ੀ ਤੋਂ ਬਾਅਦ ਕਲਾਕਾਰਾਂ ਲਈ ਖਿੱਚ ਦੇ ਕੇਂਦਰ ਦੀ ਵੱਡੀ ਘਾਟ ਪੈਦਾ ਹੋ ਗਈ, ਪਰ ਫਿਰ ਵੀ ਉਨ੍ਹਾਂ ਅੰਦਰ ਉਹ ਮਾਨਵਤਾਵਾਦੀ ਪ੍ਰਤੀਬੱਧਤਾ ਹਮੇਸ਼ਾ ਕਾਇਮ ਰਹੀ, ਜਿਹੜੀ ਉਹਨਾਂ ਦੇ ਮਨਾਂ ਵਿੱਚ ਇਪਟਾ ਨੇ ਪੈਦਾ ਕੀਤੀ ਸੀ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com

WE CARE YOUR CAR BETTER
Phone:780 463 2886

ਨਵੀਂ ਦੁਨੀਆ

## ਸੰਪਾਦਕੀ

# ਅੰਤਰਝਾਤ ਦੀ ਲੋੜ

## ਅਮਰੀਕਾ ਵਿੱਚ ਸਕੂਲੀ ਬੱਚਿਆਂ ਦੀ ਹੱਤਿਆ

ਅਮਰੀਕਾ ਲਈ ਇਹ ਬੇਹੱਦ ਚਿੰਤਤ ਕਰਨ ਵਾਲੀ ਗੱਲ ਹੈ ਕਿ ਅਮਰੀਕਾ ਵਿੱਚ ਸਮੂਹਿਕ ਹੱਤਿਆਵਾਂ ਦਾ ਸਿਲਸਿਲ੍ਹਾ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ। ਅਮਰੀਕਾ ਦੇ ਕੁਨੈਕਟੀਕਟ ਸਕੂਲ ਵਿੱਚ 20 ਬੱਚਿਆਂ ਅਤੇ 7 ਬਾਲਗਾਂ ਦੀ ਗੋਲੀਆਂ ਮਾਰ ਕੇ ਕੀਤੀ ਗਈ ਹੱਤਿਆ ਤੋਂ ਬਾਅਦ ਸਮੁੱਚੇ ਦੇਸ਼ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਇਸ ਗੋਲੀਕਾਂਡ ਤੋਂ ਮਗਰੋਂ ਹਤਿਆਰੇ ਨੇ ਆਤਮ ਹੱਤਿਆ ਕਰ ਲਈ ਹੈ। ਹੱਤਿਆਵਾਂ ਦੇ ਵਿਸ਼ੇਸ਼ ਕਾਰਨਾਂ ਦਾ ਭਾਵੇਂ ਅਜੇ ਪਤਾ ਨਹੀਂ ਲੱਗਿਆ ਪਰ ਅਜਿਹੀਆਂ ਘ੍ਰਿਣਤ ਹਿੰਸਕ ਘਟਨਾਵਾਂ ਦੇ ਆਮ ਕਾਰਨਾਂ ਬਾਰੇ ਅਤੇ ਹੱਤਿਆਰਿਆਂ ਦੀ ਮਾਨਸਿਕਤਾ ਬਾਰੇ ਅਮਰੀਕੀਆਂ ਨੂੰ ਗੰਭੀਰਤਾ ਨਾਲ ਸੋਚਣਾ ਪੈ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸਨੂੰ ਇੱਕ ਦਿਲ ਤੋੜ ਦੇਣ ਵਾਲੀ ਘਟਨਾ ਕਿਹਾ ਹੈ। ਵਾਇਟ ਹਾਊਸ ਵਿੱਚ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਅੱਜ ਜੋ ਕੁੱਝ ਹੋਇਆ ਹੈ ਉਸ ਨਾਲ ਮੇਰੇ ਮਾਪਿਆਂ, ਦਾਦੇ-ਦਾਦੀਆਂ, ਨਾਨੇ-ਨਾਨੀਆਂ, ਭੈਣ-ਭਰਾਵਾਂ ਅਤੇ ਦੇਸ਼ਵਾਸੀਆਂ ਦੇ ਦਿਲ ਟੁੱਟ ਗਏ ਹਨ। ਅਣਭੋਲ ਬੱਚਿਆਂ ਦੀ ਜਾਨ ਲੈਣ ਤੋਂ ਵੱਡਾ ਗੁਨਾਹ ਹੋਰ ਕੋਈ ਨਹੀਂ। ਮੇਰੇ ਕੋਲ ਬੱਚਿਆਂ ਦੇ ਰਿਸ਼ਤੇਦਾਰਾਂ ਦਾ ਦਰਦ ਵੰਡਾਉਣ ਲਈ ਸ਼ਬਦ ਮੁੱਕ ਚੁੱਕੇ ਹਨ। ਅਮਰੀਕੀ ਰਾਸ਼ਟਰਪਤੀ ਦੇ ਇਸ ਬਿਆਨ ਤੋਂ ਅਮਰੀਕੀਆਂ ਦੀ ਚਿੰਤਾ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਸਮੇਂ ਅਮਰੀਕਾ ਦੀ ਹਥਿਆਰਾਂ ਪ੍ਰਤੀ ਨੀਤੀ 'ਤੇ ਨਾ ਸਿਰਫ਼ ਵੱਡੇ ਸਵਾਲੀਆਂ ਨਿਸ਼ਾਨ ਲੱਗ ਚੁੱਕੇ ਹਨ, ਸਗੋਂ ਇਸ ਨੀਤੀ 'ਤੇ ਪੁਨਰ ਵਿਚਾਰ ਕਰਨ ਜਾਂ ਇਸਨੂੰ ਬਦਲਣ ਦੀ ਵੀ ਜ਼ੋਰਦਾਰ ਮੰਗ ਅਮਰੀਕੀਆਂ ਦੁਆਰਾ ਕੀਤੀ ਜਾ ਰਹੀ ਹੈ। ਅਮਰੀਕਾ ਵਿੱਚ ਅਸਲਾ ਕਾਨੂੰਨ ਕਾਫ਼ੀ ਨਰਮ ਹੈ। ਅਸਲਾ ਹਤਿਆਰਿਆਂ ਦੇ ਹੱਥ ਆਸਾਨੀ ਨਾਲ ਆਵੇਗਾ ਤਾਂ ਜ਼ਾਹਿਰ ਹੈ ਕਿ ਉਹਨਾਂ ਨੂੰ ਆਪਣੇ ਮਨਸੂਬਿਆਂ ਵਿੱਚ ਵੀ ਆਸਾਨੀ ਨਾਲ ਸਫ਼ਲਤਾ ਹਾਸਲ ਹੋਵੇਗੀ। ਸਕੂਲੀ ਬਾਲਾਂ ਦੀ ਹੱਤਿਆ ਤੋਂ ਬਾਅਦ ਬਰਾਕ ਓਬਾਮਾ ਉੱਪਰ ਅਸਲਾ ਕਾਨੂੰਨ ਵਿੱਚ ਸ਼ੋਧ ਕਰਨ ਲਈ ਦਬਾਅ ਕਾਫ਼ੀ ਵਧ ਗਿਆ ਹੈ। 43 ਹਜ਼ਾਰ ਲੋਕਾਂ ਨੇ ਅਰਜ਼ੀਆਂ ਭੇਜ ਕੇ ਅਪੀਲ ਕੀਤੀ ਹੈ ਕਿ ਅਸਲੇ ਦੀ ਖੁੱਲ੍ਹੀ ਵਿਕਰੀ 'ਤੇ ਕਾਬੂ ਪਾਉਣ ਲਈ ਅਮਰੀਕੀ ਸੰਸਦ ਵਿੱਚ ਸਖ਼ਤ ਕਾਨੂੰਨ ਲਿਆਂਦਾ ਜਾਵੇ। ਨਿਊਯਾਰਕ ਦੇ ਮੇਅਰ ਮਾਈਕਲ ਬਲੂਮਬਰਗ ਨੇ ਕਿਹਾ ਹੈ ਕਿ ਵਰਜੀਨੀਆ, ਔਹੇਰਾ ਤੇ ਵਿਸਕਾਂਸਨ ਦੀਆਂ ਘਟਨਾਵਾਂ ਨੇ ਸਾਨੂੰ ਇਹ ਅਹਿਸਾਸ ਕਰਵਾ ਦਿੱਤਾ ਹੈ ਕਿ ਸਾਡੀ ਹਥਿਆਰਾਂ ਪ੍ਰਤੀ ਨੀਤੀ ਗ਼ਲਤ ਹੈ।

ਦਰਅਸਲ ਕੌਮੀ ਤੇ ਕੌਮਾਂਤਰੀ ਪੱਧਰ ਦੋਵਾਂ 'ਤੇ ਹੀ ਅਮਰੀਕਾ ਨੂੰ ਹਥਿਆਰਾਂ ਪ੍ਰਤੀ ਅਪਣਾਈ ਆਪਣੀ ਨੀਤੀ ਬਾਰੇ ਅੰਤਰਝਾਤ ਮਾਰਨ ਦੀ ਲੋੜ ਹੈ, ਕਿਉਂਕਿ ਹਥਿਆਰਾਂ ਅਤੇ ਹਿੰਸਾ ਦਾ ਬੜਾ ਨੇੜਲਾ ਸਬੰਧ ਹੈ। ਅਮਰੀਕਾ ਹਥਿਆਰਾਂ ਪ੍ਰਤੀ ਬੇਹੱਦ ਮਾਨਸਿਕ ਉਲ੍ਹਾਰ ਰੱਖਦਾ ਹੈ। ਇਸ ਉਲ੍ਹਾਰ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸਨੇ ਪ੍ਰਮਾਣੂ ਬੰਬ ਹਾਸਲ ਕਰਨ ਨੂੰ ਕਿਸੇ ਸਮੇਂ ਆਪਣੀ ਇੱਕੋ-ਇੱਕ ਕੌਮੀ ਤਰਜੀਹ ਬਣਾ ਲਿਆ ਸੀ। ਇਸਨੇ ਪ੍ਰਮਾਣੂ ਬੰਬ ਲਈ ਤਾਂ ਅੰਤਾਂ ਦੀ ਅਪਣੱਤ ਜਤਾਈ ਪਰ ਇਸਨੂੰ ਬਣਾਉਣ ਦਾ ਫਾਰਮੂਲਾ ਤਿਆਰ ਕਰਨ ਵਾਲਿਆਂ ਵਿਗਿਆਨੀਆਂ ਨੂੰ ਲਾਂਭੇ ਕਰ ਦਿੱਤਾ। ਅਮਰੀਕਾ ਨੂੰ ਸਮੂਹਿਕ ਹੱਤਿਆਵਾਂ ਦੇ ਵਰਤਾਰੇ ਨੂੰ ਠੱਲ੍ਹਣ ਲਈ ਆਪਣਾ ਹਥਿਆਰ ਪ੍ਰੇਮ ਵੀ ਤਿਆਗਣਾ ਹੋਵੇਗਾ ਅਤੇ ਮਾਨਵ ਪ੍ਰੇਮ ਵੱਲ ਵੀ ਵਧਣਾ ਹੋਵੇਗਾ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ

ਸਲਾਹਕਾਰ ਬੋਰਡ — ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4, Alberta (Canada)
Phone : 780 465 9118 Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

# ਪੰਜਾਬ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਪੰਜਾਬ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਦਿਨੋਂ-ਦਿਨ ਗੰਭੀਰ ਹੁੰਦੀ ਜਾ ਰਹੀ ਹੈ। ਉਂਝ ਪੰਜਾਬ ਦੇ ਗ੍ਰਹਿ ਮੰਤਰੀ ਨੇ ਇਸ ਸਥਿਤੀ ਨੂੰ ਦੇਸ਼ ਦੇ ਬਾਕੀ ਸੂਬਿਆਂ ਦੀ ਸਥਿਤੀ ਨਾਲੋਂ ਬਿਹਤਰ ਕਿਹਾ ਹੈ। ਗ੍ਰਹਿ ਮੰਤਰੀ ਨੇ ਇਹ ਦਾਅਵਾ ਇੱਕ ਸਰਵੇਖਣ ਦੀ ਰਿਪੋਰਟ ਦੇ ਆਧਾਰ 'ਤੇ ਕੀਤਾ ਹੈ। ਇਸ ਦਾਅਵੇ ਦਾ ਕਾਰਨ ਸਿਆਸੀ ਹੈ ਤੇ ਸਮਝ ਵਿੱਚ ਆਉਣ ਵਾਲਾ ਵੀ ਹੈ। ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਜਾਣਦੇ ਹਨ ਕਿ ਇਹਨੀਂ ਦਿਨੀਂ ਪੰਜਾਬ ਵਿੱਚ ਜਿਸ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਉਹਨਾਂ ਨੂੰ ਵੇਖ ਕੇ ਪੰਜਾਬ ਦੀ ਤੁਲਨਾ ਸੁਭਾਵਿਕ ਹੀ ਬਿਹਾਰ, ਉੱਤਰ ਪ੍ਰਦੇਸ਼ ਆਦਿ ਨਾਲ ਕੀਤੀ ਜਾਣ ਲੱਗੇਗੀ। ਇਸ ਕਰਕੇ ਇਸ ਸੰਭਾਵੀਂ ਨਿੰਦਾ ਦੇ ਮੱਦੇਨਜ਼ਰ ਉਸਨੇ ਪਹਿਲਾਂ ਹੀ ਪੰਜਾਬ ਵਿੱਚ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਨੂੰ ਇੱਕ ਸਰਵੇਖਣ ਵਿਚਲੇ ਅੰਕੜਿਆਂ ਦਾ ਹਵਾਲਾ ਦੇ ਕੇ ਦੂਸਰੇ ਸੂਬਿਆਂ ਨਾਲੋਂ ਬਿਹਤਰ ਕਹਿਣਾ ਸ਼ੁਰੂ ਕਰ ਦਿੱਤਾ ਹੈ। ਇਸ ਮਾਮਲੇ ਵਿੱਚ ਉਸਨੇ ਇੱਕ ਤਰ੍ਹਾਂ ਨਾਲ ਸੂਬਾ ਸਰਕਾਰ ਦੀ ਭੂਮਿਕਾ ਨੂੰ ਨਿਰਵਿਵਾਦ ਬਣਾਉਣ ਦੀ ਕੋਸ਼ਿਸ਼ ਕੀਤੀ ਹੈ, ਜਦਕਿ ਇਸ ਸਮੇਂ ਜਰੂਰਤ ਤਤਕਾਲੀ ਲਾਕਾਨੂੰਨੀ ਦੀ ਸਥਿਤੀ ਨੂੰ ਮਹਿਸੂਸ ਕਰਨ ਦੀ ਅਤੇ ਇਸਦੀ ਨੈਤਿਕ ਜ਼ਿੰਮੇਵਾਰੀ ਆਪਣੇ ਸਿਰ ਲੈ ਕੇ ਠੀਕ ਦਿਸ਼ਾ ਵਿੱਚ ਕਦਮ ਉਠਾਉਣ ਦੀ ਹੈ, ਨਾ ਕਿ ਨਿਰਜਿੰਦ ਅੰਕੜਿਆਂ ਨੂੰ ਉਛਾਲ ਕੇ ਸਥਿਤੀ ਤੋਂ ਟਾਲਾ ਵੱਟਣ ਦੀ। ਪੰਜਾਬ ਵਿੱਚ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਨੂੰ ਚੁਣੌਤੀ ਦੇਣ ਵਾਲੀਆਂ ਕਈ ਤਰ੍ਹਾਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਹੇਠਲੇ ਪੱਧਰ 'ਤੇ ਚੋਰ-ਉਚੱਕਿਆਂ ਅਤੇ ਝਪਟ ਮਾਰਾਂ ਦੀ ਚੜ ਮੱਚੀ ਹੋਈ ਹੈ। ਲੋਕਾਂ ਦਾ ਘੁੰਮਣਾ-ਫਿਰਨਾ ਵੀ ਸੁਰੱਖਿਅਤ ਨਹੀਂ ਰਿਹਾ। ਅਖ਼ਬਾਰਾਂ ਵਿੱਚ ਰੋਜ਼ਾਨਾ ਅਜਿਹੀਆਂ ਛੋਟੀਆਂ ਘਟਨਾਵਾਂ ਦੀਆਂ ਅਨੇਕਾਂ ਖ਼ਬਰਾਂ ਪ੍ਰਕਾਸ਼ਿਤ ਹੁੰਦੀਆਂ ਹਨ। ਜਿਨ੍ਹਾਂ ਵਿੱਚ ਔਰਤਾਂ ਦੇ ਗਹਿਣੇ, ਪਰਸ ਆਦਿ ਖੋਹ ਲੈਣ, ਘਰਾਂ ਨੂੰ ਸੰਨ ਲਾਉਣ ਤੇ ਵਾਹਣ ਚੁਰਾਉਣ ਦਾ ਵੇਰਵਾ ਦਿੱਤਾ ਗਿਆ ਹੁੰਦਾ ਹੈ। ਇਸੇ ਤਰ੍ਹਾਂ ਕੁੱਝ ਹੋਰ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਨ੍ਹਾਂ ਵਿੱਚ ਬਾਲਗ ਮੁੰਡੇ-ਕੁੜੀਆਂ ਦਾ ਸਿਰਫ਼ ਇਸ ਲਈ ਕਤਲ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਹ ਆਪਣੀ ਜ਼ਿੰਦਗੀ ਦੇ ਅਹਿਮ ਫੈਸਲੇ ਸੰਵਿਧਾਨ ਦੁਆਰਾ ਮਿਲੇ ਅਧਿਕਾਰਾਂ ਅਨੁਸਾਰ ਕਰਨ ਦੇ ਯਤਨ ਕਰਦੇ ਹਨ। ਇਹਨਾਂ ਘਟਨਾਵਾਂ ਦਾ ਪ੍ਰਭਾਵ ਦਿਲ ਦਹਿਲਾ ਦੇਣ ਵਾਲਾ ਹੁੰਦਾ ਹੈ। ਇਹਨਾਂ ਨੂੰ ਅੰਜ਼ਾਮ ਦੇਣ ਵਾਲੇ ਇਨਸਾਨੀਅਤ ਦੇ ਸਾਰੇ ਮਾਪਦੰਡ ਛਿੱਕੇ ਟੰਗ ਦਿੰਦੇ ਹਨ ਤੇ ਹੈਵਾਨੀਅਤ ਦੀਆਂ ਸਾਰੀਆਂ ਹੱਦਾਂ ਟੱਪ ਜਾਂਦੇ ਹਨ। ਬਲਾਤਕਾਰ ਦੀਆਂ ਘਟਨਾਵਾਂ ਵਿੱਚ ਸ਼ਾਮਲ ਲੋਕ ਵੀ ਅਜਿਹੇ ਹੀ ਹਨ। ਪੰਜਾਬ ਵਿੱਚ ਵਾਪਰੀਆਂ ਲਾਕਾਨੂੰਨੀ ਦੀਆਂ ਜਿਹੜੀਆਂ ਘਟਨਾਵਾਂ ਨੂੰ ਸਮੁੱਚੇ ਪੰਜਾਬੀਆਂ ਨੂੰ ਨਾ ਕੇਵਲ ਝੰਜੋੜ ਕੇ ਰੱਖ ਦਿੱਤਾ ਹੈ ਸਗੋਂ ਸ਼ਰਮਸਾਰ ਵੀ ਕੀਤਾ ਹੈ, ਇਹਨਾਂ ਘਟਨਾਵਾਂ ਵਿੱਚ ਨਾਬਾਲਗ ਲੜਕੀ ਸ਼ਰੁਤੀ ਨੂੰ ਅਗਵਾ ਕਰਨ ਦੀ ਘਟਨਾ ਅਤੇ ਛੇਹਰਟਾ ਵਿੱਚ ਆਪਣੀ ਧੀ ਦੀ ਆਬਰੂ ਦੀ ਰੱਖਿਆ ਕਰਨ ਆਏ ਥਾਣੇਦਾਰ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ ਦੀ ਘਟਨਾ ਸ਼ਾਮਲ ਹੈ। ਇਹਨਾਂ ਦੋਵੇਂ ਘਟਨਾਵਾਂ ਦੇ ਦੋਸ਼ੀ ਹੁਕਮਰਾਨ ਪਾਰਟੀ ਵਿੱਚ ਰਸੂਖ ਰੱਖਣ ਵਾਲੇ ਨੌਜਵਾਨ ਹਨ। ਦਰਅਸਲ ਇਹਨਾਂ ਦੋਵੇਂ ਘਟਨਾਵਾਂ ਨੇ ਹੀ ਪੰਜਾਬੀਆਂ ਨੂੰ ਸ਼ਿੱਦਤ ਨਾਲ ਅਹਿਸਾਸ ਕਰਵਾਇਆ ਕਿ ਸੂਬੇ ਵਿੱਚ ਜੇਕਰ ਸਮਾਂ ਰਹਿੰਦਿਆਂ ਸਥਿਤੀ ਨਾ ਸੰਭਾਲੀ ਗਈ ਤਾਂ ਲੋਕਾਂ ਦਾ ਇੱਜਤ ਮਾਣ ਨਾਲ ਜੀਣਾ ਮੁਹਾਲ ਹੋ ਜਾਵੇਗਾ। ਜ਼ਿਕਰਯੋਗ ਹੈ ਕਿ ਪੰਜਾਬੀ ਸਿਰਫ਼ ਅਮਨ ਚੈਨ ਨਾਲ ਜੀਣਾ ਹੀ ਪਸੰਦ ਨਹੀਂ ਕਰਦੇ, ਉਹ ਇੱਜਤ ਮਾਣ ਨੂੰ ਵੀ ਬਰਾਬਰ ਦਾ ਮਹੱਤਵ ਦਿੰਦੇ ਹਨ।



ਫਰੀਦਕੋਟ ਦਾ ਸ਼ਰੁਤੀ ਅਗਵਾ ਕਾਂਡ ਨਾਦਰਸ਼ਾਹੀ ਦੀ ਘਿਨਾਉਣੀ ਮਿਸਾਲ ਬਣ ਗਿਆ ਹੈ। ਇੱਕ ਮਾਸੂਮ ਨਾਬਾਲਗ ਲੜਕੀ ਨੂੰ ਚਿੱਟੇ ਦਿਨ ਗੁੰਡਿਆਂ ਦੇ ਇੱਕ ਗਿਰੋਹ ਦੁਆਰਾ ਲਲਕਾਰੇ ਮਾਰਦਿਆਂ ਅਗਵਾ ਕੀਤਾ ਗਿਆ ਤੇ ਅਗਵਾ ਕਾਂਡ ਦਾ ਮੁੱਖ ਦੋਸ਼ੀ ਹੁਕਮਰਾਨ ਗਠਜੋੜ ਦੀ ਪਾਰਟੀ ਨਾਲ ਸਬੰਧਿਤ ਹੈ। ਇਸ ਵਾਰਦਾਤ ਦਾ ਜ਼ਬਰਦਸਤ ਲੋਕ ਵਿਰੋਧ ਹੋਇਆ ਤਾਂ ਕਿਤੇ ਜਾ ਕੇ ਸਾਰੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਹੋਈ ਤੇ ਸ਼ਰੁਤੀ ਨੂੰ ਘਰ ਵਾਪਸ ਪਰਤਣਾ ਨਸੀਬ ਹੋਇਆ। ਦੋਸ਼ੀਆਂ ਦੀ ਪੁਲਿਸ ਨਾਲ ਮਿਲੀਭੁਗਤ ਸੀ ਤੇ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਜਾਣਾ ਸੀ ਜੇਕਰ ਸਰਕਾਰ ਉੱਪਰ ਜਨਤਕ ਦਬਾਅ ਨਾ ਵਧਾਇਆ ਜਾਂਦਾ। ਇਸ ਵਾਰਦਾਤ ਨੇ ਪੰਜਾਬ ਅੰਦਰਲੀ ਲਾਕਾਨੂੰਨੀ ਦਾ ਇਹ ਪੱਖ ਸਾਹਮਣੇ ਲਿਆਂਦਾ ਕਿ ਗੁੰਡਾ ਅਨਸਰਾਂ ਦੇ ਹੌਸਲੇ ਬੇਹੱਦ ਵਧੇ ਹੋਏ ਹਨ ਤੇ ਉਹਨਾਂ ਨੂੰ ਸਿਆਸੀ ਸੱਤਾ ਦੀ ਸ਼ਹਿ ਪ੍ਰਾਪਤ ਹੈ। ਇਸਦੇ ਨਾਲ ਹੀ ਲੋਕ ਇਸ ਪੱਖੋਂ ਵੀ ਚਿੰਤਤ ਹੋਏ ਕਿ ਸੱਤਾਧਾਰੀ ਸਿਆਸਤਦਾਨ ਖੁਦ ਹੀ ਗੈਰਕਾਨੂੰਨੀ ਕੰਮਾਂ ਵਿੱਚ ਪੈ ਗਏ ਹਨ। ਬਿਨਾ ਸ਼ੱਕ ਪੰਜਾਬ ਵਿੱਚ ਸੱਤਾਧਾਰੀ 'ਉਲਟਾ ਵਾੜਿ ਖੇਤ ਕੁ ਖਾਈ' ਸਮਾਜਿਕ ਵਾਤਾਵਰਣ ਪੈਦਾ ਕਰ ਰਹੇ ਹਨ ਤੇ ਸੱਤਾ ਦੇ ਖ਼ੁਮਾਰ ਵਿੱਚ ਹਰ ਮੰਚ 'ਤੇ ਗਜ ਰਹੇ ਹਨ।

ਛੇਹਰਟਾ ਵਿੱਚ ਥਾਣੇਦਾਰ ਦੇ ਕਤਲ ਨੂੰ ਵੀ ਪੰਜਾਬ ਵਿੱਚ ਲਾਕਾਨੂੰਨੀ ਦੀ ਸਿਖ਼ਰ ਕਿਹਾ ਜਾ ਸਕਦਾ ਹੈ। ਇਸ ਘਟਨਾ ਦੇ ਇੱਕ ਪੱਖ ਦੀ ਤਾਂ ਉੱਪਰ ਚਰਚਾ ਕੀਤੀ ਜਾ ਚੁੱਕੀ ਹੈ ਕਿ ਸੱਤਾਧਾਰੀ ਪਾਰਟੀ ਲਾਕਾਨੂੰਨੀ ਦੀਆਂ ਘਟਨਾਵਾਂ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਦਿਖਾਈ ਦੇ ਰਹੀ ਹੈ। ਇਸ ਘਟਨਾ ਦਾ ਦੂਸਰਾ ਚਿੰਤਤ ਕਰਨ ਵਾਲਾ ਪੱਖ ਇਹ ਹੈ ਕਿ ਇੱਕ ਥਾਣੇਦਾਰ ਦੀ ਧੀ ਦੀ ਆਬਰੂ ਵੀ ਸੁਰੱਖਿਅਤ ਨਹੀਂ ਸੀ, ਜਿਸਨੂੰ ਬਚਾਉਣ ਲਈ ਉਸਨੂੰ ਆਪਣੀ ਜਾਨ ਗੁਆਉਣੀ ਪਈ। ਪੁਲਿਸ ਨਾਲ ਸੱਤਾਧਾਰੀ ਧਿਰ ਦੀ ਸ਼ਹਿ 'ਤੇ ਰਸੂਖ ਵਾਲੇ ਲੋਕਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਹੋਰ ਵੀ ਘਟਨਾਵਾਂ ਸਾਹਮਣੇ ਆ ਰਹੀਆਂ ਹਨ ਪਰ ਛੇਹਰਟਾ ਵਾਲੀ ਘਟਨਾ ਦਾ ਜਨਤਕ ਪ੍ਰਭਾਵ ਇਹ ਗਿਆ ਕਿ ਜੇਕਰ ਲੋਕਾਂ ਨੂੰ ਸੁਰੱਖਿਆ ਦੇਣ ਵਾਲੀ ਸਰਕਾਰੀ ਏਜੰਸੀ ਹੀ ਸੁਰੱਖਿਅਤ ਨਹੀਂ, ਜੇਕਰ ਕਾਨੂੰਨ ਨੂੰ ਲਾਗੂ ਕਰਨ ਵਾਲੇ ਸੁਰੱਖਿਆ ਬਲ ਹੀ ਨਿਰਬਲ ਹੋ ਗਏ ਹਨ ਤਾਂ ਫਿਰ ਆਮ ਜਨਤਾ ਨੂੰ ਤਾਂ ਕਿਸਨੇ ਪੁੱਛਣਾ ਹੈ। ਦਰਅਸਲ ਛੇਹਰਟਾ ਵਾਲੀ ਘਟਨਾ ਨੇ ਪੁਲਿਸ ਪ੍ਰਸ਼ਾਸਨ ਦੇ ਅਸਰਦਾਇਕ ਹੋਣ ਉੱਪਰ ਹੁਣ ਤੱਕ ਦਾ ਸਭ ਤੋਂ ਵੱਡਾ ਪ੍ਰਸ਼ਨਚਿੰਨ ਲਗਾ ਦਿੱਤਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਪੁਲਿਸ ਦਾ ਅਕਸ ਪਹਿਲਾਂ ਵੀ ਕੋਈ ਚੰਗਾ ਨਹੀਂ ਹੈ। ਪਰ ਪੰਜਾਬ ਪੁਲਿਸ ਦੀ ਅਜੋਕੀ ਸਥਿਤੀ ਦਾ ਪ੍ਰਸੰਗ ਅਸਲੋਂ ਬਦਲ ਗਿਆ ਹੈ। ਇਹ ਸਥਿਤੀ ਦਰਸਾਉਂਦੀ ਹੈ ਕਿ ਜੇਕਰ ਪੁਲਿਸ ਦਾ ਮਨੋਬਲ ਲਗਾਤਾਰ ਡਿੱਗਦਾ ਰਿਹਾ ਤਾਂ ਅਸੀਂ ਅਰਾਜਕਤਾ ਵੱਲ ਵਧ ਰਹੇ ਹੋਵਾਂਗੇ ਤੇ ਮਗਰੋਂ ਸਥਿਤੀ ਨੂੰ ਸੰਭਾਲਣਾ ਕਾਫ਼ੀ ਮੁਸ਼ਕਿਲ ਹੋ ਜਾਵੇਗਾ।

ਪੰਜਾਬ ਵਿੱਚ ਮੁਜਰਮਾਂ ਨੂੰ ਆਖ਼ਰ ਇੰਨੀ ਸ਼ਹਿ ਕਿਉਂ ਮਿਲ ਰਹੀ ਹੈ ਜਾਂ ਮੁਜਰਮ ਵੱਡੀਆਂ ਵਾਰਦਾਤਾਂ ਕਰਨ ਦੀ ਦਲੇਰੀ ਕਿਉਂ ਕਰ ਰਹੇ ਹਨ, ਇਸ ਸਵਾਲ ਦਾ ਜਵਾਬ ਲੱਭਣ ਲਈ ਪੰਜਾਬ ਦੇ ਸਮਾਜਿਕ, ਆਰਥਿਕ ਹਾਲਾਤਾਂ ਦੇ ਵਿਸਲੇਸ਼ਣ ਦੀ ਜਰੂਰਤ ਹੈ। ਪੰਜਾਬ ਵਿੱਚ ਪਿਛਲੇ ਕੁੱਝ ਸਮੇਂ ਦੌਰਾਨ ਕਈ ਨਵੇਂ ਸਮਾਜਿਕ ਰੁਝਾਨ ਉੱਭਰੇ ਹਨ। ਪੰਜਾਬ ਵਿੱਚ ਕਿਸੇ ਤਰ੍ਹਾਂ ਦੇ ਵੀ ਵਿਉਂਤਬਧ ਵਿਕਾਸ ਲਈ ਕੋਈ ਉਪਰਾਲਾ ਨਹੀਂ ਹੋ ਰਿਹਾ। ਪੈਸਾ ਅਤੇ ਨੌਜਵਾਨ ਸ਼ਕਤੀ ਦੋਵਾਂ ਵਿੱਚ ਕੋਈ ਰਚਨਾਤਮਿਕ ਸੰਤੁਲਨ ਨਹੀਂ ਰਿਹਾ। ਕਾਲਾ ਧਨ ਵਿਗੜੈਲਾਂ ਅਤੇ ਮੁਜਰਮਾਂ ਨੂੰ ਪੈਦਾ ਕਰ ਰਿਹਾ ਹੈ। ਦੂਜੇ ਪਾਸੇ ਨੌਜਵਾਨਾਂ ਦੀ ਭੀੜ ਦਾ ਅਕਾਰ ਦਿਨ ਬ ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਇਕੱਲੀ ਨੌਜਵਾਨ ਸ਼ਕਤੀ ਹੀ ਸਮਾਜ ਵਿੱਚ ਨਿਸਚਿਤ ਯੋਜਨਾਬੰਦੀ ਅਤੇ ਸਾਰਥਿਕ ਸੇਧ ਦੀ ਘਾਟ ਕਾਰਨ ਇੱਕ ਵੱਡੀ ਗੜਬੜ ਦਾ ਰੂਪ ਧਾਰਨ ਕਰ ਰਹੀ ਹੈ। ਦੂਜੇ ਪਾਸੇ ਭਾਰੂ ਸਿਆਸੀ ਧਿਰਾਂ ਦੀ ਦਿਲਚਪਸੀ ਸਿਰਫ਼ ਤੇ ਸਿਰਫ਼ ਇਸ ਸ਼ਕਤੀ ਨੂੰ ਆਪਣੇ ਸਿਆਸੀ ਅਤੇ ਸਵਾਰਥੀ ਹਿੱਤਾਂ ਲਈ ਵਰਤਣ ਦੀ ਹੈ। ਉਹ ਆਪਣੇ ਘਮੰਡੀ, ਗਾਲ੍ਹੀ-ਗਲੋਚ ਭਰੇ ਉਤੇਜਿਤ ਬਿਆਨਾਂ ਨਾਲ ਤੇ ਸਮੇਂ-ਸਮੇਂ ਇਹਨਾਂ ਦੀ ਪਿੱਠ ਥਾਪੜ ਕੇ, ਨੌਜਵਨਾਂ ਨੂੰ ਜ਼ਮੀਨੀ ਹਕੀਕਤਾਂ ਤੋਂ ਦੂਰ ਕਰਕੇ ਪੁੱਠੇ ਰਾਹ ਪਾ ਰਹੇ ਹਨ। ਹੁਕਮਰਾਨ ਗਠਜੋੜ ਦੇ ਇੱਕ-ਦੋ ਆਗੂਆਂ ਨੇ ਤਾਂ ਕੰਮ ਹੀ ਇਹ ਫੜ ਲਿਆ ਹੈ। ਇਸ ਸਿਆਸੀ ਸ਼ੈਲੀ ਦੇ ਨਤੀਜੇ ਆਏ ਦਿਨ ਘ੍ਰਿਣਤ ਰੂਪ ਵਿੱਚ ਸਾਹਮਣੇ ਆ ਰਹੇ ਹਨ ਤੇ ਪੰਜਾਬ ਵਿੱਚ ਲਾਕਾਨੂੰਨੀ ਦੀ ਸਮੱਸਿਆ ਨੂੰ ਗਹਿਰਾ ਰਹੇ ਹਨ। ਇਸ ਸਮੇਂ ਲੋੜ ਹੈ ਕਿ ਲਾਕਾਨੂੰਨੀ ਨੂੰ ਕਾਬੂ ਕਰਨ ਲਈ ਉਸੇ ਤਰ੍ਹਾਂ ਦਾ ਜਨਤਕ ਦਬਾਅ ਕਾਇਮ ਕੀਤਾ ਜਾਵੇ ਜਿਸ ਤਰ੍ਹਾਂ ਦਾ ਦਬਾਅ ਸ਼ਰੁਤੀ ਅਗਵਾ ਕਾਂਡ ਸਮੇਂ ਕੀਤਾ ਗਿਆ ਸੀ।

## ਸੰਪਾਦਕੀ ਚਿੱਠੀ

ਸੰਪਾਦਕ ਜੀ,

'ਨਵੀਂ ਦੁਨੀਆ' ਦਾ ਦਸੰਬਰ 2012 ਅੰਕ ਪੜ੍ਹਿਆ, ਬਹੁਤ ਵਧੀਆ ਲੱਗਿਆ। ਜਸਵੀਰ ਰਾਣਾ ਨਾਲ ਮੁਲਾਕਾਤ ਬਹੁਤ ਹੀ ਵਧੀਆ ਸੀ, ਇੱਕ-ਇੱਕ ਸਵਾਲ ਜਿਥੇ ਬਹੁਤ ਹੀ ਢੰਗ ਨਾਲ ਪੁੱਛਿਆ ਸੀ ਉਥੇ ਹੀ ਜਸਵੀਰ ਰਾਣਾ ਜੀ ਨੇ ਜਵਾਬ ਬਹੁਤ ਹੀ ਸੰਜ਼ੀਦਾ ਢੰਗ ਨਾਲ ਦਿੱਤੇ ਸਨ। ਮੁਲਾਕਾਤ ਪੜ੍ਹਨ ਤੋਂ ਬਾਅਦ ਜਸਵੀਰ ਰਾਣਾ ਦੀ ਕਹਾਣੀ 'ਚੂੜੇ ਵਾਲੀ ਬਾਂਹ' ਪੜ੍ਹਨ ਦੀ ਜਾਗਿਆਸਾ ਜਾਗੀ ਹੈ, ਜੇ ਹੋ ਸਕੇ ਤਾਂ ਜਰੂਰ ਛਾਪਣੀ ਜੀ। ਇਸ ਤੋਂ ਇਲਾਵਾ ਵੀਨਾ ਵਰਮਾਂ ਦੇ ਲੇਖ, ਦਲੀਪ ਕੌਰ ਟਿਵਾਣਾ ਦੇ ਨਾਵਲ ਆਦਿ ਵੀ ਛਾਪਣ ਦੀ ਕੋਸ਼ਿਸ਼ ਕਰਨੀ, ਬਾਕੀ ਮੈਟਰ ਦੀ ਚੋਣ ਬਹੁਤ ਹੀ ਵਧੀਆ ਹੁੰਦੀ ਹੈ। 'ਨਵੀਂ ਦੁਨੀਆ' ਦੀ ਸਾਰੀ ਟੀਮ ਨੂੰ ਚੰਗੇ ਕਾਰਜ਼ ਵਾਸਤੇ ਸ਼ੁਭ-ਇਛਾਵਾਂ।

ਜਸਵੀਰ ਕੌਰ ਦਿਓਲ
ਐਡਮਿੰਟਨ 780-916-2671

# ਕੈਸ਼ ਟਰਾਂਸਫਰ : ਭਾਰਤੀ ਅਵਾਮ ਨਾਲ ਇਕ ਹੋਰ ਫਰਾਡ

**ਹਰਕੰਵਲ ਸਿੰਘ**

ਭਾਰਤ ਦੇਸ਼ ਦੀ ਕੇਂਦਰੀ ਸਰਕਾਰ ਦਾ ਦਾਅਵਾ ਹੈ ਕਿ ਉਹ ਇਸ ਨਵੇਂ ਸਾਲ ਤੋਂ ਲੋਕਾਂ ਨੂੰ ਇਕ ਹੋਰ 'ਤੋਹਫਾ' ਦੇਣ ਜਾ ਰਹੀ ਹੈ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅੱਗੇ ਤੋਂ, ਸਮਾਜ ਦੇ ਕਮਜ਼ੋਰ ਵਰਗਾਂ ਨੂੰ ਮਿਲਦੀਆਂ ਸਬਸਿਡੀਆਂ ਬੈਂਕਾਂ ਰਾਹੀਂ, ਨਕਦੀ ਦੇ ਰੂਪ ਵਿਚ, ਸਿੱਧੀਆਂ ਘਰੋ-ਘਰੀ ਪਹੁੰਚਾਈਆਂ ਜਾਇਆ ਕਰਨਗੀਆਂ। ਇਸ ਮੰਤਵ ਲਈ, ਪਿਛਲੇ ਵਰ੍ਹੇ ਦੌਰਾਨ ਹਰ ਵਿਅਕਤੀ ਦੀ ਵਿਸ਼ੇਸ਼ ਪਛਾਣ ਵਾਲੇ ਬਣਾਏ ਗਏ ''ਆਧਾਰ ਕਾਰਡ'' ਨੂੰ ਬੈਂਕਾਂ ਨਾਲ ਜੋੜਿਆ ਜਾਵੇਗਾ। ਇਸ ਤਰ੍ਹਾਂ, ਅੱਗੋਂ ਤੋਂ, ਹਰ ਲੋੜਵੰਦ ਨੂੰ ਮਿੱਟੀ ਦਾ ਤੇਲ, ਰਸੋਈ ਗੈਸ ਤੇ ਡੀਜ਼ਲ ਆਦਿ ਵਸਤਾਂ ਖਰੀਦਣੀਆਂ ਤਾਂ ਬਾਜ਼ਾਰ ਵਿਚੋਂ ਪ੍ਰਚਲਤ ਕੀਮਤ 'ਤੇ ਹੀ ਪੈਣਗੀਆਂ ਪ੍ਰੰਤੂ ਸਬਸਿਡੀ 'ਤੇ ਆਧਾਰਤ ਰਿਆਇਤੀ ਮੁੱਲ ਅਤੇ ਬਾਜ਼ਾਰ ਮੁੱਲ ਵਿਚਲੇ ਫਰਕ ਅਨੁਸਾਰ ਬਣਦੀਆਂ ਰਕਮਾਂ ਸਰਕਾਰ ਵੱਲੋਂ ਆਪਣੇ ਆਪ ਸਬੰਧਤ ਵਿਅਕਤੀ ਦੇ ਬੈਂਕ ਖਾਤੇ ਵਿਚ ਜਮ੍ਹਾਂ ਕਰ ਦਿੱਤੀਆਂ ਜਾਇਆ ਕਰਨਗੀਆਂ। ਏਸੇ ਤਰਜ਼ 'ਤੇ, ਪੇਂਡੂ ਮਜ਼ਦੂਰਾਂ ਨੂੰ ਮਨਰੇਗਾ ਅਧੀਨ ਮਿਲਦੀਆਂ ਦਿਹਾੜੀਆਂ ਦੀ ਉਜਰਤ, ਬੁਢਾਪਾ ਤੇ ਵਿਧਵਾ ਪੈਨਸ਼ਨਾਂ, ਵਿਦਿਆਰਥੀਆਂ ਦੇ ਵਜ਼ੀਫੇ, ਕਿਸਾਨਾਂ ਨੂੰ ਖਾਦਾਂ ਉਪਰ ਮਿਲਦੀ ਸਬਸਿਡੀ, ਰੋਜ਼ਾਨਾ ਵਰਤੋਂ ਦੀਆਂ ਵਸਤਾਂ 'ਤੇ 'ਜਨਤਕ ਵੰਡ ਪ੍ਰਣਾਲੀ' ਰਾਹੀਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਆਦਿ ਦੀਆਂ ਰਕਮਾਂ ਵੀ ਸਿੱਧੀਆਂ ਲਾਭਪਾਤਰੀਆਂ/ਖਪਤਕਾਰਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਹੋਇਆ ਕਰਨਗੀਆਂ। ਸਰਕਾਰ ਦਾ ਇਹ ਵੀ ਦਾਅਵਾ ਹੈ ਕਿ ਇਸ ਪ੍ਰਣਾਲੀ ਨੂੰ ਅਪਨਾਉਣ ਨਾਲ ਲੋਕ ਭਲਾਈ ਨਾਲ ਸਬੰਧਤ ਸਕੀਮਾਂ ਅਤੇ ਸਿੱਖਿਆ ਤੇ ਸਿਹਤ ਸਹੂਲਤਾਂ ਆਦਿ ਉਪਰ ਕੀਤੇ ਜਾਂਦੇ ਸਰਕਾਰੀ ਖਰਚਿਆਂ ਵਿਚ ਪਾਰਦਰਸ਼ਤਾ ਆਵੇਗੀ ਅਤੇ ਅਜੋਕੀ ਘਪਲੇਬਾਜ਼ੀ ਰੁਕੇਗੀ। ਏਸੇ ਲਈ, ਹਰ ਤਰ੍ਹਾਂ ਦੇ ਪ੍ਰਚਾਰ ਸਾਧਨਾਂ ਰਾਹੀਂ ਸਰਕਾਰ ਵਲੋਂ ਇਸ ਫੈਸਲੇ ਦਾ ਪ੍ਰਚਾਰ ਅੱਜਕਲ ਬੜੇ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ।

ਸਰਕਾਰ ਵਲੋਂ ਇਹ ਦਾਅਵਾ ਵੀ ਕੀਤਾ ਜਾ ਰਿਹਾ ਹੈ ਕਿ 'ਆਧਾਰ ਕਾਰਡ' ਅਧਾਰਤ ਇਸ ਨਵੀਂ ਪ੍ਰਣਾਲੀ ਰਾਹੀਂ 'ਕੈਸ਼ ਟਰਾਂਸਫਰ' ਕਰਨ ਨਾਲ ਗਰੀਬਾਂ ਤੇ ਨਿਤਾਣਿਆਂ ਦੀ ਭਲਾਈ ਲਈ ਕੇਂਦਰ ਸਰਕਾਰ ਵਲੋਂ ਕੀਤੇ ਜਾਂਦੇ ਖਰਚਿਆਂ ਵਿਚ ਹੁੰਦੀ ਘਪਲੇਬਾਜ਼ੀ ਤੇ ਠੱਗੀ-ਠੋਰੀ ਪੂਰੀ ਤਰ੍ਹਾਂ ਰੁਕ ਜਾਵੇਗੀ ਅਤੇ ਸਬਸਿਡੀਆਂ ਰਾਹੀਂ ਲੋਕਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਨੂੰ ਅਸਲ ਲਾਭਪਾਤਰੀਆਂ ਤੱਕ ਪਹੁੰਚਾਉਣਾ ਵੀ ਯਕੀਨੀ ਬਣਾਇਆ ਜਾ ਸਕੇਗਾ। ਇਸ ਬਾਰੇ ਤਾਂ ਕੋਈ ਸ਼ੱਕ ਨਹੀਂ ਕਿ ਸਾਡੇ ਦੇਸ਼ ਵਿਚ ਆਮ ਲੋਕਾਂ ਦੀ ਭਲਾਈ ਲਈ ਰੱਖੇ ਜਾਂਦੇ ਸਰਕਾਰੀ ਫੰਡਾਂ ਦਾ ਵੱਡਾ ਹਿੱਸਾ ਸਬੰਧਤ ਲੋਕਾਂ ਤੱਕ ਨਹੀਂ ਪੁੱਜਦਾ। ਵੱਡੇ ਵੱਡੇ ਮਗਰਮੱਛ ਇਹਨਾਂ ਫੰਡਾਂ ਨੂੰ ਰਾਹ ਵਿਚ ਹੀ ਨਿਗਲ ਜਾਂਦੇ ਹਨ; ਜਿਹਨਾਂ ਵਿਚ ਸ਼ਾਮਲ ਹਨ ਹਾਕਮ ਰਾਜਨੀਤਕ ਪਾਰਟੀਆਂ ਦੇ ਬਹੁਤ ਸਾਰੇ ਭਰਿਸ਼ਟ ਆਗੂ ਤੇ ਵਰਕਰ, ਵੱਡੇ ਅਫਸਰ ਤੇ ਨੌਕਰਸ਼ਾਹੀ ਅਤੇ ਠੇਕੇਦਾਰ।

ਅਜੇਹੀ ਸ਼ਰਮਨਾਕ ਘਪਲੇਬਾਜ਼ੀ ਤੇ ਠੱਗੀ ਠੋਰੀ ਨੂੰ ਰੋਕਣ ਦੇ ਉਪਾਅ ਕਰਨਾ ਤਾਂ ਨਿਸ਼ਚੇ ਹੀ ਇਕ ਚੰਗੀ ਗੱਲ ਹੈ। ਪ੍ਰੰਤੂ ਸਰਕਾਰ ਵਲੋਂ ਕੈਸ਼ ਟਰਾਂਸਫਰ ਕਰਨ ਦੀ ਪ੍ਰਚਾਰੀ ਜਾ ਰਹੀ ਇਸ ਨਵੀਂ ਸਕੀਮ ਦਾ ਅਸਲ ਨਿਸ਼ਾਨਾ ਇਸ ਚੋਰੀ ਨੂੰ ਰੋਕਣਾ ਨਹੀਂ ਹੈ। ਬਲਕਿ, ਇਸ ਦਾ ਅਸਲ ਉਦੇਸ਼ ਤਾਂ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਤੋਂ ਮੁਕਤੀ ਹਾਸਲ ਕਰਨਾ ਹੈ। ਸਾਡੇ ਹਾਕਮ ਇਹਨਾਂ ਸਬਸਿਡੀਆਂ ਲਈ ਲੋੜੀਂਦੀਆਂ ਰਕਮਾਂ ਨੂੰ ਹੌਲੀ ਹੌਲੀ ਘਟਾਉਂਦੇ ਜਾਣ ਤੇ ਆਖਰਕਾਰ ਇਹਨਾਂ ਨੂੰ ਪੂਰੀ ਤਰ੍ਹਾਂ ਖਤਮ ਕਰ ਦੇਣ ਵੱਲ ਨਿਰੰਤਰ ਵੱਧ ਰਹੇ ਹਨ। ਇਸ ਪਿਛੋਕੜ ਵਿਚ ਇਹ ਵੀ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਸਰਕਾਰ ਦਾ ਇਹ ਨਵਾਂ ਫੈਸਲਾ ਵੀ ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਵੱਲ ਸੇਧਤ ਇਕ ਹੋਰ ਲੋਕ ਮਾਰੂ ਕਦਮ ਹੀ ਹੈ। ਸਾਮਰਾਜ-ਨਿਰਦੇਸ਼ਤ ਇਹ ਨੀਤੀਆਂ ਮੰਡੀ ਦੀਆਂ ਸ਼ਕਤੀਆਂ ਨੂੰ ਪੂਰਨ ਖੁੱਲ੍ਹ ਦੇਣ ਅਤੇ ਸਰਕਾਰ ਨੂੰ ਆਮ ਲੋਕਾਂ ਪ੍ਰਤੀ ਜ਼ੁੰਮੇਵਾਰੀਆਂ ਤੋਂ ਪੂਰੀ ਤਰ੍ਹਾਂ ਮੁਕਤ ਕਰ ਦੇਣ ਦੀ ਸ਼ਰੇਆਮ ਵਕਾਲਤ ਕਰਦੀਆਂ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਉਸਦੇ ਸਹਿਯੋਗੀਆਂ ਦੀ ਸਮੁੱਚੀ ਮੰਡਲੀ ਲੋਕਾਂ ਨੂੰ ਤਬਾਹ ਕਰਨ ਵਾਲੀਆਂ ਇਹਨਾਂ ਨੀਤੀਆਂ ਦੀ ਜ਼ੋਰਦਾਰ ਸਮੱਰਥਕ ਹੈ। ਏਸੇ ਲਈ ਇਹ ਸਰਕਾਰ ਸਬਸਿਡੀਆਂ ਨੂੰ ਘਟਾਉਣ ਦੇ ਮੁੱਦੇ ਨੂੰ ਵਾਰ ਵਾਰ ਉਭਾਰਦੀ ਹੈ ਅਤੇ ਇਹ ਦੁਹਾਈ ਪਾ ਰਹੀ ਹੈ ਕਿ ਦੇਸ਼ ਦੇ ਵਿਕਾਸ ਨੂੰ ਤਿੱਖਾ ਕਰਨ ਲਈ ਮੌਜੂਦਾ ਵਿੱਤੀ ਘਾਟੇ ਨੂੰ 5ਗ ਤੋਂ ਘਟਾਕੇ 3ਗ ਤੱਕ ਲਿਆਉਣਾ ਬਹੁਤ ਜ਼ਰੂਰੀ ਹੈ। ਏਥੇ, ਹੈਰਾਨੀਜਨਕ ਗੱਲ ਇਹ ਹੈ ਕਿ ਇਸ ਮੰਤਵ ਲਈ ਸਰਕਾਰ ਵਲੋਂ ਆਮ ਲੋਕਾਂ ਨੂੰ ਮਿਲਦੀਆਂ ਸਬਸਿਡੀਆਂ ਅਤੇ ਨਿਗੂਣੀਆਂ ਸਹੂਲਤਾਂ ਉਪਰ ਤਾਂ ਕੁਹਾੜਾ ਚਲਾਇਆ ਜਾ ਰਿਹਾ ਹੈ ਪ੍ਰੰਤੂ ਪੂੰਜੀਪਤੀਆਂ ਦੀਆਂ ਕੰਪਣੀਆਂ ਨੂੰ ਹਰ ਸਾਲ ਲੱਖਾਂ-ਕਰੋੜਾਂ ਰੁਪਏ ਦੀਆਂ ਛੋਟਾਂ ਦੇ ਗੱਫੇ ਬਖਸ਼ੇ ਜਾ ਰਹੇ ਹਨ। ਇਸ ਲਈ ਅਸੀਂ ਇਹ ਦਾਅਵੇ ਨਾਲ ਕਹਿਣਾ ਚਾਹੁੰਦੇ ਹਾਂ ਕਿ ਕੈਸ਼ ਟਰਾਂਸਫਰ ਦਾ ਇਹ ਫੈਸਲਾ ਵੀ ਨਿੱਜੀਕਰਨ ਦੀ ਨੀਤੀ ਨੂੰ ਬੜ੍ਹਾਵਾ ਦੇਣ ਦਾ ਅਤੇ ਸਰਕਾਰ ਵਲੋਂ ਆਮ ਲੋਕਾਂ ਪ੍ਰਤੀ ਜ਼ੁੰਮੇਵਾਰੀਆਂ ਤੋਂ ਬੇਮੁੱਖ ਹੋਣ ਦਾ ਇਕ ਲੁਕਵਾਂ ਰੂਪ ਹੀ ਹੈ।

ਇਸ ਲਈ, 'ਕੈਸ਼ ਟਰਾਂਸਫਰ' ਦੀ ਇਸ ਪ੍ਰਣਾਲੀ ਨੂੰ ਲਾਗੂ ਕਰਨ ਵਾਸਤੇ ਦੇਸ਼ ਅੰਦਰ ਬੈਂਕਾਂ ਆਦਿ ਦਾ ਢੁੱਕਵਾਂ ਢਾਂਚਾ ਨਾ ਹੋਣ ਦੀ ਨੁਕਤਾਚੀਨੀ ਕਰਨਾ ਜਾਂ 'ਆਧਾਰ ਕਾਰਡ' ਦੀ ਵਰਤੋਂ ਨਾਲ ਸਬੰਧਤ ਸਮੱਸਿਆਵਾਂ ਆਦਿ ਕਾਰਨ ਇਸ ਫੈਸਲੇ ਦੇ ਅਮਲੀ ਤੌਰ 'ਤੇ ਅਸਫਲ ਰਹਿਣ ਦੀ ਦਿੱਤੀ ਜਾ ਰਹੀ ਦਲੀਲ ਵੀ ਭਾਵੇਂ ਕਾਫੀ ਹੱਦ ਤੱਕ ਸਹੀ ਹੈ, ਪ੍ਰੰਤੂ ਇਸ ਫੈਸਲੇ ਦੀ ਪਰਖ ਪੜਚੋਲ ਕਰਨ ਲਈ ਮੁੱਖ ਮੁੱਦਾ ਇਸ ਦੀ ਵਿਵਹਾਰਕਤਾ ਨਹੀਂ। ਇਸ ਦੀ ਬਜਾਏ, ਇਸ ਸਕੀਮ ਪਿੱਛੇ ਕੰਮ ਕਰਦੇ ਸਰਕਾਰ ਦੇ ਅਸਲ ਮਨੋਰਥਾਂ ਨੂੰ ਪਛਾਣਨ ਅਤੇ ਜਨਸਮੂਹਾਂ ਨੂੰ ਚੇਤਨ ਕਰਨ ਦੀ ਲੋੜ ਹੈ। ਇਹ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਇਸ ਪ੍ਰਣਾਲੀ ਦੇ ਮੰਤਕੀ ਸਿੱਟੇ ਵਜੋਂ ਵੱਖ-ਵੱਖ ਪ੍ਰਾਂਤਾਂ ਅੰਦਰ ਜਿੰਨੀ ਕੁ ਲੋਕ-ਵੰਡ ਪ੍ਰਣਾਲੀ ਹੈ, ਉਸਦਾ ਵੀ ਭੋਗ ਪੈ ਜਾਵੇਗਾ। ਨਿੱਤ ਵਰਤੋਂ ਦੀਆ ਵਸਤਾਂ ਰਸੋਈ ਗੈਸ, ਮਿੱਟੀ ਦਾ ਤੇਲ, ਆਟਾ, ਚਾਵਲ, ਦਾਲਾਂ, ਖੰਡ ਆਦਿ ਬਾਜ਼ਾਰ ਵਿਚੋਂ ਖਰੀਦਣ ਲਈ ਸਰਕਾਰੀ ਸਹਾਇਤਾ ਰਾਸ਼ੀ ਲੋਕਾਂ ਨੂੰ ਬੈਂਕਾਂ ਰਾਹੀਂ ਪੁੱਜੇਗੀ, ਉਹ ਵੀ ਸਾਰੇ ਲੋੜਵੰਦਾਂ ਨੂੰ ਨਹੀਂ ਬਲਕਿ ਸਿਰਫ ਉਹਨਾਂ ਨੂੰ ਜਿਹੜੇ ਕਿ ਅਧੂਰੇ ਸਰਕਾਰੀ ਸਰਵਿਆਂ ਦੀ ਪਕੜ ਵਿਚ ਆਉਣਗੇ। ਇਸ ਮੰਤਵ ਲਈ ਸਹਾਇਤਾ ਰਾਸ਼ੀ ਕਿੰਨੀ ਮਿਲੇਗੀ? ਇਸ ਦੇ ਅਨੁਮਾਨ ਵੀ ਵੱਖੋ-ਵੱਖਰੇ ਹੋਣਗੇ। ਦਿੱਲੀ ਦੀ ਮੁੱਖ ਮੰਤਰੀ ਬੀਬੀ ਸ਼ੀਲਾ ਦੀਕਸ਼ਤ ਨੇ ਤਾਂ ਇਸ ਮੰਤਵ ਲਈ 4 ਜੀਆਂ ਦੇ ਪਰਿਵਾਰ ਲਈ 600 ਰੁਪਏ ਮਹੀਨੇ ਭਾਵ 20 ਰੁਪਏ ਰੋਜ਼ਾਨਾ ਦਾ ਅਨੁਮਾਨ ਲਾ ਦਿੱਤਾ ਹੈ। ਪਿਛਲੇ ਦਿਨੀਂ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਮੌਨਟੇਕ ਸਿੰਘ ਆਹਲੂਵਾਲੀਆ ਨੇ ਤਾਂ ਗਰੀਬੀ ਦਾ ਪੱਧਰ ਮਿਥਣ ਲਈ ਪ੍ਰਤੀ ਵਿਅਕਤੀ 26 ਰੁਪਏ ਰੋਜ਼ਾਨਾ ਦਾ ਹਿਸਾਬ-ਕਿਤਾਬ ਲਾਇਆ ਸੀ ਪ੍ਰੰਤੂ ਹੁਣ ਨਕਦ ਅਦਾਇਗੀ ਲਈ ਇਸ ਬੀਬੀ ਨੇ ਸਮੁੱਚੇ ਪਰਿਵਾਰ ਲਈ 20 ਰੁਪਏ ਰੋਜ਼ਾਨਾ ਦਾ ਅਨੁਮਾਨ ਲਾ ਦਿੱਤਾ ਹੈ, ਜਿਸ ਨਾਲ 4 ਜੀਆਂ ਦਾ ਪਰਿਵਾਰ ਸ਼ਾਇਦ ਸਾਫ ਪਾਣੀ ਪੀ ਕੇ ਵੀ ਆਪਣਾ ਢਿੱਡ ਨਾ ਭਰ ਸਕੇ। ਏਥੇ ਹੀ ਬਸ ਨਹੀਂ, ਹਾਕਮਾਂ ਦੀਆਂ ਪ੍ਰਚਲਤ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਮਹਿੰਗਾਈ ਦਾ ਲਗਾਤਾਰ ਵੱਧਦੇ ਜਾਣਾ ਵੀ ਹੁਣ ਇਕ ਅਟੱਲ ਸਚਾਈ ਬਣ ਚੁੱਕਾ ਹੈ। ਪ੍ਰੰਤੂ ਸਹਾਇਤਾ ਰਾਸ਼ੀ ਦੀਆਂ ਇਕ ਵਾਰ ਮਿਥੀਆਂ ਗਈਆਂ ਇਹਨਾਂ ਰਕਮਾਂ ਵਿਚ ਵੱਧਦੀ ਮਹਿੰਗਾਈ ਅਨੁਸਾਰ ਅਨੁਪਾਤਕ ਵਾਧੇ ਦੀ ਵਿਵਸਥਾ ਹੋਣ ਦੀ ਵੀ ਉੱਕਾ ਹੀ ਕੋਈ ਸੰਭਾਵਨਾ ਨਹੀਂ ਹੈ। ਜਿਹੜੀ ਸਰਕਾਰ ਲੋਕਾਂ ਨੂੰ ਮਿਆਰੀ ਸਿੱਖਿਆ ਤੇ ਬਿਮਾਰੀਆਂ ਤੋਂ ਸੁਰੱਖਿਆ ਵਰਗੀਆਂ ਬੁਨਿਆਦੀ ਸਹੂਲਤਾਂ ਦੇਣ ਲਈ ਲੋੜੀਂਦੇ ਰੈਗੂਲਰ ਮੁਲਾਜ਼ਮ ਭਰਤੀ ਨਹੀਂ ਕਰ ਸਕਦੀ ਅਤੇ ਆਪਣੇ ਮੁਲਾਜ਼ਮਾਂ ਦੀਆਂ ਕਈ-ਕਈ ਮਹੀਨੇ ਤਨਖਾਹਾਂ ਨਹੀਂ ਦੇ ਸਕਦੀ, ਉਸਤੋਂ ਇਹ ਆਸ ਕਿਵੇਂ ਰੱਖੀ ਜਾ ਸਕਦੀ ਹੈ ਕਿ ਉਹ ਹਰ ਪਰਵਾਰ ਵਾਸਤੇ ਵਧੀ ਹੋਈ ਮਹਿੰਗਾਈ ਦੇ ਅਨੁਪਾਤ ਵਿਚ ਆਪਣੇ ਆਪ ਸਬਸਿਡੀ ਦੀ ਰਕਮ ਵਧਾ ਦੇਵੇਗੀ? ਇਸ ਲਈ ਇਹ ਲਗਭਗ ਨਿਸ਼ਚਿਤ ਹੀ ਹੈ ਕਿ ਇਸ ਮੰਤਵ ਲਈ ਇਕ ਵਾਰ ਤੈਅ ਕੀਤੀ ਗਈ ਰਾਸ਼ੀ ਦਾ ਅਸਲ ਮੁੱਲ ਮਹਿੰਗਾਈ ਵੱਧਣ ਨਾਲ ਨਿਰੰਤਰ ਘਟਦਾ ਜਾਵੇਗਾ ਅਤੇ ਲੋਕਾਂ ਨੂੰ ਮਿਲਦੀ ਰਾਹਤ ਦਾ ਮਿਆਰ ਵੀ ਉਸੇ ਅਨੁਪਾਤ ਵਿਚ ਨਿਘਰਦਾ ਜਾਵੇਗਾ। ਇਸ ਸੰਦਰਭ ਵਿਚ ਰਾਜਸਥਾਨ ਅੰਦਰ ਅਲਵਰ ਜ਼ਿਲ੍ਹੇ ਵਿਚ ਮਿੱਟੀ ਦੇ ਤੇਲ ਦੀ ਸਬਸਿਡੀ ਬੈਂਕਾਂ ਰਾਹੀਂ ਭੇਜਣ ਲਈ ਆਰੰਭੇ ਗਏ ਪਾਇਲੈਟ ਪ੍ਰਾਜੈਕਟ ਦਾ ਤਜ਼ਰਬਾ ਵੀ ਸਭ ਦੇ ਸਾਹਮਣੇ ਹੈ, ਜਿਥੇ ਮਿੱਟੀ ਦਾ ਤੇਲ ਖਰੀਦਣ ਲਈ ਇਕ ਵਾਰ ਨਕਦ ਮਿਲੀ ਸਬਸਿਡੀ ਦੁਬਾਰਾ ਕਈ-ਕਈ ਮਹੀਨਿਆਂ ਤੱਕ ਨਹੀਂ ਮਿਲਦੀ। ਐਪਰ ਤਰਾਸਦੀ ਇਹ ਹੈ ਕਿ ਗਰੀਬਾਂ ਦੇ ਮੂੰਹ 'ਚੋਂ ਆਖਰੀ ਬੁਰਕੀ ਖੋਹ ਲੈਣ ਵੱਲ ਸੇਧਤ ਇਸ ਸ਼ਾਤਰਾਨਾ ਯਤਨ ਨੂੰ ਵੀ ਯੂ.ਪੀ.ਏ. ਦੀ ਮੁੱਖੀ ਬੀਬੀ ਸੋਨੀਆ ਗਾਂਧੀ ਇਕ ਅਹਿਮ ਇਨਕਲਾਬੀ ਕਦਮ ਵਜੋਂ ਧੁਮਾਉਣ ਦੀ ਜ਼ੁਰੱਅਤ ਕਰ ਰਹੀ ਹੈ।

ਹੈਰਾਨੀਜਨਕ ਗੱਲ ਇਹ ਵੀ ਹੈ ਕਿ ਅਜੇਹੇ ਲੋਕਮਾਰੂ ਕੁਕਰਮ ਨੂੰ ਵੀ ਇਹ ਹਾਕਮ ਆਪਣੇ ਗੁੰਮਰਾਹਕੁੰਨ ਪ੍ਰਚਾਰ ਰਾਹੀਂ ਅਤੇ ਕੋਰੇ ਝੂਠ ਦਾ ਆਸਰਾ ਲੈ ਕੇ ਵੱਧ ਤੋਂ ਵੱਧ ਵੋਟਾਂ ਬਟੋਰਨ ਲਈ ਵਰਤਣਾ ਚਾਹੁੰਦੇ ਹਨ। ਏਸੇ ਲਈ ਰਾਹੁਲ ਗਾਂਧੀ ਇਸ 'ਕੈਸ਼ ਟਰਾਂਸਫਰ' 'ਚੋਂ ''ਚੰਗੇ ਰਾਜਨੀਤਕ ਲਾਹੇ'' ਦੀਆਂ ਸੰਭਾਵਨਾਵਾਂ ਦੇਖਦਾ ਹੈ। ਇਸ ਪ੍ਰੀਪੇਖ ਵਿਚ ਦੇਖਿਆਂ ਇਹ ਵੀ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਦੇਸ਼ ਦੇ ਕੁਦਰਤੀ ਵਸੀਲਿਆਂ ਨੂੰ ਲਗਭਗ ਮੁਫ਼ਤ ਹੀ ਦੇਸੀ ਤੇ ਵਿਦੇਸ਼ੀ ਕੰਪਨੀਆਂ ਦੇ ਹਵਾਲੇ ਕਰ ਦੇਣ ਤੇ ਵਿੱਤੀ ਹੇਰਾਫੇਰੀਆਂ ਨਾਲ ਸਬੰਧਤ ਘੁਟਾਲਿਆਂ ਕਾਰਨ ਅਤੇ ਕਿਰਤੀ ਲੋਕਾਂ ਦੀਆਂ ਮਹਿੰਗਾਈ, ਬੇਰੋਜ਼ਗਾਰੀ ਤੇ ਸੁਰੱਖਿਆ ਨਾਲ ਸਬੰਧਤ ਸਮੱਸਿਆਵਾਂ ਦੀ ਅਣਦੇਖੀ ਕਰਨ ਕਾਰਨ, ਆਮ ਲੋਕਾਂ ਨਾਲੋਂ ਵੱਡੀ ਹੱਦ ਤੱਕ ਕੱਟੇ ਜਾਣ ਕਰਕੇ ਇਹਨਾਂ ਹਾਕਮਾਂ ਲਈ 'ਕੈਸ਼-ਟਰਾਂਸਫਰ' ਦੀ ਇਹ ਪ੍ਰਣਾਲੀ ਚੋਣਾਂ ਜਿੱਤਣ ਲਈ ਆਪਣਾਇਆ ਗਿਆ ਇਕ ਹੋਰ ਹੱਥਕੰਡਾ ਵੀ ਸਿੱਧ ਹੋ ਸਕਦਾ ਹੈ।

ਇਹਨਾਂ ਅਵਸਥਾਵਾਂ ਵਿਚ 'ਕੈਸ਼ ਟਰਾਂਸਫਰ' ਵਿਦਿਆਰਥੀਆਂ ਦੇ ਵਜ਼ੀਫਿਆਂ ਜਾਂ ਸ਼ਗਨ ਸਕੀਮ ਵਰਗੀਆਂ ਵਿੱਤੀ ਸਹਾਇਤਾ ਸਕੀਮਾਂ ਲਈ ਹੀ ਕਾਰਆਮਦ ਸਿੱਧ ਹੋ ਸਕਦਾ ਹੈ। ਬੁਢਾਪਾ ਪੈਨਸ਼ਨਾਂ ਅਤੇ ਮਨਰੇਗਾ ਅਧੀਨ ਮਿਲਦੀਆਂ ਉਜਰਤਾਂ ਦੀ ਅਦਾਇਗੀ ਲਈ ਇਸ ਪ੍ਰਣਾਲੀ ਦੀ ਵਰਤੋਂ ਵੀ ਸਿਰਫ ਇਕ ਹੱਦ ਤੱਕ ਹੀ ਸੰਭਵ ਹੈ, ਕਿਉਂਕਿ ਮਿਹਨਤ ਮਜ਼ਦੂਰੀ ਕਰਨ ਵਾਲੇ ਲੋਕਾਂ ਵਿਸ਼ੇਸ਼ ਤੌਰ 'ਤੇ ਬਜ਼ੁਰਗਾਂ ਦੀਆਂ ਉਂਗਲਾਂ ਦੇ ਆਧਾਰ ਕਾਰਡ ਉਪਰਲੇ ਨਿਸ਼ਾਨਾਂ ਦੀ ਪਛਾਣ ਅਕਸਰ ਹੀ ਬਦਲਦੀ ਰਹਿੰਦੀ ਹੈ। ਆਂਧਰਾ ਪ੍ਰਦੇਸ਼ ਵਿਚ ਮਨਰੇਗਾ ਉਜਰਤਾਂ ਦੀ ਅਦਾਇਗੀ ਸਬੰਧੀ ਆਰੰਭੇ ਗਏ ਤਜ਼ਰਬਾਤੀ ਪ੍ਰਾਜੈਕਟ ਵਿਚ ਅਜੇਹੀਆਂ ਬਹੁਤ ਸਾਰੀਆਂ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਇਹਨਾਂ ਉਪਰੋਕਤ ਸਕੀਮਾਂ ਤੋਂ ਬਿਨਾਂ ਹੋਰ ਸਾਰੀਆਂ ਸਕੀਮਾਂ, ਵਿਸ਼ੇਸ਼ ਤੌਰ 'ਤੇ ਲੋੜਵੰਦਾਂ ਨੂੰ ਸਸਤੀਆਂ ਵਸਤਾਂ, ਜਿਵੇਂ ਕਿ ਰੋਜ਼ਾਨਾ ਰਾਸ਼ਨ, ਮਿੱਟੀ ਦਾ ਤੇਲ, ਰਸੋਈ ਗੈਸ ਅਤੇ ਖਾਦਾਂ ਆਦਿ ਉਪਲੱਬਧ ਬਨਾਉਣ ਵਾਲੀਆਂ ਸਕੀਮਾਂ ਵਿਚ 'ਕੈਸ਼ ਟਰਾਂਸਫਰ' ਦੀ ਇਸ ਪ੍ਰਣਾਲੀ ਨੂੰ ਅਪਨਾਉਣ ਨਾਲ ਸਬਸਿਡੀਆਂ 'ਤੇ ਕੀਤੇ ਜਾਂਦੇ ਸਰਕਾਰੀ ਖਰਚਿਆਂ ਦੀਆਂ ਰਕਮਾਂ ਤਾਂ ਜ਼ਰੂਰ ਘਟਦੀਆਂ ਜਾਣਗੀਆਂ, ਪ੍ਰੰਤੂ ਨਾਲੋ ਨਾਲ ਲੋਕਾਂ ਉਪਰ ਆਰਥਕ ਤੰਗੀਆਂ-ਤੁਰਸ਼ੀਆਂ ਦੀ ਮਾਰ ਵੀ ਲਾਜ਼ਮੀ ਵਧੇਰੇ ਕਠੋਰ ਹੁੰਦੀ ਜਾਵੇਗੀ। ਇਸ ਲਈ ਅਜਿਹੀਆਂ ਸਸਤੀਆਂ ਵਸਤਾਂ ਦੀ ਸਪਲਾਈ ਨੂੰ, ਭਾਵ ਲੋਕ ਵੰਡ ਪ੍ਰਣਾਲੀ ਨੂੰ ਅਰਥਹੀਣ ਬਨਾਉਣ ਅਤੇ ਤਬਾਹ ਕਰਨ ਵਾਲੇ ਅਜੇਹੇ ਸਰਕਾਰੀ ਕਦਮਾਂ ਬਾਰੇ ਜਾਗਰੂਕ ਹੋਣ ਦੀ ਅੱਜ ਭਾਰੀ ਲੋੜ ਹੈ। ਇਸ ਮੰਤਵ ਲਈ ਕੀਤੇ ਜਾ ਰਹੇ ਸਰਕਾਰੀ ਪ੍ਰਚਾਰ ਪਿੱਛੇ ਛੁਪੇ ਹੋਏ ਮਨਸੂਬਿਆਂ ਦੀ ਅਸਲ ਹਕੀਕਤ ਉਜਾਗਰ ਕੀਤੀ ਜਾਣੀ ਚਾਹੀਦੀ ਹੈ ਅਤੇ ਅਜੇਹੇ ਲੋਕ ਮਾਰੂ ਫੈਸਲਿਆਂ ਦਾ ਡਟਵਾਂ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

ਜਿਥੋਂ ਤੱਕ ਇਸ ਖੇਤਰ ਵਿਚਲੇ ਭਰਿਸ਼ਟਾਚਾਰ ਨੂੰ ਰੋਕਣ ਦਾ ਸਬੰਧ ਹੈ, ਉਸ ਵਾਸਤੇ ਤਾਂ ਲੋਕਾਂ ਦੀ ਜਥੇਬੰਦਕ ਜਮਹੂਰੀ ਦਖਲਅੰਦਾਜ਼ੀ ਹੀ ਕਾਰਗਰ ਸਿੱਧ ਹੋ ਸਕਦੀ ਹੈ। ਇਹ ਵੀ ਇਕ ਤਲ਼ਖ ਹਕੀਕਤ ਹੀ ਸਮਝੋ ਕਿ ਇਸ ਖੇਤਰ ਵਿਚਲਾ ਸਮੁੱਚਾ ਭਰਿਸ਼ਟਾਚਾਰ ਅੱਜ ਹਾਕਮ ਰਾਜਸੀ ਪਾਰਟੀਆਂ ਦੇ ਸਿੱਧੇ ਸਹਿਯੋਗ ਤੇ ਸ਼ਹਿ ਉਪਰ ਖੜਾ ਸਪੱਸ਼ਟ ਦਿਖਾਈ ਦੇ ਰਿਹਾ ਹੈ। ਇਸ ਲਈ ਭਰਿਸ਼ਟਾਚਾਰ ਆਧਾਰਤ ਇਸ ਲੁੱਟ ਖਸੁੱਟ ਨੂੰ ਰੋਕਣ ਲਈ ਇਸ ਅਨੈਤਿਕ ਸਹਿਯੋਗ ਨੂੰ ਨੱਥ ਪਾਉਣ ਦੀ ਲੋੜ ਹੈ ਨਾ ਕਿ ਲੋਕਾਂ ਨੂੰ ਸਬਸਿਡੀਆਂ ਦੇ ਰੂਪ ਵਿਚ ਮਿਲਦੀਆਂ ਨਿਗੂਣੀਆਂ ਸਹੂਲਤਾਂ ਨੂੰ ਬੰਦ ਕਰਨ ਜਾਂ ਬੁਰੀ ਤਰ੍ਹਾਂ ਛਾਂਗ ਦੇਣ ਦੀ।

ਧੁਖ਼ਦਾ ਕਾਲਮ

## ਆਓ ਸਲੇਟਾਂ ਕੋਰੀਆਂ 'ਤੇ ਫੁੱਲ-ਪੱਤੀਆਂ ਹੀ ਵਾਹੀਏ

**ਸੁਸ਼ੀਲ ਦੁਸਾਂਝ +91-97813-60066**

'ਪਾਪਾ ਤੁਸੀਂ ਤਾਂ ਪੂਰੇ ''ਸਨੋਲੈਕਸ'' ਹੋ।' ਬੇਟੇ ਦੇ ਇਹ ਬੋਲ ਸੁਣ ਮੈਂ ਉਤਸਕਤਾ ਨਾਲ ਪੁਛੱਦਾ ਹਾਂ, 'ਸਨੋਲੈਕਸ' ਉਹ ਕੀ ਹੁੰਦੈ ਬੇਟਾ? 'ਲਓ, ਪਾਪਾ ਤੁਹਾਨੂੰ ਇਹ ਵੀ ਨਹੀਂ ਪਤਾ? ਪਾਪਾ-'ਸਨੋਲੈਕਸ' ਮੇਰੇ 'ਪੋਕੀਮੈਨ' 'ਚ ਆਉਂਦਾ ਹੁੰਦਾ।' ਮੈਂ ਸਾਰਾ ਮਾਜਰਾ ਸਮਝ ਜਾਂਦਾ ਹਾਂ ਕਿ 'ਸਨੋਲੈਕਸ' ਕੋਈ ਕਾਰਟੂਨ ਕਰੈਕਟਰ ਹੈ। ਪਰ ਮੈਂ ਫੇਰ ਪੁੱਛਦਾ ਹਾਂ, ਠੀਕ ਹੈ ਬੇਟਾ ਮੈਂ 'ਸਨੋਲੈਕਸ' ਹਾਂ, ਪਰ ਮੈਨੂੰ ਇਹ ਤਾਂ ਦੱਸ ਮੈਂ 'ਸਨੋਲੈਕਸ' ਕਿਵੇਂ ਹੋਇਆ? ਕਿਉਂਕਿ-ਕਿਉਂਕਿ ਤੁਸੀਂ ਵੀ 'ਸਨੋਲੈਕਸ' ਵਾਂਗੂ ਹੀ ਰੋਟੀ ਖਾਕੇ ਸੌਂ ਜਾਂਦੇ ਓ।' ਮੈਂ ਆਪਣੇ ਬੇਟੇ ਦਾ ਜੁਆਬ ਸੁਣਕੇ ਡੌਰ-ਭੌਰ ਜਿਹਾ ਹੋ ਗਿਆ ਹਾਂ। ਕੁੱਝ ਪਲਾਂ ਬਾਅਦ ਮੈਂ ਸੋਚਦਾ ਹਾਂ ਕਿ ਮੇਰੇ ਬੇਟੇ ਨੇ ਤਾਂ ਭੋਲੇ-ਭਾਅ ਹੀ ਮੇਰੀ ਬਹੁਤ ਹੀ ਮਾੜੀ ਅਤੇ ਸਿਹਤ ਵਿਗਾੜੂ ਆਦਤ ਤੋਂ ਮੈਨੂੰ ਆਗਾਹ ਕਰ ਦਿੱਤਾ ਹੈ। ਇਹਦੇ ਲਈ ਮੈਂ ਅੰਦਰੋ-ਅੰਦਰੀ ਉਸਦਾ ਧੰਨਵਾਦ ਵੀ ਕਰਦਾ ਹਾਂ ਪਰ ਨਾਲ ਹੀ ਫਿਕਰਮੰਦੀ ਦੇ ਸਮੁੰਦਰਾਂ ਵਿਚ ਵੀ ਗੋਤੇ ਖਾਣ ਲੱਗਦਾ ਹਾਂ। ਫਿਕਰਮੰਦੀ ਇਸ ਗੱਲ ਦੀ ਕਿ ਮੇਰਾ ਬੇਟਾ ਅੱਜਕਲ੍ਹ ਬਹੁਤੀ ਗੱਲਬਾਤ ਆਪਣੀ ਵਿਸ਼ੇਸ਼ ਕਿਸਮ ਦੀ 'ਕਾਰਟੂਨੀ ਭਾਸ਼ਾ' ਵਿਚ ਕਰਨ ਲੱਗ ਪਿਆ ਹੈ। ਘਰ ਵਿਚ ਫੇਰ ਵੀ ਠੀਕ ਹੈ ਪਰ ਬਾਹਰ ਆਪਣੇ ਦੋਸਤਾਂ ਮਿੱਤਰਾਂ ਨਾਲ ਉਸਦੀ ਗੱਲਬਾਤ ਕਰਨ ਦਾ ਅੰਦਾਜ਼ ਬਿਲਕੁਲ ਕਾਰਟੂਨੀ ਹੈ। ਇਹ ਨਹੀਂ ਕੇਵਲ ਉਹ ਹੀ ਇਉਂ ਕਰਦਾ ਹੈ, ਉਸਦੇ ਦੋਸਤ ਮਿੱਤਰ ਵੀ ਉਵੇਂ ਹੀ ਵਰਤਾਓ ਕਰਦੇ ਹਨ, ਜਿਵੇਂ ਉਹ ਵੀ ਕੋਈ ਕਾਰਟੂਨ ਕਰੈਕਟਰ ਹੋਣ। ਤੁਸੀਂ ਥੌੜ੍ਹਾ ਗੌਹ ਨਾਲ ਆਪਣੇ ਬੱਚਿਆਂ ਅਤੇ ਨਿੱਕੇ-ਭੈਣ-ਭਰਾਵਾਂ ਵੱਲ ਦੇਖੋ। ਤੁਹਾਨੂੰ ਇਕ ਅਜੀਬ ਕਿਸਮ ਦੀ ਕਾਰਟੂਨੀ ਭਾਸ਼ਾ ਜ਼ਰੂਰ ਸੁਣੇਗੀ। ਮੈਂ ਇਹ ਵੀ ਸੋਚਦਾ ਹਾਂ ਕਿ ਜੇਕਰ ਦਿਨ ਵਿਚ ਇਕ ਘੰਟਾ ਟੀ.ਵੀ. ਦੇਖਣ ਵਾਲਾ ਮੇਰਾ ਬੇਟਾ 'ਕਾਰਟੂਨੀ ਭਾਸ਼ਾ' 'ਚ ਗੱਲਾਂ ਕਰਦਾ ਹੈ ਤਾਂ ਦਿਨ-ਰਾਤ ਟੀ.ਵੀ ਨੂੰ ਚੁੰਬੜੇ ਰਹਿਣ ਵਾਲੇ ਬੱਚੇ ਕਿਹੋ ਜਿਹਾ ਵਰਤਾਉ ਕਰਦੇ ਹੋਣਗੇ। ਆਓ ਆਪਣੇ ਬੱਚਿਆਂ ਨੂੰ ਚੜ੍ਹੇ ਇਸ ਕਾਰਟੂਨੀ ਬੁਖਾਰ ਬਾਰੇ ਕੁੱਝ ਸੋਚੀਏ।

ਦਰਅਸਲ ਅੱਜ ਇਹ ਦੇਖਣ ਦੀ ਡਾਢੀ ਲੋੜ ਹੈ ਕਿ ਬੱਚਿਆਂ ਦੇ ਮਨੋਰੰਜਨ ਦੇ ਨਾਂਅ 'ਤੇ ਜਿਹੜਾ ਟੀ.ਵੀ. 'ਇਨਕਲਾਬ' ਆ ਰਿਹਾ ਹੈ ਕੀ ਉਹ ਬੱਚਿਆਂ ਦੇ ਭਵਿੱਖ ਨੂੰ ਚੰਗੇਰਾ ਬਣਾਉਣ ਵਿਚ ਸਹਾਈ ਹੋਣ ਜਾ ਰਿਹਾ ਹੈ ਜਾਂ ਫਿਰ ਬੱਚਿਆਂ ਤੋਂ ਉਨ੍ਹਾਂ ਦਾ ਬਾਲਪਨ ਹੀ ਖੋਹਣ ਜਾ ਰਿਹਾ ਹੈ। ਕੁੱਝ ਮਾਹਿਰ ਇਸ ਰਾਇ ਦੇ ਹਨ ਕਿ ਟੈਲੀਵਿਜ਼ਨ ਚੈਨਲਾਂ ਉਪਰ ਆਉਂਦੇ ਪ੍ਰੋਗਰਾਮ ਹੀ ਤਾਂ ਹਨ ਜਿਹੜੇ ਬੱਚਿਆਂ ਨੂੰ ਹਰ ਕਿਸਮ ਦੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ; ਇਹ ਮੁਢਲੀ ਜਾਣਕਾਰੀ ਹੀ ਬੱਚਿਆਂ ਦੇ ਚੰਗੇਰੇ ਭਵਿੱਖ ਦੀ ਬੁਨਿਆਦ ਬਣਦੀ ਹੈ। ਇਹ ਠੀਕ ਹੀ ਨਹੀਂ ਸੌ ਫੀਸਦੀ ਸੱਚ ਹੈ ਕਿ ਇਹ ਪ੍ਰੋਗਰਾਮ ਬੱਚਿਆਂ ਦੇ ਬੌਧਿਕ ਵਿਕਾਸ ਵਿਚ ਅੰਤਾਂ ਦੇ ਸਹਾਈ ਹੁੰਦੇ ਹਨ। ਬੱਚਿਆਂ ਦੀ ਕਲਪਨਾ ਉਡਾਰੀ ਵੱਧਦੀ ਹੈ। ਗਿਆਨ ਵਧਾਊ ਪ੍ਰੋਗਰਾਮ ਬੱਚਿਆਂ ਨੂੰ ਜਾਣਕਾਰੀ ਦੇ ਅਮੁੱਲ ਖ਼ਜ਼ਾਨਿਆਂ ਨਾਲ ਮਾਲਾ-ਮਾਲ ਕਰਦੇ ਹਨ ਅਤੇ ਸਿੱਖਿਆ ਸਬੰਧੀ ਪ੍ਰੋਗਰਾਮ ਵੀ ਬੱਚਿਆਂ ਲਈ ਬੇਹੱਦ ਉਪਯੋਗੀ ਹਨ। ਪਰ ਇਥੇ ਸਵਾਲ ਉਠਦਾ ਹੈ ਕਿ ਬੱਚੇ ਟੀ.ਵੀ. ਅੱਗੇ ਕਿੰਨਾ ਸਮਾਂ ਬਿਤਾਉਂਦੇ ਨ ਅਤੇ ਕੀ ਉਹ ਉਨ੍ਹਾਂ ਦੇ ਮਾਨਸਿਕ ਵਿਕਾਸ ਵਿਚ ਸਹਾਈ ਹੁੰਦੇ ਪ੍ਰੋਗਰਾਮ ਦੇਖਦੇ ਵੀ ਹਨ ਜਾਂ ਨਹੀਂ। ਸੱਚ ਇਹ ਹੈ ਕਿ 24 ਘੰਟੇ ਆਉਂਦੇ 'ਰਟੂਨੀ ਪ੍ਰੋਗਰਾਮਾਂ ਕਾਰਨ ਬੱਚਿਆਂ ਦੀ ਟੀ.ਵੀ. ਦੇਖਣ ਦੀ ਕੋਈ ਸਮਾਂ-ਸੀਮਾਂ ਹੈ ਨਹੀਂ। ਇਕ ਸਰਵੇਖਣ ਮੁਤਾਬਕ ਜੇਕਰ ਕੋਈ ਵੀ ਬੱਚਾ ਲਗਾਤਾਰ ਇਕ ਘੰਟੇ ਤੋਂ ਵੱਧ ਟੀ.ਵੀ. ਦੇਖਦਾ ਹੈ ਤਾਂ ਉਸਦੇ ਬੌਧਿਕ ਵਿਕਾਸ ਵਿਚ ਬਹੁਤ ਸਾਰੀਆਂ ਰੁਕਾਵਟਾਂ ਆ ਖੜੀਆਂ ਹੁੰਦੀਆਂ ਹਨ; ਕਿਉਂਕਿ ਉਸਨੇ ਲਗਾਤਾਰ ਜਿਹੜੇ ਪ੍ਰੋਗਰਾਮ ਦੇਖੇ ਹੁੰਦੇ ਹਨ ਉਹ ਉਸਦੇ ਦਿਮਾਗ ਵਿਚ ਰਲਗੱਡ ਹੋਕੇ ਖੌਰੂ ਪਾਉਂਦੇ ਹਨ। ਉਸਨੂੰ ਸਮਝ ਹੀ ਨਹੀਂ ਆਉਂਦਾ ਕਿ ਕਿਹੜੇ ਕਾਰਟੂਨ ਵਿਚ ਉਸਨੇ ਕੀ ਦੇਖਿਆ ਹੈ। ਇਸੇ ਲਈ ਉਹ ਆਪਣੇ ਮਾਪਿਆਂ ਜਾਂ ਦੋਸਤਾਂ ਨਾਲ ਅਜੀਬੋ-ਗਰੀਬ ਵਾਰਤਾਲਾਪ ਕਰਦਾ ਹੈ।

ਲਗਾਤਾਰ ਟੀ.ਵੀ. ਅੱਗੇ ਬੈਠੇ ਰਹਿਣ ਦਾ ਨਤੀਜਾ ਹੀ ਹੈ ਕਿ ਬੱਚੇ ਰੋਜ਼ ਖਾਣ-ਪੀਣ ਲਈ ਵੀ ਉਨ੍ਹਾਂ ਚੀਜ਼ਾਂ (ਚਿਪਸ, ਕੁਰਕਰੇ ਆਦਿ) ਦੀ ਮੰਗ ਕਰਦੇ ਹਨ ਜਿਨ੍ਹਾਂ ਦੀ ਕਾਰਟੂਨ ਪ੍ਰੋਗਰਾਮਾਂ ਦੌਰਾਨ ਭਾਰੀ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਵਸਤਾਂ ਵਿਚੋਂ ਕਾਰਟੂਨ ਕਰੈਕਟਰਾਂ ਦੇ ਸਟਿੱਕਰ ਆਦਿ ਨਿਕਲਦੇ ਹਨ। ਇਹ ਬਜ਼ਾਰੂ ਚੀਜ਼ਾਂ ਖਾ ਕੇ ਹੀ ਬੱਚਿਆਂ ਦਾ ਪੌਸਟਿਕ ਭੋਜਣ ਵਲੋਂ ਲਗਾਤਾਰ ਮੋਹ ਭੰਗ ਹੋ ਰਿਹਾ ਹੈ ਅਤੇ ਉਨ੍ਹਾਂ ਦੀ ਸਿਹਤ ਵਿਚ ਜਬਰਦਸਤ ਗੜਬੜੀਆਂ ਨੋਟ ਕੀਤੀਆਂ ਜਾ ਰਹੀਆਂ ਹਨ। ਬੱਚਿਆਂ ਵਿਚ ਕਾਰਟੂਨ ਇਸ ਕਦਰ ਰਚ-ਵਸ ਰਹੇ ਹਨ ਕਿ ਉਨ੍ਹਾਂ ਦਾ ਮਨ ਖੇਡਣ ਵਿਚ ਲਗਣੋਂ ਵੀ ਹੱਟ ਰਿਹਾ ਹੈ; ਜਿਸ ਕਰਕੇ ਉਨ੍ਹਾਂ ਦੇ ਸਰੀਰਕ ਵਿਕਾਸ ਵਿਚ ਵੀ ਰੁਕਾਵਟਾਂ ਆ ਰਹੀਆਂ ਹਨ। ਬੱਚੇ ਲਗਾਤਾਰ ਪੰਜ-ਪੰਜ ਘੰਟੇ ਟੀ.ਵੀ. ਦੇਖਦਿਆਂ ਕਦੇ ਨਹੀਂ ਥੱਕਦੇ, ਦੋ ਕਦਮ ਪੈਦਲ ਤੁਰਨਾ ਪਵੇ ਤਾਂ 'ਥੱਕ ਗਏ' ਦੀ ਦੁਹਾਈ ਪਾਉਂਦੇ ਹਨ ਅਤੇ ਸਕੂਲੋਂ ਮਿਲਿਆ ਕੰਮ ਕਰਨ ਵੇਲੇ 'ਨੀਂਦ ਆ ਰਹੀ ਹੈ' ਦੇ ਬਹਾਨੇ ਲਾਉਂਦੇ ਹਨ।

ਇਹ ਹਾਲਾਤ ਹਨ। ਇਹਦੇ ਵਿਚ ਆਪਣੇ ਬੱਚਿਆਂ ਦੇ ਭੱਵਿਖ ਪ੍ਰਤੀ ਬਹੁਤ ਹੀ ਸੁਚੇਤ ਹੋ ਕੇ ਵਿਚਰਨ ਦੀ ਲੋੜ ਹੈ। ਇਹਦੇ ਲਈ ਜ਼ਰੂਰੀ ਹੈ ਕਿ ਬੱਚਿਆਂ ਨਾਲ ਦੋਸਤਾਂ ਵਾਂਗ ਵਿਹਾਰ ਕੀਤਾ ਜਾਵੇ; ਉਨ੍ਹਾਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣ ਦੇ ਢੰਗ ਤਰੀਕੇ ਲੱਭੇ ਜਾਣ, ਉਨ੍ਹਾਂ ਨੂੰ ਟੀ.ਵੀ. ਦੇਖਣ ਤੋਂ ਵਰਜਿਆ ਤਾਂ ਨਾ ਜਾਵੇ ਪਰ ਪਿਆਰ ਨਾਲ ਸਮਝਾਕੇ ਕੋਈ ਨਾ ਕੋਈ ਸਮਾਂ ਜ਼ਰੂਰ ਤੈਅ ਕਰ ਲਿਆ ਜਾਵੇ, ਕੋਸ਼ਿਸ਼ ਕੀਤੀ ਜਾਵੇ ਕਿ ਬੱਚਿਆਂ ਨੂੰ ਸਕੂਲੀ ਪੁਸਤਕਾਂ ਦੇ ਨਾਲ-ਨਾਲ ਜਾਣਕਾਰੀ ਭਰਪੂਰ, ਦਿਲਚਸਪ ਅਤੇ ਦਿਲਟੁੰਬਵੀਆਂ ਪੁਸਤਕਾਂ ਲਿਆ ਕੇ ਪੜ੍ਹਨ ਨੂੰ ਦਿੱਤੀਆਂ ਜਾਣ, ਜੇਕਰ ਤੁਹਾਡੇ ਬੱਚੇ ਹਾਲੇ ਬਹੁਤ ਛੋਟੇ ਹਨ ਤਾਂ ਉਨ੍ਹਾਂ ਨੂੰ ਖੁਦ ਪੜ੍ਹਕੇ ਸੁਣਾਇਆ ਜਾਵੇ। ਇਨ੍ਹਾਂ ਗੱਲਾਂ ਦਾ ਧਿਆਨ ਰੱਖਕੇ ਜਿੱਥੇ ਅਸੀਂ ਟੀ.ਵੀ. ਦੇ ਚੌਤਰਫੇ ਹਮਲੇ ਤੋਂ ਆਪਣੇ ਬੱਚਿਆਂ ਨੂੰ ਬਚਾਅ ਰਹੇ ਹੋਵਾਂਗੇ ਉਥੇ ਉਨ੍ਹਾਂ ਨੂੰ ਲਿਖਣ-ਪੜ੍ਹਨ ਦੀ ਇਕ ਬਹੁਤ ਹੀ ਵਧੀਆ ਆਦਤ ਨਾਲ ਵੀ ਮਾਲਾ-ਮਾਲ ਕਰ ਰਹੇ ਹੋਵਾਂਗੇ। ਨਹੀਂ ਤਾਂ ਟੀ.ਵੀ. ਚੈਨਲਾਂ ਦਾ ਹੜ੍ਹ ਬਾਲ ਮਨਾਂ ਉਪਰ ਉਹ ਟੇਢੀਆਂ-ਮੇਢੀਆਂ ਲਕੀਰਾਂ ਵਾਹੁਣ ਜਾ ਰਿਹਾ ਹੈ; ਜੋ ਸਾਡੇ ਦੇਸ਼ ਦੇ ਭਵਿਖ ਨੂੰ ਟੇਢਾ-ਮੇਢਾ ਹੀ ਨਹੀਂ ਕਰੇਗਾ ਸਗੋਂ ਸਭ ਕੁੱਝ ਨਾਲ ਰੋੜ ਕੇ ਲੈ ਜਾਵੇਗਾ। ਇਹ ਕਾਲਮ ਲਿਖਦਿਆਂ-ਲਿਖਦਿਆਂ ਅਹੁੜਿਆ ਇਹ ਸ਼ਿਅਰ ਮਾਪਿਆਂ ਦੀ ਨਜ਼ਰ-

'ਆਓ ਸਲੇਟਾਂ ਕੋਰੀਆਂ 'ਤੇ ਫੁੱਲ-ਪੱਤੀਆਂ ਹੀ ਵਾਹੀਏ
ਬਾਲਾਂ ਦੇ ਖੰਭਾਂ ਵਾਸਤੇ ਖੁੱਲ੍ਹੇ ਆਕਾਸ਼ ਗਾਹੀਏ'



ਜਗਤਾਰ ਸਾਲਮ
+91-97804-70386
jagtar.saalam@rediffmail.com

# ਅਲਵਿਦਾ

## ਸਿਆਸਤ ਤੇ ਸਾਹਿਤ

ਕਿਸੇ ਵੀ ਦੇਸ਼ ਜਾਂ ਸੂਬੇ ਦੇ ਸਿਆਸੀ ਹਾਲਾਤਾਂ ਦਾ ਉਸਦੇ ਨਾਗਰਿਕਾਂ 'ਤੇ ਸਭ ਤੋਂ ਵੱਧ ਅਸਰ ਪੈਂਦਾ ਹੈ। ਜੇਕਰ ਕਿਸੇ ਦੇਸ਼ ਜਾਂ ਸੂਬੇ ਦੇ ਸਿਆਸੀ ਹਾਲਾਤ ਸਥਿਰ ਨਹੀਂ ਤਾਂ ਉਥੋਂ ਦੇ ਆਰਥਿਕ ਅਤੇ ਸਮਾਜਿਕ ਹਾਲਾਤ ਵੀ ਜੀਵਨ ਦੇ ਅਨੁਕੂਲ ਨਹੀਂ ਹੋਣਗੇ। ਇਹੀ ਕਾਰਨ ਹੈ ਕਿ ਇਤਿਹਾਸ 'ਤੇ ਹਮੇਸ਼ਾ ਸਿਆਸਤ ਭਾਰੂ ਰਹੀ ਹੈ। ਜੇਕਰ ਅਸੀਂ ਕਿਸੇ ਵਿਸ਼ੇਸ਼ ਖਿੱਤੇ ਦੀ ਜੀਵਨ ਜਾਂਚ ਨੂੰ ਪੜਚੋਲਣਾ ਹੋਵੇ ਤਾਂ ਉਥੋਂ ਦੇ ਸਿਆਸੀ ਹਾਲਾਤਾਂ ਤੋਂ ਅੰਦਾਜ਼ਾ ਲਾ ਕੇ ਹੀ ਕਾਫ਼ੀ ਕੁੱਝ ਜਾਣਿਆ ਜਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਅੱਜ ਦੇ ਦੌਰ ਵਿੱਚ ਆਰਥਿਕ ਅਤੇ ਸਮਾਜਿਕ ਹਾਲਤਾਂ ਸਿਆਸੀ ਸਥਿਤੀਆਂ ਵਿੱਚੋਂ ਪੈਦਾ ਹੋ ਰਹੀਆਂ ਹਨ। ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਅਸੀਂ ਇੱਥੇ ਲੰਘੇ ਸਾਲ ਦੀਆਂ ਸਿਆਸੀ ਘਟਨਾਵਾਂ 'ਤੇ ਝਾਤ ਪਵਾ ਰਹੇ ਹਾਂ। ਇੱਥੇ ਅਸੀਂ ਪੰਜਾਬ ਅਤੇ ਭਾਰਤ ਦੀਆਂ ਸਿਆਸੀ ਘਟਨਾਵਾਂ ਨੂੰ ਹੀ ਨਹੀਂ ਸਗੋਂ ਵਿਸ਼ਵ ਦੀਆਂ ਕੁੱਝ ਮਹੱਤਵਪੂਰਨ ਘਟਨਾਵਾਂ ਨੂੰ ਵੀ ਆਪਣੀ ਰਿਪੋਰਟ ਦਾ ਆਧਾਰ ਬਣਾਇਆ ਹੈ। ਇਹ ਰਿਪੋਰਟ ਪੜ੍ਹ ਕੇ ਨਾ ਸਿਰਫ਼ ਸਾਨੂੰ ਲੰਘੇ ਸਾਲ ਦੀਆਂ ਮਹੱਤਵਪੂਰਨ ਰਾਜਨੀਤਿਕ ਘਟਨਾਵਾਂ ਦੀ ਜਾਣਕਾਰੀ ਮਿਲੇਗੀ ਸਗੋਂ ਅਸੀਂ ਪੰਜਾਬ, ਭਾਰਤ ਅਤੇ ਵਿਸ਼ਵ ਦੀ ਸਿਆਸਤ ਵਿੱਚ ਆ ਰਹੇ ਨਵੇਂ ਰੁਝਾਨਾਂ ਦੀ ਨਿਸ਼ਾਨਦੇਹੀ ਵੀ ਕਰ ਸਕਦੇ ਹਾਂ। ਇਸ ਤਰ੍ਹਾਂ ਦੇ ਮਹੱਤਵਪੂਰਨ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ ਹੀ ***ਜਗਤਾਰ ਸਾਲਮ*** ਦੀ ਇਹ ਵਿਸ਼ੇਸ਼ ਰਿਪੋਰਟ ਅਸੀਂ ਇੱਥੇ ਛਾਪ ਰਹੇ ਹਾਂ।

## ਪੰਜਾਬ ਦੀ ਸਿਆਸਤ

ਸਿਆਸੀ ਸਰਗਰਮੀਆਂ ਦੇ ਨਜ਼ਰੀਏ ਤੋਂ ਦੇਖੀਏ ਤਾਂ ਪੰਜਾਬੀਆਂ ਲਈ ਸਾਲ 2012 ਪੂਰਾ ਦਿਲਚਸਪ ਰਿਹਾ, ਇਸ ਸਾਲ ਦੀ ਸਭ ਤੋਂ ਵੱਡੀ ਸਿਆਸੀ ਘਟਨਾ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦਾ ਲੜਿਆ ਜਾਣਾ ਹੈ, ਜਿਹਤੀਆਂ ਕਿ ਅਕਾਲੀ-ਭਾਜਪਾ ਗਠਜੋੜ ਨੇ ਕਾਂਗਰਸ ਅਤੇ ਸਾਂਝੇ ਮੋਰਚੇ ਨੂੰ ਹਰਾ ਜਿੱਤੀਆਂ ਹਨ। 2012 ਦੀਆਂ ਜ਼ਿਆਦਾਤਰ ਸਿਆਸੀ ਸਰਗਰਮੀਆਂ ਵੀ ਵਿਧਾਨ ਸਭਾ ਦੀਆਂ ਚੋਣਾਂ ਅਤੇ ਇਸਦੇ ਨਤੀਜਿਆਂ ਨਾਲ ਜੁੜੀਆਂ ਹੋਈਆਂ ਹਨ। ਜੇ ਇਹਨਾਂ ਚੋਣਾਂ ਦੇ ਸੰਦਰਭ ਵਿੱਚ ਦੇਖੀਏ ਤਾਂ ਪੰਜਾਬ ਦੀ ਸਿਆਸਤ 'ਚ ਕਈ ਤਰ੍ਹਾਂ ਦੇ ਨਵੇਂ ਰੁਝਾਨ ਸਾਹਮਣੇ ਆਏ ਹਨ ਜਿਨ੍ਹਾਂ ਤੋਂ ਪੰਜਾਬ ਦੇ ਸਿਆਸੀ ਕਿਰਦਾਰ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ।

ਹਰ ਇੱਕ ਰਾਜ ਅਤੇ ਦੇਸ਼ ਦੀ ਜਨਤਾ ਦਾ ਚੋਣਾਂ ਵੇਲੇ ਸਿਆਸੀ ਸਰਗਰਮੀਆਂ 'ਤੇ ਆਮ ਨਾਲੋਂ ਵੱਧ ਧਿਆਨ ਕੇਂਦਰਿਤ ਹੁੰਦਾ ਹੈ। ਇਸਦਾ ਕਾਰਨ ਇਹ ਹੁੰਦਾ ਹੈ ਕਿ ਉਹਨਾਂ ਨੂੰ ਚੋਣਾਂ ਤੋਂ ਪਹਿਲਾਂ ਬਣੇ ਸਿਆਸੀ ਮਹੌਲ ਜੋ ਕਿ ਸਿਆਸੀ ਆਗੂਆਂ ਦੁਆਰਾ ਆਮ ਵੋਟਰਾਂ ਨੂੰ ਰਿਝਾਉਣ ਲਈ ਝੂਠੇ ਭਾਸ਼ਨਾਂ ਦੁਆਰਾ ਬਣਾਇਆ ਜਾਂਦਾ ਹੈ, ਤੋਂ ਸੁਧਾਰ ਦੀਆਂ ਕੁੱਝ ਆਸਾਂ ਬਝ ਜਾਂਦੀਆਂ ਹਨ, ਪਰ ਨਤੀਜਿਆਂ ਤੋਂ ਕੁੱਝ ਦਿਨਾਂ ਬਾਅਦ ਹੀ ਸਿਆਣਿਆਂ ਦਾ ਇਹ ਤੱਥ ਸੱਚਾ ਹੋ ਜਾਂਦਾ ਹੈ ਕਿ ਸਿਆਸੀ ਪਾਰਟੀ ਭਾਵੇਂ ਕੋਈ ਵੀ ਹੋਵੇ, ਉਸਨੇ ਕਿਸੇ ਵੀ ਵਿਚਾਰਧਾਰਾ ਦਾ ਮਖੌਟਾ ਪਾਇਆ ਹੋਵੇ, ਪਰ ਉਹਨਾਂ ਦੀ ਤਾਸੀਰ ਇੱਕ ਹੈ, ਸਿਆਸੀ ਪਾਰਟੀਆਂ ਅਤੇ ਆਗੂਆਂ ਦਾ ਮਕਸਦ ਆਪਣੇ ਸਿਆਸੀ ਹਿੱਤਾਂ ਲਈ ਜਨਤਾ ਨੂੰ ਵਰਤਣਾ ਹੈ।

ਪੰਜਾਬੀਆਂ ਵੱਲੋਂ ਇਸ ਸਾਲ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਅਕਾਲੀ-ਭਾਜਪਾ ਨੂੰ ਜਿਤਾ ਕੇ ਇਹ ਸੰਦੇਸ਼ ਦਿੱਤਾ ਹੈ ਕਿ ਉਹ ਮੁੱਖ ਧਾਰਾ ਦੀ ਸਿਆਸੀ ਪਾਰਟੀਆਂ ਜਾਂ ਸਿਆਸੀ ਆਗੂਆਂ ਤੋਂ ਸੁਧਾਰ ਦੀ ਉਮੀਦ ਛੱਡ ਚੁੱਕੇ ਹਨ ਤੇ ਉਹਨਾਂ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਰਾਜ ਦੀ ਵਾਗਡੋਰ ਅਕਾਲੀ-ਭਾਜਪਾ ਗਠਜੋੜ ਦੇ ਹੱਥ ਹੈ ਜਾਂ ਕਾਂਗਰਸ ਦੇ।

ਸਾਲ ਦੇ ਸ਼ੁਰੂ ਤੋਂ ਹੀ ਸਿਆਸੀ ਤੌਰ 'ਤੇ ਪੰਜਾਬੀਆਂ ਲਈ ਜਿਹਤੀ ਸਭ ਤੋਂ ਦਿਲਚਸਪ ਗੱਲ ਰਹੀ ਉਹ ਮਨਪ੍ਰੀਤ ਬਾਦਲ ਦੀ ਨਵੀਂ ਬਣੀ ਪੀਪਲਜ਼ ਪਾਰਟੀ ਆਫ਼ ਪੰਜਾਬ (ਪੀ ਪੀ ਪੀ) ਦੇ ਉਭਾਰ ਨੂੰ ਲੈ ਕੇ ਹੈ, ਨੌਜਵਾਨਾਂ ਵੱਲੋਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਇਸ ਪਾਰਟੀ ਵਿੱਚ ਕਾਫ਼ੀ ਦਿਲਚਸਪੀ ਦਿਖਾਈ ਗਈ ਪਰ ਚੋਣਾਂ ਵਿੱਚ ਇਹ ਪਾਰਟੀ ਇੱਕ ਵੀ ਸੀਟ ਨਹੀਂ ਜਿੱਤ 'ਤੇ ਸਕੀ ਤੇ ਖ਼ੁਦ ਪਾਰਟੀ ਦਾ ਮੁਖੀ ਮਨਪ੍ਰੀਤ ਬਾਦਲ ਦੋ ਥਾਵਾਂ ਤੋਂ ਚੋਣਾਂ ਹਾਰ ਗਿਆ। ਹੁਣ ਏਦਾਂ ਜਾਪਦਾ ਹੈ ਜਿਵੇਂ ਮਨਪ੍ਰੀਤ ਬਾਦਲ ਦੀਆਂ ਰੈਲੀਆਂ ਵਿੱਚ ਜਾਣ ਵਾਲੇ ਵੀ ਪੀ ਪੀ ਪੀ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਗਏ ਹੋਣ ਤੇ ਉਹਨਾਂ ਨੇ ਆਪਣਾ ਵਹਿਣ ਬਦਲ ਲਿਆ ਹੋਵੇ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਮਨਪ੍ਰੀਤ ਬਾਦਲ ਦੀਆਂ ਰੈਲੀਆਂ ਵਿੱਚ ਹੁੰਦੇ ਇਕੱਠ ਨੂੰ ਦੇਖਦਿਆਂ ਇਸ ਵਾਰ ਸੀ ਪੀ ਆਈ ਅਤੇ ਸੀ ਪੀ ਆਈ (ਐਮ) ਨੇ ਵਿਧਾਨ ਸਭਾ ਦੀਆਂ ਸੀਟਾਂ ਹਾਸਲ ਕਰਨ ਲਈ ਮਨਪ੍ਰੀਤ ਬਾਦਲ ਨਾਲ ਸੰਪਰਕ ਕੀਤਾ। ਇਹਨਾਂ ਖੱਬੀਆਂ ਪਾਰਟੀਆਂ ਦੇ ਆਗੂਆਂ ਦੇ ਮਨ ਵਿੱਚ ਇਹ ਸੀ ਕਿ ਇਸ ਵਾਰੀ ਮਨਪ੍ਰੀਤ ਦੇ ਹੱਕ ਵਿੱਚ ਵਗਦੀ ਹਵਾ 'ਚ ਉਹਨਾਂ ਦਾ ਵੀ ਟੁੱਲ ਲੱਗੇਗਾ, ਪਰ ਹੋਇਆ ਉਲਟ, ਅਸਲ ਵਿੱਚ ਕਾਮਰੇਡਾਂ ਦੀਆਂ ਵੋਟਾਂ ਅਤੇ ਇਹਨਾਂ ਦੇ ਚੋਣ ਲੜਨ ਦੇ ਸਿਆਸੀ ਤਜਰਬੇ ਕਾਰਨ ਹੀ ਪੀ ਪੀ ਪੀ ਨੂੰ ਵੋਟਾਂ ਪਈਆਂ ਤੇ ਮਨਪ੍ਰੀਤ ਬਾਦਲ ਇਹਨਾਂ ਚੋਣਾਂ ਵਿੱਚ ਇੱਕ ਜੇਤੂ ਆਗੂ ਵਾਂਗ ਵਿਚਰਿਆ, ਨਹੀਂ ਜਿਸ ਤਰ੍ਹਾਂ ਉਸਦੀ ਪਾਰਟੀ ਦੇ ਆਗੂਆਂ ਵਿੱਚ ਵੋਟਾਂ 'ਚ ਹਾਰਨ ਤੋਂ ਬਾਅਦ ਮਤਭੇਦ ਸਾਹਮਣੇ ਆਏ ਹਨ, ਉਸ ਅਨੁਸਾਰ ਤਾਂ ਉਹ ਉਸ ਤਰ੍ਹਾਂ ਦੀ ਮੁਹਿੰਮ ਨੂੰ ਕਾਇਮ ਹੀ ਨਹੀਂ ਰੱਖ ਸਕਦਾ ਸੀ ਜਿਸ ਤਰ੍ਹਾਂ ਦੀ ਮੁਹਿੰਮ ਲੈ ਕੇ ਉਹ ਚੋਣਾਂ ਵਿੱਚ ਵਿਚਰਦਾ ਰਿਹਾ ਇਹ ਸਭ ਖੱਬੀਆਂ ਧਿਰਾਂ ਦੇ ਸਮੱਰਥਨ ਕਰਕੇ ਹੀ ਸੰਭਵ ਹੋ ਸਕਿਆ। ਖੱਬੀਆਂ ਧਿਰਾਂ ਦੇ ਆਗੂਆਂ ਨੂੰ ਇਸਦਾ ਅਹਿਸਾਸ ਵੋਟਾਂ ਵਿੱਚ ਹੋਈ ਹਾਰ ਤੋਂ ਬਾਅਦ ਹੋਇਆ।

ਸਾਲ 2012 ਵਿੱਚ ਨਵੇਂ ਸਿਆਸੀ ਰੁਝਾਨ ਸਾਹਮਣੇ ਆਏ ਕਈ ਅਲੋਕਾਰੀ ਘਟਨਾਵਾਂ ਵਾਪਰੀਆਂ, ਇਹਨਾਂ ਨੇ ਪੰਜਾਬ ਦੀ ਸਿਆਸਤ ਨੂੰ ਕਿਵੇਂ ਪ੍ਰਭਾਵਿਤ ਕੀਤਾ, ਇਹਨਾਂ ਗੱਲਾਂ ਨੂੰ ਲੈ ਕੇ ਹੀ ਅਸੀਂ ਇੱਥੇ ਚਰਚਾ ਕਰਾਂਗੇ।

### ਪੰਜਵੀਂ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ



2012 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਸਿਆਸੀ ਮਾਹਿਰਾਂ ਨੂੰ ਕਾਫ਼ੀ ਹੈਰਾਨ ਕੀਤਾ ਹੈ, ਕਿੰਨੀ ਤਰ੍ਹਾਂ ਦੇ ਅੰਦਾਜ਼ੇ ਧਰੇ-ਧਰਾਏ ਰਹਿ ਗਏ, ਅੰਦਾਜ਼ਿਆਂ ਤੋਂ ਪਰ੍ਹੇ ਅਕਾਲੀ-ਭਾਜਪਾ ਗਠਜੋੜ ਫਿਰ ਬਾਜ਼ੀ ਮਾਰ ਗਿਆ। ਸਿਆਸੀ ਮਾਹਿਰਾਂ ਦਾ ਅੰਦਾਜ਼ਾ ਇਹ ਸੀ ਕਿ ਇਸ ਵਾਰੀ ਸੱਤਾ ਦਾ ਪਾਣੀ ਕਾਂਗਰਸੀਆਂ ਦੇ ਖੇਤਾਂ ਵਿੱਚ ਟੁੱਟਣਾ ਹੈ। ਕੁੱਝ ਕੁ ਮਾਹਿਰਾਂ ਦਾ ਖ਼ਿਆਲ ਸੀ ਕਿ ਵਿਧਾਨ ਸਭਾ ਵਿੱਚ ਸਾਂਝੇ ਮੋਰਚੇ ਦੀ ਭਰਵੀਂ ਹਾਜ਼ਰੀ ਲੱਗੇਗੀ, ਇਹ ਖ਼ਿਆਲ ਮਨਪ੍ਰੀਤ ਬਾਦਲ ਦੀਆਂ ਰੈਲੀਆਂ ਵਿੱਚ ਹੁੰਦੇ ਇਕੱਠ ਨੂੰ ਦੇਖ ਕੇ ਪ੍ਰਗਟਾਇਆ ਜਾ ਰਿਹਾ ਸੀ। ਜਿਨ੍ਹਾਂ ਮਾਹਿਰਾਂ ਨੇ ਅਕਾਲੀ-ਭਾਜਪਾ ਗਠਜੋੜ ਦੀ ਜਿੱਤ ਦੀ ਭਵਿੱਖਬਾਣੀ ਕੀਤੀ ਸੀ ਉਹ ਵੀ ਇਹ ਅੰਦਾਜ਼ਾ ਨਹੀਂ ਲਗਾ ਸਕੇ ਸੀ ਕਿ ਅਕਾਲੀ-ਭਾਜਪਾ ਗਠਜੋੜ ਨੂੰ 68 ਸੀਟਾਂ ਮਿਲਣਗੀਆਂ, ਉਹਨਾਂ ਅਨੁਸਾਰ ਵੀ ਮੈਚ ਫਸਵਾਂ ਹੀ ਸੀ। ਜਦੋਂ ਨਤੀਜੇ ਆਏ ਤਾਂ ਸਾਂਝਾ ਮੋਰਚਾ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕਿਆ। ਸੀ ਪੀ ਆਈ ਤੇ ਸੀ ਪੀ ਆਈ (ਐਮ) ਦੇ ਆਗੂ ਤਾਂ ਅਜਿਹੇ ਨਤੀਜਿਆਂ ਦੇ ਆਦੀ ਸਨ, ਉਹ ਤਾਂ ਸਭ ਜਰ ਗਏ ਪਰ ਇਹਨਾਂ ਨਤੀਜਿਆਂ ਨੇ ਪੀ ਪੀ ਪੀ ਦੇ ਅਖੌਤੀ ਲੋਕ ਹਤੈਸ਼ੀ ਆਗੂਆਂ ਦੀ ਪੋਲ ਖੋਲ ਦਿੱਤੀ, ਹੁਣ ਉਹ ਚੋਣਾਂ ਤੋਂ ਪਹਿਲਾਂ ਵਿਦੇਸ਼ਾਂ ਵਿੱਚੋਂ ਇਕੱਠੇ ਕੀਤੇ ਫੰਡ ਨੂੰ ਲੈ ਕੇ ਮਿਹਣੋ-ਮਿਹਣੀ ਹੋ ਰਹੇ ਹਨ। ਲੋਕਾਂ ਨੂੰ ਹਸਾ ਕੇ ਢਿੱਡੀਂ ਪੀੜਾਂ ਪਾਉਣ ਵਾਲੇ ਭਗਵੰਤ ਮਾਨ ਨੂੰ ਖ਼ੁਦ ਹੱਸਣਾ ਭੁੱਲ ਗਿਆ ਹੈ।

ਕਾਂਗਰਸੀਆਂ ਨਾਲ ਇਸ ਤੋਂ ਵੀ ਵੱਧ ਮਾੜੀ ਹੋਈ। ਕਾਂਗਰਸੀਆਂ ਵਿੱਚ ਲੜਾਈ ਅਕਾਲੀ-ਭਾਜਪਾ ਗਠਜੋੜ ਖ਼ਿਲਾਫ ਨਹੀਂ ਸਗੋਂ ਆਪੋ ਵਿੱਚ ਸੰਭਾਵੀ ਮੰਤਰੀ ਪਦਾਂ ਨੂੰ ਲੈ ਕੇ ਹੋ ਰਹੀ ਸੀ। ਕਾਂਗਰਸੀ ਆਗੂਆਂ ਲਈ ਤਾਂ ਜਿੱਤ ਯਕੀਨੀ ਸੀ। ਇਹ ਤਾਂ ਕਿਸੇ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਇਸ ਵਾਰੀ ਨਤੀਜੇ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਵੀ ਮਾੜੇ ਨਿਕਲਣਗੇ। ਪਾਰਟੀ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਸਾਰਾ ਜ਼ੋਰ ਇਸ ਗੱਲ 'ਤੇ ਲੱਗਿਆ ਹੋਇਆ ਸੀ ਕਿ ਸੋਨੀਆ ਗਾਂਧੀ ਕੋਲ ਆਪਣੇ ਮੁੱਖ ਮੰਤਰੀ ਦੀ ਦਾਅਵੇਦਾਰੀ ਨੂੰ ਹੋਰ ਮਜ਼ਬੂਤ ਕਿਵੇਂ ਕੀਤਾ ਜਾਵੇ। ਕੈਪਟਨ ਅਮਰਿੰਦਰ ਸਿੰਘ ਸਿਆਸੀ ਮਾਹਿਰਾਂ ਦੀ ਭਵਿੱਖਬਾਣੀ ਅਨੁਸਾਰ ਚੱਲ ਰਹੇ ਸਨ ਤੇ ਲੋਕਬਾਣੀ ਤੋਂ ਪੂਰੀ ਤਰ੍ਹਾਂ ਬੇਖ਼ਬਰ ਸਨ।

ਇਹਨਾਂ ਵਿਧਾਨ ਸਭਾ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਇੱਕੋ ਹੀ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਲਗਾਤਰ ਦੂਜੀ ਵਾਰ ਸੱਤਾ ਦੀ ਵਾਗਡੋਰ ਸੌਂਪੀ ਹੈ ਤੇ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦਾ ਅਜਿਹਾ ਪਹਿਲਾਂ ਭਾਗਾਂ ਵਾਲਾ ਮੁੱਖ ਮੰਤਰੀ ਹੈ ਜਿਸਨੂੰ ਲਗਾਤਾਰ ਦੂਸਰੀ ਵਾਰ ਮੁੱਖ ਮੰਤਰੀ ਦੀ ਗੱਦੀ 'ਤੇ ਬੈਠਣ ਦਾ ਸੁਭਾਗ ਪ੍ਰਾਪਤ ਹੋਇਆ ਹੈ, ਨਾਲ ਹੀ ਉਸਨੇ ਪੰਜਵੀਂ ਵਾਰੀ ਮੁੱਖ ਮੰਤਰੀ ਬਣਨ ਦਾ ਰਿਕਾਰਡ ਕਾਇਮ ਕਰ ਦਿੱਤਾ ਹੈ, ਜਿਸਨੂੰ ਭਵਿੱਖ ਵਿੱਚ ਕਿਸੇ ਵੀ ਸਿਆਸੀ ਆਗੂ ਵੱਲੋਂ ਤੋੜਨਾ ਅਸੰਭਵ ਜਾਪਦਾ ਹੈ।

ਸਿਆਸੀ ਮਾਹਿਰਾਂ ਵੱਲੋਂ ਆਮ ਕਿਹਾ ਜਾਂਦਾ ਹੈ ਕਿ ਜੇਕਰ ਵੱਧ ਫ਼ੀਸਦੀ ਵੋਟਾਂ ਭੁਗਤਦੀਆਂ ਹਨ ਤਾਂ ਇਸਦਾ ਮਤਲਬ ਸਾਫ਼ ਹੁੰਦਾ ਹੈ ਕਿ ਲੋਕ ਬਦਲਾਵ ਚਾਹੁੰਦੇ ਹਨ ਪਰ ਇਸ ਵਾਰੀ ਪਿਛਲੀਆਂ ਵਿਧਾਨ ਸਭਾ ਚੋਣਾਂ ਨਾਲੋਂ ਵੱਧ ਫ਼ੀਸਦੀ ਵੋਟਾਂ ਭੁਗਤੀਆਂ ਤੇ ਇਸਦੇ ਬਾਵਜੂਦ ਸੱਤਾਧਾਰੀ ਗਠਜੋੜ ਜੇਤੂ ਹੋ ਕੇ ਨਿੱਕਲਿਆ।

ਪੰਜਾਬ ਦੇ ਲੋਕਾਂ ਵੱਲੋਂ ਇਹ ਫ਼ਤਵਾ ਦੇਣਾ ਨਾ ਸਿਰਫ਼ ਹੈਰਾਨੀਜਨਕ ਹੈ ਸਗੋਂ ਇਸ ਗੱਲ ਦਾ ਪ੍ਰਤੀਕ ਵੀ ਹੈ ਕਿ ਉਹਨਾਂ ਦੀ ਸਿਆਸੀ ਚੇਤਨਾ 'ਚ ਖੜੋਤ ਆ ਚੁੱਕੀ ਹੈ, ਭਾਵੇਂ ਉਹ ਕਾਂਗਰਸ ਤੋਂ ਨਿਰਾਸ਼ ਸਨ ਪਰ ਉਹਨਾਂ ਸਾਹਮਣੇ ਸਾਂਝਾ ਮੋਰਚਾ ਬਦਲ ਵਜੋਂ ਮੌਜੂਦ ਸੀ। ਜਿਸ ਤਰ੍ਹਾਂ ਅਕਾਲੀ-ਭਾਜਪਾ ਗਠਜੋੜ ਨੇ ਪਿਛਲੇ ਪੰਜ ਸਾਲ ਪੰਜਾਬ ਦਾ ਰਾਜਭਾਗ ਚਲਾਇਆ, ਉਸਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਦੇ ਲੋਕਾਂ ਨੂੰ ਚਾਹੀਦਾ ਸੀ ਕਿ ਉਹ ਇਹਨਾਂ ਨੂੰ ਦੁਆਰਾ ਮੌਕਾ ਨਾ ਦਿੰਦੇ ਤੇ ਸੱਤਾ ਅਜਿਹੀ ਧਿਰ ਦੇ ਹੱਥ ਵਿੱਚ ਦਿੰਦੇ ਜਿਸਦੀ ਸਿਆਸਤ ਲੋਕ ਹਿੱਤਾਂ ਨਾਲ ਜੁੜੀ ਹੋਵੇ।

### ਟੁੱਟ ਗਈ ਦਾਸ ਅਤੇ ਪਾਸ ਦੀ ਜੋੜੀ



ਇਹਨਾਂ ਵਿਧਾਨ ਸਭਾ ਚੋਣਾਂ ਵਿੱਚ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਦਾਸ ਸਿੰਘ ਬਾਦਲ ਦੋਵੇਂ ਭਰਾਵਾਂ ਨੇ ਲੰਬੀ ਹਲਕੇ ਤੋਂ ਪਹਿਲੀ ਵਾਰੀ ਇੱਕ-ਦੂਜੇ ਖ਼ਿਲਾਫ ਚੋਣ ਲੜੀ, ਜਿਸ ਵਿੱਚ ਦਾਸ ਨੂੰ ਪਾਸ ਦੇ ਹੱਥੋਂ ਹਾਰ ਦਾ ਮੂੰਹ ਦੇਖਣਾ ਪਿਆ। ਇਸ ਤੋਂ ਪਹਿਲਾਂ ਸਿਆਸਤ ਵਿੱਚ ਇਹਨਾਂ ਦੋਵੇਂ ਭਰਾਵਾਂ ਦੇ ਪਿਆਰ ਦੀ ਮਿਸਾਲ ਦਿੱਤੀ ਜਾਂਦੀ ਸੀ, ਪਾਸ ਨੂੰ ਜਿਤਾਉਣ ਲਈ ਦਾਸ ਦਿਨ-ਰਾਤ ਇੱਕ ਕਰਦਾ ਸੀ। ਪਰ ਇਹਨਾਂ ਚੋਣਾਂ ਵਿੱਚ ਦੋਵੇਂ ਭਰਾਵਾਂ ਨੇ ਇੱਕ-ਦੂਜੇ ਨੂੰ ਰੱਜ ਕੇ ਕੋਸਿਆ। ਜ਼ਿਕਰਯੋਗ ਹੈ ਕਿ ਗੁਰਦਾਸ ਸਿੰਘ ਬਾਦਲ ਨੇ ਪੀ ਪੀ ਪੀ ਦੀ ਟਿਕਟ 'ਤੇ ਚੋਣ ਲੜੀ ਜਿਸਦਾ ਮੁਖੀ ਉਸਦਾ ਬੇਟਾ ਮਨਪ੍ਰੀਤ ਸਿੰਘ ਬਾਦਲ ਹੈ।

ਇਸ ਤਰ੍ਹਾਂ ਹੀ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਭਰਾ ਰਾਜਾ ਮਾਲਵਿੰਦਰ ਸਿੰਘ ਅਤੇ ਉਹਨਾਂ ਦੀ ਚਾਚੀ ਤੇ ਸਾਬਕਾ ਲੋਕ ਸਭਾ ਮੈਂਬਰ ਅਮਰਜੀਤ ਕੌਰ ਨੇ ਟਿਕਟਾਂ ਦੀ ਵੰਡ ਦਾ ਐਲਾਨ ਹੋਣ ਤੋਂ ਕੁੱਝ ਦਿਨ ਪਹਿਲਾਂ ਕਾਂਗਰਸ ਨੂੰ ਅਲਵਿਦਾ ਕਹਿ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਿਲ ਹੋ ਗਏ। ਸ਼੍ਰੋਮਣੀ ਅਕਾਲੀ ਦਲ ਵੱਲੋਂ ਰਾਜਾ ਮਾਲਵਿੰਦਰ ਦੀ ਡਿਊਟੀ ਸਮਾਣਾ ਹਲਕੇ ਵਿੱਚ ਲਾਈ ਗਈ, ਇਸ ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਕੈਪਟਨ ਅਮਰਿੰਦਰ ਸਿੰਘ ਦਾ ਬੇਟਾ ਰਣਇੰਦਰ ਸਿੰਘ ਚੋਣ ਲੜ ਰਿਹਾ ਸੀ, ਜਿਸਨੂੰ ਅਕਾਲੀ ਉਮੀਦਵਾਰ ਸੁਰਜੀਤ ਸਿੰਘ ਰੱਖੜਾ ਦੇ ਹੱਥੋਂ ਹਾਰ ਦਾ ਮੂੰਹ ਵੇਖਣਾ ਪਿਆ। ਜ਼ਿਕਰਯੋਗ ਹੈ ਕਿ ਰਾਜਾ ਮਾਲਵਿੰਦਰ ਸਿੰਘ ਵੱਲੋਂ ਸਮਾਣਾ ਹਲਕੇ ਤੋਂ ਕਾਂਗਰਸ ਦੀ ਟਿਕਟ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਪਰ ਜਦੋਂ ਉਸਨੂੰ ਕਾਂਗਰਸ ਵੱਲੋਂ ਲੰਮੇ ਲਾਰੇ ਤੋਂ ਬਾਅਦ ਟਿਕਟ ਤੋਂ ਜਵਾਬ ਦੇ ਦਿੱਤਾ ਗਿਆ ਤਾਂ ਰੋਸ ਵਜੋਂ ਉਹ ਅਕਾਲੀ ਦਲ ਵਿੱਚ ਸ਼ਾਮਲ ਹੋ ਗਿਆ।

### ਮਨਪ੍ਰੀਤ ਬਾਦਲ ਨੂੰ ਲੋਕਾਂ ਨੇ ਨਕਾਰਿਆ

2012 ਦੇ ਚੜ੍ਹਨ ਵੇਲੇ ਮਨਪ੍ਰੀਤ ਬਾਦਲ ਦੀ ਹਵਾ



ਵਗ ਰਹੀ ਸੀ, ਬਹੁਤ ਸਾਰੇ ਸਿਆਸੀ ਆਗੂਆਂ ਨੂੰ ਜਿਨ੍ਹਾਂ ਨੂੰ ਇਹ ਜਾਪਦਾ ਸੀ ਕਿ ਉਹਨਾਂ ਦੀ ਆਪਣੀ ਪਾਰਟੀ ਵਿੱਚ ਕਦਰ ਨਹੀਂ, ਉਹਨਾਂ ਨੇ ਮੁਹਾਰਾਂ ਮਨਪ੍ਰੀਤ ਬਾਦਲ ਵੱਲ ਮੋੜ ਲਈਆਂ ਸਨ। ਇਸ ਮਾਮਲੇ ਵਿੱਚ ਖੱਬੇ ਪੱਖੀ ਧਿਰਾਂ ਦੇ ਹੰਢੇ ਵਰਤੇ ਸਿਆਸੀ ਆਗੂ ਵੀ ਟਪਲਾ ਖਾ ਗਏ, ਉਹਨਾਂ ਨੇ ਵੀ ਇਹੀ ਸੋਚਿਆ ਸੀ ਕਿ ਮਨਪ੍ਰੀਤ ਬਾਦਲ ਨਾਲ ਰਲ ਕੇ ਕੁੱਝ ਕੁ ਸੀਟਾਂ ਉਹਨਾਂ ਦੇ ਹੱਥ ਵੀ ਲੱਗ ਜਾਣਗੀਆਂ ਪਰ ਹੋਇਆ ਇਹ ਕਿ ਖ਼ੁਦ ਮਨਪ੍ਰੀਤ ਬਾਦਲ ਤੇ ਉਹਨਾਂ ਦੇ ਪਿਤਾ ਗੁਰਦਾਸ ਬਾਦਲ ਵੀ ਆਪਣੀਆਂ ਸੀਟਾਂ ਨਹੀਂ ਕੱਢ ਸਕੇ। ਅਸਲ ਵਿੱਚ ਮਨਪ੍ਰੀਤ ਬਾਦਲ ਨੇ ਵਿਚਾਰਧਾਰਕ ਮਖੌਟਾ ਪਾ ਕੇ ਚੋਣਾਂ 'ਚ ਸਧਾਰਣ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਲੋਕਾਂ ਨੇ ਮਨਪ੍ਰੀਤ ਦੀ ਇਸ ਗੱਲ ਨੂੰ ਬੁੱਝ ਲਿਆ ਸੀ। ਹੁਣ ਹਾਲ ਇਹ ਹੈ ਕਿ ਪੀ ਪੀ ਪੀ ਦੇ ਸੀਨੀਅਰ ਆਗੂਆਂ ਵੱਲੋਂ ਮਨਪ੍ਰੀਤ ਬਾਦਲ 'ਤੇ ਦੋਸ਼ ਲਾਏ ਜਾ ਰਹੇ ਹਨ ਕਿ ਉਹਨਾਂ ਨੇ ਚੋਣਾਂ ਵੇਲੇ ਪਾਰਟੀ ਦੇ ਨਾਂ 'ਤੇ ਇਕੱਠੇ ਕੀਤੇ ਫੰਡਾਂ ਵਿੱਚ ਵੱਡੀ ਪੱਧਰ 'ਤੇ ਘਪਲਾ ਕੀਤਾ ਹੈ। ਇਹੀ ਨਹੀਂ ਕੁੱਝ ਆਗੂਆਂ ਵੱਲੋਂ ਇਹ ਵੀ ਦੋਸ਼ ਲਾਏ ਜਾ ਰਹੇ ਹਨ ਕਿ ਮਨਪ੍ਰੀਤ ਬਾਦਲ ਗੁਪਤ ਤੌਰ 'ਤੇ ਕਾਂਗਰਸ ਦੇ ਆਗੂਆਂ ਨਾਲ ਗੱਲਬਾਤ ਕਰ ਰਿਹਾ ਹੈ ਤੇ ਹੋ ਸਕਦਾ ਹੈ ਕਿ ਉਹ ਕਾਂਗਰਸ ਵਿੱਚ ਸ਼ਾਮਲ ਹੋ ਜਾਵੇ। ਇਹ ਵੀ ਹੋ ਸਕਦਾ ਹੈ ਕਿ ਉਹ ਆਉਂਦੀਆਂ ਲੋਕ ਸਭਾ ਚੋਣਾਂ ਕਾਂਗਰਸ ਨਾਲ ਲੜ ਕੇ ਮਿਲੇ।

ਸਾਂਝੇ ਮੋਰਚੇ ਦੇ ਆਗੂਆਂ ਦਾ ਅੰਦਾਜ਼ਾ ਇਹ ਸੀ ਕਿ ਮਨਪ੍ਰੀਤ ਬਾਦਲ ਦੇ ਪੱਖ ਵਿੱਚ ਵਗਦੀ ਹਵਾ ਕਾਰਨ ਉਹਨਾਂ ਦੇ ਉਮੀਦਵਾਰਾਂ ਦੇ ਜਿੱਤਣ ਦੀ ਸੰਭਾਵਨਾ ਬਣ ਜਾਣੀ ਹੈ ਪਰ ਚੋਣਾਂ ਤੋਂ ਬਾਅਦ ਗੱਲ ਇਹ ਸਾਹਮਣੇ ਆਈ ਕਿ ਪੀ ਪੀ ਪੀ ਦੇ ਉਮੀਦਵਾਰਾਂ ਨੂੰ ਜਿਹਤੀਆਂ ਵੋਟਾਂ ਪਈਆਂ ਹਨ ਉਹ ਖੱਬੀ ਧਿਰਾਂ ਦੇ ਆਗੂਆਂ ਦੇ ਲੰਮੇ ਰਾਜਨੀਤਿਕ ਤਜਰਬੇ ਕਾਰਨ ਹੀ ਪਈਆਂ ਹਨ, ਦੂਜੀ ਗੱਲ ਇਹ ਕਿ ਹਰ ਹਲਕੇ ਵਿੱਚ ਕਾਮਰੇਡਾਂ ਦੀ ਪੱਕੀ ਵੋਟ ਹੈ ਜਿਸਨੇ ਬਹੁਤੀਆਂ ਥਾਂਵਾਂ 'ਤੇ ਪੀ ਪੀ ਪੀ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਨਹੀਂ ਹੋਣ ਦਿੱਤੀ।

2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁਹਾਲੀ ਤੋਂ ਕਾਂਗਰਸੀ ਉਮੀਦਵਾਰ ਹੱਥੋਂ ਚੋਣ ਹਾਰੀ। ਚੋਣਾਂ ਤੋਂ ਕੁੱਝ ਮਹੀਨੇ ਪਹਿਲਾਂ ਨਵੰਬਰ 2011 ਵਿੱਚ ਉਸਨੇ ਲੋਕ ਭਲਾਈ ਪਾਰਟੀ ਦਾ ਭੋਗ ਪਾ ਦਿੱਤਾ ਤੇ ਆਪਣੇ ਸਾਥੀਆਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ

# 2012 ਦੇ ਗਲਿਆਰਿਆਂ 'ਚੋ

ਦਲ ਵਿੱਚ ਸ਼ਾਮਲ ਹੋ ਗਿਆ। ਅੱਜ ਕੱਲ੍ਹ ਪ੍ਰਕਾਸ਼ ਸਿੰਘ ਬਾਦਲ ਨੇ ਉਸਨੂੰ ਪੰਜਾਬ ਤੋਂ ਬਾਹਰ ਦਿੱਲੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਕਮਾਂਡਰ ਵਜੋਂ ਤਾਇਨਾਤ ਕੀਤਾ ਹੋਇਆ ਹੈ।

2012 ਦੀਆਂ ਵਿਧਾਨ ਸਭਾ ਚੋਣਾਂ ਦੀ ਇੱਕ ਵਿਸ਼ੇਸ਼ਤਾ ਇਹ ਰਹੀ ਇਹਨਾਂ ਵਿੱਚ ਖਾਲਿਸਤਾਨ ਦਾ ਪੱਖ ਪੂਰਨ ਵਾਲੀਆਂ ਧਿਰਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ਼੍ਰੋਮਣੀ ਅਕਾਲੀ ਦਲ ਇੰਟਰਨੈਸ਼ਨਲ ਅਤੇ ਅਕਾਲੀ ਦਲ 1920 ਵਰਗੀਆਂ ਪਾਰਟੀਆਂ ਦੇ ਉਮੀਦਵਾਰਾਂ ਦੀ ਹਰ ਉਸ ਹਲਕੇ ਵਿੱਚ ਜਿੱਥੋਂ ਉਹ ਖੜੇ ਹੋਏ ਜ਼ਮਾਨਤ ਜ਼ਬਤ ਹੋਈ। ਇਸ ਤੋਂ ਸਾਫ਼ ਹੋ ਗਿਆ ਹੈ ਕਿ ਸਿਆਸੀ ਤੌਰ 'ਤੇ ਇਹਨਾਂ ਦਲਾਂ ਦੀ ਹੋਂਦ ਹੁਣ ਬਹੁਤਾ ਸਮਾਂ ਕਾਇਮ ਨਹੀਂ ਰਹਿ ਸਕਦੀ।

## ਅਫ਼ਸਰਾਂ ਅਤੇ ਗਾਇਕਾਂ ਦੀ ਰਾਜਨੀਤੀ ਵਿੱਚ ਦਿਲਚਪਸੀ ਵਧੀ



ਪਿਛਲੀ ਅਕਾਲੀ-ਭਾਜਪਾ ਗਠਜੋੜ ਸਰਕਾਰ ਵੇਲੇ ਵੀ ਤੇ ਹੁਣ ਵੀ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਅਫ਼ਸਰਾਂ ਨਾਲ ਹੁੰਦੀਆਂ ਗੁਪਤ ਮੀਟਿੰਗਾਂ ਚਰਚਾ 'ਚ ਰਹਿੰਦੀਆਂ ਹਨ, ਇਸਦੇ ਸਪੱਸ਼ਟ ਤੌਰ 'ਤੇ ਨਤੀਜੇ ਉਦੋਂ ਸਾਹਮਣੇ ਆਏ ਜਦੋਂ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਈ ਰਿਟਾਇਰ ਅਫ਼ਸਰਾਂ ਜਾਂ ਵੱਡੇ ਅਫ਼ਸਰਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਟਿਕਟਾਂ ਦਿੱਤੀਆਂ ਗਈਆਂ। ਸ਼੍ਰੋਮਣੀ ਅਕਾਲੀ ਦਲ ਵੱਲੋਂ ਜਿਨ੍ਹਾਂ ਅਫ਼ਸਰਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਉਹਨਾਂ ਵਿੱਚੋਂ ਮੁੱਖ ਤੌਰ 'ਤੇ ਹਲਕਾ ਭਦੌੜ ਤੋਂ ਦਰਬਾਰਾ ਸਿੰਘ ਗੁਰੂ, ਹਲਕਾ ਮੋਗੇ ਤੋਂ ਸਾਬਕਾ ਡੀ ਜੀ ਪੀ ਪਰਮਦੀਪ ਸਿੰਘ ਗਿੱਲ, ਹਲਕਾ ਬਸੀ ਪਠਾਣਾ ਤੋਂ ਸਾਬਕਾ ਜੱਜ ਨਿਰਮਲ ਸਿੰਘ, ਹਲਕਾ ਸੁਤਰਾਣਾ ਤੋਂ ਡੀ ਟੀ ਓ ਕਰਨ ਸਿੰਘ ਦੀ ਪਤਨੀ ਬੀਬੀ ਵਨਿੰਦਰ ਕੌਰ ਲੂੰਬਾ ਹਲਕਾ ਲਹਿਰਾ ਤੋਂ ਸਾਬਕਾ ਏ ਡੀ ਸੀ ਸੁਖਵੰਤ ਸਿੰਘ ਸਰਾਓਂ ਆਦਿ ਹਨ। ਪ੍ਰਸ਼ਾਸਨ ਤੇ ਸਿਆਸਤਦਾਨਾਂ ਦੇ ਇਸ ਮੇਲ-ਜੋਲ ਨੇ ਆਮ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਉਪਰੋਕਤ ਜਿਨ੍ਹਾਂ ਅਫ਼ਸਰਾਂ ਨੂੰ ਟਿਕਟਾਂ ਮਿਲੀਆਂ ਹਨ, ਉਹਨਾਂ ਦਾ ਆਮ ਜਨਤਾ ਨਾਲ ਕੋਈ ਸਰੋਕਾਰ ਨਹੀਂ ਅਸਲ ਵਿੱਚ ਇਹ ਸੁਖਬੀਰ ਬਾਦਲ ਦੇ ਨਿੱਜੀ ਅਫ਼ਸਰ ਹਨ। ਇਹਨਾਂ ਨੇ ਹਰ ਇੱਕ ਪ੍ਰਸ਼ਾਸਨਿਕ ਕੰਮ ਸਿਆਸੀ ਤਰਜੀਹ ਦੇ ਅਧਾਰ 'ਤੇ ਕੀਤਾ ਹੈ ਜਾਂ ਕਰਨਾ ਹੁੰਦਾ ਹੈ। ਪੰਜਾਬ ਦੇ ਲੋਕਾਂ ਲਈ ਤਾਂ ਹੈ ਹੀ ਸਗੋਂ ਪੰਜਾਬ ਦੀ ਸਿਆਸਤ ਲਈ ਵੀ ਇਹ ਰੁਝਾਨ ਘਾਤਕ ਹੈ। ਇਸ ਤਰ੍ਹਾਂ ਹੀ ਪੰਜਾਬੀ ਦੇ ਅਮੀਰ ਗਾਇਕ ਜਾਂ ਕਲਾਕਾਰ ਵੀ ਸਿਆਸਤ ਦੇ ਸ਼ੌਕੀਨ ਹੋ ਗਏ ਹਨ। ਸਿਆਸੀ ਪਾਰਟੀਆਂ ਕਲਾਕਾਰਾਂ ਨੂੰ ਭੀੜ ਵਧਾਉਣ ਲਈ ਵਰਤਦੀਆਂ ਹਨ। ਇਸ ਗੱਲ ਦਾ ਗਿਆਨ ਕਲਾਕਾਰਾਂ ਨੂੰ ਵੀ ਹੈ ਪਰ ਉਹ ਸਿਆਸੀ ਆਗੂਆਂ ਵਿੱਚ ਵਿਚਰਦੇ ਖੁਸ਼ ਰਹਿੰਦੇ ਹਨ। ਆਪੋ-ਆਪਣੀ ਪਾਰਟੀ ਦੇ ਆਗੂਆਂ ਦੇ ਚੜ੍ਹਤ ਦੇ ਗੀਤ ਗਾਉਂਦੇ ਵਿਦੇਸ਼ਾਂ ਤੱਕ ਘੁੰਮਦੇ ਹਨ। 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਗਾਇਕਾਂ ਨੇ ਭਰਵੀਂ ਹਾਜ਼ਰੀ ਲਵਾਈ। ਇਹੀ ਨਹੀਂ ਦੁਗਾਣਾ ਗਾਇਕੀ ਦੇ ਸਰਤਾਜ਼ ਮੁਹੰਮਦ ਸਦੀਕ ਨੇ ਕਾਂਗਰਸ ਵੱਲੋਂ ਟਿਕਟ ਲੈ ਕੇ ਦਰਬਾਰਾ ਸਿੰਘ ਗੁਰੂ ਨੂੰ ਚਿੱਤ ਵੀ ਕੀਤਾ। ਪੀ ਪੀ ਪੀ ਦੇ ਮੀਤ ਪ੍ਰਧਾਨ ਅਤੇ ਹਾਸਿਆਂ ਦੇ ਬਾਦਸ਼ਾਹ ਭਗਵੰਤ ਮਾਨ ਨੇ ਹਲਕਾ ਲਹਿਰਾ ਤੋਂ ਚੋਣ ਲੜੀ, ਭਾਵੇਂ ਉਹ ਤੀਜੇ ਨੰਬਰ 'ਤੇ ਆਇਆ ਪਰ ਉਸਨੇ ਰਾਜਿੰਦਰ ਕੌਰ ਭੱਠਲ ਨੂੰ ਵੋਟਾਂ ਵਾਲੇ ਦਿਨ ਤੱਕ ਵਕਤ ਪਾਈ ਰੱਖਿਆ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬੀ ਗਾਇਕ ਅਤੇ ਐਕਟਰ ਹਰਭਜਨ ਮਾਨ ਨੂੰ ਜਿਲ੍ਹਾ ਵਿਕਾਸ ਬੋਰਡ ਮੁਹਾਲੀ ਦਾ ਚੇਅਰਮੈਨ ਨਿਯੁਕਤ ਕੀਤਾ ਹੋਇਆ ਹੈ। ਵੋਟਾਂ ਵੇਲੇ ਗੁਰਦਾਸ ਮਾਨ ਨੇ ਕਾਂਗਰਸ ਦੀਆਂ ਸਟੇਜਾਂ ਦਾ ਮਾਣ ਵਧਾਇਆ। ਸਿਆਸਤ ਨੂੰ ਗੰਦੀ ਖੇਡ ਕਹਿਣ ਵਾਲੇ ਬੱਬੂ ਮਾਨ ਨੇ ਭਗਵੰਤ ਮਾਨ ਅਤੇ ਮੁਹੰਮਦ ਸਦੀਕ ਦੀਆਂ ਚੋਣ ਰੈਲੀਆਂ ਵਿੱਚ ਭਾਗ ਲਿਆ। ਆਪਣੇ ਆਪ ਨੂੰ ਸੂਫ਼ੀ ਗਾਇਕ ਦਰਸਾਉਣ ਵਾਲੇ ਹੰਸ ਰਾਜ ਹੰਸ ਨੇ ਅਕਾਲੀ ਦਲ ਦੇ ਹੱਕ ਵਿੱਚ ਜਮ ਕੇ ਪ੍ਰਚਾਰ ਕੀਤਾ। ਅੰਤਲੀ ਗੱਲ ਇਹ ਹੈ ਕਿ ਪੰਜਾਬੀ ਦਾ ਹਰ ਇੱਕ ਗਾਇਕ ਆਪਣੇ ਆਪ ਨੂੰ ਸਿਆਸੀ ਪਹੁੰਚ ਵਾਲਾ ਦੇਖਣਾ ਚਹੁੰਦਾ ਹੈ।

## ਸਿਆਸੀ ਭ੍ਰਿਸ਼ਟਾਚਾਰ ਤੇ ਗੁੰਡਾਗਰਦੀ 'ਚ ਵਾਧਾ

ਸ਼੍ਰੋਮਣੀ ਅਕਾਲੀ ਦਲ ਵਿੱਚ ਸੁਖਬੀਰ ਸਿੰਘ ਬਾਦਲ ਦਾ ਦਖ਼ਲ ਵਧਣ ਨਾਲ ਸਿਆਸੀ ਗੁੰਡਾਗਰਦੀ ਵਿੱਚ ਵੀ ਵਾਧਾ ਹੋਇਆ ਹੈ। ਪੰਜਾਬ ਵਿੱਚ ਹੁਣ ਥਾਣਾ ਇੰਚਾਰਜ ਦੀ ਥਾਂ ਹਲਕਾ ਇੰਚਾਰਜ ਨੇ ਲੈ ਲਈ ਹੈ। ਹਾਲ ਇਹ ਹੈ ਕਿ ਥਾਣਾ ਮੁਖੀ ਸਧਾਰਣ ਐਫ਼ ਆਈ ਆਰ ਵੀ ਹਲਕਾ ਇੰਚਾਰਜ ਤੋਂ ਪੁੱਛ ਕੇ ਕੱਟਦਾ ਹੈ। ਜਥੇਦਾਰ ਜਿਸਨੂੰ ਚਾਹੁਣ ਜਦੋਂ ਮਰਜ਼ੀ ਕੁੱਟ ਦਿੰਦੇ ਹਨ ਕੋਈ ਸੁਣਵਾਈ ਨਹੀਂ ਹੁੰਦੀ। ਪੰਜਾਬ ਦੀਆਂ ਦੋਵੇਂ ਮੁੱਖ ਪਾਰਟੀਆਂ ਭਾਵੇਂ ਕਾਂਗਰਸ ਹੋਵੇ ਜਾਂ ਸ਼੍ਰੋਮਣੀ ਅਕਾਲੀ ਦਲ ਦੋਵਾਂ ਵੱਲੋਂ ਹੀ ਪਾਰਟੀ ਵਿੱਚ ਗੁੰਡਾ ਅਨਸਰਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਹੀ ਨਹੀਂ ਇਹਨਾਂ ਦੋਵੇਂ ਪਾਰਟੀਆਂ ਵਿੱਚ ਆਪੋ 'ਚ ਅੜੀ ਲੱਗੀ ਹੋਈ ਹੈ ਕਿ ਕਿਹੜੀ ਸਭ ਤੋਂ ਵੱਧ ਗੁੰਡੇ ਭਰਤੀ ਕਰਦੀ ਹੈ। ਇਹ ਗੁੰਡਾਗਰਦੀ ਹੇਠਲੇ ਆਗੂਆਂ ਵਿੱਚ ਹੀ ਨਹੀਂ ਸਗੋਂ ਉੱਪਰਲਿਆਂ ਵਿੱਚ ਵੀ ਹੈ। ਇਸ ਗੁੰਡਾਗਰਦੀ ਦੇ ਚਲਦਿਆਂ ਹੀ ਮੰਤਰੀ ਬਣਨ ਤੋਂ ਥੋੜੇ ਸਮੇਂ ਬਾਅਦ ਹੀ ਬੀਬੀ ਜੰਗੀਰ ਕੌਰ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਜੇਲ੍ਹ ਜਾਣਾ ਪਿਆ ਸੀ। ਇਸ ਮਾਮਲੇ ਵਿੱਚ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਅਕਸ ਬਾਰੇ ਅਧਿਆਪਕਾਂ ਨੂੰ ਪੁੱਛਿਆ ਜਾ ਸਕਦਾ ਹੈ। ਇਸੇ



ਗੁੰਡਾਗਰਦੀ ਦੇ ਚਲਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਐਮ ਐਲ ਏ ਮਲਕੀਤ ਸਿੰਘ ਕੀਤੂ ਦਾ ਉਸਦੇ ਭਤੀਜਿਆਂ ਵੱਲੋਂ ਕਤਲ ਕੀਤਾ ਗਿਆ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਗੁਲਜ਼ਾਰ ਸਿੰਘ ਰਣੀਕੇ ਅਤੇ ਜਥੇਦਾਰ ਤੋਤਾ ਸਿੰਘ ਨੂੰ ਮੰਤਰੀ ਪਦ ਤੋਂ ਅਸਤੀਫ਼ਾ ਦੇਣਾ ਪਿਆ। ਇਸ ਤਰ੍ਹਾਂ ਹੀ ਹੇਠਲੇ ਆਗੂ ਆਪਣੇ ਸੀਨੀਅਰ ਆਗੂਆਂ ਦੇ ਪਾਏ ਪੂਰਨਿਆਂ 'ਤੇ ਚੱਲ ਰਹੇ ਹਨ। ਲੰਘੇ ਸਾਲ ਦੇ ਅੰਤਲੇ ਮਹੀਨੇ ਵਿੱਚ ਛੇਹਰਟਾ 'ਚ ਰਣਜੀਤ ਸਿੰਘ ਰਾਣਾ ਨਾਂ ਦੇ ਸੀਨੀਅਰ ਅਕਾਲੀ ਆਗੂ ਨੇ ਥਾਣੇਦਾਰ ਰਵਿੰਦਰਪਾਲ ਸਿੰਘ ਨੂੰ ਬਾਜ਼ਾਰ ਵਿੱਚ ਸ਼ਰੇਆਮ ਗੋਲੀਆਂ ਨਾਲ ਭੁੰਨ ਦਿੱਤਾ। ਥਾਣੇਦਾਰ ਦਾ ਕਸੂਰ ਇਹ ਸੀ ਕਿ ਉਸਨੇ ਇਸ ਅਕਾਲੀ ਆਗੂ ਤੋਂ ਆਪਣੀ ਲੜਕੀ ਦੀ ਇੱਜ਼ਤ ਬਚਾਉਣ ਦੀ ਕੋਸ਼ਿਸ਼ ਕੀਤੀ ਸੀ। ਪਿਛਲੇ ਦਿਨੀਂ ਸਾਬਕਾ ਡੀ ਜੀ ਪੀ ਅਤੇ ਮੌਜੂਦਾ ਅਕਾਲੀ ਆਗੂ ਪਰਮਦੀਪ ਸਿੰਘ ਗਿੱਲ ਨੂੰ ਕੋਰਟ ਵੱਲੋਂ ਖਰੜ ਸਬ ਡਵੀਜ਼ਨ ਵਿੱਚ ਪੈਂਦੇ ਸੈਣੀਮਾਜਰਾ ਪਿੰਡ ਦੀ ਸਾਮਲਾਟ ਜ਼ਮੀਨ 'ਤੇ ਕੀਤਾ ਨਜਾਇਜ਼ ਕਬਜ਼ਾ ਛੱਡਣ ਨੂੰ ਕਿਹਾ ਗਿਆ ਹੈ। ਇਹਨਾਂ ਗੱਲਾਂ ਤੋਂ ਭਲੀਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਸਿਆਸੀ ਭ੍ਰਿਸ਼ਟਾਚਾਰ ਤੇ ਗੁੰਡਾਗਰਦੀ ਕਿਸ ਹੱਦ ਤੱਕ ਵਧ ਗਈ ਹੈ। ਇੱਥੇ ਅਸੀਂ ਥਾਂ ਦੀ ਘਾਟ ਕਾਰਨ ਸਿਆਸੀ ਭ੍ਰਿਸ਼ਟਾਚਾਰ ਅਤੇ ਗੁੰਡਾਗਰਦੀ ਦੀਆਂ ਕੁੱਝ ਕੁ ਚੁਣੀਂਦੀਆਂ ਉਦਾਹਰਨਾਂ ਲਈਆਂ ਹਨ, ਜੇਕਰ ਅਸੀਂ ਸਾਲ ਦੀਆਂ ਸਾਰੀਆਂ ਘਟਨਾਵਾਂ ਦਾ ਜ਼ਿਕਰ ਕਰਨ ਬਹਿ ਜਾਈਏ ਤਾਂ ਹਜ਼ਾਰ ਪੰਨਿਆਂ ਦੀ ਕਿਤਾਬ ਵੀ ਘੱਟ ਹੈ। ਆਏ ਦਿਨ ਅਖ਼ਬਾਰਾਂ ਵਿੱਚ ਅਜਿਹੀਆਂ ਰਿਪੋਰਟਾਂ ਛਪਦੀਆਂ ਹਨ ਜਿਨ੍ਹਾਂ ਵਿੱਚ ਅਕਾਲੀਆਂ ਦੀਆਂ ਵਧੀਕੀਆਂ ਦੇ ਚਿੱਠੇ ਹੁੰਦੇ ਹਨ। ਇਹੀ ਨਹੀਂ ਅਸੀਂ ਇੱਥੇ ਅਜਿਹੇ ਵੀ ਬਹੁਤ ਸਾਰੇ ਨਾਮ ਗਿਣਵਾ ਸਕਦੇ ਹਾਂ, ਜੋ ਸੀਨੀਅਰ ਕਾਂਗਰਸੀ ਅਤੇ ਸੀਨੀਅਰ ਅਕਾਲੀ ਆਗੂ ਬਣੇ ਹੋਏ ਹਨ ਤੇ ਉਹਨਾਂ ਉੱਤੇ ਅਦਾਲਤਾਂ ਵਿੱਚ ਗੁੰਡਾਗਰਦੀ ਅਤੇ ਭ੍ਰਿਸ਼ਟਾਚਾਰ ਨਾਲ ਸਬੰਧਿਤ ਕੇਸ ਚੱਲ ਰਹੇ ਹਨ ਪਰ ਸਿਆਸੀ ਸਰਪ੍ਰਸਤੀ ਕਾਰਨ ਉਹਨਾਂ ਨੂੰ ਸਮਾਜ ਵਿੱਚ ਸਤਿਕਾਰਿਆ ਜਾਂਦਾ ਹੈ।

## ਕਾਂਗਰਸ 'ਚ ਪ੍ਰਧਾਨਗੀ ਨੂੰ ਲੈ ਕੇ ਸਾਲ ਭਰ ਰਿਹਾ ਵਿਵਾਦ

ਵਿਧਾਨ ਸਭਾ ਚੋਣਾਂ ਦੀ ਹਾਰ ਤੋਂ ਤੁਰੰਤ ਬਾਅਦ ਪੰਜਾਬ ਕਾਂਗਰਸ ਵਿੱਚ ਕੈਪਟਨ ਦੀ ਪ੍ਰਧਾਨਗੀ ਨੂੰ ਲੈ ਕੇ ਵਿਵਾਦ ਛਿੜ ਗਿਆ, ਇਸ ਮਾਮਲੇ ਨੂੰ ਲੈ ਕੇ ਕੁੱਝ ਸੀਨੀਅਰ ਕਾਂਗਰਸੀ ਆਗੂ ਕੈਪਟਨ ਦੇ ਵਿਰੋਧ ਵਿੱਚ ਸਪੱਸ਼ਟ ਤੌਰ 'ਤੇ ਸਾਹਮਣੇ ਆ ਗਏ ਤੇ ਉਹਨਾਂ ਨੇ ਚੋਣਾਂ 'ਚ ਮਿਲੀ ਹਾਰ ਭਾਂਡਾ ਕੈਪਟਨ ਅਮਰਿੰਦਰ ਸਿੰਘ ਦੇ ਸਿਰ ਭੰਨਿਆ। ਸਥਿਤੀ ਨੂੰ ਭਾਂਪਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਸੋਨੀਆ ਗਾਂਧੀ ਨੂੰ ਆਪਣਾ ਅਸਤੀਫ਼ਾ ਭੇਜ ਦਿੱਤਾ ਪਰ ਉਹ ਅਸਤੀਫ਼ਾ ਸੋਨੀਆ ਗਾਂਧੀ ਵੱਲੋਂ ਨਾ ਤਾਂ ਪ੍ਰਵਾਨ ਕੀਤਾ ਗਿਆ ਤੇ ਨਾ ਹੀ ਅਪ੍ਰਵਾਨ ਕੀਤਾ ਗਿਆ ਹੈ। ਇਸ ਗੱਲ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਸਿਆਸੀ ਹਲਕਿਆਂ ਵਿੱਚ ਤਿੱਖੀ ਬਹਿਸ ਛਿੜੀ ਹੋਈ ਹੈ, ਬਹੁਤੇ ਸੀਨੀਅਰ ਕਾਂਗਰਸੀ ਆਗੂਆਂ ਦਾ ਇਹ ਕਹਿਣਾ ਹੈ ਕਿ ਜਦੋਂ ਤੱਕ ਪ੍ਰਧਾਨਗੀ ਨੂੰ ਲੈ ਕੇ ਪਾਰਟੀ ਸੁਪਰੀਮੋ ਵੱਲੋਂ ਕੋਈ ਫੈਸਲਾ ਨਹੀਂ ਲਿਆ ਜਾਂਦਾ ਉਦੋਂ ਤੱਕ ਪੰਜਾਬ ਵਿੱਚ ਕਾਂਗਰਸ ਦੀ ਸਥਿਤੀ ਡਾਂਵਾਡੋਲ ਹੀ ਰਹੇਗੀ। ਵਿੱਚੋਂ ਗੱਲ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਦਿੱਲੀ ਦੇ ਘਾਗ ਕਾਂਗਰਸੀ ਸਿਆਸਤਦਾਨਾਂ ਨਾਲ ਕਾਫ਼ੀ ਨਿੱਘੇ ਸਬੰਧ ਹਨ ਤੇ ਉਹ ਕੈਪਟਨ ਅਮਰਿੰਦਰ ਸਿੰਘ ਦਾ ਪ੍ਰਧਾਨਗੀ ਲਈ ਸਮੱਰਥਨ ਕਰ ਰਹੇ ਹਨ। ਇਸਦੇ ਨਾਲ ਹੀ ਜਿਹੜੀ



ਸਭ ਤੋਂ ਮਹੱਤਵਪੂਰਨ ਗੱਲ ਹੈ ਉਹ ਇਹ ਹੈ ਕਿ ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਵਿੱਚ ਵੱਡੇ ਪੱਧਰ 'ਤੇ ਧੜੇਬੰਦੀ ਹੈ ਜਿਸ ਕਾਰਨ ਪ੍ਰਧਾਨਗੀ ਲਈ ਕਿਸੇ ਇੱਕ ਨਾਮ 'ਤੇ ਸਹਿਮਤੀ ਨਹੀਂ ਬਣ ਪਾ ਰਹੀ। ਇਹੀ ਕਾਰਨ ਕਿ ਸੋਨੀਆ ਗਾਂਧੀ ਪ੍ਰਧਾਨਗੀ ਨੂੰ ਲੈ ਕੇ ਇਕਟੁੱਕ ਫੈਸਲਾ ਨਹੀਂ ਕਰ ਪਾ ਰਹੀ, ਉਸਦੇ ਅੰਦਰ ਡਰ ਇਹ ਹੈ ਕਿ ਕਿਧਰੇ ਪ੍ਰਧਾਨਗੀ ਕਿਸੇ ਅਯੋਗ ਆਗੂ ਦੇ ਹੱਥਾਂ ਵਿੱਚ ਨਾ ਚਲੀ ਜਾਵੇ, ਕਿਉਂਕਿ ਪਹਿਲਾਂ ਕਈ ਸੀਨੀਅਰ ਆਗੂਆਂ ਨੂੰ ਜ਼ਿੰਮੇਵਾਰੀ ਸੌਂਪ ਕੇ ਦੇਖੀ ਜਾ ਚੁੱਕੀ ਹੈ, ਨਤੀਜੇ ਕੁੱਝ ਖਾਸ ਨਹੀਂ ਨਿੱਕਲੇ। ਇਸ ਤਰ੍ਹਾਂ ਦਾ ਹੀ ਭੰਬਲਭੂਸਾ ਸਾਰਾ ਸਾਲ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਵਿੱਚ ਵੀ ਬਣਿਆ ਰਿਹਾ ਪਰ ਗੱਲ ਕਿਸੇ ਪਾਸੇ ਨਹੀਂ ਲੱਗ ਸਕੀ।

## ਖੱਬੇਪੱਖੀਆਂ ਵੱਲੋਂ ਕੀਤੀ ਜਾ ਰਹੀ ਹੈ ਲੋਕ ਸਰੋਕਾਰਾਂ ਨਾਲ ਜੁੜੀ ਸਿਆਸਤ

ਦਿਨੋਂ-ਦਿਨ ਡਿੱਗ ਰਹੀਆਂ ਸਿਆਸੀ ਕਦਰਾਂ-ਕੀਮਤਾਂ ਦੇ ਬਾਵਜੂਦ ਖੱਬੇ ਪੱਖੀ ਧਿਰਾਂ ਵੱਲੋਂ ਲੋਕ ਸਰੋਕਾਰਾਂ ਨਾਲ ਜੁੜੀ ਸਿਆਸਤ ਕੀਤੀ ਜਾ ਰਹੀ ਹੈ। ਇਹ ਆਪਣੇ ਮੰਚਾਂ ਤੋਂ ਹਮੇਸ਼ਾ ਆਮ ਆਦਮੀ ਦੀ ਮੁਕਤੀ ਦੀ ਗੱਲ ਕਰਦੇ ਹਨ ਤੇ ਕਿਰਤੀਆਂ, ਕਾਮਿਆਂ ਤੇ ਹੋਰ ਦਮਿਤ ਵਰਗਾਂ ਨੂੰ ਲਾਮਬੰਦ ਕਰਨ ਲਈ ਲਗਾਤਾਰ ਹੋਕਾ ਦੇ ਰਹੇ ਹਨ। ਪੱਬੇਪੱਖੀਆਂ ਦੀ ਇਸ ਸਿਆਸਤ ਕਰਕੇ ਹੀ ਮੁੱਖ ਧਾਰਾ ਦੀਆਂ ਪਾਰਟੀਆਂ ਆਪਣੇ ਚੋਣ ਮੈਨੀਫੈਸਟੋ ਵਿੱਚ ਦਮਿਤ ਵਰਗ ਦੀਆਂ ਗੱਲਾਂ ਕਰਦੀਆਂ ਹਨ, ਇਹ ਹੋਰ ਗੱਲ ਹੈ ਕਿ




ਉਹਨਾਂ ਦੀਆਂ ਇਹ ਗੱਲਾਂ ਸਿਰਫ਼ ਦਿਖਾਵਾ ਮਾਤਰ ਹਨ। ਇਸ ਸਾਲ ਸੀ ਪੀ ਆਈ ਅਤੇ ਸੀ ਪੀ ਆਈ (ਐਮ) ਨੇ ਵਿਧਾਨ ਸਭਾ ਦੀਆਂ ਚੋਣਾਂ ਸਾਂਝਾ ਮੋਰਚਾ ਬਣਾ ਕੇ ਲੜੀਆਂ ਪਰ ਉਸਦੀ ਸਿਆਸਤ ਦਾ ਕੇਂਦਰਬਿੰਦੂ ਦਮਿਤ ਵਰਗ ਹੀ ਸੀ। ਸੱਤਾ ਹਾਸਲ ਕਰਨ ਲਈ ਇਹਨਾਂ ਵੱਲੋਂ ਹੋਛੀ ਸਿਆਸਤ ਨਹੀਂ ਕੀਤੀ ਜਾਂਦੀ। ਲੋਕ ਹਿੱਤਾਂ ਦੀ ਰਾਖੀ ਲਈ ਸਾਰੀਆਂ ਹੀ ਖੱਬੇਪੱਖੀ ਜਥੇਬੰਦੀਆਂ ਵੱਲੋਂ ਲਗਾਤਾਰ ਹੜਤਾਲਾਂ ਕੀਤੀਆਂ ਜਾ ਰਹੀਆਂ ਹਨ, ਧਰਨੇ ਦਿੱਤੇ ਜਾ ਰਹੇ ਹਨ। ਇਹਨਾਂ ਜਥੇਬੰਦੀਆਂ ਦੇ ਆਗੂਆਂ ਨੇ ਕਈ ਥਾਂਵਾਂ 'ਤੇ ਸਰਕਾਰ ਨੂੰ ਮਜ਼ਬੂਰ ਕਰਕੇ ਆਮ ਲੋਕਾਂ ਦੇ ਹਿੱਤਾਂ ਲਈ ਕਈ ਮਹੱਤਵਪੂਰਨ ਫੈਸਲੇ ਕਰਵਾਏ ਹਨ। ਇਸ ਤੋਂ ਇਲਾਵਾ ਲੋਕ ਵਿਰੋਧੀ ਫੈਸਲਿਆਂ ਖ਼ਿਲਾਫ਼ ਇਹ ਧਿਰਾਂ ਡਟ ਕੇ ਖੜਦੀਆਂ ਹਨ ਤੇ ਸਰਕਾਰ ਨੂੰ ਇਹਨਾਂ ਦੇ ਸੰਘਰਸ਼ ਅੱਗੇ ਝੁਕਦਿਆਂ ਕਈ ਵਾਰ ਲੋਕ ਵਿਰੋਧੀ ਫੈਸਲੇ ਵਾਪਸ ਲੈਣੇ ਪੈਂਦੇ ਹਨ। ਇੱਥੇ ਅਸੀਂ ਇੱਕ ਗੱਲ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਪੰਜਾਬ ਵਿੱਚ ਖੱਬੇਪੱਖੀਆਂ ਧਿਰਾਂ ਵਿੱਚ ਸਿਰਫ਼ ਸੀ ਪੀ ਆਈ ਤੇ ਸੀ ਪੀ ਆਈ (ਐਮ) ਹੀ ਨਹੀਂ ਸਗੋਂ ਹੋਰ ਵੀ ਕਈ ਸਿਆਸੀ ਜਥੇਬੰਦੀਆਂ ਜਿਹੜੀਆਂ ਕਿ ਲੋਕ ਹਿੱਤਾਂ ਦੀ ਰੱਖਿਆ ਕਰਨ ਲਈ ਮਾਰਕਸੀ ਜ਼ਾਵੀਏ ਤੋਂ ਸੰਘਰਸ਼ ਕਰ ਰਹੀਆਂ ਹਨ।

## ਮੁੱਖ ਧਾਰਾ ਦੀ ਸਿਆਸਤ ਬਾਰੇ ਪੰਜਾਬ ਵਾਸੀਆਂ ਦਾ ਨਜ਼ਰੀਆ

ਮੁੱਖ ਧਾਰਾ ਦੀ ਸਿਆਸਤ ਤੋਂ ਪੰਜਾਬ ਦੇ ਲੋਕ ਪੂਰੀ ਤਰ੍ਹਾਂ ਨਿਰਾਸ਼ ਹਨ। ਅਸੀਂ ਇੱਥੇ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਮੁੱਖ ਧਾਰਾ ਦੀ ਸਿਆਸਤ ਤੋਂ ਭਾਵ ਪੰਜਾਬ ਵਿੱਚ ਅਕਾਲੀ-ਭਾਜਪਾ ਗਠਜੋੜ ਅਤੇ ਕਾਂਗਰਸ ਵੱਲੋਂ ਕੀਤੀ ਜਾਂਦੀ ਸਿਆਸਤ ਤੋਂ ਹੈ। ਪੰਜਾਬ ਦੇ ਲੋਕਾਂ ਨੂੰ ਇਸਦੀ ਚੰਗੀ ਤਰ੍ਹਾਂ ਸਮਝ ਆ ਚੁੱਕੀ ਹੈ ਕਿ ਮੁੱਖ ਧਾਰਾ ਦੀ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਮਕਸਦ ਸਿਆਸਤ ਰਾਹੀਂ ਸ਼ੋਹਰਤ ਅਤੇ ਕਰੋੜਾਂ ਰੁਪਇਆ ਕਮਾਉਣਾ ਹੈ, ਉਹਨਾਂ ਨੂੰ ਇਸ ਗੱਲ ਦਾ ਭਲੀਭਾਂਤ ਗਿਆਨ ਹੈ ਕਿ ਪੰਜਾਬੀਅਤ ਜਾਂ ਇੱਥੋਂ ਦੇ ਆਮ ਲੋਕਾਂ ਦੇ ਸਰੋਕਾਰਾਂ ਨਾਲ ਇਹਨਾਂ ਦਾ ਦੂਰ ਦਾ ਵੀ ਵਾਸਤਾ ਨਹੀਂ। ਇਹਨਾਂ ਨੇ ਸਿਆਸਤ ਨੂੰ ਉਦਯੋਗ ਬਣਾਇਆ ਹੋਇਆ ਹੈ, ਇਸ ਉਦਯੋਗ ਵਿੱਚ ਉਹ ਲੱਖਾਂ ਰੁਪਇਆਂ ਦਾ ਨਿਵੇਸ਼ ਕਰਦੇ ਹਨ ਤੇ ਕਰੋੜਾਂ ਕਮਾਉਂਦੇ ਹਨ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਸ ਸਭ ਕੁੱਝ ਨੂੰ ਸਮਝਣ ਦੇ ਬਾਵਜੂਦ ਵੀ ਪੰਜਾਬ ਵਾਸੀ ਲੋਕ ਸੋਰਕਾਰਾਂ ਦੀ ਸਿਆਸਤ ਕਰਨ ਵਾਲੀਆਂ ਧਿਰਾਂ ਨਾਲ ਨਹੀਂ ਜੁੜ ਰਹੇ। ਇਸਦਾ ਮੁੱਖ ਕਾਰਨ ਅਸੀਂ ਇਹ ਸਮਝਦੇ ਹਾਂ ਕਿ ਪੰਜਾਬ ਦੇ ਲੋਕਾਂ ਨੂੰ ਸਿਆਸੀ ਸਿਧਾਂਤਾਂ ਦੀ ਸਮਝ ਉਸ ਪੱਧਰ ਦੀ ਨਹੀਂ ਜਿਸ ਪੱਧਰ ਦੀ ਹੋਣੀ ਚਾਹੀਦੀ ਹੈ। ਇਹੀ ਕਾਰਨ ਹੈ ਕਿ ਇਸ ਖਿੱਤੇ ਦੀ ਸਿਆਸਤ ਲੋਕ ਸਰੋਕਾਰਾਂ ਦੀ ਸਿਆਸਤ ਨਹੀਂ ਬਣ ਸਕੀ। ਹਾਂ ਪਰ ਮੁੱਖ ਧਾਰਾ ਦੇ ਸਿਆਸੀ ਆਗੂਆਂ ਦੇ ਕਿਰਦਾਰ ਨੂੰ ਆਮ ਲੋਕ ਭਲੀਭਾਂਤ ਸਮਝਦੇ ਹਨ। ਲੋਕਾਂ ਵੱਲੋਂ ਇਹਨਾਂ ਨੂੰ ਕਾਲੇ ਅੰਗਰੇਜ਼ ਕਹਿ ਕੇ ਸੱਦਿਆ ਜਾਂਦਾ ਹੈ, ਇੱਥੋਂ ਤੱਕ ਕਿ ਕਈ ਵਾਰੀ ਅੰਗਰੇਜ਼ਾਂ ਦੀ ਤਾਰੀਫ਼ ਵੀ ਹੋ ਜਾਂਦੀ ਹੈ ਪਰ ਇਹਨਾਂ ਨੂੰ ਲੋਕਾਂ ਵੱਲੋਂ ਕਦੇ ਵੀ ਚੰਗਾ ਨਹੀਂ ਕਿਹਾ ਜਾਂਦਾ। ਜੁਝਾਰੂ ਸਿਆਸੀ ਆਗੂਆਂ ਨੂੰ ਲੋਕ ਜਰੂਰ ਯਾਦ ਕਰਦੇ ਹਨ, ਪਰ ਮੁੱਖ ਧਾਰਾ ਦੀ ਸਿਆਸਤ ਵਿੱਚ ਉਸ ਤਰ੍ਹਾਂ ਦੇ ਪ੍ਰਤੀਬਧ ਆਗੂ ਰਹੇ ਨਹੀਂ, ਖੱਬੀਆਂ ਧਿਰਾਂ ਵਿੱਚ ਜਰੂਰ ਹਨ ਪਰ ਉਹਨਾਂ ਦੀਆਂ ਸਰਗਰਮੀਆਂ ਬਾਰੇ ਆਮ ਲੋਕਾਂ ਨੂੰ ਬਹੁਤਾ ਪਤਾ ਨਹੀਂ। ਕੁੱਲ ਮਿਲਾ ਕੇ ਜੇ ਗੱਲ ਇੱਕ ਵਾਕ ਵਿੱਚ ਖਤਮ ਕਰਨੀ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਲੋਕ ਸਿਆਸਤ ਨੂੰ ਗੰਦੀ ਖੇਡ ਕਹਿ ਕੇ ਸੱਦਦੇ ਹਨ। *ਬਾਕੀ ਸਫਾ- 20 'ਤੇ*

ਨਵੀਂ ਦੁਨੀਆ

## ਰਾਸਟਰੀ ਸਿਆਸਤ

### ਭ੍ਰਿਸ਼ਟਾਚਾਰ ਦਾ ਮੁੱਦਾ ਰਿਹਾ ਭਾਰੂ



ਲੰਘੇ ਸਾਲ ਰਾਸ਼ਟਰੀ ਸਿਆਸਤ ਦਾ ਸਭ ਤੋਂ ਵੱਡਾ ਮੁੱਦਾ ਭ੍ਰਿਸ਼ਟਾਚਾਰ ਰਿਹਾ। ਇੱਕ ਤੋਂ ਬਾਅਦ ਇੱਕ ਵੱਡੇ ਤੋਂ ਵੱਡਾ ਭ੍ਰਿਸ਼ਟਾਚਾਰ ਸਾਹਮਣੇ ਆਇਆ, ਜਿਸਨੂੰ ਦੇਸ਼ ਵਾਸੀਆਂ ਨੇ ਹਿਲਾ ਕੇ ਰੱਖ ਦਿੱਤਾ। ਕੇਂਦਰੀ ਮੰਤਰੀਆਂ ਦੇ ਨਿੱਜੀ ਸਕੱਤਰਾਂ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਸਰਕਾਰ ਵਿੱਚ ਸ਼ਾਮਿਲ ਕੋਈ ਵੀ ਅਜਿਹਾ ਸਿਆਸੀ ਆਗੂ ਨਹੀਂ ਜਿਸ ਵੱਲ ਭ੍ਰਿਸ਼ਟਾਚਾਰ ਨੂੰ ਲੈ ਕੇ ਉਂਗਲ ਨਾ ਉੱਠੀ ਹੋਵੇ। ਇਸ ਸਾਲ ਰਾਸ਼ਟਰੀ ਸਿਆਸਤ ਦੀਆਂ ਵੱਡੀਆਂ ਘਟਨਾਵਾਂ ਵੀ ਭ੍ਰਿਸ਼ਟਾਚਾਰ ਦੀ ਪ੍ਰਤੀਕਿਰਿਆ ਵਿੱਚੋਂ ਹੀ ਸਾਹਮਣੇ ਆਈਆਂ ਹਨ। ਸਿਆਸੀ ਭ੍ਰਿਸ਼ਟਾਚਾਰ ਦੀ ਗੱਲ ਕਰੀਏ ਤਾਂ ਖੱਬੇਪੱਖੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਧਿਰਾਂ ਦੇ ਆਗੂ ਇਸਦੀ ਲਪੇਟ ਵਿੱਚ ਰਹੇ। ਦੋ ਵੱਡੀਆਂ ਸਿਆਸੀ ਪਾਰਟੀਆਂ ਦੇ ਮੁਖੀਆਂ ਦੀ ਗੱਲ ਕਰੀਏ ਤਾਂ ਸੋਨੀਆਂ ਗਾਂਧੀ ਦੇ ਯਮਾਈ ਰਾਬਰਟ ਵਾਡਰਾ 'ਤੇ ਵੀ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਅਤੇ ਭਾਜਪਾ ਮੁਖੀ ਨਿਤਿਨ ਗਡਕਰੀ ਵੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸੁਰਖੀਆਂ ਵਿੱਚ ਰਹੇ। ਏਹੀ ਨਹੀ ਇਸ ਸਾਲ ਜਿਸ ਤਰ੍ਹਾਂ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਲੈ ਕੇ ਸਿਆਸਤ ਕੀਤੀ ਗਈ ਹੈ ਉਹ ਵੀ ਕਮਾਲ ਹੋਈ ਹੈ। ਇਸੇ ਮੁੱਦੇ ਨੂੰ ਲੈ ਕੇ ਅਰਵਿੰਦ ਕੇਜਰੀਵਾਲ ਨੇ ਸਿਆਸੀ ਪਾਰਟੀ ਬਣਾ ਕੇ ਰਾਸ਼ਟਰੀ ਸਿਆਸਤ ਵਿੱਚ ਆਪਣੀ ਥਾਂ ਬਣਾਉਣ ਦੀ ਕੋਸ਼ਿਸ਼ ਕੀਤੀ ਹੈ ਤੇ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਲੈ ਕੇ ਬਾਬਾ ਰਾਮਦੇਵ ਸਾਰਾ ਸਾਲ ਸੁਰਖੀਆਂ ਵਿੱਚ ਰਹੇ ਤੇ ਭਵਿੱਖ ਵਿੱਚ ਉਹਨਾਂ ਦੀ ਸਿਆਸੀ ਪਾਰਟੀ ਬਣਾਉਣ ਦੀ ਯੋਜਨਾ ਵੀ ਕਿਸੇ ਤੋਂ ਲੁਕੀ ਨਹੀਂ ਇੱਥੋਂ ਤੱਕ ਕਿ ਉਹ ਲੰਘੇ ਸਾਲ ਕਈ ਵਾਰੀ ਅਸਿੱਧੇ ਢੰਗ ਨਾਲ ਇਸ ਗੱਲ ਦਾ ਐਲਾਨ ਕਰ ਚੁੱਕੇ ਹਨ। ਅੰਨਾ ਹਜ਼ਾਰੇ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਨੇ ਭ੍ਰਿਸ਼ਟਾਚਾਰ ਦੇ ਮੁੱਦੇ ਨੂੰ ਸਭ ਤੋਂ ਵੱਧ ਅਹਿਮ ਬਣਾਇਆ। ਇਸ ਤੋਂ ਪਹਿਲਾਂ ਕੇਂਦਰੀ ਸਿਆਸਤ ਜਾਤੀ, ਧਰਮ, ਗਰੀਬੀ ਅਤੇ ਵਿਕਾਸ ਦੇ ਨਾਂ 'ਤੇ ਕੀਤੀ ਜਾਂਦੀ ਸੀ। ਪਰ ਭ੍ਰਿਸ਼ਟਾਚਾਰ ਦਾ ਮੁੱਦਾ ਕੇਂਦਰ ਵਿੱਚ ਆਉਣ ਕਰਕੇ ਸਿਆਸੀ ਸਮੀਕਰਨ ਕਾਫ਼ੀ ਬਦਲ ਗਏ ਹਨ। ਇਹ ਮੁੱਦਾ ਕੇਂਦਰ ਵਿੱਚ ਆਉਣ ਕਾਰਨ ਹੀ ਕਈ ਵੱਡੇ ਸਿਆਸੀ ਆਗੂਆਂ ਨੂੰ ਆਪਣੀਆਂ ਕੁਰਸੀਆਂ ਛੱਡਣੀਆਂ ਪਈਆਂ ਤੇ ਇਸ ਤਰ੍ਹਾਂ ਕਈ ਸਿਆਸੀ ਆਗੂਆਂ ਦੇ ਕਰੀਅਰ ਨੂੰ ਵੱਡੀ ਢਾਹ ਲੱਗੀ ਹੈ। ਇਸ ਮਾਮਲੇ ਵਿੱਚ ਕੇਂਦਰੀ ਸਰਕਾਰ ਦਾ ਢੀਠਪੁਣਾ ਇਹ ਹੈ ਕਿ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਇੰਨੀ ਬਹਿਸ ਹੋਣ ਦੇ ਬਾਵਜੂਦ ਵੀ ਸਿਆਸੀ ਸ਼ੁੱਧੀਕਰਨ ਲਈ ਕੋਈ ਯਤਨ ਨਹੀਂ ਕੀਤੇ ਗਏ। ਬਹੁਤ ਸਾਰੇ ਭ੍ਰਿਸ਼ਟ ਆਗੂਆਂ ਨੂੰ ਹੁਣ ਵੀ ਓਨੀ ਹੀ ਅਹਿਮੀਅਤ ਦਿੱਤੀ ਜਾ ਰਹੀ ਹੈ ਜਿੰਨੀ ਪਹਿਲਾਂ ਦਿੱਤੀ ਜਾਂਦੀ ਸੀ। ਇਹੀ ਨਹੀਂ ਦੋਸ਼ ਲੱਗਣ ਦੇ ਬਾਵਜੂਦ ਰਾਬਰਟ ਵਾਡਰਾ ਵਰਗਿਆਂ ਦੀ ਕੋਈ ਠੋਸ ਜਾਂਚ ਨਹੀਂ ਕੀਤੀ ਗਈ ਸਗੋਂ ਜਿਨ੍ਹਾਂ ਲੋਕਾਂ ਨੇ ਇਸ ਮਾਮਲੇ ਨਾਲ ਜੁੜੇ ਤੱਥਾਂ ਨੂੰ ਉਛਾਲਿਆਂ ਉਨ੍ਹਾਂ ਨੂੰ ਇਸਦੀ ਕੀਮਤ ਚੁਕਾਉਣੀ ਪਈ ਹੈ।

### ਅੰਨਾ ਹਜ਼ਾਰੇ, ਬਾਬਾ ਰਾਮਦੇਵ ਤੇ ਅਰਵਿੰਦ ਕੇਜਰੀਵਾਲ ਰਹੇ ਸਭ ਤੋਂ ਵੱਧ ਚਰਚਿਤ



ਸਾਲ 2012 ਦੇ ਸ਼ੁਰੂ ਵਿੱਚ ਅੰਨਾ ਹਜ਼ਾਰੇ ਨੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਦੀ ਨੀਂਹ ਰੱਖੀ, ਜਿਸਦਾ ਬਾਬਾ ਰਾਮਦੇਵ ਵੱਲੋਂ ਭਰਪੂਰ ਸਮੱਰਥਨ ਕੀਤਾ ਗਿਆ ਤੇ ਇਸ ਮੁਹਿੰਮ ਵਿੱਚ ਸਭ ਤੋਂ ਵੱਡਾ ਯੋਗਦਾਨ ਅਰਵਿੰਦ ਕੇਜਰੀਵਾਲ ਦਾ ਰਿਹਾ। ਸ਼ੁਰੂਆਤ ਲੋਕਪਾਲ ਬਿੱਲ ਨੂੰ ਲੈ ਕੇ ਹੋਈ। ਏਦਾਂ ਜਾਪਦਾ ਸੀ ਜਿਵੇਂ ਸਾਰਾ ਦੇਸ਼ ਅੰਨਾ ਹਜ਼ਾਰੇ ਨਾਲ ਹੋਵੇ ਤੇ ਸਰਕਾਰ ਨੂੰ ਮਜ਼ਬੂਰਨ ਇਹ ਬਿੱਲ ਪਾਸ ਕਰਨਾ ਪਵੇਗਾ। ਪਰ ਸਰਕਾਰ ਨੇ ਗੱਲਾਂ-ਬਾਤਾਂ ਤੋਂ ਬਿਨਾ ਕੁੱਝ ਨਾ ਕੀਤਾ। ਜਦੋਂ ਸਰਕਾਰ ਨੂੰ ਇਹ ਜਾਪਿਆ ਕਿ ਬਾਬਾ ਰਾਮਦੇਵ ਅਤੇ ਅੰਨਾ ਹਜ਼ਾਰੇ ਜ਼ਿਆਦਾ ਹੀ ਸਿਰ ਚੜ ਗਏ ਹਨ ਤਾਂ ਰਾਮਦੇਵ ਦੇ ਖ਼ਿਲਾਫ਼ ਵਿੱਤੀ ਬੇਨਿਯਮੀਆਂ ਨੂੰ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਬਾਬਾ ਰਾਮਦੇਵ ਵੱਲੋਂ ਕਈ ਟਰੱਸਟ ਬਣਾਏ ਗਏ ਹਨ, ਜਿਨ੍ਹਾਂ ਦੇ ਆਮਦਨ ਸੋਮਿਆਂ ਦਾ ਹਿਸਾਬ ਦੇਣਾ ਹੁਣ ਉਹਨਾਂ ਲਈ ਮੁਸੀਬਤ ਬਣ ਗਿਆ ਹੈ। ਇਹੀ ਨਹੀਂ ਉਹਨਾਂ ਨੂੰ ਸਰਕਾਰ ਨੇ ਦਿੱਲੀ ਵਿੱਚ ਲਾਏ ਭ੍ਰਿਸ਼ਟਾਚਾਰ ਮੋਰਚੇ ਤੋਂ ਏਦਾਂ ਭਜਾਇਆ ਜਿਵੇਂ ਕੋਈ ਡੰਡੇ ਦੇ ਜ਼ੋਰ ਨਾਲ ਚੋਰ ਨੂੰ ਭਜਾਉਂਦਾ ਹੈ। ਤੀਵੀਂਆਂ ਵਾਲੇ ਕੱਪੜੇ ਪਾ ਕੇ ਬਾਬਾ ਰਾਮਦੇਵ ਨੇ ਆਪਣੀ ਜਾਨ ਬਚਾਈ। ਸ਼ਾਇਦ ਇਹੀ ਕਾਰਨ ਹੈ ਕਿ ਕਾਲੇ ਧਨ ਨੂੰ ਲੈ ਕੇ ਅੱਜਕੱਲ ਉਹਨਾਂ ਦੀ ਸੁਰ ਉਹ ਨਹੀਂ ਰਹੀ ਜਿਸ ਤਰ੍ਹਾਂ ਦੀ ਸ਼ੁਰੂ ਵਿੱਚ ਸੀ।

ਅੰਨਾ ਹਜ਼ਾਰੇ ਦੀ ਮੁਹਿੰਮ ਦੀ ਗੱਲ ਕਰੀਏ ਤਾਂ ਸਰਕਾਰ ਨੇ ਇਸਨੂੰ ਲਾਰਿਆਂ ਵਿੱਚ ਹੀ ਰੋਲ ਕੇ ਰੱਖ ਦਿੱਤਾ ਹੈ, ਪਹਿਲਾਂ-ਪਹਿਲਾਂ ਸਰਕਾਰ ਅੰਨਾ ਹਜ਼ਾਰੇ ਦਾ ਵਰਤ ਲਾਰਾ ਲਾ ਕੇ ਤੜਵਾਉਂਦੀ ਰਹੀ ਤੇ ਸਮਾਂ ਪਾ ਕੇ ਉਸਦੀ ਟੀਮ ਨੂੰ ਹੀ ਤੋੜ ਦਿੱਤਾ, ਅਰਵਿੰਦ ਕੇਜਰੀਵਾਲ ਜੋ ਅੰਨਾ ਹਜ਼ਾਰੇ ਦਾ ਖਾਸ ਸਾਥੀ ਸੀ ਨੇ ਅੰਨਾ ਤੋਂ ਵੱਖ ਹੋ ਕੇ ਸਿਆਸੀ ਪਾਰਟੀ ਬਣਾ ਲਈ ਤੇ ਹੁਣ ਉਹ ਆਉਂਦੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਚ ਰੁੱਝਿਆ ਹੋਇਆ ਹੈ। ਭਾਵੇਂ ਉਸਦੀ ਪਾਰਟੀ ਦਾ ਮੁੱਖ ਮੁੱਦਾ ਸਿਆਸੀ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦਾ ਹੈ ਪਰ ਜਿਨ੍ਹਾਂ ਰਾਹਾਂ 'ਤੇ ਹੁਣ ਉਹ ਤੁਰ ਪਿਆ ਹੈ ਉਹਨਾਂ ਰਾਹਾਂ ਉੱਤੇ ਸਿਆਸੀ ਭ੍ਰਿਸ਼ਟਾਚਾਰ ਬਿਨ ਗਤੀ ਹੀ ਨਹੀਂ। ਭਾਵੇਂ ਅੱਜਕੱਲ ਅਰਵਿੰਦ ਕੇਜਰੀਵਾਲ ਭ੍ਰਿਸ਼ਟਾਚਾਰ ਦਾ ਡਮਰੂ ਵਜਾ ਕੇ ਆਪਣੇ ਸਿਆਸੀ ਜਲਸਿਆਂ ਵਿੱਚ ਇਕੱਠ ਕਰ ਰਿਹਾ ਹੈ ਪਰ ਸਿਆਸੀ ਮਾਹਿਰਾਂ ਦੇ ਨਜ਼ਰੀਏ ਅਨੁਸਾਰ ਇਸ ਖੇਤਰ ਵਿੱਚ ਉਹ ਕੋਈ ਉਪਲਬਧੀ ਹਾਸਲ ਨਹੀਂ ਕਰ ਸਕਦਾ।

### ਮੋਦੀ ਦੀ ਜੇਤੂ ਸਿਆਸਤ



ਲੰਘੇ ਸਾਲ ਕਈ ਰਾਜਾਂ ਉੱਤਰ ਪ੍ਰਦੇਸ਼, ਪੰਜਾਬ, ਉਤਰਾਖੰਡ, ਹਿਮਾਚਲ ਅਤੇ ਗੁਜਰਾਤ ਵਿੱਚ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਈਆਂ ਹਨ। ਪੰਜਾਬ ਅਤੇ ਗੁਜਰਾਤ ਨੂੰ ਛੱਡ ਕੇ ਬਾਕੀ ਸਾਰੇ ਰਾਜਾਂ ਵਿੱਚ ਸੱਤਾ ਪਰਿਵਰਤਨ ਹੋਇਆ ਹੈ। ਪੰਜਾਬ ਵਿੱਚ ਅਕਾਲੀ-ਭਾਜਪਾ ਗਠਜੋੜ ਦੇ ਮੁੜ ਸਿਆਸਤ ਵਿੱਚ ਆਉਣ ਨੂੰ ਪੰਜਾਬ ਦੇ ਕਾਂਗਰਸੀ ਆਗੂਆਂ ਦੀ ਆਪਸੀ ਖਹਿਬਾਜ਼ੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਜੇਕਰ ਇਸਨੂੰ ਸਿਆਸਤ ਦੀ ਮੁੱਖ ਧਾਰਾ ਦੇ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਪੰਜਾਬ ਵਿਧਾਨ ਸਭਾ ਦੇ ਨਤੀਜੇ ਕੋਈ ਅਚੰਭਾ ਨਹੀਂ, ਭਾਵੇਂ ਕਿ ਸ਼ੁਰੂ ਵਿੱਚ ਬਹੁਤ ਸਾਰੇ ਸਿਆਸੀ ਮਾਹਿਰਾਂ ਨੇ ਇਸਨੂੰ ਅਚੰਭੇ ਵਜੋਂ ਲਿਆ ਹੈ, ਜਿਨ੍ਹਾਂ ਨੇ ਹੁਣ ਆਪਣੀ ਰਾਇ ਬਦਲ ਲਈ ਹੈ। ਜਦੋਂਕਿ ਹੈਰਾਨ ਕਰਨ ਵਾਲੀ ਅਤੇ ਚਿੰਤਾਜਨਕ ਗੱਲ ਗੁਜਰਾਤ ਵਿੱਚ ਨਰਿੰਦਰ ਮੋਦੀ ਦਾ ਲਗਾਤਾਰ ਤੀਸਰੀ ਵਾਰੀ ਮੁੱਖ ਮੰਤਰੀ ਚੁਣਿਆ ਜਾਣਾ ਹੈ, ਹਾਲਾਂਕਿ ਦੇਸ਼ ਭਰ ਦੇ ਲੋਕ ਇਸ ਗੱਲ ਨੂੰ ਲੈ ਕੇ ਇੱਕਮਤ ਹਨ ਕਿ ਮੋਦੀ ਦਾ ਅਧਾਰ ਫਿਰਕੂ ਸਿਆਸਤ ਹੈ। ਪਰ ਇਸਦੇ ਬਾਵਜੂਦ ਭਾਰਤ ਵਿੱਚ ਮੋਦੀ ਮੁੱਖ ਧਾਰਾ ਦੀ ਸਿਆਸਤ ਦਾ ਚਿੰਨ ਬਣ ਗਿਆ ਹੈ, ਉਹ ਬਹੁਤ ਸਾਰੇ ਸਿਆਸੀ ਆਗੂਆਂ ਲਈ ਰੋਲ-ਮਾਡਲ ਦਾ ਕੰਮ ਕਰ ਰਿਹਾ ਹੈ। ਇਸ ਹਾਲਤ ਵਿੱਚ ਅਸੀਂ ਭਲੀਭਾਂਤ ਅੰਦਾਜ਼ਾ ਲਗਾ ਸਕਦੇ ਹਾਂ ਕਿ ਭਾਰਤ ਦੀ ਰਾਸ਼ਟਰੀ ਸਿਆਸਤ ਕਿਸ ਦਿਸ਼ਾ ਵੱਲ ਜਾ ਰਹੀ ਹੈ। ਨਿਤਿਨ ਗਡਕਰੀ ਦਾ ਦੂਜੀ ਵਾਰ ਭਾਜਪਾ ਪ੍ਰਧਾਨ ਚੁਣਿਆ ਜਾਣਾ ਵੀ ਇਸੇ ਸੰਦਰਭ ਵਿੱਚ ਸਮਝਿਆ ਜਾਣਾ ਚਾਹੀਦਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਸਿਆਸਤ ਦੀ ਸਿਧਾਂਤਕ ਸੂਝ ਤੋਂ ਭਾਰਤੀ ਲੋਕ ਕੋਰੇ ਹਨ। ਇਹੀ ਕਾਰਨ ਹੈ ਕਿ ਲੋਕਤੰਤਰੀ ਪ੍ਰਣਾਲੀ ਹੋਣ ਦੇ ਬਾਵਜੂਦ ਇੱਥੋਂ ਦੇ ਲੋਕਾਂ ਦਾ ਵੱਡਾ ਹਿੱਸਾ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਕਾਫੀ ਪਛੜਿਆ ਹੋਇਆ ਹੈ।

ਇਸ ਸਾਲ ਭਾਵੇਂ ਭਾਰਤ ਦੇ ਰਾਸ਼ਟਰਪਤੀ ਦੀ ਚੋਣ ਵੀ ਹੋਈ ਹੈ, ਪਰ ਇਸ ਮਾਮਲੇ ਵਿੱਚ ਸਾਰੀ ਕਵਾਇਦ ਪਰੰਪਰਿਕ ਰਹੀ। ਵੋਟਾਂ ਪੈਣ ਤੋਂ ਪਹਿਲਾਂ ਹੀ ਲੋਕਾਂ ਨੂੰ ਇਸ ਗੱਲ ਬਾਰੇ ਜਾਣਕਾਰੀ ਸੀ ਕਿ ਇਸ ਵਾਰ ਭਾਰਤ ਦਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਚੁਣਿਆ ਜਾਣਾ ਹੈ।

### ਮੁੱਖ ਧਾਰਾ ਦੀ ਰਾਸ਼ਟਰੀ ਸਿਆਸਤ ਪ੍ਰਤੀ ਲੋਕਾਂ ਅੰਦਰ ਵਿਦਰੋਹ ਦੀ ਭਾਵਨਾ




ਲੋਕਪਾਲ ਬਿੱਲ ਨੂੰ ਲੈ ਕੇ ਲੋਕਾਂ ਨੇ ਜਿਸ ਤਰ੍ਹਾਂ ਅੰਨਾ ਟੀਮ ਦਾ ਸਮੱਰਥਨ ਕੀਤਾ ਅਤੇ ਸਰਕਾਰ ਵਿਰੁੱਧ ਡਟੇ ਉਸਤੋਂ ਸਪੱਸ਼ਟ ਹੁੰਦਾ ਹੈ ਕਿ ਲੋਕਾਂ ਦਾ ਮੁੱਖ ਧਾਰਾ ਦੀ ਸਿਆਸਤ ਤੋਂ ਮੋਹ ਭੰਗ ਹੋ ਚੁੱਕਾ ਹੈ। ਇਸ ਤਰ੍ਹਾਂ ਦਾ ਹੀ ਵਿਦਰੋਹ ਦਸੰਬਰ ਮਹੀਨੇ ਦਿੱਲੀ ਵਿੱਚ ਬਿਹਾਰ ਦੀ ਇੱਕ ਲੜਕੀ ਨਾਲ ਹੋਏ ਸਮੂਹਿਕ ਬਲਾਤਕਾਰ ਮੌਕੇ ਵੀ ਦੇਖਣ ਨੂੰ ਮਿਲਿਆ। ਇਹਨਾਂ ਦੋਵੇਂ ਮੌਕਿਆਂ 'ਤੇ ਸਰਕਾਰ ਨੇ ਲੋਕਾਂ ਖ਼ਿਲਾਫ਼ ਸਖ਼ਤੀ ਵਰਤੀ ਪਰ ਲੋਕਾਂ ਨੇ ਇਸ ਗੱਲ ਦੀ ਪਰਵਾਹ ਕੀਤੇ ਬਿਨਾ ਸਿਆਸੀ ਆਗੂਆਂ ਨੂੰ ਕੋਸਿਆ ਤੇ ਉਹਨਾਂ ਨੂੰ ਮੌਜੂਦਾ ਹਾਲਤਾਂ ਲਈ ਜ਼ਿੰਮੇਵਾਰ ਠਹਿਰਾਇਆ। ਇਹੀ ਨਹੀਂ ਉਹਨਾਂ ਪੁਲਿਸ ਤਸ਼ੱਦਦ ਵਿਰੁੱਧ ਜਮ ਕੇ ਲੜਾਈ ਵੀ ਕੀਤੀ, ਪਰ ਸਮੱਸਿਆ ਇਹ ਹੈ ਕਿ ਇਹਨਾਂ ਦੋਵੇਂ ਪ੍ਰਦਰਸ਼ਨਾਂ ਪਿੱਛੇ ਕੋਈ ਵਿਚਾਰਧਾਰਕ ਨਜ਼ਰੀਆ ਨਹੀਂ ਸੀ। ਇਹ ਸਿਰਫ਼ ਆਪਣੇ ਮਨ ਦੀ ਭੜਾਸ ਕੱਢਣ ਵਾਲੀ ਭੀੜ ਸੀ। ਇਹੀ ਕਾਰਨ ਹੈ ਕਿ ਸਮਾਂ ਪਾ ਕੇ ਸਭ ਸ਼ਾਂਤ ਹੋ ਗਿਆ ਜਿਵੇਂ ਕੁੱਝ ਵਾਪਰਿਆ ਹੀ ਨਾ ਹੋਵੇ। ਜਦੋਂਕਿ ਵਿਚਾਰਧਾਰਕ ਲੜਾਈ ਲੰਮੇ ਸਮੇਂ ਤੱਕ ਪ੍ਰਭਾਵ ਰੱਖਦੀ ਹੈ ਤੇ ਉਦੋਂ ਤੱਕ ਪ੍ਰਭਾਵ ਰੱਖਦੀ ਜਦੋਂ ਤੱਕ ਉਸ ਲੜਾਈ ਦੀ ਵਿਚਾਰਧਾਰਕ ਸਾਰਥਿਕਤਾ ਰਹਿੰਦੀ ਹੈ। ਲੋਕਪਾਲ ਬਿੱਲ ਨੂੰ ਲੈ ਕੇ ਜੇਕਰ ਲੋਕਾਂ ਦੇ ਸਮੱਰਥਨ ਨੂੰ ਦੇਖਿਆ ਜਾਵੇ ਤਾਂ ਨਿਸਚਿਤ ਤੌਰ 'ਤੇ ਸਪੱਸ਼ਟ ਹੁੰਦਾ ਹੈ ਕਿ ਜੇਕਰ ਇਸ ਭੀੜ ਦੀ ਵਿਚਾਰਧਾਰਕ ਨਜ਼ਰੀਏ ਤੋਂ ਅਗਵਾਈ ਕੀਤੀ ਗਈ ਹੁੰਦੀ ਤਾਂ ਸਰਕਾਰ ਨੂੰ ਨਿਸਚਿਤ ਤੌਰ 'ਤੇ ਲੋਕਾਂ ਸਾਹਮਣੇ ਝੁਕਣਾ ਪੈਂਦਾ। ਪਰ ਹੋ ਸਭ ਕੁੱਝ ਉਲਟ ਗਿਆ, ਇਹਨਾਂ ਦੋਵੇਂ ਸੰਘਰਸ਼ਾਂ ਤੋਂ ਨਤੀਜੇ ਇਹ ਨਿੱਕਲੇ ਕਿ ਜੋ ਕੁੱਝ ਸਿਆਸਤਦਾਨ ਚਾਹੁਣਗੇ ਹਿੰਦੁਸਤਾਨ ਵਿੱਚ ਉਹੀ ਹੋਵੇਗਾ ਤੇ ਇਸ ਲੋਕਤੰਤਰੀ ਪ੍ਰਣਾਲੀ ਵਿੱਚ ਲੋਕਾਂ ਦੀ ਸ਼ਮੂਲੀਅਤ ਸਿਰਫ਼ ਵੋਟਾਂ ਪਾਉਣ ਤੀਕਰ ਮਹਿਦੂਦ ਹੈ। ਦਿੱਲੀ ਵਿੱਚ ਹੋਏ ਸਮੂਹਿਕ ਬਲਾਤਕਾਰ ਮਾਮਲੇ ਵਿੱਚ ਵੀ ਇਹੀ ਕੁੱਝ ਵਾਪਰਿਆ, ਭਾਵੁਕ ਹੋਈ ਭੀੜ ਵੱਲੋਂ ਦੋਸ਼ੀਆਂ ਨੂੰ ਚੁਰਾਹੇ ਫਾਸੀ ਟੰਗਣ ਦੀ ਮੰਗ ਕੀਤੀ ਗਈ ਜਦੋਂਕਿ ਅਜਿਹਾ ਕਰਨਾ ਸਰਕਾਰ ਅਤੇ ਕਾਨੂੰਨ ਲਈ ਅਸੰਭਵ ਹੈ, ਦੂਜੀ ਗੱਲ ਇਹ ਕਿ ਭੀੜ ਦੀ ਇਸ ਮੰਗ ਨੇ ਵਿਦਰੋਹ ਦੀ ਸਾਰਥਿਕਤਾ ਨੂੰ ਹੀ ਖਤਮ ਕਰ ਦਿੱਤਾ। ਇਸ ਘਟਨਾ ਤੋਂ ਇਹ ਸੁਨੇਹਾ ਗਿਆ ਕਿ ਇਹ ਭਾਵੁਕ ਹੋ ਕੇ ਕੁੱਝ ਚਿਰ ਲਈ ਭੜਕੀ ਹੋਈ ਭੀੜ ਹੈ।

### ਸਾਲ 2012 ਦਾ ਸਭ ਤੋਂ ਵੱਡਾ ਲੋਕ ਵਿਰੋਧੀ ਫੈਸਲਾ




ਨਵੰਬਰ 2012 ਵਿੱਚ ਬਹੁ-ਬਰਾਂਡ ਪ੍ਰਚੂਨ ਖੇਤਰ ਵਿੱਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਮੁੱਦੇ 'ਤੇ ਸੰਸਦ ਦੇ ਦੋਵਾਂ ਸਦਨਾਂ ਵਿੱਚ ਵੋਟਾਂ ਪਈਆਂ ਜਿਸ ਵਿੱਚ ਸਰਕਾਰ ਜੇਤੂ ਹੋ ਕੇ ਨਿੱਕਲੀ। ਇਸ ਗੱਲ ਨੂੰ ਲੈ ਕੇ ਪਹਿਲਾਂ ਤੋਂ ਹੀ ਅੰਦਾਜ਼ਾ ਸੀ ਕਿ ਸਰਕਾਰ ਪਿੱਛੇ ਨਹੀਂ ਹਟੇਗੀ, ਕਿਉਂਕਿ ਇਸਨੂੰ ਪਾਸ ਕਰਵਾਉਣ ਲਈ ਸਰਕਾਰ ਉੱਤੇ ਬਹੁਰਾਸ਼ਟਰੀ ਕੰਪਨੀਆਂ ਦਾ ਕਾਫ਼ੀ ਦਬਾਅ ਸੀ। ਐਫ ਡੀ ਆਈ ਮਾਮਲੇ ਵਿੱਚ ਸਮਾਜਵਾਦੀ ਪਾਰਟੀ ਨੇ ਵੀ ਸਰਕਾਰ ਦਾ ਪੂਰਾ ਸਾਥ ਦਿੱਤਾ ਹੈ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਸਮਾਜਵਾਦ ਨਾਲ ਇਸ ਪਾਰਟੀ ਦਾ ਦੂਰ ਦਾ ਵੀ ਕੋਈ ਰਿਸ਼ਤਾ ਨਹੀਂ। ਇੱਕ ਤਰ੍ਹਾਂ ਇਸ ਪਾਰਟੀ ਦੇ ਮੁਖੀ ਨੇ ਸਮਾਜਵਾਦ ਸ਼ਬਦ ਨਾਲ ਮਖੌਲ ਕੀਤਾ ਹੈ। ਇਸ ਤਰ੍ਹਾਂ ਹੀ ਬਹੁਜਨ ਸਮਾਜ ਪਾਰਟੀ ਨੇ ਵੀ ਸਰਕਾਰ ਨੂੰ ਸਹਿਯੋਗ ਦਿੱਤਾ ਹੈ। ਪਾਰਟੀ ਸੁਪਰੀਮੋ ਦਾ ਕਹਿਣਾ ਹੈ ਕਿ ਬਸਪਾ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤੌਰ 'ਤੇ ਦਬੇ-ਕੁਚਲੇ ਲੋਕਾਂ ਦੀ ਪਾਰਟੀ ਹੈ, ਪਰ ਇੱਥੇ ਸਪੱਸ਼ਟ ਹੁੰਦਾ ਹੈ ਕਿ ਇਹ ਸਰਮਾਏਦਾਰਾਂ ਨਾਲ ਖੜਨ ਵਾਲੀ ਪਾਰਟੀ ਹੈ ਤੇ ਇਸਦਾ ਦਬੇ-ਕੁਚਲੇ ਵਰਗ ਨਾਲ ਕੋਈ ਸਰੋਕਾਰ ਨਹੀਂ। ਆਮ ਆਦਮੀ ਨਾਲ ਖੜਨ ਦਾ ਦਾਅਵਾ ਕਰਨ ਵਾਲੀ ਪਾਰਟੀ ਨੇ ਐਫ ਡੀ ਆਈ ਨੂੰ ਪਾਸ ਕਰਕੇ ਆਮ ਆਦਮੀ ਨਾਲ ਸਭ ਤੋਂ ਵੱਡਾ ਧੋਖਾ ਕੀਤਾ ਹੈ। ਬਹੁਰਾਸ਼ਟਰੀ ਕੰਪਨੀਆਂ ਵੱਲੋਂ ਪ੍ਰਚੂਨ ਖੇਤਰ ਵਿੱਚ ਨਿਵੇਸ਼ ਕਰਨ ਨਾਲ ਇਸ ਖੇਤਰ ਵਿੱਚ ਕੰਮ ਕਰ ਰਹੇ ਲੱਖਾਂ ਛੋਟੇ ਦੁਕਾਨਦਾਰ ਬੇਰੁਜ਼ਗਾਰ ਹੋ ਜਾਣਗੇ ਤੇ ਉਹਨਾਂ ਦੀ ਥਾਂ ਵਾਲਮਾਰਟ ਵਰਗੀਆਂ ਕੰਪਨੀਆਂ ਲੈ ਲੈਣਗੀਆਂ। ਵਿਦੇਸ਼ਾਂ ਵਿੱਚੋਂ ਆਉਣ ਵਾਲੀਆਂ ਇਹਨਾਂ ਕੰਪਨੀਆਂ ਦਾ ਮਕਸਦ ਭਾਰਤੀਆਂ ਦੀ ਲੁੱਟ ਤੋਂ ਸਿਵਾਏ ਕੁੱਝ ਨਹੀਂ। ਇਸ ਮਾਮਲੇ ਵਿੱਚ ਕਿਸਾਨਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਕਿ ਉਹਨਾਂ ਨੂੰ ਉਪਜ ਦਾ ਚੰਗਾ ਮੁੱਲ ਮਿਲਣਾ ਸ਼ੁਰੂ ਹੋ ਜਾਵੇਗਾ ਜਦੋਂਕਿ ਅਜਿਹਾ ਕੁੱਝ ਵੀ ਨਹੀਂ ਵਾਪਰੇਗਾ। ਅਸਲ ਵਿੱਚ ਅਜੇ ਤਾਂ ਐਫ ਡੀ ਆਈ ਦੇ ਨਕਾਰਾਤਮਕ ਪ੍ਰਭਾਵਾਂ ਨੂੰ ਲੈ ਕੇ ਬਹਿਸ ਹੋ ਰਹੀ ਹੈ ਜਦੋਂ ਇਸਦੇ ਸਿੱਟੇ ਸਾਹਮਣੇ ਆਉਣਗੇ ਹਾਹਾਕਾਰ ਉਦੋਂ ਮਚੇਗੀ।

## ਅੰਤਰ-ਰਾਸਟਰੀ ਸਿਆਸਤ

### ਓਬਾਮਾ ਨੂੰ ਇੱਕ ਹੋਰ ਮੌਕਾ ਮਿਲਿਆ



ਅੰਤਰਰਾਸ਼ਟਰੀ ਸਿਆਸਤ ਵਿੱਚ ਲੰਘੇ ਸਾਲ ਦੀ ਸਭ ਤੋਂ ਵੱਡੀ ਤੇ ਇਤਿਹਾਸਕ ਘਟਨਾ ਬਰਾਕ ਓਬਾਮਾ ਦਾ ਮੁੜ ਤੋਂ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਚੁਣਿਆ ਜਾਣਾ ਹੈ। ਉਹਨਾਂ ਨੇ ਰਿਪਬਲਿਕਨ ਦੇ ਮਿਟ ਰੋਮਾਨੀ ਨੂੰ ਹਰਾ ਕੇ ਇਹ ਚੋਣ ਜਿੱਤੀ ਹੈ। ਅਮਰੀਕਾ ਦਾ ਰਾਸ਼ਟਰਪਤੀ ਕਿਸ ਪਾਰਟੀ ਨਾਲ ਸਬੰਧਿਤ ਹੈ ਕਿਸ ਭਾਈਚਾਰੇ ਵਿੱਚੋਂ ਹੈ ਤੇ ਉਸਦੀ ਸੋਚ ਕੀ ਹੈ ਇਹਨਾਂ ਗੱਲਾਂ ਦਾ ਨਾ ਸਿਰਫ਼ ਅਮਰੀਕਾ ਦੇ ਸਿਆਸੀ ਭਵਿੱਖ 'ਤੇ ਅਸਰ ਪੈਂਦਾ ਹੈ ਸਗੋਂ ਪੂਰੀ ਦੁਨੀਆਂ ਦੀ ਸਿਆਸਤ ਇਹਨਾਂ ਤੱਥਾਂ ਤੋਂ ਪ੍ਰਭਾਵਿਤ ਹੁੰਦੀ ਹੈ। ਇਸ ਕਰਕੇ ਹੀ ਅਮਰੀਕਾ ਦੇ ਰਾਸ਼ਟਰਪਤੀ ਨੂੰ ਦੁਨੀਆਂ ਦੇ ਸਭ ਤੋਂ ਤਾਕਤਵਰ ਆਦਮੀ ਵਜੋਂ ਦੇਖਿਆ ਜਾਂਦਾ ਹੈ। ਅਮਰੀਕਾਵਾਸੀ ਰਾਸ਼ਟਰਪਤੀ ਤੋਂ ਸਭ ਤੋਂ ਵੱਡੀ ਉਮੀਦ ਇਹ ਰੱਖਦੇ ਹਨ ਕਿ ਉਹਨਾਂ ਦਾ ਰਾਸ਼ਟਰਪਤੀ ਯੁੱਧ ਲੜਨ ਤੋਂ ਗੁਰੇਜ਼ ਕਰਨ ਵਾਲਾ ਹੋਵੇ, ਜਿਸ ਨਾਲ ਨਾ ਸਿਰਫ਼ ਦੁਨੀਆਂ ਵਿੱਚ ਸਗੋਂ ਅਮਰੀਕਾ ਵਿੱਚ ਵੀ ਅਮਨ-ਚੈਨ ਕਾਇਮ ਰਹੇ। ਸਾਰੇ ਅਮਰੀਕੀਆਂ ਦੀ ਪਹਿਲ ਇਹ ਹੈ ਕਿ ਸਰਕਾਰ ਅਜਿਹੀਆਂ ਨੀਤੀਆਂ ਬਣਾਵੇ ਜਿਸ ਨਾਲ ਅਮਰੀਕਾ ਦੀ ਲੜਖੜਾਉਂਦੀ ਆਰਥਿਕਤਾ ਥਾਂ-ਸਿਰ ਆ ਜਾਵੇ ਤੇ ਅਮਰੀਕਾਵਾਸੀ ਖੁਸ਼ਹਾਲ ਜ਼ਿੰਦਗੀ ਜਿਉਣ। ਸਰਕਾਰ ਨੂੰ ਅਜਿਹਾ ਕਰਨ ਲਈ ਸਭ ਤੋਂ ਪਹਿਲਾਂ ਰੱਖਿਆ ਬਜਟ 'ਤੇ ਵੱਡਾ ਕੱਟ ਲਾਉਣਾ ਪਵੇਗਾ, ਜੇਕਰ ਸਰਕਾਰ ਅਜਿਹਾ ਕਰਦੀ ਹੈ ਤਾਂ ਉਸ ਲਈ ਯੁੱਧਾਂ ਵਾਲੀ ਸਥਿਤੀ 'ਚੋਂ ਬਾਹਰ ਨਿਕਲਣਾ ਜਰੂਰੀ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਨਾ ਸਿਰਫ਼ ਓਬਾਮਾ ਦਾ ਇਤਿਹਾਸ ਵਿੱਚ ਕੱਦ ਹੋਰ ਵੱਡਾ ਹੋਵੇਗਾ ਸਗੋਂ ਉਸਨੂੰ ਇੱਕ ਅੰਤਰਰਾਸ਼ਟਰੀ ਆਗੂ ਵਜੋਂ ਵੀ ਵੱਧ ਸਤਿਕਾਰ ਮਿਲੇਗਾ। ਪਰ ਜੇਕਰ ਵਾਇਟ ਹਾਊਸ ਤੋਂ ਜਾਰੀ ਹੁੰਦੇ ਹੁਕਮਾਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਲੱਗਦਾ ਨਹੀਂ ਕਿ ਅਮਰੀਕਾਵਾਸੀਆਂ ਦੀ ਉਮੀਦਾਂ ਨੂੰ ਬੂਰ ਪਵੇਗਾ, ਜਾਪਦਾ ਇਹ ਹੈ ਕਿ ਬਰਾਕ ਓਬਾਮਾ ਦੀ ਦੂਜੀ ਪਾਰੀ ਵਿੱਚ ਵੀ ਪਹਿਲਾਂ ਵਾਲੀ ਹੀ ਰਣਨੀਤੀ ਹੋਵੇਗੀ। ਅਜੇ ਤੱਕ ਉਹਨਾਂ ਉੱਤੇ ਅਜਿਹਾ ਕੋਈ ਦਬਾਅ ਨਹੀਂ ਜਿਹੜਾ ਸਰਕਾਰ ਦੀਆਂ ਨੀਤੀਆਂ ਨੂੰ ਬਦਲਣ ਲਈ ਰਾਸ਼ਟਰਪਤੀ ਨੂੰ ਮਜ਼ਬੂਰ ਕਰੇ। ਖੈਰ! ਸਾਨੂੰ ਚੰਗਾ ਵਾਪਰਨ ਦੀ ਉਮੀਦ ਨਹੀਂ ਛੱਡਣੀ ਚਾਹੀਦੀ, ਜਿਸ ਤਰ੍ਹਾਂ ਅਮਰੀਕਾਵਾਸੀਆਂ ਨੇ ਇਹ ਉਮੀਦ ਨਹੀਂ ਛੱਡੀ।

ਬਾਕੀ ਸਫ਼ਾ 21 'ਤੇ

## ਚੀਨ ਵਿੱਚ ਅਗਵਾਈ ਪਰਿਵਰਤਨ



ਇਸ ਵੇਲੇ ਅੰਤਰਰਾਸ਼ਟਰੀ ਪੱਧਰ 'ਤੇ ਬਦਲ ਰਹੇ ਆਰਥਿਕ ਅਤੇ ਰਾਜਨੀਤਿਕ ਸਮੀਕਰਣਾਂ ਦੇ ਮੱਦੇਨਜ਼ਰ ਅਮਰੀਕਾ ਤੋਂ ਬਾਅਦ ਦੁਨੀਆ ਵਿੱਚ ਸਭ ਤੋਂ ਵੱਧ ਸਿਆਸੀ ਅਹਿਮੀਅਤ ਚੀਨ ਨੂੰ ਦਿੱਤੀ ਜਾ ਰਹੀ ਹੈ। ਇਸ ਤੱਥ ਨੂੰ ਖੁਦ ਅਮਰੀਕਾ ਵੀ ਸਵੀਕਾਰ ਕਰ ਰਿਹਾ ਹੈ। ਆਰਥਿਕ ਅਤੇ ਸਿਆਸੀ ਮਾਮਲਿਆਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਚੀਨ ਛੇਤੀ ਹੀ ਅਮਰੀਕਾ ਨੂੰ ਪਛਾੜ ਕੇ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਬਣ ਜਾਵੇਗਾ। ਜੇ ਗਹੁ ਨਾਲ ਵਾਚਿਆ ਜਾਵੇ ਤਾਂ ਦੁਨੀਆ ਵਿੱਚ ਸਭ ਤੋਂ ਵੱਡੀ ਤਾਕਤ ਬਣਨ ਲਈ ਜਿਹੜੇ ਲੱਛਣ ਇੱਕ ਰਾਸ਼ਟਰ ਵਿੱਚ ਹੋਣੇ ਚਾਹੀਦੇ ਹਨ, ਉਹ ਲੱਛਣ ਇੱਕ ਰਾਸ਼ਟਰ ਵਜੋਂ ਚੀਨ ਵਿੱਚ ਬੜੀ ਤੇਜ਼ੀ ਨਾਲ ਆ ਰਹੇ ਹਨ।

ਚੀਨ ਵਿੱਚ ਕੌਣ ਰਾਜ ਕਰ ਰਿਹਾ ਹੈ, ਉਸਦੀ ਸੋਚ ਕੀ ਹੈ, ਉਹ ਸੁਧਾਰਵਾਦੀ ਹੈ, ਉਦਾਰਵਾਦੀ ਹੈ ਜਾਂ ਕੱਟੜਵਾਦੀ ਇਹਨਾਂ ਗੱਲਾਂ ਦਾ ਪ੍ਰਭਾਵ ਚੀਨ ਦੇ ਗੁਆਂਡੀ ਮੁਲਕਾਂ 'ਤੇ ਤਾਂ ਪੈਂਦਾ ਹੀ ਹੈ ਨਾਲ ਹੀ ਪੂਰੀ ਦੁਨੀਆ ਨੂੰ ਵੀ ਕਿਸੇ ਨਾ ਕਿਸੇ ਢੰਗ ਨਾਲ ਇਹ ਤੱਥ ਪ੍ਰਭਾਵਿਤ ਕਰਦਾ ਹੈ। ਚੀਨ ਵਿੱਚ ਅਗਵਾਈ ਪਰਿਵਰਤਨ ਦਾ ਜਿਨ੍ਹਾਂ ਦੇਸ਼ਾਂ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ ਉਹਨਾਂ ਵਿੱਚ ਪਾਕਿਸਤਾਨ, ਵੀਅਤਨਾਮ, ਤਾਇਵਾਨ ਆਦਿ ਦੇਸ਼ ਤਾਂ ਹਨ ਹੀ ਸਗੋਂ ਅਮਰੀਕਾ ਅਤੇ ਭਾਰਤ ਵੀ ਇਸ ਤੋਂ ਕਾਫ਼ੀ ਪ੍ਰਭਾਵਿਤ ਹੁੰਦਾ ਹੈ। ਲੰਘੇ ਸਾਲ ਦੇ ਨਵੰਬਰ ਮਹੀਨੇ ਚੀਨ ਵਿੱਚ ਰਸਮੀ ਅਗਵਾਈ ਪਰਿਵਰਤਣ ਹੋਇਆ। ਇਸ ਦੌਰਾਨ ਸੁਧਾਰਵਾਦੀ ਆਗੂ ਸ਼ਿਨਪਿੰਗ ਨੂੰ ਚੀਨ ਕਮਿਊਨਿਸਟ ਪਾਰਟੀ ਦਾ ਨਵਾਂ ਨੇਤਾ ਚੁਣ ਲਿਆ ਗਿਆ ਤੇ ਇਸ ਤਰ੍ਹਾਂ ਸ਼ਿਨਪਿੰਗ ਦਾ ਚੀਨ ਦਾ ਅਗਲਾ ਰਾਸ਼ਟਰਪਤੀ ਬਣਨਾ ਤਹਿ ਹੋ ਗਿਆ। ਇਹ ਰਾਸ਼ਟਰਪਤੀ ਚੀਨ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਹਾਲਤਾਂ ਵਿੱਚ ਕੀ ਤਬਦੀਲੀਆਂ ਲੈ ਕੇ ਆਵੇਗਾ ਇਹ ਸਾਨੂੰ ਭਵਿੱਖ ਹੀ ਦੱਸਗਾ ਪਰ ਇਸ ਵੇਲੇ ਇਹ ਗੱਲ ਤਹਿ ਹੈ ਕਿ ਚੀਨ ਦੀ ਆਰਥਿਕਤਾ ਸਾਰੇ ਦੇਸ਼ਾਂ ਨਾਲੋਂ ਵੱਧ ਮਜ਼ਬੂਤ ਹੈ ਤੇ ਹਰ ਖੇਤਰ ਵਿੱਚ ਭਾਵੇਂ ਖੇਡ ਹੋਵੇ, ਸਿੱਖਿਆ ਹੋਵੇ ਉਹ ਲਗਾਤਾਰ ਮੱਲਾਂ ਮਾਰ ਰਿਹਾ ਹੈ। ਮੈਨ ਪਾਵਰ ਦਾ ਜਿਸ ਤਰ੍ਹਾਂ ਚੀਨ ਵੱਲੋਂ ਪ੍ਰਯੋਗ ਕੀਤਾ ਹੈ ਉਹ ਅੱਜ ਦੁਨੀਆ ਲਈ ਮਿਸਾਲ ਹੈ।



## ਸੀਰੀਆ ਵਿੱਚ ਜਾਰੀ ਹੈ ਜੰਗ



ਅਰਬ ਜਗਤ ਵਿੱਚ ਕੱਟੜਪੰਥੀਆਂ ਦੇ ਖਿਲਾਫ਼ ਲੋਕਾਂ ਨੇ ਝੰਡਾ ਬੁਲੰਦ ਕੀਤਾ ਹੋਇਆ ਹੈ। ਕਈ ਦੇਸ਼ਾਂ ਵਿੱਚ ਕੱਟੜਪੰਥੀਆਂ ਨੂੰ ਲੋਕਾਂ ਦੇ ਰੋਹ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 2010 ਵਿੱਚ ਟਿਊਨੀਸ਼ੀਆ ਦੀ ਸਿਵਲ ਵਾਰ ਤੋਂ ਬਾਅਦ 2011 ਵਿੱਚ ਹੋਏ ਲੀਬੀਆ ਦੇ ਸੱਤਾ ਪਰਿਵਰਤਣ ਨੇ ਅਰਬ ਦੇਸ਼ਾਂ ਵਿੱਚ ਸਿਆਸੀ ਸਮੀਕਰਣ ਹੀ ਬਦਲ ਕੇ ਰੱਖ ਦਿੱਤੇ ਹਨ। ਇਸੇ ਲੜੀ ਤਹਿਤ 2012 ਦਾ ਸਾਲ ਸੀਰੀਆ ਦੇ ਇਤਿਹਾਸ ਵਿੱਚ ਸੁਨਿਹਰੀ ਪੰਨਿਆਂ 'ਚ ਦਰਜ ਹੋ ਗਿਆ ਹੈ। ਲੋਕਤੰਤਰ ਦੇ ਸਮੱਰਥਕਾਂ ਨੇ ਸਾਰਾ ਸਾਲ ਹੀ ਆਪਣੇ ਸਿਰ 'ਤੇ ਕੱਫ਼ਨ ਬੰਨੀ ਰੱਖਿਆ, ਭਾਵੇਂ ਅਜੇ ਸੀਰੀਆ ਵਿੱਚ ਸੱਤਾ ਪਰਿਵਰਤਣ ਨਹੀਂ ਹੋਇਆ ਪਰ ਜਾਪਦਾ ਇਹ ਹੈ ਕਿ ਲੋਕਤੰਤਰ ਦੇ ਸਮੱਰਥਕਾਂ ਦੀਆਂ ਕੋਸ਼ਿਸ਼ਾਂ ਛੇਤੀ ਹੀ ਰੰਗ ਲੈ ਆਉਣਗੀਆਂ। ਲੰਘੇ ਸਾਲ ਦੇਸ਼ ਦੇ ਰਾਸ਼ਟਰਪਤੀ ਅਸਰ ਅਲ ਬਸਦ ਮਜ਼ਾਹਰਾਕਾਰੀਆਂ ਨਾਲ ਪੂਰੀ ਤਾਕਤ ਨਾਲ ਜੂਝਦੇ ਨਜ਼ਰ ਆਏ। ਸੀਰੀਆ ਦੀ ਧਰਤੀ 'ਤੇ ਸਾਰਾ ਸਾਲ ਖ਼ੂਨ ਵਹਿੰਦਾ ਰਿਹਾ ਪਰ ਆਪਣੀ ਥਾਂ ਤੋਂ ਨਾ ਤਾਂ ਅਸਰ ਅਲ ਬਸਦ ਪਿੱਛੇ ਹਟੇ ਤੇ ਨਾ ਹੀ ਲੋਕਤੰਤਰ ਦੇ ਹੱਕ ਵਿੱਚ ਲੜ ਰਹੇ ਲੋਕ। ਭਾਵੇਂ ਅਜੇ ਵਿਦਰੋਹੀ ਲੜ ਰਹੇ ਹਨ ਪਰ ਇਸ ਦਰਮਿਆਨ ਉਹਨਾਂ ਨੇ ਕਈ ਜਿੱਤਾਂ ਵੀ ਹਾਸਲ ਕੀਤੀਆਂ ਹਨ, ਦੇਸ਼ ਦੇ ਕਈ ਹਿੱਸਿਆਂ 'ਤੇ ਉਹਨਾਂ ਨੇ ਆਪਣਾ ਕਬਜ਼ਾ ਜਮਾ ਲਿਆ ਹੈ। ਪਰ ਇਸ ਸੰਘਰਸ਼ ਵਿੱਚ ਉਦਾਸ ਕਰਨ ਵਾਲੀ ਗੱਲ ਇਹ ਹੈ ਕਿ ਵਿਦਰੋਹੀਆਂ ਦੀ ਚਾਬੀ ਅਮਰੀਕਾ ਵਰਗੀ ਤਾਕਤ ਦੇ ਹੱਥ ਵਿੱਚ ਹੈ, ਜਿਹੜੀ ਲੋਕਤੰਤਰ ਦੀ ਬਹਾਲੀ ਦੇ ਬਹਾਨੇ ਅਜਿਹੀਆਂ ਲੜਾਈਆਂ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਦੀ ਹੈ ਤੇ ਵਾਈਟ ਹਾਊਸ ਤੋਂ ਹੁਕਮ ਲੈ ਕੇ ਚੱਲਣ ਵਾਲੀ ਰੋਬੋਟ ਸਰਕਾਰ ਸਥਾਪਿਤ ਕਰਦੀ ਹੈ।

## ਮੀਆਂਮਾਰ ਵਿੱਚ ਫ਼ਿਰਕੂ ਦੰਗੇ

ਏਸੀਆ ਅਜਿਹੇ ਖਿੱਤਿਆਂ ਵਿੱਚੋਂ ਇੱਕ ਹੈ ਜਿੱਥੇ ਧਰਮ ਦੇ ਅਧਾਰ 'ਤੇ ਸਭ ਤੋਂ ਵੱਧ ਦੰਗੇ ਹੁੰਦੇ ਹਨ ਤੇ ਹਰ ਸਾਲ ਹਜ਼ਾਰਾਂ ਜਾਨਾਂ ਇਹਨਾਂ ਦੰਗਿਆਂ ਵਿੱਚ ਚਲੀਆਂ ਜਾਂਦੀਆਂ ਹਨ। ਪਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਸ ਖਿੱਤੇ ਵਿੱਚ ਵਸਦੇ ਲੋਕ ਸੁਭਾਅ ਤੋਂ ਫ਼ਿਰਕੂ ਬਿਰਤੀ ਦੇ ਨਹੀਂ ਹਨ ਸਗੋਂ ਉਹਨਾਂ ਨੂੰ ਫਿਰਕੂ ਦੰਗਿਆਂ ਲਈ ਸਿਆਸੀ ਆਗੂਆਂ ਵੱਲੋਂ ਆਪਣੇ ਨਿੱਜੀ ਹਿੱਤਾਂ ਲਈ ਲੜਾਇਆ ਜਾਂਦਾ ਹੈ। ਇਸ ਖਿੱਤੇ ਵਿੱਚ ਅਣਪੜ੍ਹਤਾ ਅਤੇ ਗਰੀਬੀ ਹੋਣ ਦੇ ਕਾਰਨ ਆਮ ਲੋਕ ਇਹਨਾਂ ਸਿਆਸੀ ਆਗੂਆਂ ਦੀਆਂ ਗੱਲਾਂ ਵਿੱਚ ਆ ਜਾਂਦੇ ਹਨ ਅਤੇ ਇਸ ਤਰ੍ਹਾਂ ਬੇਵਜ੍ਹਾ ਹੀ ਹਜ਼ਾਰਾਂ ਜਾਨਾਂ ਚਲੀਆਂ ਜਾਂਦੀਆਂ ਹਨ। ਲੰਘੇ ਸਾਲ ਇਸ ਤਰ੍ਹਾਂ ਹੀ ਮੀਆਂਮਾਰ ਦੇਸ਼ ਵਿੱਚ ਹੋਇਆ। ਇੱਥੇ ਬੋਧੀਆਂ ਅਤੇ ਮੁਸਲਮਾਨਾਂ ਵਿੱਚ ਫਿਰਕੂ ਦੰਗੇ ਹੋਏ ਜਿਸ ਵਿੱਚ ਕਿੰਨੀਆਂ ਹੀ ਬੇਕਸੂਰ ਜਾਨਾਂ ਚਲੀਆਂ ਗਈਆਂ। ਇਹਨਾਂ ਦੰਗਿਆਂ ਵਿੱਚ ਲਗਭਗ 25 ਹਜ਼ਾਰ ਲੋਕਾਂ ਨੂੰ ਆਪਣਾ ਘਰ-ਬਾਰ ਛੱਡ ਕੇ ਹੋਰ ਥਾਂਵਾਂ 'ਤੇ ਜਾਣਾ ਪਿਆ। ਦੰਗਿਆਂ ਵਿੱਚ ਬਰਮਾ ਅਤੇ ਬੰਗਲਾਦੇਸ਼ ਤੋਂ ਆ ਕੇ ਰਹਿ ਰਹੇ ਮੁਸਲਮਾਨਾਂ ਨੂੰ ਬੋਧੀਆ ਦੁਆਰਾ ਸ਼ਿਕਾਰ ਬਣਾਇਆ ਗਿਆ। ਇਹ ਦੰਗੇ ਲਗਭਗ ਛੇ ਹਫ਼ਤੇ ਤੱਕ ਹੁੰਦੇ ਰਹੇ। ਸਰਕਾਰ ਵੱਲੋਂ ਐਮਰਜੈਂਸੀ ਘੋਸ਼ਿਤ ਕਰਨ ਤੋਂ ਬਾਅਦ ਵੀ ਜਾਨਾਂ ਜਾਂਦੀਆਂ ਰਹੀਆਂ। ਸਿਆਸੀ ਆਗੂਆਂ ਨੇ ਮੀਆਂਮਾਰ ਦੇ ਲੋਕਾਂ ਨੂੰ ਬਰਮਾ ਅਤੇ ਬੰਗਲਾਦੇਸ਼ ਤੋਂ ਆਏ ਲੋਕਾਂ ਖਿਲਾਫ਼ ਭੜਕਾਇਆ ਇਹੀ ਕਾਰਨ ਹੈ ਕਿ ਇਹਨਾਂ ਦੰਗਿਆਂ ਨੇ ਇੰਨਾ ਭਿਆਨਕ ਰੂਪ ਧਾਰਿਆ। ਜ਼ਿਕਰਯੋਗ ਹੈ ਕਿ ਇਹ ਦੰਗੇ ਜੂਨ 2012 ਵਿੱਚ ਹੋਏ।

## ਫਲਸਤੀਨ ਅਤੇ ਇਜ਼ਰਾਈਲ ਵਿੱਚ ਦੁਸ਼ਮਣੀ ਕਾਇਮ

ਦਹਾਕਿਆਂ ਤੋਂ ਫਲਸਤੀਨੀ ਅਤੇ ਇਜ਼ਰਾਈਲੀ ਇੱਕ ਦੂਜੇ ਵਿਰੁੱਧ ਲੜ ਰਹੇ ਹਨ। ਲੰਘੇ ਸਾਲ ਵੀ ਇਹਨਾਂ ਦੋਵੇਂ ਸੱਭਿਆਤਾਵਾਂ ਵਿੱਚ ਵੀ ਖ਼ੂੰਖਾਰ ਲੜਾਈ ਜਾਰੀ ਰਹੀ, ਜਿਸ ਵਿੱਚ ਸੈਂਕੜੇ ਜਾਨਾਂ ਗਈਆਂ। ਭਾਵੇਂ ਇਹ ਮੰਨਿਆਂ ਜਾਂਦਾ ਹੈ ਕਿ ਫਲਸਤੀਨ ਅਤੇ ਇਜਰਾਈਲ ਦੀ ਲੜਾਈ 64 ਸਾਲ ਪਹਿਲਾਂ ਸ਼ੁਰੂ ਹੋਈ ਪਰ ਸੱਚ ਇਹ ਹੈ ਕਿ ਦੋਵੇਂ ਧਿਰਾਂ ਇਸ ਤੋਂ ਪਹਿਲਾਂ ਵੀ ਲੜਦੀਆਂ ਰਹੀਆਂ ਹਨ। ਇਹ ਵੱਖਰੀ ਗੱਲ ਹੈ ਕਿ ਇਹਨਾਂ ਦੀ ਲੜਾਈ ਦੇ ਸਮੇਂ-ਸਮੇਂ ਸਮੀਕਰਣ ਬਦਲਦੇ ਰਹੇ ਹਨ। ਅੱਜ ਇਸ ਲੜਾਈ ਨੂੰ ਵਿਸ਼ਵੀ ਤਾਕਤਾਂ ਵੱਲੋਂ ਹਵਾ ਦਿੱਤੀ ਜਾ ਰਹੀ ਹੈ। ਅਸਲ ਗੱਲ ਇਹ ਹੈ ਕਿ ਜੇਕਰ ਵਿਸ਼ਵੀ ਤਾਕਤਾਂ ਇਹਨਾਂ ਦੋਵੇਂ ਕੌਮਾਂ ਨੂੰ ਟਿਕਾਉਣਾ ਚਾਹੁਣ ਤਾਂ ਇਸ ਲੜਾਈ ਦਾ ਅੰਤ ਹੋ ਸਕਦਾ ਹੈ ਪਰ ਸਮੱਸਿਆ ਇਹ ਹੈ ਕਿ ਜੇਕਰ ਲੜਾਈ ਨਹੀਂ ਹੋਵੇਗੀ ਤਾਂ ਇਹਨਾਂ ਦੇ ਹਥਿਆਰ ਕੌਣ ਖਰੀਦੇਗਾ। ਅਸਲ ਵਿੱਚ ਅਮਰੀਕਾ ਵਰਗੇ ਦੇਸ਼ ਨਹੀਂ ਚਾਹੁੰਦੇ ਕਿ ਇਸ ਖਿੱਤੇ ਵਿੱਚ ਸਾਂਤੀ ਬਣੇ। ਜੇਕਰ ਇੱਥੇ ਸਾਂਤੀ ਹੁੰਦੀ ਹੈ ਤਾਂ ਕਈ ਦੇਸ਼ਾਂ ਦੀ ਚੌਧਰ ਨੂੰ ਖਤਰਾ ਪੈਦਾ ਹੁੰਦਾ ਹੈ। ਲੰਘੇ ਸਾਲ ਇਜ਼ਰਾਈਲ ਨੇ ਫਲਸਤੀਨੀਆਂ 'ਤੇ ਹਮਲਾ ਕਰਨ ਲਈ ਐਫ 60 ਫਾਈਟਰ ਪਲੇਨ, ਹੋਵਿਤਜਰ ਤੋਪਾਂ ਅਤੇ ਪਲਾਸਟਰ ਬੰਬਾਂ ਦੀ ਵਰਤੋਂ ਕੀਤੀ ਤੇ ਹਮਲੇ ਦੌਰਾਨ ਸੈਂਕੜੇ ਫਲਸਤੀਨੀਆਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਦੇਖਣ ਵਾਲੀ ਗੱਲ ਇਹ ਹੈ ਕਿ ਇਹਨਾਂ ਕੌਮਾਂ ਲਈ 2013 ਦਾ ਸਾਲ ਕਿਹੋ-ਜਿਹਾ ਰਹੇਗਾ। ਅਸੀਂ ਦੁਆ ਕਰਦੇ ਹਾਂ ਕਿ ਇਸ ਖਿੱਤੇ ਵਿੱਚ ਸਾਂਤੀ ਬਣੀ ਰਹੇ।

## ਸਾਹਿਤ ਦੇ ਗਲਿਆਰਿਆਂ 'ਚੋ



ਮੋ ਯਾਨ ਨੂੰ ਨੋਬਲ ਪੁਰਸਕਾਰ ਮਿਲਣ 'ਤੇ 'ਨਵੀਂ ਦੁਨੀਆ' ਵੱਲੋਂ ਵਿਸ਼ੇਸ਼

## ਅਮਰੀਕਾ ਅਤੇ ਯੂਰਪ ਦੀ ਚੌਧਰ ਟੁੱਟਣ ਦਾ ਸੰਕੇਤ

ਹੁਣ ਤੱਕ ਨੋਬਲ ਪੁਰਸਕਾਰ ਹਾਸਲ ਕਰਨ ਵਿੱਚ ਯੂਰਪੀਅਨ ਜਾਂ ਅਮਰੀਕੀ ਵਿਗਿਆਨੀਆਂ, ਵਿਦਵਾਨਾਂ ਅਤੇ ਸਾਹਿਤਕਾਰਾਂ ਦੀ ਝੰਡੀ ਰਹੀ ਹੈ। ਦੁਨੀਆ ਦੇ ਸਭ ਤੋਂ ਵੱਧ ਅਬਾਦੀ ਵਾਲੇ ਦੇਸ਼ਾਂ ਚੀਨ ਅਤੇ ਭਾਰਤ ਦੇ ਨਾਗਰਿਕਾਂ ਦੇ ਮੁਕਾਬਲੇ ਯੂਰਪ ਦੇ ਥੋੜੀ-ਥੋੜੀ ਅਬਾਦੀ ਵਾਲੇ ਦੇਸ਼ਾਂ ਕੋਲ ਕਈ ਗੁਣਾਂ ਵੱਧ ਨੋਬਲ ਇਨਾਮ ਯਾਫ਼ਤਾ ਵਿਦਵਾਨ, ਵਿਗਿਆਨੀ ਅਤੇ ਸਾਹਿਤਕਾਰ ਹਨ। ਇਸਦਾ ਮਤਲਬ ਇਹ ਨਹੀਂ ਕਿ ਅਮਰੀਕਾ ਅਤੇ ਯੂਰਪ ਨੂੰ ਛੱਡ ਕੇ ਦੂਜੇ ਖਿੱਤਿਆਂ ਵਿੱਚ ਵਸਦੇ ਲੋਕ ਮੰਦਬੁੱਧੀ ਹਨ ਜਾਂ ਉਹਨਾਂ ਦੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਉਪਲਬਧੀਆਂ ਨਹੀਂ ਹਨ। ਅਸਲ ਤੱਥ ਇਹ ਹੈ ਵਿਸ਼ਵ ਦੇ ਰਾਜਨੀਤਿਕ ਅਤੇ ਆਰਥਿਕ ਖੇਤਰ ਵਿੱਚ ਅਮਰੀਕਾ ਅਤੇ ਯੂਰਪ ਦੀ ਚੌਧਰ ਹੈ ਤੇ ਇਸ ਵਜ੍ਹਾ ਕਾਰਨ ਹੀ ਵਿਸ਼ਵ ਦੀਆਂ ਸਾਰੀਆਂ ਅੰਤਰਰਾਸ਼ਟਰੀ ਸੰਸਥਾਵਾਂ ਇਹਨਾਂ ਦੋ ਖਿੱਤਿਆਂ ਦੀ ਚੌਧਰ ਦੇ ਪ੍ਰਭਾਵ ਹੇਠ ਹਨ। ਭਾਵੇਂ ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਇਹ ਪ੍ਰਭਾਵ ਉਸ ਤਰ੍ਹਾਂ ਸਪੱਸ਼ਟ ਨਹੀਂ ਜਿਵੇਂ ਰਾਜਨੀਤੀ ਅਤੇ ਆਰਥਿਕ ਖੇਤਰ ਵਿੱਚ ਸਪੱਸ਼ਟ ਹੈ। ਪਰ ਫੇਰ ਵੀ ਸਾਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਦੋਵੇਂ ਖਿੱਤੇ ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਅਸਿੱਧੇ ਢੰਗ ਨਾਲ ਘੁਸਪੈਠ ਕਰਦੇ ਹਨ, ਤੇ ਇਸ ਨਾਲ ਇਹਨਾਂ ਖਿੱਤਿਆਂ ਦੇ ਲੋਕਾਂ ਦਾ ਦੁਨੀਆਂ ਵਿੱਚ ਸਭ ਤੋਂ ਸਮਝਦਾਰ, ਮਿਹਨਤੀ ਅਤੇ ਹੋਣਹਾਰ ਹੋਣ ਦਾ ਪ੍ਰਭਾਵ ਜਮਦਾ ਹੈ ਜਦੋਂ ਕਿ ਸੱਚ ਇਹ ਹੈ ਕਿ ਇਸ ਤਰ੍ਹਾਂ ਦਾ ਪ੍ਰਭਾਵ ਸਿਰਜ ਕੇ ਇਹ ਦੋਵੇਂ ਖਿੱਤੇ ਦੁਨੀਆ ਦੇ ਕਾਫ਼ੀ ਹਿੱਸੇ ਦੇ ਟੇਲੈਂਟ ਦੀ ਵਰਤੋਂ ਕਰ ਰਹੇ ਹਨ।

ਪਰ ਹੁਣ ਵਿਸ਼ਵ ਵਿੱਚ ਰਾਜਨੀਤਿਕ ਅਤੇ ਆਰਥਿਕ ਸਮੀਕਰਣ ਬਦਲਣ ਦਾ ਸਮਾਂ ਹੈ। ਏਸ਼ੀਆ ਦੇ ਦੋ ਦੇਸ਼ਾਂ ਭਾਰਤ ਅਤੇ ਚੀਨ ਦਾ ਪ੍ਰਭਾਵ ਬਦਲ ਰਹੀਆਂ ਪ੍ਰਸਥਿਤੀਆਂ ਵਿੱਚ ਦਿਨੋਂ-ਦਿਨ ਵੱਧ ਰਿਹਾ ਹੈ। ਹੁਣ ਇਹ ਦੋਵੇਂ ਦੇਸ਼ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਭਰਵੀਂ ਹਾਜ਼ਰੀ ਲਵਾ ਰਹੇ ਹਨ। ਇਹ ਤੱਥ ਇਸ ਖਿੱਤੇ ਦੇ ਸੱਭਿਆਚਾਰ ਅਤੇ ਕਲਾ ਨੂੰ ਪ੍ਰਫੁੱਲਿਤ ਕਰਨ ਵਿੱਚ ਵੀ ਕਾਫ਼ੀ ਸਹਾਈ ਹੋ ਰਿਹਾ ਹੈ। ਯੂਰਪ ਅਤੇ ਅਮਰੀਕਾ ਦੇ ਵਿਦਵਾਨ ਵੀ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਆਉਣ ਵਾਲੇ ਥੋੜ੍ਹੇ ਸਮੇਂ ਵਿੱਚ ਹੀ ਚੀਨ ਵਿਸ਼ਵ ਦਾ ਤਾਕਤਵਰ ਦੇਸ਼ ਹੋਵੇਗਾ, ਇਸ ਤੋਂ ਛੇਤੀ ਬਾਅਦ ਇਸੇ ਤਰਜ਼ 'ਤੇ ਭਾਰਤ ਵਿਸ਼ਵ ਦੀ ਵੱਡੀ ਤਾਕਤ ਬਣੇਗਾ। ਹੁਣ ਇਸ ਤੱਥ ਨੂੰ ਅਣਗੌਲਿਆ ਕਰਨਾ ਉਹਨਾਂ ਅੰਤਰਰਾਸ਼ਟਰੀ ਸੰਸਥਾਵਾਂ ਲਈ ਵੀ ਮੁਸ਼ਕਿਲ ਹੋ ਗਿਆ ਹੈ, ਜਿਨ੍ਹਾਂ 'ਤੇ ਯੂਰਪ ਅਤੇ ਅਮਰੀਕਾ ਦਾ ਚੰਗਾ ਪ੍ਰਭਾਵ ਹੈ। ਚੀਨ ਦੇ ਲੇਖਕ ਮੋ ਯਾਨ ਦੇ ਨੋਬਲ ਪੁਰਸਕਾਰ ਜਿੱਤਣ ਨੂੰ ਵੀ ਅਸੀਂ ਇਸੇ ਸੰਦਰਭ ਵਿੱਚ ਦੇਖਦੇ ਹਾਂ। ਲੰਮੇ ਸਮੇਂ ਬਾਅਦ ਇਸ ਖਿੱਤੇ ਦੇ ਸਾਹਿਤਕਾਰ ਨੂੰ ਇਹ ਪੁਰਸਕਾਰ ਮਿਲਿਆ ਹੈ, ਭਾਰਤ ਵਿੱਚ ਵੀ ਰਾਬਿੰਦਰ ਨਾਥ ਟੈਗੋਰ ਤੋਂ ਬਾਅਦ ਕਿਸੇ ਸਾਹਿਤਕਾਰ ਨੂੰ ਇਹ ਪੁਰਸਕਾਰ ਨਹੀਂ ਮਿਲਿਆ। ਅਸਲ ਵਿੱਚ ਇਹ ਇਸ ਗੱਲ ਦਾ ਸੰਕੇਤ ਹੈ ਕਿ ਵਿਸ਼ਵ ਦੀਆਂ ਬਦਲ ਰਹੀਆਂ ਪ੍ਰਸਥਿਤੀਆਂ ਵਿੱਚ ਅਮਰੀਕਾ ਅਤੇ ਯੂਰਪ ਦੀ ਚੌਧਰ ਖ਼ੁਰ ਰਹੀ ਹੈ ਤੇ ਇਸਦੀ ਥਾਂ ਪੂਰਬੀ ਦੇਸ਼ਾਂ ਦਾ ਉਭਾਰ ਹੋ ਰਿਹਾ ਹੈ। ਮੋ ਯਾਨ ਨੂੰ ਨੋਬਲ ਪੁਰਸਕਾਰ ਮਿਲਣਾ ਇਸ ਗੱਲ ਵੱਲ ਵੀ ਸੰਕੇਤ ਕਰਦਾ ਹੈ ਕਿ ਪੂਰਬੀ ਖਿੱਤੇ ਦਾ ਖਾਸ ਕਰਕੇ ਏਸ਼ੀਆ ਦਾ ਸਾਹਿਤ ਅਤੇ ਸੱਭਿਆਚਾਰ ਪ੍ਰਫੁੱਲਿਤ ਹੋ ਰਿਹਾ ਹੈ। ਜੇਕਰ ਵਿਸ਼ਵ ਦੇ ਇਤਿਹਾਸ ਨੂੰ ਗਹੁ ਨਾਲ ਵਾਚੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਿਹੜੀਆਂ ਕੌਮਾਂ ਨੇ ਵਿਸ਼ਵ ਦੀ ਤਾਕਤ ਵਜੋਂ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ, ਉਹਨਾਂ ਕੌਮਾਂ ਦੀ ਸੱਭਿਆਚਾਰ, ਸਾਹਿਤ ਅਤੇ ਕਲਾ ਦੇ ਖੇਤਰ ਵਿੱਚ ਸਥਾਪਨਾ ਉਸਦੀ ਸਿਆਸੀ ਅਤੇ ਆਰਥਿਕ ਖੇਤਰ ਵਿੱਚ ਹੋਣ ਵਾਲੀ ਸਥਾਪਨਾ ਤੋਂ ਪਹਿਲਾਂ ਹੁੰਦੀ ਹੈ। ਹੁਣ ਜੇ ਇਸ ਵਰਤਾਰੇ ਨੂੰ ਅਸੀਂ ਪੂਰਬੀ ਤਾਕਤਾਂ ਦੇ ਉਭਾਰ ਦੇ ਸੰਦਰਭ ਵਿੱਚ ਦੇਖੀਏ ਤਾਂ ਇਹ ਤੱਥ ਬਿਲਕੁੱਲ ਸਪੱਸ਼ਟ ਹੋ ਜਾਂਦਾ ਹੈ ਕਿ ਆਉਣ ਵਾਲਾ ਸਮਾਂ ਪੂਰਬੀ ਚੜ੍ਹਤ ਦਾ ਹੈ।

ਅੰਤ ਵਿੱਚ ਅਸੀਂ ਚੀਨ ਦੇ ਸ਼ੇਰ ਪੁੱਤ ਮੋ ਯਾਨ ਨੂੰ ਵਧਾਈ ਦਿੰਦੇ ਹਾਂ ਜਿਸਨੇ ਇਹ ਪੁਰਸਕਾਰ ਜਿੱਤ ਕੇ ਨਾ ਸਿਰਫ਼ ਚੀਨ ਦਾ ਸਗੋਂ ਸਮੁੱਚੇ ਖਿੱਤੇ ਦਾ ਨਾਂ ਰੌਸ਼ਨ ਕੀਤਾ ਹੈ।






ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 37

# ਮੇਰਿਆ ਗੋਰਖਨਾਥਾ ਪੂਰਨਾ



ਡਾ. ਕਰਮਜੀਤ ਸਿੰਘ
+91-99927-32006
kjskurukshetra@yahoo.com

ਖੇਤਰੀ ਕਾਰਜ ਕਰਦਿਆਂ ਪਿੰਡ ਤਿਹਾੜੇ ਦੀ ਨੰਜੋ ਤੋਂ ਮੈਂ ਬਹੁਤ ਸਾਰੇ ਗੀਤ ਸੁਣੇ। ਜਦੋਂ ਉਸ ਪਾਸੋਂ ਗੀਤ ਸੁਣ ਰਿਹਾ ਸੀ ਤਾਂ ਨਾਲ-ਨਾਲ ਉਸ ਦੀ ਮਾਂ ਸ਼ੈਂਕਰੀ ਵੀ ਕੁਝ ਨਾ ਕੁਝ ਗੁਣਗੁਣਾਉਂਦੀ ਰਹਿੰਦੀ। ਹੁਣ ਮੈਂ ਉਸ ਪਾਸੋਂ ਗੀਤ ਕਢਵਾਉਣ ਵਿਚ ਰੁੱਝ ਗਿਆ। ਭਾਰਾ ਸਰੀਰ, ਪੋਪਲਾ ਮੂੰਹ ਚੜਦਾ ਸਾਹ, ਗੀਤ ਗਾਉਣ ਵਿਚ ਬਾਧਕ ਸਨ, ਪਰ ਕੁਝ ਅਮੁੱਲੇ ਗੀਤ ਉਸ ਨੂੰ ਯਾਦ ਸਨ ਇਸ ਲਈ ਮੈਂ ਹੌਲ਼ੀ-ਹੌਲ਼ੀ ਉਸ ਪਾਸੋਂ ਸੁਣਨੇ ਤੇ ਟੇਪ ਕਰਨੇ ਸ਼ੁਰੂ ਕੀਤੇ। ਉਸ ਦੀ ਭਰੜਾਈ ਆਵਾਜ਼ ਟੁੱਟਦੀ ਜੁੜਦੀ ਵੀ ਕਈ ਗੀਤ ਪੂਰੇ ਕਰ ਗਏ। ਉਸ ਦੇ ਸੁਣਾਏ ਗੀਤਾਂ ਵਿਚੋਂ ਸਭ ਤੋਂ ਮਹੱਤਵਪੂਰਨ ਤੇ ਮੇਰੀ ਯਾਦ ਵਿਚ ਖੁੱਭਿਆ ਗੀਤ ਪੂਰਨ-ਭਗਤ ਨਾਲ ਜੁੜਿਆ ਹੋਇਆ ਹੈ।

ਕਾਦਰਯਾਰ ਦਾ ਪੂਰਨ ਤੇ ਪ੍ਰੋ. ਪੂਰਨ ਸਿਘ ਦਾ ਪੂਰਨ ਪੜ ਚੁੱਕਾ ਸਾਂ, ਦੀਦਾਰ ਸਿੰਘ ਤੇ ਸ਼ਿਵ ਦੀ 'ਲੂਣਾ' ਵੀ ਪੜੀ ਹੋਈ ਸੀ। ਪਰ ਮੈਂ ਵੇਖਣਾ ਇਹ ਚਾਹੁੰਦਾ ਸਾਂ ਕਿ ਲੋਕ ਮਨ ਇੰਨਾਂ ਸਾਹਿਤਕਾਰਾਂ ਨਾਲੋਂ ਵੱਖ ਕਿਵੇਂ ਸੋਚਦਾ ਹੈ। ਪੂਰਨ ਨੂੰ ਚੌਰੰਗੀਨਾਥ ਵੀ ਕਿਹਾ ਜਾਂਦਾ ਹੈ। ਨਾਥਾਂ ਤੋਂ ਹੋਰ ਪਿਛਾਂਹ ਜਾਈਏ ਤਾਂ ਹੋਰ ਦੋ ਕਥਾਵਾਂ ਪੂਰਨ ਨਾਲ ਰਲਦੀਆਂ ਮਿਲਦੀਆਂ ਹਨ। ਇਕ ਹੈ ਟੁੰਡੇ ਅਸਰਾਜੇ ਦੀ ਤੇ ਦੂਸਰੀ ਇਸ ਤੋਂ ਵੀ ਪੁਰਾਣੀ ਕੁਨਾਲ ਤਕਸ਼ਿਲਾ ਦੀ। ਪਹਿਲੀ ਵਿਚ ਬੁੱਢਾ ਸਾਰੰਗ ਰਾਜਾ ਛੋਟੀ ਉਮਰ ਦੀ ਰਾਣੀ ਵਿਆਹ ਲਿਆਉਂਦਾ ਹੈ, ਜੋ ਅਸਰਾਜ ਉੱਪਰ ਮੋਹਿਤ ਹੋ ਕੇ ਉਸ ਨਾਲ ਕਾਮ-ਸਬੰਧ ਜੋੜਨਾ ਚਾਹੁੰਦੀ ਹੈ, ਪਰ ਉਸ ਵੱਲੋਂ ਨਾਂਹ ਕਰਨ 'ਤੇ ਝੂਠਾ ਦੋਸ਼ ਲਾ ਕੇ ਉਸ ਨੂੰ ਮਰਵਾਉਣ ਦਾ ਹੁਕਮ ਦੁਆ ਦਿੰਦੀ ਹੈ। ਭਾਵੇਂ ਵਜ਼ੀਰ ਦੇ ਕਹਿਣ 'ਤੇ ਜੱਲਾਦ ਉਸ ਦਾ ਇਕ ਹੱਥ ਕੱਟ ਕੇ ਉਸ ਨੂੰ ਛੱਡ ਦਿੰਦੇ ਹਨ। ਦੂਸਰੀ ਕਥਾ ਵਿਚ ਅਸ਼ੋਕ ਦੀ ਪਤਨੀ ਤਕਸ਼ਿਲਾ ਮਤ੍ਰਏ ਪੁੱਤਰ ਕੁਨਾਲ ਉੱਪਰ ਮੋਹਿਤ ਹੁੰਦੀ ਹੈ ਅਤੇ ਸਰੀਰਕ ਇੱਛਾ ਪੂਰੀ ਕਰਨੀ ਲੋਚਦੀ ਹੈ, ਪਰ ਅਜਿਹਾ ਨਾ ਹੋਣ 'ਤੇ ਧੋਖੇ ਨਾਲ ਅਸ਼ੋਕ ਦੀ ਮੋਹਰ ਹੇਠ ਉਸ ਨੂੰ ਅੰਨਾ ਕਰਨ ਦਾ ਹੁਕਮ ਦੁਆ ਦਿੰਦੀ ਹੈ। ਪੂਰਨ ਦੀ ਕਥਾ ਇਨਾਂ ਕਥਾਵਾਂ ਦਾ ਹੀ ਰੁਪਾਂਤਰ ਹੈ।

ਪੰਜਾਬੀ ਲੋਕ-ਮਨ ਨੇ ਜੋਗੀਆਂ/ਨਾਥਾਂ ਦੇ ਗ੍ਰਹਿਸਥ ਤਿਆਗ ਨੂੰ ਕਦੇ ਮਾਨਤਾ ਨਹੀਂ ਦਿੱਤੀ ਪਰ ਉਨਾਂ ਦੇ ਉੱਚੇ ਚਰਿੱਤਰ ਨੂੰ ਆਦਰਸ਼ ਰੂਪ ਵਿਚ ਵੇਖਿਆ ਹੈ। 19ਵੀਂ ਸਦੀ ਦੇ ਕਾਦਰਯਾਰ ਨੇ ਲੂਣਾ ਨੂੰ ਜਾਗੀਰਦਾਰੀ ਨਜ਼ਰੀਏ ਤੋਂ ਖ਼ੂਬ ਭੰਡਿਆ ਹੈ। ਵੀਹਵੀਂ ਸਦੀ ਦੇ ਸਾਹਿਤਕਾਰਾਂ ਨੇ 'ਲੂਣਾ' ਦਾ ਪੱਖ ਪੂਰਨ ਦਾ ਯਤਨ ਕੀਤਾ ਹੈ, ਪਰ ਲੋਕ ਮਨ ਇਸ ਨੂੰ ਰਿਸ਼ਤਿਆਂ ਦੀ ਪਵਿੱਤਰਤਾ ਨਾਲ ਜੋੜਦਾ ਹੈ। ਗੀਤਾਂ ਦੀ ਰਚਣਹਾਰ ਔਰਤ ਨੇ ਲੂਣਾ ਦਾ ਹੱਕ ਨਹੀਂ ਲਿਆ, ਪਰ ਉਸ ਨੂੰ ਭੰਡਿਆ ਵੀ ਨਹੀਂ। ਪੂਰਨ ਨੂੰ ਸਦਾਚਾਰਕ ਆਦਰਸ਼ ਦੇ ਰੂਪ ਵਿਚ ਪੇਸ਼ ਕੀਤਾ ਹੈ। ਸ਼ੰਕਰੀ ਦਾ ਛੋਟਾ ਜਿਹਾ ਗੀਤ ਵੀ ਅਜਿਹੇ ਵੇਰਵੇ ਹੀ ਸਿਰਜ ਰਿਹਾ ਸੀ। ਲੂਣਾ ਤ੍ਰਿੰਞਣਾਂ ਵਿਚ ਬੈਠੀ ਸੁਆਣੀ ਬਣ ਜਾਂਦੀ ਹੈ, ਜੋ ਜੋਗੀ ਪੂਰਨ ਨੂੰ ਆਪਣੇ ਵੱਲ ਬੁਲਾਵਾ ਦਿੰਦੀ ਹੈ।

**ਨੀ ਮੈਂ ਚਰਖਾ ਡਾਹਿਆ ਸਾਹਮਣੇ ॥2 ॥**
**ਵੇ ਤੂੰ ਕੱਤ ਕੱਤ ਪੂਣੀਆਂ ਆ,**
**ਵੇ ਮੇਰਿਆਂ ਗੋਰਖ ਨਾਥਾ ਪੂਰਨਾ।**

ਪੂਰਨ ਨੂੰ ਗੋਰਖ ਨਾਥ ਕਹਿਣਾ ਉਸ ਨੂੰ ਸਭ ਤੋਂ ਉੱਚਾ ਪ੍ਰਵਾਣ ਕਰਨਾ ਹੈ। ਲੂਣਾ ਚਰਖਾ ਡਾਹ ਕੇ ਤ੍ਰਿੰਞਣ ਵਿਚ ਬੈਠੀ, ਉਸ ਪਾਸੇ ਵੱਲ ਚਰਖਾ ਕਰਕੇ ਬੈਠੀ ਹੈ ਜਿਧਰੋਂ ਪੂਰਨ ਦੇ ਆਉਣ ਦੀ ਸੰਭਾਵਨਾ ਹੈ। ਇਸ ਸਾਰੇ ਗੀਤ ਪਿੱਛੇ ਵੀ 'ਜੋਗੀ ਉਤਰ ਪਹਾੜੋਂ ਆਏ ਚਰਖੇ ਦੀ ਕੂਕ ਸੁਣ ਕੇ' ਦੀ ਧੁਨੀ ਸੁਣਾਈ ਦੇ ਰਹੀ ਹੈ। ਲੂਣਾ ਤਾਂ ਪੂਰਨ ਨੂੰ ਪੂਣੀਆਂ ਕੱਤਣ ਦਾ ਸੱਦਾ ਵੀ ਦੇ ਰਹੀ ਹੈ। ਇਹ ਸਾਰੇ ਵੇਰਵੇ ਲੋਕ-ਵੇਰਵੇ ਹੋਣ ਕਾਰਨ ਮੇਰੇ ਲਈ ਬੜੇ ਮਹੱਤਵਪੂਰਨ ਹਨ। ਇਨਾਂ ਦੀ ਭਾਲ ਸਾਹਿਤਕਾਰਾਂ ਵਿਚ ਨਹੀਂ ਕੀਤੀ ਜਾ ਸਕਦੀ।

**ਨੀ ਮੈਂ ਤੇਰੇ ਚਰਖੇ ਨਾ ਆਮਾਂ ॥2 ॥**
**ਨੀ ਤੂੰ ਤਾਂ ਲੱਗਦੀ ਧਰਮ ਦੀ ਮਾਂ,**
**ਨੀ ਮੇਰੀਏ ਸੀਤਲ ਮਾਤਾ ਰਾਣੀਏਂ।**

ਗੀਤ ਦੇ ਅੰਤ ਤੱਕ ਰਿਸ਼ਤਿਆਂ ਦਾ ਵਿਰੋਧ ਬਣਿਆ ਰਹਿੰਦਾ ਹੈ। ਪੂਰਨ ਦੇ ਸੰਬੋਧਨ ਇੱਥੇ ਧਿਆਨਯੋਗ ਹਨ। 'ਗੋਰਖ ਨਾਥ ਪੂਰਨਾ' ਵਿਚ ਜਿੱਥੇ ਪ੍ਰੇਮ ਦਾ ਸੰਬੋਧਨ ਰਸ ਭਰਿਆ ਹੈ ਉਥੇ ਵਿਰੋਧ ਵਿਚ 'ਸੀਤਲ ਮਾਤਾ ਰਾਣੀਏ' ਦੀ ਮਿਠਾਸ ਹੈ। ਪੰਜਾਬੀ ਸਭਿਆਚਾਰ ਵਿਚ 'ਮਾਵਾਂ ਠੰਡੀਆਂ ਛਾਵਾਂ' ਹਨ ਇੱਥੇ ਵੀ ਪੂਰਨ 'ਸੀਤਲ' ਠੰਡੀਠਾਰ ਮਾਤਾ ਨੂੰ ਸੰਬੋਧਿਤ ਹੈ। ਧਰਮ ਦੀ ਮਾਂ ਨੂੰ। ਪਰ ਬੁੱਢੇ ਸਲਵਾਨ ਦੀ ਛੋਟੀ ਉਮਰ ਦੀ ਲੂਣਾ ਦਾ ਆਪਣਾ ਤਰਕ ਹੈ। ਇਸ ਤਰਕ ਨੂੰ ਭਾਵੇਂ ਲੋਕ-ਮਨ ਨੇ ਕਦੇ ਸਵੀਕਾਰ ਨਹੀਂ ਕੀਤਾ, ਪਰ ਪ੍ਰੇਮ-ਰੱਤੀ ਲੂਣਾ ਦਾ ਇਹੀ ਤਰਕ ਸਹਾਰਾ ਹੈ।

**ਵੇ ਮੈਂ ਨਾ ਜੰਮਿਆ ਨਾ ਪਾਲ਼ਿਆ ॥2 ॥**
**ਵੇ ਮੈਂ ਕਿਤ ਬਿਧ ਲੱਗਦੀ ਆਂ ਮਾਂ,**
**ਵੇ ਮੇਰਿਆ ਗੋਰਖ ਨਾਥਾ ਪੂਰਨਾ।**

ਪ੍ਰਕਿਰਤਿਕ ਤੌਰ 'ਤੇ ਕਿਉਂਕਿ ਲੂਣਾ ਨੇ ਪੂਰਨ ਨੂੰ ਜਨਮ ਨਹੀਂ ਦਿੱਤਾ। ਇਹ ਸੰਭਵ ਵੀ ਨਹੀਂ ਸੀ ਕਿਉਂਕਿ ਉਹ ਦੋਨੋਂ ਹਾਣ-ਪ੍ਰਵਾਨ ਹਨ, ਪਰ ਪ੍ਰਕਿਰਤਿਕ ਨਿਯਮਾਂ ਨਾਲੋਂ ਸਮਾਜਿਕ ਅਣਲਿਖਤ ਨਿਯਮ ਵਧੇਰੇ ਭਾਰੂ ਹਨ ਤੇ ਇਨਾਂ ਦਾ ਸਹਾਰਾ ਹੀ ਪੂਰਨ ਲੈ ਕੇ ਤੁਰਦਾ ਹੈ।

**ਨੀ ਤੂੰ ਬਾਪ ਮੇਰੇ ਦੀ ਇਸਤਰੀ ॥2 ॥**
**ਨੀ ਤੂੰ ਇਸ ਬਿਧ ਲੱਗਦੀ ਮਾਂ,**
**ਨੀ ਮੇਰੀਏ, ਸੀਤਲ ਮਾਤਾ ਰਾਣੀਏਂ।**

ਗੀਤ ਦੇ ਅੰਤ ਤੱਕ ਇਹੋ ਤਰਕ ਆਹਮੋ-ਸਾਹਮਣੇ ਹਨ। ਦੋਨਾਂ ਪਿੱਛੇ ਸਮਾਜ ਦੀਆਂ ਕਦਰਾਂ-ਕੀਮਤਾਂ ਖੜੀਆਂ ਹਨ। ਲੂਣਾ ਦਾ ਪ੍ਰਕਿਰਤਿਕ ਸੱਚ ਹਾਰਦਾ ਹੈ ਤੇ ਸਮਾਜ ਦਾ ਸਭਿਆਚਾਰਕ ਸੱਚ ਜੇਤੂ ਹੁੰਦਾ ਹੈ। ਅਸਲ ਵਿਚ ਇਸ ਪਿੱਛੇ ਮੁਖੀਏ-ਮਰਦ ਦਾ ਲਾਗੂ ਕੀਤਾ ਸਦਾਚਾਰ ਸਾਹਮਣੇ ਆਉਂਦਾ ਹੈ। ਮੁਖੀਆ ਕਦੇ ਹਰ ਨਵੀਂ ਵਿਆਹੀ ਔਰਤ ਨੂੰ ਪਹਿਲੀ ਰਾਤ ਆਪਣੇ ਕੋਲ ਰੱਖਣ ਦਾ ਅਧਿਕਾਰ ਰੱਖਦਾ ਸੀ। ਇਸ ਤੋਂ ਵੀ ਪਹਿਲਾਂ ਵਿਆਹੀ ਔਰਤ ਦੇਵਤੇ ਤੋਂ 'ਸੁੱਚੀ' ਕਰਵਾਈ ਜਾਂਦੀ ਰਹੀ ਹੈ। ਹਿੰਦੂ ਪਰਿਵਾਰਾਂ ਵਿਚ ਅੱਜ ਵੀ ਉਹ ਸ਼ਿਵ ਮੰਦਿਰ ਸ਼ਿਵਲਿੰਗ ਨਾਲ



ਛੂਹ ਕੇ ਆਪਣੇ ਆਪ ਨੂੰ ਪਹਿਲਾਂ ਦੇਵਤੇ ਦੇ ਅਰਪਣ ਕਰਦੀ ਹੈ। ਸਤੀ ਪ੍ਰਥਾ ਪਿੱਛੇ ਇਕ ਭਾਵਨਾ ਇਹ ਵੀ ਹੈ ਕਿ ਮਰਦ ਦੀ ਔਰਤ ਬਾਅਦ ਵਿਚ ਕਿਸੇ ਹੋਰ ਦੀ ਨਾ ਹੋਵੇ, ਇਸੇ ਲਈ ਵਿਧਵਾ ਨੂੰ ਦੂਜੇ ਵਿਆਹ ਦੀ ਇਜਾਜ਼ਤ ਨਹੀਂ। ਅਜਿਹੀਆਂ ਭਾਵਨਾਵਾਂ ਦਾ ਪਾਸਾਰ ਹੀ 'ਧਰਮ ਦੀ ਮਾਂ' ਦਾ ਸੰਕਲਪ ਹੈ। ਗੀਤ ਨਵੇਂ ਪ੍ਰਸੰਗਾਂ ਵਿਚ ਆਪਣਾ ਦੂਹਰਾ ਕਰ ਰਿਹਾ ਹੈ।

**ਵੇ ਤੇਰੀ ਖ਼ਾਤਰ ਖੂਹਾ ਲੁਆਨੀ ਆਂ ॥2 ॥**
**ਤੂੰ ਤਾਂ ਨਾਵਣ ਦੇ ਪੱਜ ਆ,**
**ਵੇ ਮੇਰਿਆ ਗੋਰਖ ਨਾਥਾ ਪੂਰਨਾ।**

ਗੀਤ ਉਨਾਂ ਸਮਿਆਂ ਦੀ ਬਾਤ ਪਾਉਂਦਾ ਹੈ, ਜਦੋਂ ਖੂਹ ਲੁਆਉਣੇ ਪੁੰਨ ਦਾ ਕੰਮ ਸਮਝਿਆ ਜਾਂਦਾ ਹੈ। ਖੂਹ ਸਮਾਜ ਸਭਿਆਚਾਰ ਦਾ ਅਜਿਹਾ ਥਾਂ ਸੀ ਜਿੱਥੋਂ ਸਾਰਾ ਪਿੰਡ ਆਪਣੀ ਲੋੜ, ਪਾਣੀ ਭਰਨ ਲਈ ਇਕੱਠਾ ਹੁੰਦਾ ਸੀ। ਪਰ ਹੌਲ਼ੀ-ਹੌਲ਼ੀ ਇਹ ਖੂਹ ਸਭਿਆਚਾਰ ਦੀ ਅਜਿਹੀ ਸੰਸਥਾ ਬਣ ਗਿਆ ਜਿੱਥੇ ਬਾਰਾਂ ਵਰਿਆਂ ਪਿੱਛੋਂ ਆਏ 'ਢੋਲ' ਨੂੰ ਵੀ ਔਰਤ ਪਛਾਣ ਨਹੀਂ ਸਕਦੀ। ਰਾਜੇ-ਮਹਾਰਾਜੇ ਕੋਲੋਂ ਦੀ ਗੁਜ਼ਰਦਿਆਂ ਪ੍ਰੇਮ-ਪਾਸ਼ ਵਿਚ ਬੱਝਦੇ ਹਨ, ਹੋਰ ਪ੍ਰੇਮੀ-ਪ੍ਰੇਮਿਕਾਵਾਂ ਨੂੰ ਮਿਲਣ ਦਾ ਬਹਾਨਾ ਬਣਾਉਂਦੇ ਹਨ। ਲੂਣਾ ਨੇ ਵੀ ਖੂਹ ਲੁਆ ਕੇ ਬਹਾਨਾ ਬਣਾਉਣ ਦੀ ਗੱਲ ਕੀਤੀ ਹੈ। ਉਹ ਰਾਣੀ ਹੈ, ਅਜਿਹਾ ਕਰ ਵੀ ਸਕਦੀ ਹੈ। ਪਰ ਪੂਰਨ ਦਾ ਇਕ ਬਣਿਆ ਬਣਾਇਆ ਜਵਾਬ ਹੈ ਤੇ ਫਿਰ ਉਹੋ ਤਰਕ।

**ਨੀ ਮੈਂ ਤੇਰੇ ਖੂਹ 'ਤੇ ਨਾ ਆਮਾਂ ॥2 ॥**
**ਤੂੰ ਤਾਂ ਲੱਗਦੀ ਧਰਮ ਦੀ ਮਾਂ,**
**ਨੀ ਮੇਰੀ ਸੀਤਲ ਮਾਤਾ ਰਾਣੀਏ।**
**ਵੇ ਮੈਂ ਨਾ ਜੰਮਿਆ ਨਾ ਪਾਲਿਆ ॥2 ॥**
**ਵੇ ਮੈਂ ਕਿਸ ਬਿਧ ਲੱਗਦੀ ਆਂ ਮਾਂ,**
**ਵੇ ਮੇਰਿਆ ਗੋਰਖ ਨਾਥਾ ਪੂਰਨਾ।**
**ਨੀ ਤੂੰ ਬਾਪ ਮੇਰੇ ਦੀ ਇਸਤਰੀ ॥2 ॥**
**ਨੀ ਤੂੰ ਇਸ ਬਿਧ ਲੱਗਦੀ ਏਂ ਮਾਂ,**
**ਨੀ ਮੇਰੀ ਸੀਤਲ ਮਾਤਾ ਰਾਣੀਏ।**

ਗੀਤ ਵਿਚ ਲੂਣਾ ਦਾ ਨਾਮ ਕਿਤੇ ਨਹੀਂ, ਪਰ ਲੋਕ ਮਨ ਇਹ ਸਭ ਕੁਝ ਜਾਣਦਾ ਹੈ। ਲੂਣਾ ਇਕ ਹੋਰ ਸ਼ਰਤ ਨਾਲ ਸਾਡੇ ਸਾਹਮਣੇ ਆਉਂਦੀ ਹੈ।

**ਤੇਰੀ ਖ਼ਾਤਰ ਮਹਿਲ ਪੁਆਨੀ ਆਂ ॥2 ॥**
**ਤੂੰ ਵਸਣੇ ਦੇ ਪੱਜ ਆ,**
**ਵੇ ਮੇਰਿਆ ਗੋਰਖ ਨਾਥਾ ਪੂਰਨਾ।**

ਲੂਣਾ ਰਾਣੀ ਜੁ ਹੈ। ਉਹ ਇਹ ਵੀ ਕਰ ਸਕਦੀ ਹੈ, ਪੂਰਨ ਨੂੰ ਪਾਉਣ ਵਾਸਤੇ। ਜਦੋਂ ਅਸੀਂ ਸਮੁੱਚੇ ਲੋਕ-ਗੀਤਾਂ ਦੇ ਪ੍ਰਸੰਗ ਨੂੰ ਧਿਆਨ ਵਿਚ ਰੱਖਦੇ ਹਾਂ ਤਾਂ ਪ੍ਰੇਮਿਕਾ-ਪ੍ਰੇਮੀ ਦੇ ਸੰਦਰਭਾਂ ਵਿਚ ਤੇ ਕਈ ਥਾਈਂ ਭੈਣ-ਭਰਾ ਦੇ ਮੋਹ ਵਿਚ ਵੀ ਅਜਿਹੇ ਵੇਰਵਿਆਂ ਦਾ ਪਤਾ ਲੱਗਦਾ ਹੈ। ਉਥੇ ਉਪਰੋਕਤ ਤੋਂ ਇਲਾਵਾ ਬਾਗ਼ ਲੁਆਉਣ, ਸੜਕਾਂ ਬਣਾਉਣ ਆਦਿ ਦਾ ਜ਼ਿਕਰ ਵੀ ਆਉਂਦਾ ਹੈ। ਲੋਕ-ਮਨ ਬਣੀਆਂ ਬਣਾਈਆਂ ਰੂੜੀਆਂ ਨੂੰ ਨਵੇਂ ਪ੍ਰਸੰਗਾਂ ਵਿਚ ਵਰਤ ਲੈਂਦਾ ਹੈ। ਇਸ ਤਰਾਂ ਦੂਹਰਾ ਵੀ ਹੁੰਦਾ ਰਹਿੰਦਾ ਹੈ, ਪਰ ਇਹ ਦੂਹਰਾ ਨਵੇਂ ਪ੍ਰਸੰਗਾਂ ਵਿਚ ਨਵੇਂ ਅਰਥ ਗ੍ਰਹਿਣ ਕਰ ਲੈਂਦਾ ਹੈ। ਜਿਵੇਂ ਇਸ ਗੀਤ ਵਿਚ ਲੂਣਾ ਦਾ ਤ੍ਰਿੰਞਣ ਲਾਉਣਾ, ਖੂਹ ਲਾਉਣਾ, ਮਹਿਲ ਪੁਆਉਣਾ, ਉਸ ਦੇ ਕਾਮਨਾ ਦਾ ਦੂਹਰਾ ਹੈ ਜੋ ਉਸ ਦੀ ਮਨੋ-ਅਵਸਥਾ ਨੂੰ ਡੂੰਘਾਈ ਪ੍ਰਦਾਨ ਕਰਦਾ ਹੈ। ਆਪਣੇ-ਆਪਣੇ ਪੱਖ ਦਾ ਦੂਹਰਾ ਸਥਿਰ ਹੋਈਆਂ ਕੀਮਤਾਂ ਦਾ ਲਖਾਇਕ ਹੈ, ਜਿਨਾਂ ਨੂੰ ਤੋੜਨ ਦੀ ਕੋਈ ਗੁੰਜਾਇਸ਼ ਨਜ਼ਰ ਨਹੀਂ ਆਉਂਦੀ। ਇਸੇ ਲਈ ਗੀਤ ਪਹਿਲੀਆਂ ਪੰਗਤੀਆਂ ਨਾਲ ਹੀ ਸਮਾਪਤ ਹੁੰਦਾ ਹੈ।

**ਨੀ ਮੈਂ ਤੇਰੇ ਮਹਿਲੀਂ ਨਾ ਆਮਾਂ ॥2 ॥**
**ਨੀਂ ਤੂੰ ਤਾਂ ਲੱਗਦੀ ਧਰਮ ਦੀ ਮਾਂ,**
**ਨੀ ਮੇਰੀਏ ਸੀਤਲ ਮਾਤਾ ਰਾਣੀਏਂ।**
**ਵੇ ਮੈਂ ਨਾ ਜੰਮਿਆ ਨਾ ਪਾਲਿਆ ॥2 ॥**
**ਵੇ ਮੈਂ ਕਿਸ ਬਿਧ ਲੱਗਦੀ ਆਂ ਮਾਂ,**
**ਵੇ ਮੇਰਿਆਂ ਗੋਰਖ ਨਾਥਾ ਪੂਰਨਾ।**
**ਨੀ ਤੂੰ ਬਾਪ ਮੇਰੇ ਦੀ ਇਸਤਰੀ ॥2 ॥**
**ਨੀ ਤੂੰ ਇਸ ਬਿਧ ਲੱਗਦੀ ਏਂ ਮਾਂ,**
**ਨੀ ਮੇਰੀਏ, ਸੀਤਲ ਮਾਤਾ ਰਾਣੀਏਂ।**

ਗੀਤ ਦੀ ਬੱਝਵੀਂ ਲੈਅ ਇਹ ਦੱਸਦੀ ਸੀ ਕਿ ਇਹ ਗੀਤ ਕਾਫ਼ੀ ਪੁਰਾਣਾ ਹੈ। ਅਜਿਹੀਆਂ ਲੋਕ-ਸਿਮ੍ਰਤੀਆਂ ਦੇ ਆਧਾਰ 'ਤੇ ਹੀ ਕਾਦਰਯਾਰ ਵਰਗੇ ਕਿੱਸਾਕਾਰਾਂ ਨੇ ਆਪਣੀ ਸਿਰਜਣਾ ਕੀਤੀ ਹੈ, ਪਰ ਉਨਾਂ ਦੀ ਮਰਦ ਪ੍ਰਧਾਨ ਦ੍ਰਿਸ਼ਟੀ ਤੇ ਔਰਤਾਂ ਦੀ ਦ੍ਰਿਸ਼ਟੀ ਵਿਚ ਹਮੇਸ਼ਾ ਹੀ ਅੰਤਰ ਰਿਹਾ ਹੈ।

Vehicle Unlock Specialist
Boost Your Car Call 24/7
Gurpreet Sohal
Tel: 780.935.2990
gssohal72@yahoo.co.in
If your car is locked or need a boost please call 780.935.2990



# ਦਰਦਾਂ ਦਾ ਅਨੁਵਾਦ- ਤਰਲੋਚਨ ਮੀਰ

ਤਰਲੋਚਨ ਮੀਰ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਕਾਵਿ ਖੇਤਰ ਵਿੱਚ ਵਿਚਰ ਰਿਹਾ ਹੈ। ਉਸਦੇ ਦੋ ਗ਼ਜ਼ਲ ਸੰਗ੍ਰਹਿ 'ਸ਼ਬਦਾਂ ਦੀ ਆਗੋਸ਼' ਅਤੇ 'ਦਰਦਾਂ ਦਾ ਅਨੁਵਾਦ' ਛਪ ਚੁੱਕੇ ਹਨ। ਅੱਜਕੱਲ੍ਹ ਉਹ ਕਵਿਤਾ ਵੱਲ ਰੁਚਿਤ ਹੈ। ਇਹ ਪਹਿਲਾਂ ਮੌਕਾ ਹੈ ਜਦੋਂ ਉਸਦੀਆਂ ਕਵਿਤਾਵਾਂ ਕਿਤੇ ਛਪ ਰਹੀਆਂ ਹਨ। ਉਸਦੀਆਂ ਕਵਿਤਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਗੱਲ ਦੇ ਗੇੜ ਵਿੱਚ ਨਹੀਂ ਪੈਂਦਾ, ਮੀਰ ਕਾਵਿਕ ਢੰਗ ਨਾਲ ਸਿੱਧੀ ਤੇ ਸਪੱਸ਼ਟ ਗੱਲ ਕਰਦਾ ਹੈ। ਦੂਜੀ ਗੱਲ ਇਹ ਕਿ ਉਹ ਆਪਣੀਆਂ ਕਵਿਤਾਵਾਂ ਰਾਹੀਂ ਸਮਕਾਲੀ ਮਸਲਿਆਂ ਨੂੰ ਸੰਬੋਧਨ ਹੁੰਦਾ ਹੈ, ਜਿਵੇਂ ਕਿ ਉਸਨੇ ਲੋਕਪਾਲ ਬਿਲ 'ਤੇ ਹੋਈ ਬਹਿਸ ਨੂੰ ਲੈ ਕੇ ਕਵਿਤਾ ਲਿਖੀ ਹੈ, ਅਜਿਹੀਆਂ ਰਚਨਾਵਾਂ ਨਾਲ ਪਾਠਕ ਦੀ ਰਾਇ ਕਿਸੇ ਮਸਲੇ ਪ੍ਰਤੀ ਵਧੇਰੇ ਸਪੱਸ਼ਟ ਬਣਦੀ ਹੈ। ਇਸਦੇ ਨਾਲ ਹੀ ਸਧਾਰਣ ਪਾਠਕ ਦੀ ਰਾਜਸੀ ਸੂਝ ਵਿੱਚ ਵੀ ਵਾਧਾ ਹੁੰਦਾ ਹੈ। ਪੰਜਾਬੀ ਵਿੱਚ ਅਜਿਹੇ ਸ਼ਾਇਰ ਘੱਟ ਹਨ ਜਿਹੜੇ ਰਾਜਨੀਤਿਕ ਘਟਨਾਵਾਂ 'ਤੇ ਇੰਨੀ ਇਕਾਗਰਤਾ ਨਾਲ ਕੰਮ ਕਰਦੇ ਹਨ ਤੇ ਅਜਿਹੀ ਕਵਿਤਾ ਲਿਖਦਿਆਂ ਕਾਵਿਕਤਾ ਤੋਂ ਵੀ ਨਹੀਂ ਥਿੜਕਦੇ। ਅਜਿਹੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਅਸੀਂ 'ਨਵੀਂ ਦੁਨੀਆ' ਪਾਠਕਾਂ ਨਾਲ ਤਰਲੋਚਨ ਮੀਰ ਦੀ ਜਾਣ-ਪਹਿਚਾਣ ਹੇਠ ਲਿਖੀਆਂ ਕਵਿਤਾਵਾਂ ਰਾਹੀਂ ਕਰਵਾ ਰਹੇ ਹਾਂ।



ਜਗਤਾਰ ਸਾਲਮ
+91-97804-70386
jagtar.saalam@rediffmail.com

## ਤਰਲੋਚਨ ਮੀਰ ਦੀਆਂ ਕਵਿਤਾਵਾਂ

### ਲੋਕਪਾਲ

ਦਿੱਲੀ ਦੀਆਂ ਗਲੀਆਂ 'ਚ
ਗਾਂਧੀ ਦਾ ਭੂਤ ਮਿਆਂਕਦਾ ਫਿਰਦੈ
ਲੋਕਪਾਲ ਦੀ ਭੀਖ ਮੰਗਦਾ
ਯਖ਼ ਬਦਨਾਂ 'ਚੋਂ
ਲਹੂ ਦੀ ਗਰਮੀ ਭਾਲਦਾ
ਸਮਾਜ ਦੀ ਲਾਸ਼ ਦੀ
ਸਰਜਰੀ ਕਰਦਾ
ਨਿਪੁੰਸਕਤਾ 'ਚੋਂ
ਮਰਦਾਨਗੀ ਭਾਲਦਾ
ਸੰਸਦ ਭਵਨ ਨੂੰ
ਗਾਂਧੀ ਟੋਪੀ ਪਹਿਨਾਉਂਦਾ
ਸਿਸਟਮ ਨੂੰ ਬਿਨਾਂ ਬਦਲੇ
ਸਿਸਟਮ ਸੁਧਾਰਦਾ
ਨਹੀਂ ਜਾਣਦਾ ਸ਼ਾਇਦ ਉਹ
ਲੋਕਪਾਲ ਕੋਈ ਲੋਕਦਰਬਾਨ ਨਹੀਂ
ਬਲਕਿ ਬਦਲਿਆ ਹੋਇਆ ਮਖੌਟਾ ਹੈ।

---

### ਯੁੱਧ

ਮੇਰੇ ਦਿਲ ਦੇ ਸਾਗਰ 'ਚ
ਉਸਦਾ ਪ੍ਰਵੇਸ਼ ਕਰਨਾ
ਨਦੀ ਵਾਂਗ ਨਹੀਂ
ਨਾ ਹੀ ਮੱਛੀ ਵਾਂਗ
ਬਲਕਿ ਪਣਡੁੱਬੀ ਵਰਗਾ ਸੀ
ਲੈ ਕੇ ਤਲਾਸ਼ੀ ਕੋਨੇ-ਕੋਨੇ ਦੀ
ਉਸਨੇ ਬਣਾ ਲਿਆ ਮਨ
ਕਿਸੇ ਹੋਰ ਸਾਗਰ 'ਚ
ਉਤਰ ਜਾਣ ਦਾ
ਤੇ ਮੈਂ!
ਅੰਦਰਲੀ ਖਲਬਲੀ 'ਚ
ਡਿਕ-ਡੋਲੇ ਖਾਂਦਾ
ਪੱਥਰਾਂ ਵਿੱਚ ਘਿਰਿਆ
ਸਵੈ ਨਾਲ ਛਿੜੇ
ਯੁੱਧ 'ਚ ਉਲਝ ਰਿਹਾਂ

---

### 1699

ਹੇ! ਤੇਗ ਦੇ ਧਨੀ
ਦਸ਼ਮੇਸ ਪਿਤਾ
ਵੇਖ ਕੇ ਧਰਤੀ 'ਤੇ ਮੱਚੇ ਕੋਹਰਾਮ ਨੂੰ
ਤੁਸਾਂ ਸਾਜ ਦਿੱਤਾ ਖਾਲਸਾ
ਹੱਥਾਂ 'ਚ ਦੇ ਦਿੱਤਾ ਖੰਡਾ
ਬਣਾ ਦਿੱਤਾ ਚਿੜੀ ਨੂੰ ਬਾਜ਼
ਕਰ ਲਿਆ ਨਿਸਚਾ
ਦੁਸ਼ਟ ਦਮਨ ਦਾ
ਪਰ ਹੁਣ ਮਨ 'ਚ ਮੱਚੇ ਕੋਹਰਾਮ ਦਾ ਕੀ
ਕਰੀਏ?
ਏਥੇ ਕਿਹੜਾ ਦਇਆ ਰਾਮ ਉੱਠੇਗਾ
ਕੌਣ ਕਰੇਗਾ ਸੀਸ ਭੇਂਟ
ਏਥੇ ਲੜਾਈ ਤਲਵਾਰਾਂ ਦੀ ਨਹੀਂ ਵਿਚਾਰਾਂ ਦਾ
ਘੜਮਸ ਵੀ ਹੈ।

---

### ਪਾਲਤੂ ਆਦਮੀ

ਹਰ ਕਿਤੇ ਮਿਲ ਪਵੇਗਾ
ਸ਼ਹਿਰ, ਗਰਾਂ, ਗਲੀ-ਮੁਹੱਲੇ
ਖੇਤਾਂ ਬਜ਼ਾਰਾਂ 'ਚ
ਇੱਥੋਂ ਤਕ ਤੁਹਾਡੇ ਘਰ ਵੀ
ਸਭ ਤੋਂ ਸਾਊ, ਸੱਭਿਅਕ
ਪਾਲਤੂ ਆਦਮੀ
ਹਾਜ਼ਰ ਹੈ
ਖਾਮੋਸ਼ੀ ਦਾ ਭਾਰ ਚੁੱਕੀਂ
ਸਮੇਂ ਦੀ ਨਦੀ 'ਚ ਤੈਰਦਾ
ਰੁੱਤਾਂ ਦੇ ਗਧੀ-ਗੇੜ ਤੋਂ ਮੁਕਤ
ਦਿਨ ਰਾਤ ਦੀ ਲੁਕਣ-ਮੀਟੀ ਤੋਂ ਦੂਰ
ਕੀੜੀ ਵਾਂਗ ਕਾਰ 'ਚ ਲੱਗਾ
ਵਕਤ ਦਾ ਕਿਰਤੀ ਬੰਦਾ
ਜਿਸਨੇ ਸਿੱਖ ਲਿਐ
ਜ਼ਿਹਨ 'ਚ ਤੂਫ਼ਾਨ ਸਾਂਤ ਕਰਨਾ
ਸਤਿਬਚਨੀ ਸੈਨਿਕ
ਨਾਂਹ ਸ਼ਬਦ ਤੋਂ ਕੋਹਾਂ ਦੂਰ ਹੈ
ਪਾਲਤੂ ਆਦਮੀ
ਹਨ੍ਹੇਰੀ, ਮੀਂਹ ਝੱਖੜ ਤੋਂ ਬੇਅਸਰ
ਸਾਊਪੁਣੇ ਦਾ ਕਵਚ ਪਹਿਨੀ
ਸਮਝੌਤੇ ਦਾ ਇਸ਼ਤਿਹਾਰ ਲਾਈਂ
ਬੀਵੀ ਬੱਚੇ ਦੀ ਖਵਾਹਿਸ਼ ਮਿੱਧਦਾ
ਫਾਕੇ ਕੱਟਦਾ
ਭੁੱਖ ਨੂੰ ਇਨਕਾਰ ਕਰਦਾ
ਪਰ ਘੂਰੀ ਵੱਟਦਾ ਵਕਤ ਅੱਗੇ
ਹਮੇਸ਼ਾ ਸਹਿਜ ਰਹਿੰਦਾ ਹੈ
ਪਾਲਤੂ ਆਦਮੀ
ਸੜਕਾਂ ਜ਼ਾਮ ਕਰਦੀ ਭੀੜ
ਪੁਲਿਸ ਹੱਥੋਂ ਕੁੱਟ ਖਾਂਦੇ ਪਾੜ੍ਹੇ
ਜਿਣਸਾਂ ਲਈ ਪੁਕਾਰਦੇ ਕਿਰਸਾਨ
ਲੇਬਰ ਚੌਕ 'ਚ ਨਾਅਰੇ ਲਾਉਂਦੇ ਮਜ਼ਦੂਰਾਂ
ਕੋਲੋਂ
ਗੁਜ਼ਰ ਜਾਂਦੈ
ਸਾਂਤੀ ਦਾ ਬਾਰੂਦ ਫੈਂਕਦਾ
ਕੋਈ ਉਜਰ ਨਹੀਂ ਕਰਦਾ ਰੱਬ ਦੀ ਰਜ਼ਾ 'ਚ
ਰਹਿੰਦਾ
ਪਾਲਤੂ ਆਦਮੀ।

---

### ਹੁਣ ਤੇ ਉਦੋਂ

ਮਿਰਜ਼ਾ ਹੁਣ ਤਰਕਸ਼ ਨਹੀਂ
ਬਲਕਿ ਹੱਥਾਂ 'ਚ ਕਲਮ ਰੱਖਦੈ
ਉਸਦੇ ਸਾਹਾਂ ਦੀ ਬੱਕੀ ਦੌੜਦੀ ਨਹੀਂ
ਉਡਦੀ ਹੈ
ਉਸਦੀ ਤਾਕਤ ਦੀ ਨੁਮਾਇਸ਼
ਯੁੱਧ ਭੂਮੀ 'ਚ ਨਹੀਂ
ਕੰਪਿਊਟਰ ਸਕਰੀਨ 'ਤੇ ਹੁੰਦੀ ਹੈ
ਉਸ ਕੋਲ ਵਕਤ ਨਹੀਂ ਨੀਂਦ ਦਾ
ਉਹ ਤਾਂ ਊਂਘਦੈ ਚੌਵੀ ਘੰਟੇ
ਉਸਦੇ ਰਾਹ 'ਚ ਜੰਡ ਨਹੀਂ
ਏਅਰ ਪੋਰਟ ਨੇ
ਪੀਲੂ ਸ਼ਾਇਰ ਗੁਸਤਾਖ਼ੀ ਨਹੀਂ ਕਰਦਾ
ਸਿੱਖਿਆ ਦੇਣ ਦਾ
ਉਸਨੂੰ ਵੱਲ ਆ ਗਿਐ
ਵੱਡੇ-ਵੱਡੇ ਸਿਕੰਦਰਾਂ ਨੂੰ ਕਾਬੂ ਕਰਨ ਦਾ
ਵੀਰ-ਸ਼ਮੀਰ ਉਸਦਾ ਭਾਈਵਾਲ ਹੈ
ਚਧੇੜ ਸਾਂਢੂ ਹੈ
ਸਾਹਿਬਾ ਉਸਦੀ ਮਹਿਬੂਬ ਨਹੀਂ
ਸੈਕਟਰੀ ਹੈ
ਉਸਦੀ ਅਣਖ ਦੇ ਘੋੜੇ ਹੁਣ
ਜਿਸਮ ਦੇ ਖੇਤਾਂ 'ਚ ਹਿਣਕਦੇ ਨੇ
ਮਿਰਜ਼ੇ 'ਚ ਮਿਰਜ਼ਾ ਨਹੀਂ
ਬਾਣੀਆ ਬੋਲਦੈ ਹੁਣ।

GILL HOME INSPECTION LTD.
COMMERCIAL & RESIDENTIAL
Registered Home Inspector Kulvir Gill
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Ontario Association of Certified Home Inspectors
OAHI
Cell: 416 839 3436 Ph: 905 479 5807

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims



BeLL
STUCCO & RENOVATION
Residential
Commertial
ਰੇਨੋਵੇਸ਼ਨ ਦੇ ਕੰਮ ਲਈ ਵਰਕਰ ਦੀ ਲੋੜ ਹੈ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸ਼ਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

**Bus: (403) 717 - 0666**
**Cell: (403) 830 - 7007**

## Edmonton

**Bus: (780) 465 - 6900**
**Cell: (780) 906 - 4497**

MILLBOURNE ROAD
MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)*
By Appointments Only

Dr. B.S. Jassar (M.D. , Ph.D, CCFP)*
Cell: 780 918 0516

Dr. S. Bananda (M.D.)

Dr. Farhat Siddiqui (M.D.)

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889



Passport Photos by: Kanwal Lyall
All types of Immigration, Passport, PIO, Citizenship Photos
Phone: 780-952-8017 ✸ lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

Fancy DOORS & MOULDINGS LTD.
JELD-WEN WINDOWS & DOORS · Alexandria · Masonite
FALL SHOWCASE
CHECK OUT OUR QUALITY SELECTION



Interior Doors
Cheyenne — Smooth, H/C, Pre-Hung 18" x 36" MDF Jamb, 3 Hinges
Bostonian — 6-Panel, Pre-Hung 18" x 36" MDF Jamb, 3 Hinges

Exterior Doors
Fibreglass "Parliament" — Pre-Hung (32" or 36" x80") with 4.5" Jamb
6-Panel Steel Door — with Brick Moulding Pre-Hung (32" or 36") with 4.5" Jamb

French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF

Single or Double "Paris" Doors
Pantry Slab
Square Ring with Band

Exterior Wood Doors
Prefinished 32" x 32" x 96"

SAVE ON DOOR KNOBS AND HANDLES!
BOSTAT Clearance Locks
Keyed Lever $15.00
Deadbolt $15.00
Privacy Lever $12.00
Passage Lever $12.00
*Please Note - All Sales of these locks are final and carry no warranty!
2 Piece Deadbolt $15.00
Passage Knob $10.99

MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard 5/8" x 5½" MDF Primed
#8081 Casing 5/8" x 3¼" MDF Primed
#8281 Baseboard ½" x 6" MDF Primed

ALEXANDRIA MOULDING SPECIALS!
#5010 1 3/16" x 4 3/16" MDF Primed
#412 Baseboard 5/8" x 4¼" MDF Primed
#411 Casing 11/16" x 3" MDF Primed
#3140 3/8" x 3¼" MDF Primed
#356 2 ¼" x 3/8" MDF Primed

SAVE ON BATHROOM FIXTURES!
Infinity 4 Piece Bath Set — Robe Hook, Towel Bar, Towel Ring, Paper Holder
Sunglow 4 Piece Bath Set — Towel Bar, Robe Hook, Paper Holder, Towel Ring

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012

# ਇਪਟਾ ਦੀ ਜਿੰਦ-ਜਾਨ ਸਨ ਰੰਗਕਰਮੀ ਤੇਰਾ ਸਿੰਘ ਚੰਨ

ਕਰਮ ਸਿੰਘ ਵਕੀਲ
+91-80549-80446



ਲੋਕ ਪੱਖੀ ਸਾਹਿਤ ਤੇ ਰੰਗਮੰਚ ਸਮਾਜ ਉਤੇ ਹਮੇਸ਼ਾ ਗਹਿਰੀ ਛਾਪ ਛੱਡਦੇ ਹਨ ਜਿਵੇਂ ਸਾਡੇ ਦਿਲਾਂ ਵਿਚ ਅੱਜ ਵੀ ਵਸਿਆ ਹੈ 'ਹੇ ਪਿਆਰੀ ਭਾਰਤ ਮਾਂ ਅਸੀਂ ਤੈਨੂੰ ਸੀਸ ਨਿਵਾਉਂਦੇ ਹਾਂ, ਤੇਰੇ ਤੋਂ ਸਦਕੇ ਜਾਂਦੇ ਹਾਂ...' 'ਕਾਗ ਸਮੇਂ ਦਾ ਬੋਲਿਆ ਅਮਨਾਂ ਦੀ ਬੋਲੀ, ਮਾਖਿਉਂ ਵਰਗੀ ਮਸਤੀ ਜਿਸ ਕਣ ਕਣ ਵਿਚ ਘੋਲੀ...' ਅਤੇ ਅਜਿਹੇ ਹੀ ਅਨੇਕਾਂ ਅਮਰ ਗੀਤਾਂ ਦਾ ਰਚਾਇਤਾ ਤੇਰਾ ਸਿੰਘ ਚੰਨ ਦਾ ਜਨਮ 6 ਜਨਵਰੀ, 1921 ਨੂੰ ਸਵਾਂ ਨਦੀ ਕੰਢੇ ਪਿੰਡ ਬਿਲਾਵਲ, ਤਹਿਸੀਲ ਫਤਿਹ ਜੰਗ, ਜ਼ਿਲ੍ਹਾ ਕੈਂਬਲਪੁਰ, ਪਾਕਿਸਤਾਨ ਵਿਚ ਮਾਤਾ ਜੀਵੀ ਦੀ ਕੁੱਖੋਂ ਬਾਪੂ ਸਰਦਾਰ ਮੇਲਾ ਸਿੰਘ ਦੇ ਘਰ ਹੋਇਆ ਸੀ। ਪਿੰਡ ਬਿਲਾਵਲ ਤਿੰਨ ਪਾਸਿਓਂ ਸਵਾਂ ਨਦੀ ਦੇ ਕਲ-ਕਲ ਕਰਦੇ ਸ਼ੀਤਲ ਜਲ ਨਾਲ ਘਿਰਿਆ ਕੁਦਰਤੀ ਖੂਬਸੂਰਤੀ ਨਾਲ ਲਬਰੇਜ਼ ਸੀ। ਪਰਿਵਾਰ ਵਿਚ ਕੋਈ ਬੱਚਾ ਬਚਦਾ ਨਹੀਂ ਸੀ ਇਸ ਲਈ ਮਾਂ ਬਾਪ ਨੇ ਸਤਿਗੁਰ ਦੇ ਸ਼ੁਕਰਾਨੇ ਵਜੋਂ ਉਨ੍ਹਾਂ ਦਾ ਨਾਂ 'ਤੇਰਾ' ਭਾਵ ਸਤਿਗੁਰ ਦਾ ਕਹਿ ਕੇ ਹੀ ਤੇਰਾ ਸਿੰਘ ਰੱਖਿਆ। ਬਚਪਨ ਤੋਂ ਹੀ ਸੁੰਦਰ ਦਿੱਖ ਦਾ ਮਾਲਕ ਹੋਣ ਕਾਰਨ ਵੀ ਮਾਂ ਉਨ੍ਹਾਂ ਨੂੰ 'ਚੰਨ ਪੁੱਤ' ਕਹਿ ਕੇ ਬੁਲਾਉਂਦੀ ਸੀ ਤੇ ਮਾਂ ਦਾ ਸੁਘੜ ਸਿਆਣਾ ਪੁੱਤ ਝਟ ਮਾਂ ਦੀ ਤਾਬਿਆ ਵਿਚ ਹਾਜ਼ਰ ਹੋ ਜਾਂਦਾ ਸੀ। ਇੰਜ ਬਚਪਨ ਵਿਚ ਹੀ ਮਾਂ ਵੱਲੋਂ ਉਨ੍ਹਾਂ ਨੂੰ ਚੰਨ ਕਹਿਣ ਤੇ ਉਨ੍ਹਾਂ ਦੇ ਨਾਂ ਨਾਲ 'ਚੰਨ' ਜੁੜ ਗਿਆ ਪਰ ਮਾਂ ਦਾ ਸੁੱਖ ਚੰਨ ਜੀ ਦੇ ਹਿੱਸੇ ਜ਼ਿਆਦਾ ਦੇਰ ਨਾ ਰਿਹਾ ਤੇ ਉਨ੍ਹਾਂ ਦੀ ਮਾਤਾ ਉਨ੍ਹਾਂ ਨੂੰ ਬਿਲਾਵਲ ਵਿਚ ਹੀ ਬਚਪਨ ਦੀ ਅਣਭੋਲ ਉਮਰੇ ਵਿਲਕਦੇ ਛੱਡ ਅਕਾਲ ਚਲਾਣਾ ਕਰ ਗਈ। ਉਨ੍ਹਾਂ ਦੇ ਬਾਬਾ ਜੀ ਤੇ ਪਿਤਾ ਜੀ ਪਹਿਲਾਂ ਚੂਹੜਕਾਣਾ ਨੇੜੇ ਸੱਚਾ ਸੌਦਾ ਗੁਰਦੁਆਰਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ ਵਿਚ ਰਹਿੰਦੇ ਸਨ ਜਿਥੇ ਚੰਨ ਜੀ ਨੇ ਮੁੱਢਲੀ ਸਕੂਲੀ ਵਿਦਿਆ ਪਾਈ। ਫੇਰ ਉਹ ਅੰਮ੍ਰਿਤਸਰ ਆ ਕੇ ਫੁੱਫੜ ਸਰਦਾਰ ਸਰੂਪ ਸਿੰਘ ਕੋਲ ਰਹਿਣ ਲੱਗੇ ਤੇ ਉਨ੍ਹਾਂ ਨੂੰ ਸੁਘੜ ਸਿਆਣੀ ਭੂਆ ਭਾਗਵੰਤੀ ਤੋਂ ਮਾਂ ਵਰਗਾ ਪਿਆਰ ਮਿਲਿਆ। ਉਨ੍ਹਾਂ ਦੇ ਪਿਤਾ ਪਿੰਡਾਂ ਵਿਚ ਭਾਂਡੇ ਤੇ ਕੱਪੜੇ ਵੇਚਣ ਜਾਂਦੇ ਤਾਂ ਬਹੁਤ ਦਿਨਾਂ ਪਿੱਛੋਂ ਘਰ ਪਰਤਦੇ। ਉਨ੍ਹਾਂ ਦੇ ਫੁੱਫੜ ਅਕਾਲੀ ਨੇਤਾ ਕਰਮ ਸਿੰਘ ਗੰਗਵਾਲ ਤੇ ਤੇਜਾ ਸਿੰਘ ਚੂਹੜਕਾਣਾ ਦੀ ਅਗਵਾਈ ਵਿਚ ਕੰਮ ਕਰਦੇ ਅੰਗਰੇਜ਼ ਸਰਕਾਰ ਖ਼ਿਲਾਫ ਜੰਗ-ਏ-ਆਜ਼ਾਦੀ ਲੜ ਰਹੇ ਸੀ। ਅੰਗਰੇਜ਼ੀ ਕੱਪੜਿਆਂ ਦਾ ਤਿਆਗ ਕਰਨਾ, ਕੱਪੜੇ ਸਾੜਨਾ ਅਤੇ ਜਲ੍ਹਿਆਂਵਾਲੇ ਬਾਗ ਦਾ ਸਾਕਾ ਚੰਨ ਜੀ ਦੇ ਸੰਵੇਦਨਸ਼ੀਲ ਤੇ ਕੋਮਲ ਹਿਰਦੇ ਉਤੇ ਬਹੁਤ ਗਹਿਰਾ ਅਸਰ ਕਰ ਗਿਆ ਤੇ ਉਹ ਵੀ ਜੰਗ-ਏ-ਆਜ਼ਾਦੀ ਲੜ ਰਹੇ ਸੀ। ਅੰਗਰੇਜ਼ੀ ਕੱਪੜਿਆਂ ਦਾ ਤਿਆਗ ਕਰਨਾ, ਕੱਪੜੇ ਸਾੜਨਾ ਅਤੇ ਜਲ੍ਹਿਆਂਵਾਲੇ ਬਾਗ ਦਾ ਸਾਕਾ ਚੰਨ ਜੀ ਦੇ ਸੰਵੇਦਨਸ਼ੀਲ ਤੇ ਕੋਮਲ ਹਿਰਦੇ ਉਤੇ ਬਹੁਤ ਗਹਿਰਾ ਅਸਰ ਕਰ ਗਿਆ ਤੇ ਉਹ ਵੀ ਜੰਗ-ਏ-ਆਜ਼ਾਦੀ ਲੜਨ ਲਈ ਮੈਦਾਨ ਵਿਚ ਨਿੱਤਰ ਪਏ।

ਤੇਰਾ ਸਿੰਘ ਚੰਨ ਦਾ ਵਿਆਹ ਪਿੰਡ ਦੁੱਲਾ, ਨੇੜੇ ਨੀਲਾ ਪਿੰਡ, ਜ਼ਿਲ੍ਹਾ ਜੇਲ੍ਹਮ ਪਾਕਿਸਤਾਨ ਵਿਖੇ ਸ੍ਰੀਮਤੀ ਬਸੰਤ ਕੌਰ ਨਾਲ ਹੋਇਆ। ਉਨ੍ਹਾਂ ਦੇ ਤਿੰਨ ਧੀਆਂ ਸੁਲੇਖਾ, ਨਤਾਸ਼ਾ ਤੇ ਮਮਤਾ ਅਤੇ ਤਿੰਨ ਪੁੱਤਰ ਮਨਦੀਪ ਸਿੰਘ, ਦਿਲਦਾਰ ਸਿੰਘ ਅਤੇ ਜਨਮੀਤ ਸਿੰਘ ਹਨ। ਚੰਨ ਜੀ ਨੇ ਬਚਪਨ ਵਿਚ ਵੇਖਿਆ ਕਿ ਪਿੰਡ ਬਿਲਾਵਲ ਵਿਚ ਸਵਾਂ ਨਦੀ ਕੰਢੇ ਰੇਤ ਦੇ ਟਿੱਬਿਆਂ ਉਤੇ-ਢੱਕੀ ਉਤੇ ਖੇਡਾਂ ਹੁੰਦੀਆਂ। ਨਾਚ, ਗਾਣੇ ਅਤੇ ਨਾਟ ਹੁੰਦੇ। ਸੱਸੀ ਪੁੰਨੂੰ, ਹੀਰ ਰਾਂਝਾ ਅਤੇ ਹੋਰਨਾਂ ਲੋਕ ਗਾਥਾਵਾਂ ਉਤੇ ਅਧਾਰਤ ਨਾਟਕ ਜਾਂ ਕਾਵਿ ਓਪੇਰੇ ਖੇਡੇ ਜਾਂਦੇ। ਪੁੰਨੂ ਦੇ ਰੋਲ ਵਾਲਾ ਕਲਾਕਾਰ ਊਠ ਉਤੇ ਬੈਠ ਕੇ ਹੀ ਅਦਾਕਾਰੀ ਕਰਦਾ ਉਚੀ ਹੇਕ ਲਾ ਕੇ ਗੀਤ ਗਾਉਂਦਾ। ਕਲਾਕਾਰ ਹੀਰ ਗਾਉਂਦਾ ਜੋ ਦੂਰ ਦੂਰ ਤੱਕ ਸੁਣਾਈ ਦਿੰਦੀ। ਇਨ੍ਹਾਂ ਲੋਕ ਗੀਤਾਂ, ਨਾਟਕਾਂ, ਸਾਂਗਾਂ ਤੇ ਨਾਚਾਂ ਨੇ ਉਨ੍ਹਾਂ ਦੇ ਮਨ ਵਿਚ ਘਰ ਕਰ ਲਿਆ ਤੇ ਉਹ ਵੀ ਸਾਹਿਤ ਵੱਲ ਪ੍ਰੇਰਿਤ ਹੋਏ।

ਉਨ੍ਹਾਂ ਕਵਿਤਾ ਦੀ ਐਸੀ ਬਾਂਹ ਫੜੀ ਕਿ ਸਾਹਿਤ ਖੇਤਰ ਵਿਚ ਅਮਿੱਟ ਛਾਪ ਛੱਡਦੇ ਹੋਏ ਸਦੀਵੀ ਗੌਲਣਯੋਗ ਤੇ ਮਹੱਤਵਪੂਰਨ ਕਵਿਤਾਵਾਂ, ਗ਼ਜ਼ਲਾਂ, ਓਪੇਰੇ, ਨਾਟਕ ਗੀਤ ਤੇ ਨਾਟਕ ਲਿਖੇ ਤੇ ਸਾਹਿਤਕ ਖੇਤਰ ਵਿਚ ਨਿੱਗਰ ਹਾਜ਼ਰੀ ਲਵਾਈ। ਉਨ੍ਹਾਂ ਪ੍ਰੋ. ਮੋਹਨ ਸਿੰਘ ਤੇ ਹੀਰਾ ਸਿੰਘ ਦਰਦ ਨਾਲ ਮਿਲ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਸਥਾਪਨਾ ਕੀਤੀ। ਉਨ੍ਹਾਂ ਨਾਲ ਬਠਿੰਡਾ ਵਿਖੇ ਜਗਦੀਸ਼ ਫਰਿਆਦੀ, ਹੁਕਮ ਚੰਦ ਖਲੀਲੀ, ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ (ਮਸ਼ਹੂਰ ਗਾਇਕਾ) ਅਤੇ ਕਪੂਰ ਚੰਦ ਖਲੀਲੀ ਨਾਲ ਮਿਲ ਕੇ ਇਪਟਾ ਥੀਏਟਰ ਦਾ ਗਠਨ ਕਰਕੇ ਬਠਿੰਡਾ ਨੂੰ ਓਪੇਰਾ ਥੀਏਟਰ ਦੇ ਗੜ੍ਹ ਵਜੋਂ ਵਿਕਸਤ ਕੀਤਾ।

ਤੇਰਾ ਸਿੰਘ ਚੰਨ ਦੀਆਂ ਕਿਤਾਬਾਂ 'ਸਿਸਕੀਆਂ' 1943 ਵਿਚ ਦੇਵ ਦੀਪਕ ਮੰਡਲ ਨੇ ਹਮਦਰਦ ਸਟੀਮ ਪ੍ਰੈਸ ਰਾਵਲਪਿੰਡੀ ਤੋਂ, 'ਜੈ ਹਿੰਦ' 1945 ਵਿਚ, 'ਸਮੇਂ ਸਮੇਂ ਦੀਆਂ ਗੱਲਾਂ' 1954 ਵਿਚ ਮੀਤ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਤੋਂ ਅਤੇ 'ਕਾਗ ਸਮੇਂ ਦਾ ਬੋਲਿਆ' 1995 ਵਿਚ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਅੰਮ੍ਰਿਤਸਰ ਨੇ ਛਾਪੀਆਂ ਸੀ ਜਿਨ੍ਹਾਂ ਰਾਹੀਂ ਸਾਹਿਤਕ ਹਲਕੇ ਵਿਚ ਸਮੇਂ-ਸਮੇਂ ਉਨ੍ਹਾਂ ਦੀ ਭਰਪੂਰ ਤੇ ਨਿੱਗਰ ਹਾਜ਼ਰੀ ਲੱਗੀ।

ਉਨ੍ਹਾਂ ਦੀਆਂ ਨਾਟ ਰਚਨਾਵਾਂ ਵਿਚ ਚਾਰ ਦਹਾਕੇ ਪਹਿਲਾਂ ਲਿਖਿਆ ਅਮਰ ਪੰਜਾਬ, ਸਾਂਝਾ ਵਿਹੜਾ ਤੇ ਲੱਕੜ ਦੀ ਲੱਤ ਓਪੇਰੇ ਸਦੀਵੀ ਸਾਹਿਤ ਹਨ। ਤੇਰਾ ਸਿੰਘ ਚੰਨ ਦੀ ਸ਼ਖਸੀਅਤ ਦਾ ਇਕ ਹੋਰ ਪਸਾਰ ਇਹ ਵੀ ਹੈ ਕਿ ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਪੰਜਾਬੀ ਸਾਹਿਤ ਅਕਾਦਮੀ, ਪੰਜਾਬ ਸੰਗੀਤ ਨਾਟਕ ਅਕਾਦਮੀ ਅਤੇ ਪੰਜਾਬੀ ਲੋਕ ਸਭਿਆਚਾਰਕ ਮੰਚ ਦੇ ਮੋਢੀ ਤੇ ਸੰਸਥਾਪਕ ਮੈਂਬਰ ਸਨ। ਉਨ੍ਹਾਂ ਅਨੇਕਾਂ ਸਾਹਿਤਕ ਸਭਾਵਾਂ ਲਈ ਅਣਥੱਕ ਮਿਹਨਤ ਤੇ ਲਗਨ ਨਾਲ ਕੰਮ ਕਰਦੇ ਵੱਡੀ ਗਿਣਤੀ ਵਿਚ ਲੇਖਕਾਂ ਨੂੰ ਮਾਂ ਬੋਲੀ ਦੀ ਸੇਵਾ ਵੱਲ ਪ੍ਰੇਰਿਆ ਤੇ ਸੰਘਰਸ਼ ਕੀਤੇ।

ਤੇਰਾ ਸਿੰਘ ਚੰਨ 9 ਜੁਲਾਈ, 2009 ਨੂੰ ਸਦਾ ਲਈ ਸੌਂ ਕੇ ਵੀ ਸਾਡੇ ਖਾਬਾਂ ਖਿਆਲਾਂ ਵਿਚ ਸਦਾ ਜਿਉਂਦੇ-ਜਾਗਦੇ ਅਤੇ ਪ੍ਰੇਰਣਾ ਦਿੰਦੇ ਰਹਿਣਗੇ।

**Asian Western Grocery Store**
**8324 - 160 Ave. Edmonton, AB. T5Z 3P1**

**NOW OPEN**

***All indian, Fijian, South African Grocery***

**ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ**

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।







For more information call
Balraj @
**780-756-2225**
**780-660-2061**

6TH Anniversary Special

NIRVANA ENTERTAINMENT INC.

NIRVANA

Lunch & Dinner Buffet
7 Days a Week
(Veg. & Non-Veg.)






NIRVANA

1009-5075 Falconridge Blvd. N.E.

www.nirvanacalgary.com/nirvanantertainmentic.com

403-590-9797

# ਵਿਸ਼ਵੀਕਰਨ ਨੇ ਸਮਾਜ ਤੇ ਸਿਨੇਮਾ ਦੋਨਾਂ ਨੂੰ ਬਦਲਿਆ: ਸੁਰਿੰਦਰ ਮਨਨ

**? ਸੁਰਿੰਦਰ ਜੀ ਸਭ ਤੋਂ ਪਹਿਲਾਂ ਇਹ ਦੱਸੋ ਵਿਸ਼ਵੀਕਰਨ ਅਤੇ ਸਿਨੇਮਾ ਵਿੱਚ (ਉਹ ਭਾਵੇਂ ਕਿਸੇ ਦੇਸ਼ ਦਾ ਹੋਵੇ) ਕੋਈ ਰਿਸ਼ਤਾ ਹੈ। ਜੇ ਹੈ ਤਾਂ ਉਹ ਕਿਸ ਤਰ੍ਹਾਂ ਦਾ ਹੈ। ਵਿਸ਼ਵੀਕਰਨ ਸਿਨੇਮਾ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਅਤੇ ਇਹ ਵੀ ਦੱਸੋ ਕਿ ਕੀ ਸਿਨੇਮਾ ਵੀ ਵਿਸ਼ਵੀਕਰਨ ਨੂੰ ਪ੍ਰਭਾਵਿਤ ਕਰਦਾ ਹੈ।**

**ਸੁਰਿੰਦਰ ਮਨਨ-** ਸੰਧਿਆ ਜੀ, ਸਿਨੇਮਾ ਉਸੇ ਸਮਾਜ ਦਾ ਪ੍ਰਗਟਾਵਾ ਹੈ ਜਿਹੜਾ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਤੇਜ਼ੀ ਨਾਲ ਬਦਲ ਰਿਹਾ ਹੈ। ਜ਼ਾਹਿਰ ਹੈ ਕਿ ਸਿਨੇਮਾ ਇਸ ਪ੍ਰਕਿਰਿਆ ਤੋਂ ਅਛੂਤਾ ਨਹੀਂ ਰਹਿ ਸਕਦਾ, ਸਗੋਂ ਵਿਸ਼ਵੀਕਰਨ ਨਾਲ ਸਿਨੇਮਾ ਦਾ ਗਹਿਰਾ ਰਿਸ਼ਤਾ ਹੈ। ਵਿਸ਼ਵੀਕਰਨ ਸਿਰਫ਼ ਆਰਥਿਕ ਗਤੀਵਿਧੀ ਨਹੀਂ ਹੈ। ਇਸ ਪ੍ਰਕਿਰਿਆ ਨੇ ਕੁੱਝ ਦੇਸ਼ਾਂ ਦੀ ਆਰਥਿਕਤਾ ਨੂੰ ਹੀ ਨਹੀਂ ਸਗੋਂ ਰਾਜਨੀਤੀ ਅਤੇ ਸੱਭਿਆਚਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਸ ਨਾਲ ਪੂੰਜੀ ਅਤੇ ਮਿਹਨਤ ਦਾ ਨਹੀਂ ਸਗੋਂ ਸੱਭਿਆਚਾਰ ਦਾ ਵੀ ਵਿਸ਼ਵੀਕਰਨ ਹੋਇਆ ਹੈ। ਸਿਨੇਮਾ ਉੱਤੇ ਇਸਦਾ ਜੋ ਪ੍ਰਭਾਵ ਪਿਆ ਹੈ, ਇਸਨੇ ਉਸਨੂੰ ਸਿਰਫ਼ ਪ੍ਰਗਟਾਇਆ ਹੀ ਨਹੀਂ ਸਗੋਂ ਆਤਮਸਾਤ ਵੀ ਕੀਤਾ ਹੈ। ਇਹ ਪ੍ਰਭਾਵ ਸਿਨੇਮਾ ਦੇ ਵਿਸ਼ਾ-ਵਸਤੂ ਤੋਂ ਲੈ ਕੇ ਉਸਦੇ ਪ੍ਰਦਰਸ਼ਨ ਤੱਕ ਹਰ ਪਹਿਲੂ ਵਿੱਚ ਝਲਕਦਾ ਹੈ। ਜੇਕਰ ਇਸਦਾ ਅਧਿਐਨ ਕੀਤਾ ਜਾਵੇ ਤਾਂ ਇਹ ਬਹੁਤ ਦਿਲਚਸਪ ਅਤੇ ਗੰਭੀਰ ਹੋਵੇਗਾ, ਕਿਉਂਕਿ ਇਸ ਨਾਲ ਸਮਾਜ ਦੇ ਕਈ ਅਣਛੋਹੇ ਪਹਿਲੂ ਸਾਹਮਣੇ ਆਉਣਗੇ। ਪਰ ਇੱਥੇ ਖ਼ਾਸ ਗੱਲ ਇਹ ਹੈ ਕਿ ਆਪਾਂ ਗੱਲਬਾਤ ਕਿੱਥੋਂ ਸ਼ੁਰੂ ਕਰੀਏ ਭਾਰਤੀ ਸਿਨੇਮਾ ਜਾਂ ਵਿਸ਼ਵ ਸਿਨੇਮਾ ਤੋਂ।

**? ਫ਼ਿਲਹਾਲ ਭਾਰਤੀ ਸਿਨੇਮਾ 'ਤੇ ਹੀ ਧਿਆਨ ਕੇਂਦਰਿਤ ਕਰੀਏ।**

**ਸੁਰਿੰਦਰ ਮਨਨ-** ਭਾਰਤੀ ਸਿਨੇਮਾ ਬਾਰੇ ਲਕੀਰ ਖਿੱਚ ਕੇ ਨਿਸ਼ਚਿਤ ਤੌਰ 'ਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਸਿਨੇਮਾ ਵਿਸ਼ਵੀਕਰਨ ਤੋਂ ਪਹਿਲਾਂ ਦਾ ਹੈ ਜਾਂ ਬਾਅਦ ਦਾ। ਭਾਰਤ ਵਿੱਚ ਇੱਕ ਤਰ੍ਹਾਂ ਨਾਲ ਫਿਲਮ ਨਿਰਮਾਣ ਦੀ ਸ਼ੁਰੂਆਤ ਹੀ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਹੋਈ। 1913 ਵਿੱਚ ਜਦੋਂ ਦਾਦਾ ਸਾਹਿਬ ਫਾਲਕੇ ਨੇ ਪਹਿਲੀ ਫਿਲਮ 'ਰਾਜਾ ਹਰੀਸ਼ ਚੰਦਰ' ਬਣਾਈ ਤਾਂ ਉਹ 'ਲਾਈਫ਼ ਆਫ਼ ਕਰਾਈਸਟ' ਦੇਖਣ ਤੋਂ ਬਾਅਦ ਉਸਦੇ ਪ੍ਰਭਾਵ ਹੇਠ ਬਣਾਈ। ਵੀਹਵੀਂ ਸਦੀ ਵਿੱਚ ਭਾਰਤ ਵਿੱਚ ਦਿਖਾਈਆਂ ਜਾਣ ਵਾਲੀਆਂ ਫਿਲਮਾਂ ਆਮ ਤੌਰ 'ਤੇ ਅਮਰੀਕੀ ਹੁੰਦੀਆਂ ਸਨ। ਧਿਆਨ ਵਿੱਚ ਰੱਖਣ ਵਾਲੀ ਗੱਲ ਇਹ ਹੈ ਕਿ ਹਾਲੀਵੁੱਡ ਦੀ 'ਯੂਨੀਵਰਸਲ ਪੀਕਚਰਜ਼' ਦੀ ਭਾਰਤੀ ਏਜੰਸੀ ਨੇ ਪਹਿਲੀ ਫਿਲਮ ਬਣਨ ਤੋਂ ਪਹਿਲਾਂ ਹੀ ਭਾਰਤੀ ਸਿਨੇਮਾ ਦੀ ਮਾਰਕੀਟਿੰਗ ਪ੍ਰਣਾਲੀ ਨੂੰ ਨਾ ਕੇਵਲ ਪ੍ਰਭਾਵਿਤ ਕੀਤਾ ਸਗੋਂ ਉਸਨੂੰ ਨਿਰਦੇਸ਼ਤ ਵੀ ਕੀਤਾ। ਇਸ ਏਜੰਸੀ ਰਾਹੀਂ ਭਾਰਤ ਵਿੱਚ ਵੱਡੇ ਪੱਧਰ 'ਤੇ ਵਿਦੇਸ਼ੀ ਫਿਲਮਾਂ ਦਾ ਪ੍ਰਦਰਸ਼ਨ ਅਤੇ ਮਾਰਕੀਟਿੰਗ ਹੁੰਦੀ ਸੀ। ਦਾਦਾ ਸਾਹਿਬ ਫਾਲਕੇ ਨੇ ਆਪਣੀਆਂ ਤਿੰਨ ਫਿਲਮਾਂ ਦੀ ਸਕਰੀਨਿੰਗ ਲੰਡਨ ਵਿੱਚ ਕੀਤੀ ਸੀ। ਇੱਥੋਂ ਤਕ ਕਿ ਉਸ ਸਮੇਂ ਦੇ ਕਵੀ-ਗੀਤਕਾਰ ਜਯੋਤੀਪ੍ਰਸਾਦ ਫਿਲਮ ਨਿਰਮਾਣ ਦੀ ਤਕਨੀਕ ਸਿੱਖਣ ਲਈ ਜਰਮਨ ਗਏ ਸਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਾਰਤੀ ਸਿਨੇਮਾ ਦੇ ਖੇਤਰ ਵਿੱਚ ਹੋਰ ਦੇਸ਼ਾਂ ਨਾਲ ਸੰਵਾਦ ਅਤੇ ਅਦਾਨ-ਪ੍ਰਦਾਨ ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਆਉਣ ਤੋਂ ਪਹਿਲਾਂ ਦਾ ਹੈ।

**? ਵਿਸ਼ਵੀਕਰਨ ਤੋਂ ਮੇਰਾ ਮਤਲਬ 1990 ਦੇ ਦਹਾਕੇ ਦੇ ਜਾਂ ਕਹਿ ਲਵੋ ਨਵੇਂ ਦੌਰ ਦੇ ਵਿਸ਼ਵੀਕਰਨ ਤੋਂ ਹੈ।**

**ਸੁਰਿੰਦਰ ਮਨਨ-** ਇਸਦੀ ਗੱਲ ਕਰੀਏ ਤਾਂ ਸਾਹਮਣੇ ਆਉਂਦਾ ਹੈ ਕਿ ਵਿਸ਼ਵੀਕਰਨ ਨੇ ਸਮਾਜ ਅਤੇ ਸਿਨੇਮਾ ਦੋਨਾਂ ਨੂੰ ਬਦਲ ਦਿੱਤਾ ਹੈ। ਵਿਸ਼ਵੀਕਰਨ ਦੇ ਇਸ ਰੂਪ ਨੇ ਬੜੇ ਹੀ ਢੰਗ ਨਾਲ ਜਾਲ ਫੈਲਾਇਆ ਅਤੇ ਦੇਖਦੇ ਹੀ ਦੇਖਦੇ ਹਰ ਚੀਜ਼ ਨੂੰ ਆਪਣੀ ਜਕੜ ਵਿੱਚ ਲੈ ਕੇ ਉਸਦਾ ਕਾਇਆਕਲਪ ਕਰ ਦਿੱਤਾ। ਇਸਨੇ ਭਾਰਤੀ ਸਮਾਜ ਦੀ ਪਰੰਪਰਿਕ ਜੀਵਨ ਸ਼ੈਲੀ ਨੂੰ ਤਬਾਹ ਕਰ ਕੇ ਰੱਖ ਦਿੱਤਾ ਹੈ। ਇਸ ਨੇ ਨਾ ਸਿਰਫ਼ ਸਮਾਜਿਕ ਸਬੰਧਾਂ ਨੂੰ ਬਦਲਿਆ ਸਗੋਂ ਪਰਿਵਾਰਿਕ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਇਸ ਵਿਸ਼ਵੀਕਰਨ ਨੇ ਇੱਕ ਅਜਿਹੇ ਟੁੱਟੇ ਹੋਏ ਸਮਾਜ ਦੀ ਰਚਨਾ ਕਰ ਦਿੱਤੀ ਜਿਸਦਾ ਇੱਕ ਹਿੱਸਾ ਪੂਰੀ ਤਰ੍ਹਾਂ ਉਸਦੇ ਰੰਗਾਂ ਵਿੱਚ ਰੰਗਿਆ ਸੀ, ਇੱਕ ਹਿੱਸਾ ਜੀ ਜਾਨ ਨਾਲ ਇਸ ਰੰਗ ਵਿੱਚ ਰੰਗਿਆਂ ਜਾਣਾ ਚਾਹੁੰਦਾ ਸੀ। ਇੱਕ ਹਿੱਸਾ ਅਜਿਹਾ ਹੈ ਜੋ ਇਸ ਦੌੜ ਵਿੱਚ ਪਛੜ ਜਾਣ ਕਰਕੇ ਸ਼ਰਮ ਨਾਲ ਮਰਿਆ ਜਾ ਰਿਹਾ ਸੀ। ਪਰ



ਸੁਰਿੰਦਰ ਮਨਨ ਦਿੱਲੀ ਦਾ ਫਿਲਮਕਾਰ ਹੈ, ਇਸਦੇ ਨਾਲ-ਨਾਲ ਉਹ ਹਿੰਦੀ ਦਾ ਕਹਾਣੀਕਾਰ ਵੀ ਹੈ ਤੇ ਹਿੰਦੀ ਵਿੱਚ ਨਿਕਲਦੀ ਬਹਿਸ ਨਾਮਕ ਪੱਤਰਿਕਾ ਦਾ ਸੰਪਾਦਕ ਵੀ ਰਿਹਾ ਹੈ। ਉਹਨਾਂ ਨੇ 1995 ਵਿੱਚ ਫਿਲਮਾਂ ਬਣਾਉਣਾ ਸ਼ੁਰੂ ਕੀਤਾ ਤੇ ਹੁਣ ਤੱਕ ਉਹ ਵੱਖ-ਵੱਖ ਵਿਸ਼ਿਆਂ 'ਤੇ 30 ਤੋਂ ਵੱਧ ਡਾਕੂਮੈਂਟਰੀ ਫਿਲਮਾਂ ਬਣਾ ਚੁੱਕੇ ਹਨ। ਇਸ ਤੋਂ ਇਲਾਵਾ ਉਹਨਾਂ ਨੇ ਭਾਰਤੀ ਅਤੇ ਵਿਦੇਸ਼ੀ ਚੈਨਲਾਂ ਲਈ ਵੱਖ-ਵੱਖ ਤਰ੍ਹਾਂ ਦੇ ਪ੍ਰੋਗਰਾਮ ਵੀ ਬਣਾਏ ਹਨ। ਇਸ ਖੇਤਰ ਵਿੱਚ ਉਹਨਾਂ ਦੇ ਕੰਮ ਨੂੰ ਦੇਖਦਿਆਂ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨੇ ਉਹਨਾਂ ਨੂੰ ਪੁਰਸ਼ਕਾਰਾਂ ਨਾਲ ਨਿਵਾਜਿਆ ਹੈ। ਉਹਨਾਂ ਦੀਆਂ ਪ੍ਰਸਿੱਧ ਫਿਲਮਾਂ 'ਦੀ ਗਰੇਟ ਇੰਡੀਅਨ ਡਾਇਸਪੋਰਾ', 'ਗਾਂਧੀ ਇਲਾਇਵ ਇਨ ਸਾਊਥ ਅਫ਼ਰੀਕਾ', 'ਦੀ ਬਲੈਕ ਰਿਵਰ', 'ਅੰਡਰਸੀਜ਼', 'ਕਾਇਆ' ਅਤੇ 'ਪਾਣੀ ਬਿਨ ਪ੍ਰਾਣੀ' ਹਨ। ਪਿਛਲੇ ਦਿਨੀਂ ਉਹਨਾਂ ਨਾਲ ਵਿਸ਼ਵੀਕਰਨ ਦੇ ਭਾਰਤੀ ਸਿਨੇਮਾ 'ਤੇ ਪ੍ਰਭਾਵ ਦੇ ਵਿਸ਼ੇ ਉੱਤੇ ਸੰਧਿਆ ਉਪਧਿਆਏ ਨੇ ਕੁੱਝ ਮਹੱਤਵਪੂਰਨ ਗੱਲਾਂ ਕੀਤੀਆਂ, ਜਿਨ੍ਹਾਂ ਨੂੰ ਨਵੀਂ ਦੁਨੀਆਂ ਦੇ ਪਾਠਕਾਂ ਲਈ ਅਸੀਂ ਵਿਸ਼ੇਸ਼ ਤੌਰ 'ਤੇ ਇੱਥੇ ਛਾਪ ਰਹੇ ਹਾਂ।

ਇਹਨਾਂ ਵਿੱਚ ਇੱਕ ਗੱਲ ਸਾਂਝੀ ਹੈ ਕਿ ਇਹ ਸਾਰੇ ਹਿੱਸੇ ਵਿਸ਼ਵੀਕਰਨ ਦੀ ਚਪੇਟ ਵਿੱਚ ਸਨ। ਹੁਣ ਸਿਨੇਮਾ ਅਤੇ ਸੂਚਨਾ ਤਕਨੀਕ ਦੇ ਮਾਮਲੇ ਵਿੱਚ ਦੇਖਣ ਵਾਲੀ ਗੱਲ ਇਹ ਹੈ ਕਿ ਕਿਵੇਂ ਵਿਸ਼ਵੀਕਰਨ ਨੇ ਭਾਰਤੀ ਸਮਾਜ ਵਿੱਚ ਪੈਰ ਪਸਾਰੇ ਅਤੇ ਕਿਵੇਂ ਇਸਨੂੰ ਆਪਣੇ ਸਿਕੰਜੇ ਵਿੱਚ ਲੈ ਲਿਆ। ਇਹ ਖਾੜੀ ਯੁੱਧ ਤੋਂ ਬਾਅਦ ਸੈਟੇਲਾਇਟ ਟੀਵੀ ਦੀ ਸ਼ੁਰੂਆਤ ਨਾਲ ਹੋਇਆ, ਇਹ ਉਸ ਗੇਮ ਪਲਾਨ ਦਾ ਨਤੀਜਾ ਸੀ ਜਿਸਦੇ ਤਹਿਤ ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਦਬਾਅ ਅਤੇ ਨਿਰਦੇਸ਼ਾਂ ਦੇ ਅਨੁਸਾਰ ਮੁਕਤ ਵਪਾਰ ਦੇ ਲਈ ਆਰਥਿਕ ਨੀਤੀਆਂ ਦੇ ਢਾਂਚੇ ਦੀ ਪੁਨਰ ਪੜਚੋਲ ਕੀਤੀ ਗਈ। ਪਬਲਿਕ ਸੈਕਟਰ ਨੂੰ ਸੋਚੇ-ਸਮਝੇ ਤਰੀਕੇ ਨਾਲ ਤਬਾਹ ਕੀਤਾ ਗਿਆ ਤੇ ਉਸਦੀ ਥਾਂ 'ਤੇ ਨਿੱਜੀ ਅਤੇ ਬਹੁਰਾਸ਼ਟਰੀ ਕੰਪਨੀਆਂ 'ਤੇ ਲੱਗੀਆਂ ਪਾਬੰਦੀਆਂ ਹਟਾ ਕੇ ਜਾਂ ਉਸ ਵਿੱਚ ਢਿੱਲ ਦੇ ਕੇ ਉਹਨਾਂ ਨੂੰ ਭਾਰਤੀ ਬਾਜ਼ਾਰ ਵਿੱਚ ਖੁੱਲੀਆਂ ਖੇਡਾਂ ਖੇਡਣ ਦਾ ਮੌਕਾ ਦਿੱਤਾ ਗਿਆ।

**? ਇਸਦਾ ਮਤਲਬ ਇਹ ਹੋਇਆ ਕਿ ਤੁਸੀਂ ਇਹ ਮੰਨਦੇ ਹੋ ਕਿ ਸਿਨੇਮਾ ਵਿੱਚ ਆਏ ਬਦਲਾਅ ਨੂੰ ਸੂਚਨਾ ਤਕਨੀਕ ਵਿੱਚ ਖ਼ਾਸ ਤੌਰ 'ਤੇ ਟੀਵੀ ਵਿੱਚ ਆਏ ਬਦਲਾਅ ਨਾਲ ਜੋੜ ਕੇ ਵਿਸ਼ਵੀਕਰਨ ਦੀ ਖੇਡ ਨੂੰ ਸਮਝਿਆ ਜਾਵੇ।**

**ਸੁਰਿੰਦਰ ਮਨਨ-** ਹਾਂ! ਦੇਖੋ ਇਹ ਖੇਡ ਭਾਰਤੀ ਸਮਾਜ ਲਈ ਕਿੰਨਾ ਰੌਚਕ ਅਤੇ ਰੁਮਾਂਟਿਕ ਸੀ। 1991 ਵਿੱਚ ਖਾੜੀ ਯੁੱਧ ਦੇ ਸਮੇਂ ਭਾਰਤ ਵਿੱਚ ਸੀ ਐਨ ਐਨ ਦੇਖਣ ਨੂੰ ਮਿਲਿਆ। ਹੋ ਰਹੇ ਯੁੱਧ ਨੂੰ ਆਪਣੇ ਡਰਾਇੰਗਰੂਮ ਵਿੱਚ ਬੈਠ ਕੇ ਦੇਖਣ ਦਾ ਅਨੁਭਵ ਬਹੁਤ ਹੀ ਰੁਮਾਂਟਿਕ ਸੀ। ਫਿਰ 1992 ਵਿੱਚ ਜ਼ੀਟੀਵੀ ਅਤੇ ਸਟਾਰ ਟੀਵੀ ਸਾਹਮਣਾ ਆਇਆ। ਕੇਬਲ ਦਾ ਜਾਲ ਸ਼ਹਿਰ ਦੇ ਹਰ ਗਲੀ-ਮੁਹੱਲੇ ਵਿੱਚ ਫੈਲਣ ਲੱਗਿਆ। ਭਾਰਤੀ ਟੀਵੀ ਦਰਸ਼ਕਾਂ ਲਈ ਖ਼ੁਸ਼ੀ ਦੀ ਉਦੋਂ ਕੋਈ ਹੱਦ ਨਹੀਂ ਰਹੀ ਜਦੋਂ ਦੂਰਦਰਸ਼ਨ ਦੀ ਬਿਜਾਏ ਦਰਜਨਾਂ ਟੀਵੀ ਚੈਨਲ ਉਸਦੀ ਪਹੁੰਚ ਵਿੱਚ ਹੋ ਗਏ। ਭਾਰਤੀ ਦਰਸ਼ਕ ਟੀਵੀ 'ਤੇ ਟੁੱਟ ਪਿਆ, ਦੂਜੇ ਪਾਸੇ ਟੀਵੀ ਨਵੇਂ-ਨਵੇਂ ਚੈਨਲਾਂ ਰਾਹੀਂ

## ਮੁਲਾਕਾਤੀ: ਸੰਧਿਆ ਉਪਧਿਆਏ

ਸਮਾਜ ਦੀਆਂ ਕਦਰਾਂ ਕੀਮਤਾਂ ਨੂੰ ਗਲੈਮਰ ਦਾ ਤੜਕਾ ਲਾ ਕੇ ਪੇਸ਼ ਕਰ ਰਿਹਾ ਸੀ। ਮੁੱਕਦੀ ਗੱਲ ਇਹ ਕਿ ਭਾਰਤੀ ਦਰਸ਼ਕ ਟੀਵੀ ਦਾ ਮਰੀਜ਼ ਹੋ ਗਿਆ। ਇਸ ਵੇਲੇ ਹੀ ਵਿਸ਼ਵੀਕਰਨ ਦੁਆਰਾ ਉਸਦੀ ਸੰਵੇਦਨਾ ਨੂੰ ਜਕੜਿਆ ਜਾ ਰਿਹਾ ਸੀ। ਇਸ ਲਗਾਤਾਰਤਾ ਨੇ ਸਮੁੱਚੇ ਸੰਵੇਦਨਾ ਤੰਤਰ ਨੂੰ ਹੀ ਬਦਲ ਦਿੱਤਾ।

**? ਇਹ ਤਾਂ ਟੀਵੀ ਦੀ ਗੱਲ ਹੋਈ ਭਾਰਤੀ ਸਿਨੇਮਾ ਅਤੇ ਵਿਸ਼ਵੀਕਰਨ ਦਾ ਰਿਸ਼ਤਾ ਕਿਵੇਂ ਬਣਿਆ।**

**ਸੁਰਿੰਦਰ ਮਨਨ-** ਟੀਵੀ ਚੈਨਲਾਂ ਦੀ ਭਰਮਾਰ ਦੇ ਨਾਲ-ਨਾਲ ਸਰਕਾਰੀ ਉਦਰੀਕਰਨ ਦੀ ਨੀਤੀ ਤਹਿਤ ਭਾਰਤ ਵਿੱਚ ਵਿਦੇਸ਼ੀ ਫਿਲਮਾਂ ਵੱਡੇ ਪੱਧਰ 'ਤੇ ਰਿਲੀਜ਼ ਹੋਣ ਲੱਗੀਆਂ। ਪਹਿਲਾਂ ਹਾਲੀਵੁੱਡ ਦੀਆਂ ਫਿਲਮਾਂ ਰਾਸ਼ਟਰੀ ਫਿਲਮ ਵਿਕਾਸ ਨਿਗਮ ਰਾਹੀਂ ਸੈਂਸਰ ਕੀਤੀਆਂ ਜਾਂਦੀਆਂ ਸਨ, ਫਿਲਮ ਨੂੰ ਹਰੀ ਝੰਡੀ ਦੇਣ ਤੋਂ ਪਹਿਲਾਂ ਇਸ ਗੱਲ ਨੂੰ ਵਿਚਾਰਿਆ ਜਾਂਦਾ ਸੀ ਕਿ ਇਹ ਫਿਲਮ ਪ੍ਰਦਰਸ਼ਣ ਦੇ ਲਾਇਕ ਹੈ ਜਾਂ ਨਹੀਂ। ਪਰ ਹੁਣ ਇਹ ਪਾਬੰਦੀ ਹਟਾ ਦਿੱਤੀ ਗਈ ਹੈ ਤੇ 1992 ਤੋਂ ਬਾਅਦ ਹਾਲੀਵੁੱਡ ਦੀਆਂ ਫਿਲਮਾਂ ਦਾ ਧੜਾਧੜ ਪ੍ਰਦਰਸ਼ਨ ਹੋ ਰਿਹਾ ਹੈ। ਬਾਜ਼ਾਰ ਦੀ ਮੰਗ ਨੂੰ ਦੇਖਦੇ ਹੋਏ ਜਾਂ ਬਾਜ਼ਾਰ ਵਿੱਚ ਮੰਗ ਪੈਦਾ ਕਰਨ ਲਈ ਹਿੰਦੀ, ਮਲਿਆਲਮ, ਤਮਿਲ ਆਦਿ ਖੇਤਰੀ ਭਾਸ਼ਾਵਾਂ ਵਿੱਚ ਵੀ ਇਹਨਾਂ ਫਿਲਮਾਂ ਦੀ ਡਬਿੰਗ ਹੋ ਰਹੀ ਹੈ। ਇਸ ਨਵੇਂ ਦੌਰ ਵਿੱਚ ਹਿੰਦੁਸਤਾਨ 'ਚ ਟਾਈਟੈਨਿਕ ਵਰਗੀਆਂ ਫਿਲਮਾਂ ਨੇ ਚੰਗਾ ਵਪਾਰ ਕੀਤਾ। ਉਹਨਾਂ ਦੀ ਪ੍ਰੋਡਕਸ਼ਨ ਵੈਲਯੂ, ਸਕੇਲ ਅਤੇ ਮਾਰਕੀਟਿੰਗ ਨੇ ਭਾਰਤੀ ਦਰਸ਼ਕ ਨੂੰ ਚਕਾਚੌਂਧ ਕਰ ਦਿੱਤਾ। ਇਸ ਤਰ੍ਹਾਂ ਹੀ ਇੰਟਰਨੈਟ ਅਤੇ ਵਾਇਰਲੈਸ ਫੋਨ ਆਉਣ ਨਾਲ ਭਾਰਤੀ ਸਮਾਜ ਦਾ ਪੂਰੀ ਤਰ੍ਹਾਂ ਕਾਇਆਕਲਪ ਹੋ ਗਿਆ। ਹੁਣ ਉਹ ਪਹਿਲਾਂ ਵਰਗਾ ਦਰਸ਼ਕ ਨਹੀਂ ਰਿਹਾ, ਉਸਦੀ ਪੂਰੀ ਤਰ੍ਹਾਂ ਕੰਡੀਸ਼ਨਿੰਗ ਹੋ ਚੁੱਕੀ ਹੈ। ਜ਼ਾਹਿਰ ਹੈ ਕਿ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਭਾਰਤੀ ਸਿਨੇਮਾ ਨੇ ਵੀ ਆਪਣੇ-ਆਪ ਨੂੰ ਬਦਲਣਾ ਹੀ ਸੀ।

**? ਉਹ ਕਿਵੇਂ ਅਤੇ ਕਿਸ ਰੂਪ ਵਿੱਚ ਬਦਲਿਆ।**

ਸੁਰਿੰਦਰ ਮਨਨ- ਵਿਸ਼ਵੀਕਰਨ ਨੇ ਸਾਡੇ ਸਮਾਜ ਵਿੱਚ ਇੱਕ ਨਵੀ ਵਰਗ ਵੰਡ ਨੂੰ ਜਨਮ ਦਿੱਤਾ। ਇੱਕ ਵਰਗ ਉਹ ਬਣਿਆ ਜੋ ਵਿਸ਼ਵੀਕਰਨ ਦੀ ਕੀਮਤ ਚੁਕਾ ਸਕਦਾ ਸੀ ਅਤੇ ਦੂਸਰਾ ਉਹ ਜੋ ਉਸਦੀ ਕੀਮਤ ਚੁਕਾਉਣ ਵਿੱਚ ਅਸਮਰਥ ਸੀ। ਇਸ ਤਰ੍ਹਾਂ ਹੀ ਵਿਸ਼ਵੀਕਰਨ ਨੇ ਸਿਨੇਮਾ ਦੇ ਦਰਸ਼ਕਾਂ ਨੂੰ ਵੀ ਵੰਡਿਆ। ਹੁਣ ਇੱਕ ਹੀ ਹਾਲ ਵਿੱਚ ਬੈਠ ਕੇ ਸਿਨੇਮਾ ਦੇਖਣ ਵਾਲਾ ਦਰਸ਼ਕ ਵਰਗ ਨਹੀਂ ਰਹਿ ਗਿਆ ਸੀ। ਉਸਨੂੰ ਆਪਣੀ ਸਮਝ ਅਤੇ ਸੰਵੇਦਨਾ ਦੇ ਮੁਤਾਬਿਕ ਵੱਖ-ਵੱਖ ਤਰ੍ਹਾਂ ਦਾ ਸਿਨੇਮਾ ਚਾਹੀਦਾ ਸੀ। ਜਿਹੜਾ ਦਰਸ਼ਕ ਵਰਗ ਵਿਸ਼ਵੀਕਰਨ ਦੇ ਸਿੱਧੇ ਪ੍ਰਭਾਵ ਹੇਠ ਰਿਹਾ, ਜਿਸਨੇ ਵਿਸ਼ਵੀਕਰਨ ਦੀਆਂ ਸਾਰੀਆਂ ਸੁੱਖ-ਸਹੂਲਤਾਂ ਮਾਣੀਆਂ, ਤਕਨੀਕੀ ਸਾਧਨਾਂ ਵਿੱਚ ਪਲਿਆ, ਉਹ ਉਸ ਦਰਸ਼ਕ ਵਰਗ ਤੋਂ ਵੱਖਰਾ ਸੀ ਜੋ ਅਜਿਹੇ ਪ੍ਰਭਾਵ ਦੇ ਸਿੱਧੇ ਸੰਪਰਕ ਵਿੱਚ ਨਹੀਂ ਸਨ। ਇਹ ਨਵਾਂ ਵਰਗ ਐਮਟੀਵੀ, ਐਫਟੀਵੀ, ਵੀਟੀਵੀ, ਇੰਟਰਨੈਟ, ਮੈਕਡੋਨਲ, ਹਿੱਪਹਾਪ ਅਤੇ ਹੋਰ ਤਮਾਮ ਤਰ੍ਹਾਂ ਦੀ ਅਮਰੀਕੀ ਸਾਫਟ ਪਾਵਰ ਦੀ ਨਿਰੰਤਰ ਮਿਲਦੀ ਖ਼ੁਰਾਕ ਸਹਾਰੇ ਪਲਿਆ ਸੀ। ਜ਼ਾਹਿਰ ਹੈ ਕਿ ਪਰੰਪਰਿਕ ਸਿਨੇਮਾ ਉਸਦੀ ਰੁਚੀਆਂ ਦੇ ਅਨੁਕੂਲ ਨਹੀਂ ਸੀ। ਉਸਨੂੰ ਵਿਸ਼ਾਲ ਥਿਏਟਰ ਵੀ ਅਨੁਕੂਲ ਨਹੀਂ ਸੀ ਜਿਸ ਵਿੱਚ ਇੱਕ ਰਿਕਸ਼ੇ ਵਾਲਾ ਤੇ ਅਮੀਰ ਆਦਮੀ ਇਕੱਠੇ ਬੈਠ ਕੇ ਫਿਲਮ ਦੇਖਣ। ਉਹ ਆਪਣੇ ਲਈ ਵੱਖਰੀ ਤਰ੍ਹਾਂ ਦਾ ਥਿਏਟਰ ਚਾਹੁੰਦਾ ਸੀ, ਜਿਸ ਵਿੱਚ ਟਿਕਟ ਖਿੜਕੀ 'ਤੇ ਬੁਕਿੰਗ ਕਰਨ ਵੇਲੇ ਕੁੜੀ ਉਸ ਨਾਲ ਅੰਗਰੇਜ਼ੀ ਵਿੱਚ ਗੱਲ ਕਰੇ ਤੇ ਅੰਦਰ ਹਾਲ ਵਿੱਚ ਉਹ ਆਪਣੀ ਗਰਲ ਫਰੈਂਡ ਨਾਲ ਕੋਕ ਪੀਂਦੇ ਹੋਏ ਵੱਖਰੇ ਜਿਹੇ ਮਹੌਲ ਵਿੱਚ ਫਿਲਮ ਦੇਖੇ। ਇਸ ਤਰ੍ਹਾਂ ਫਿਲਮ ਦੇਖਣ ਲਈ ਦੋ ਢਾਈ ਸੌ ਰੁਪਏ ਖਰਚਣੇ ਉਸ ਲਈ ਵੱਡੀ ਗੱਲ ਨਹੀਂ ਸੀ। ਸਗੋਂ ਘੱਟ ਕੀਮਤ 'ਤੇ ਟਿਕਟ ਖਰੀਦਣ ਵਾਲਿਆਂ ਨਾਲੋਂ ਵੱਖਰਾ ਦਿਸਣ ਲਈ ਉਹ ਵੱਧ ਖਰਚਦਾ ਸੀ। ਦੂਜੇ ਪਾਸੇ ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਥਿਏਟਰ ਮਾਲਕਾਂ ਨੇ ਵਪਾਰ ਦੇ ਤੌਰ-ਤਰੀਕੇ ਬਦਲੇ ਤੇ ਇਸ ਤਰ੍ਹਾਂ ਮਲਟੀਪਲੈਕਸ ਦਾ ਜਨਮ ਹੋਇਆ ਅਤੇ ਸਿੰਗਲ ਸਕਰੀਨ ਥਿਏਟਰ ਦੀ ਮੌਤ ਹੋ ਗਈ।

**? ਸਿੰਗਲ ਸਕਰੀਨ ਥਿਏਟਰ ਦੇ ਨਾਲ ਫਿਲਮ ਦੇਖਣ ਦੀ ਜੋ ਇੱਕ ਸੰਸਕ੍ਰਿਤੀ ਹੁੰਦੀ ਸੀ ਉਹ ਵੀ ਖ਼ਤਮ ਹੋ ਗਈ, ਇਸਦੇ ਨਾਲ-ਨਾਲ ਫਿਲਮ ਦੇ ਨਿਰਮਾਣ ਅਤੇ ਮਾਰਕੀਟਿੰਗ ਵਿੱਚ ਵੀ ਕੁੱਝ ਤਬਦੀਲੀਆਂ ਆਈਆਂ ਹੋਣਗੀਆਂ, ਪੇਸ਼ਕਾਰੀ 'ਤੇ ਵੀ ਇਸਦਾ ਜ਼ਰੂਰ ਪ੍ਰਭਾਵ ਪਿਆ ਹੋਵੇਗਾ। ਇਸ ਬਾਰੇ ਤੁਹਾਡਾ ਕੀ ਕਹਿਣਾ ਹੈ।**

**ਸੁਰਿੰਦਰ ਮਨਨ-** ਮਲਟੀਪਲੈਕਸ ਅਤੇ ਇਸਦੇ ਦਰਸ਼ਕ ਵਰਗ ਨੇ ਸਿਨੇਮਾ ਬਣਾਉਣ ਦੀ ਸਮਝ ਅਤੇ ਮਾਰਕੀਟ ਦੋਨਾਂ ਨੂੰ ਹੀ ਪ੍ਰਭਾਵਿਤ ਕੀਤਾ। ਤਕਨੀਕ ਅਤੇ ਵਿਸ਼ੇ ਦੇ ਪੱਖ ਤੋਂ ਇੱਕ ਨਵਾਂ ਤਰ੍ਹਾਂ ਦਾ ਸਿਨੇਮਾ ਸਾਹਮਣੇ ਆਇਆ। ਜਿਹੜਾ ਖਾਸ ਤੌਰ 'ਤੇ ਮਲਟੀਪਲੈਕਸ ਦੇ ਦਰਸ਼ਕਾਂ ਲਈ ਸੀ। ਲਵ ਸੈਕਸ ਔਰ ਧੋਖਾ, ਰਾਗਿਨੀ ਐਮ ਐਮ ਐਸ, ਪਿਆਰ ਕਾ ਪੰਚਨਾਮਾ, ਸਾਹਿਬ ਬੀਬੀ ਔਰ ਗੈਂਗਸਟਰ, ਡੇਲ੍ਹੀ-ਬੈਲੀ ਆਦਿ ਅਜਿਹੀਆਂ ਹੀ ਫਿਲਮਾਂ ਹਨ। ਇਸ ਸਿਨੇਮਾ ਨੇ ਸਿਨਮੈਟੋਗ੍ਰਾਫੀ, ਅਡੀਟਿੰਗ, ਕੇਂਦਰੀ ਪਾਤਰ ਆਦਿ ਨਾਲ ਸਬੰਧਿਤ ਸਾਰੀਆਂ ਪਰੰਪਰਿਕ ਕਦਰਾਂ-ਕੀਮਤਾਂ ਨੂੰ ਤੋੜ ਦਿੱਤਾ।

**? ਭਾਰਤੀ ਸਿਨੇਮਾ ਜਾਂ ਉਸਦਾ ਇੱਕ ਹਿੱਸਾ ਬਾਲੀਵੁੱਡ ਗਲੋਬਲ ਹੋ ਗਿਆ ਹੈ, ਕੀ ਇਹ ਸਿਰਫ਼ ਇੱਕ ਜਿਓਗ੍ਰਾਫਿਕਲ ਡਾਈਮੈਨਸ਼ਨਜ਼ ਹੈ ਜਾਂ ਇਸਦਾ ਸਬੰਧ ਕਲਚਰਲ ਪ੍ਰੋਡਕਸ਼ਨ ਜਾਂ ਕਲਚਰਲ ਆਈਡੈਂਟਿਟੀਜ਼ ਨਾਲ ਵੀ ਹੈ। ਖਾਸ ਤੌਰ 'ਤੇ ਐਨ ਆਰ ਆਈ ਲੋਕਾਂ ਜਾਂ ਭਾਰਤੀ ਡਾਇਸਪੋਰਾ ਦੇ ਸੰਦਰਭ ਵਿੱਚ ਤੁਹਾਡਾ ਕੀ ਕਹਿਣਾ ਹੈ।**

**ਸੁਰਿੰਦਰ ਮਨਨ-** ਵਿਸ਼ਵੀਕਰਨ ਦੇ ਕਾਰਨ ਐਨ ਆਰ ਆਈ ਜਨਸੰਖਿਆ ਤੇਜ਼ੀ ਨਾਲ ਵਧੀ ਅਤੇ ਭਾਰਤੀ ਡਾਇਸਪੋਰਾ ਦਾ ਕਾਫ਼ੀ ਵਿਸਤਾਰ ਹੋਇਆ। ਬਾਲੀਵੁੱਡ ਦੇ ਲਈ ਇਹ ਇੱਕ ਬਾਜ਼ਾਰ ਸੀ, ਬਹੁਤ ਹੀ ਆਕਰਸ਼ਕ ਬਾਜ਼ਾਰ, ਸਫਲਤਾ ਦੇ ਨਾਲ ਬੇਸ਼ੁਮਾਰ ਪੈਸਾ। ਅੱਜ ਬਾਲੀਵੁੱਡ ਦੀਆਂ ਫਿਲਮਾਂ 17 ਦੇਸ਼ਾਂ ਵਿੱਚ ਦਿਖਾਈ ਜਾਂਦੀਆਂ ਹਨ ਅਤੇ ਵਿਦੇਸ਼ਾਂ ਵਿੱਚੋਂ ਹੀ ਫਿਲਮ ਦੀ ਲਾਗਤ ਨਿਕਲ ਆਉਂਦੀ ਹੈ, ਇਹੀ ਨਹੀਂ ਬਲਕਿ ਮੁਨਾਫ਼ਾ ਵੀ ਹੋ

ਜਾਂਦਾ ਹੈ। ਸ਼ਰਤ ਇਹ ਹੈ ਕਿ ਫਿਲਮ ਵਿੱਚ ਉਹ ਹੋਵੇ ਜੋ ਪ੍ਰਵਾਸੀ ਭਾਰਤੀਆਂ ਨੂੰ ਆਕਰਸ਼ਿਤ ਕਰਦਾ ਹੈ। ਇਸ ਵਰਗ ਦੀ ਦਿਲਚਪਸੀ ਭਾਰਤੀ ਸ਼ਹਿਰੀ ਨੌਜਵਾਨ ਤੋਂ ਵੱਖਰੀ ਸੀ। ਇਸਦਾ ਕਾਰਨ ਸੱਭਿਆਚਾਰ ਨਾਲ ਭਾਵਨਾਤਮਕ ਸਾਂਝ ਹੈ। ਵਿਦੇਸ਼ਾਂ ਵਿੱਚ ਰਹਿੰਦੇ ਹੋਏ ਭਾਰਤੀ ਦਰਸ਼ਕ ਬਹੁਤ ਪਿੱਛੇ ਰਹਿ ਗਏ ਭਾਰਤੀ ਸਮਾਜ ਅਤੇ ਭਾਰਤੀ ਕਿਰਦਾਰਾਂ ਨੂੰ ਦੇਖਣਾ ਚਾਹੁੰਦੇ ਸਨ। ਉਹ ਅਜਿਹੇ ਸਮਾਜਿਕ ਅਤੇ ਪਰਿਵਾਰਕ ਸਬੰਧ ਦੇਖਣਾ ਚਾਹੁੰਦੇ ਸਨ ਜੋ ਵਿਦੇਸ਼ਾਂ ਵਿੱਚ ਰਹਿਣ ਕਰਕੇ ਉਹਨਾਂ ਤੋਂ ਛੁੱਟ ਗਏ ਸਨ। ਯਸ ਚੋਪੜਾ ਵਰਗੇ ਖਿਡਾਰੀ ਨੇ ਪ੍ਰਵਾਸੀਆਂ ਦੀ ਇਸ ਨਬਜ਼ ਫੜਿਆ ਤੇ ਖ਼ੂਬ ਪੈਸਾ ਕਮਾਇਆ।

ਉਦਾਹਰਣ ਦੇ ਲਈ ਅਸੀਂ 'ਦਿਲ ਵਾਲੇ ਦੁਲਹਨੀਆ ਲੇ ਜਾਏਂਗੇ' ਫਿਲਮ ਨੂੰ ਲੈ ਸਕਦੇ ਹਾਂ। ਇਸ ਫਿਲਮ ਨੂੰ ਜਦ ਰਿਕਾਰਡ ਤੋੜ ਸਫ਼ਲਤਾ ਹਾਸਿਲ ਹੋਈ ਤਾਂ ਇਸ ਫਾਰਮੂਲੇ 'ਤੇ ਫਿਲਮਾਂ ਬਣਨੀਆਂ ਸ਼ੁਰੂ ਹੋ ਗਈਆਂ। ਇਸ ਫਿਲਮ ਦਾ ਨਾਇਕ ਐਨ ਆਰ ਆਈ ਹੈ ਪਰ ਉਹ ਭਾਰਤੀ ਕਦਰਾਂ-ਕੀਮਤਾਂ ਵਿੱਚ ਵਿਸ਼ਵਾਸ ਰੱਖਣ ਵਾਲਾ ਹੈ। ਕਭੀ ਖੁਸ਼ੀ ਕਭੀ ਗ਼ਮ, ਯਾਦੇਂ, ਕਭੀ ਅਲਵਿਦਾ ਨਾ ਕਹਿਨਾ, ਕਲ ਹੋ ਨਾ ਹੋ, ਪਰਦੇਸ਼ ਆਦਿ ਇਸੇ ਮਾਰਕੀਟ ਲਈ ਬਣਾਈਆਂ ਫਿਲਮਾਂ ਹਨ। ਇਸਦਾ ਇੱਕ ਹੋਰ ਰੌਚਕ ਪੱਖ ਇਹ ਹੈ ਕਿ ਭਾਰਤੀ ਡਾਇਸਪੋਰਾ ਦਾ ਵੱਡਾ ਹਿੱਸਾ ਸਿੱਖਾਂ ਨਾਲ ਸਬੰਧਿਤ ਹੈ, ਇਸ ਲਈ ਫਿਲਮ ਸਿੰਘ ਇਜ਼ ਕਿੰਗ ਦਾ ਨਾਇਕ ਸਿੱਖ ਹੈ। ਇਸੇ ਲੜੀ ਵਿੱਚ ਯਮਲਾ ਪਗਲਾ ਦੀਵਾਨਾ, ਰਾਕੇਟ ਸਿੰਘ, ਲਵ ਆਜਕਲ, ਆਈ ਐਮ ਸਿੰਘ ਆਦਿ ਫਿਲਮਾਂ ਆਉਂਦੀਆਂ ਹਨ।

**? ਭਾਰਤੀ ਡਾਇਸਪੋਰਾ ਨੂੰ ਛੱਡ ਕੇ ਕੀ ਵਿਸ਼ਵ ਦੇ ਬਾਜ਼ਾਰ ਵਿੱਚ ਵੀ ਭਾਰਤੀ ਸਿਨੇਮਾ ਕੋਈ ਥਾਂ ਬਣਾ ਰਿਹਾ ਹੈ।**

**ਸੁਰਿੰਦਰ ਮਨਨ-** ਵਿਸ਼ਵੀਕਰਨ ਨੇ ਸਿਨੇਮਾ ਨੂੰ ਵਿਸ਼ਵ ਸਿਨੇਮਾ ਦੀ ਤਰਜ਼ 'ਤੇ ਸੋਚਣਾ, ਫਿਲਮ ਦਾ ਨਿਰਮਾਣ ਕਰਨਾ ਅਤੇ ਉਸਦੀ ਮਾਰਕਟਿੰਗ ਕਰਨਾ ਵੀ ਸਿਖਾਇਆ ਹੈ। ਵਿਸ਼ਵੀਕਰਨ ਦੇ ਕਾਰਨ ਹੀ ਬਾਲੀਵੁੱਡ ਨੂੰ ਅਜਿਹੇ ਅੰਤਰਰਾਸ਼ਟਰੀ ਮੰਚ ਮਿਲੇ ਜਿੱਥੇ ਭਾਰਤੀ ਸਿਨੇਮਾ ਨੂੰ ਪ੍ਰਮੋਟ ਕੀਤਾ ਜਾ ਸਕਦਾ ਹੈ। ਕਾਨਜ਼, ਬਾਫਟਾ, ਇਫਟਾ, ਆਸਕਰ, ਗੋਲਡਨ ਗਲੋਬ ਅਦਿ ਅਨੇਕਾਂ ਅੰਤਰਰਾਸ਼ਟਰੀ ਮੰਚ ਹਨ ਜਿੱਥੇ ਬਾਲੀਵੁੱਡ ਸਿਨੇਮਾ ਨੇ ਆਪਣੀ ਪਹਿਚਾਣ ਬਣਾਈ ਹੈ। ਹੁਣ ਫਿਲਮਾਂ ਦੇ ਦੋ ਵਰਜ਼ਿਨ ਬਣਦੇ ਹਨ ਇੱਕ ਘਰੇਲੂ ਪ੍ਰਦਰਸ਼ਨ ਦੇ ਲਈ ਇੱਕ ਅੰਤਰਰਾਸ਼ਟਰੀ ਪ੍ਰਦਰਸ਼ਨ ਲਈ। ਨਿਰਮਾਤਾ, ਨਿਰਦੇਸ਼ਕ ਅਤੇ ਐਕਟਰ ਫਿਲਮ ਦੀ ਪਰਮੋਸ਼ਨ ਲਈ ਅੰਤਰਾਸ਼ਟਰੀ ਫਿਲਮ ਸਮਾਰੋਹਾਂ ਵਿੱਚ ਹਿੱਸਾ ਲੈਂਦੇ ਹਨ। ਅਮਰੀਕਾ, ਫਰਾਂਸ, ਕਨੇਡਾ, ਜਰਮਨ ਅਤੇ ਇੰਗਲੈਂਡ ਦੇ ਪ੍ਰੋਡਕਸ਼ਨ ਹਾਊਸ ਭਾਰਤੀ ਥੀਮ ਅਤੇ ਕਥਾਵਾਂ 'ਤੇ ਅਧਾਰਿਤ ਫਿਲਮਾਂ ਨੂੰ ਪੂੰਜੀ ਉਪਲਬਧ ਕਰਵਾ ਰਹੇ ਹਨ।

**? ਕੀ ਬਾਲੀਵੁੱਡ ਨੂੰ ਭਾਰਤੀ ਸਿਨੇਮਾ ਤੋਂ ਵੱਖ ਮੰਨਿਆ ਜਾਵੇ।**

**ਸੁਰਿੰਦਰ ਮਨਨ-** ਬਾਲੀਵੁੱਡ ਭਾਰਤੀ ਸਿਨੇਮਾ ਦੀ ਪ੍ਰਤੀਨਿਧਤਾ ਨਹੀਂ ਕਰਦਾ। ਇਹ ਭਾਰਤੀ ਸਿਨੇਮਾ ਦਾ ਇੱਕ ਹਿੱਸਾ ਹੈ ਜਿਵੇਂ ਹੋਰ ਖੇਤਰੀ ਭਾਸ਼ਾਵਾਂ ਦਾ ਸਿਨੇਮਾ ਹੈ। ਵਿਦੇਸ਼ੀ ਬਾਜ਼ਾਰ ਦੇ ਲਈ ਹਾਲੀਵੁੱਡ ਦੀ ਤਰਜ਼ 'ਤੇ ਬਾਲੀਵੁੱਡ ਦਾ ਪ੍ਰਚਾਰ ਕੀਤਾ ਗਿਆ ਹੈ। ਜੇ ਬਾਲੀਵੁੱਡ ਨੂੰ ਵੱਖਰਾ ਕਰ ਦਿੱਤਾ ਜਾਵੇ ਤਾਂ ਭਾਰਤੀ ਸਿਨੇਮਾ ਅਤੇ ਖੇਤਰੀ ਸਿਨੇਮਾ ਦੀ ਵੱਖਰੀ ਪਹਿਚਾਣ ਹੈ। ਇਸਦਾ ਵੱਖਰਾ ਇਤਿਹਾਸ ਹੈ ਜਿਸਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਫਰਕ ਇਹ ਹੈ ਕਿ ਬਾਲੀਵੁੱਡ ਦੀਆਂ ਫਿਲਮਾਂ ਦਾ ਬਾਜ਼ਾਰ ਵੱਡਾ ਹੈ ਪਰ ਸਿਰਫ਼ ਇਸ ਕਰਕੇ ਇਸਨੂੰ ਭਾਰਤੀ ਸਿਨੇਮਾ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ।

**? ਵਿਸ਼ਵੀਕਰਨ ਦਾ ਖੇਤਰੀ ਭਾਸ਼ਾਵਾਂ ਦੇ ਸਿਨੇਮਾ 'ਤੇ ਕੀ ਪ੍ਰਭਾਵ ਪਿਆ**

**ਸੁਰਿੰਦਰ ਮਨਨ-** ਇਸ ਪ੍ਰਭਾਵ ਕਾਰਨ ਖੇਤਰੀ ਸਿਨੇਮਾ ਵਿੱਚ ਕਈ ਤਰ੍ਹਾਂ ਦੇ ਪਰਿਵਰਤਨ ਦੇਖਣ ਨੂੰ ਮਿਲਦੇ ਹਨ। ਨਿਸਚਿਤ ਹੀ ਇਹ ਸਿਨੇਮਾ ਇੱਕ ਨਵੇਂ ਦੌਰ ਵਿੱਚ ਪ੍ਰਵੇਸ਼ ਕਰ ਚੁੱਕਾ ਹੈ। ਕੋਂਕਨੀ ਵਿੱਚ ਇੱਕ ਨਿਰਦੇਸ਼ਕ ਦੁਆਰਾ ਵਿਦੇਸ਼ੀ ਫਿਲਮ ਕੰਪਨੀ ਦੇ ਸਹਿਯੋਗ ਨਾਲ ਫਿਲਮ ਬਣਾਈ ਜਾ ਰਹੀ ਹੈ ਜਿਸਦਾ ਬਜਟ ਤਿੰਨ ਕਰੋੜ ਹੈ। ਇਹ ਅਜਿਹੀ ਭਾਸ਼ਾ ਹੈ ਜਿਸਦਾ ਦਰਸ਼ਕ ਵਰਗ ਬਹੁਤ ਥੋੜਾ ਹੈ। ਮਾਰਕੀਟਿੰਗ ਦੇ ਤਰੀਕੇ ਬਦਲ ਗਏ ਹਨ। ਖੇਤਰੀ ਸਿਨੇਮਾ ਦੀਆਂ ਸੰਭਾਵਨਾਵਾਂ ਨੂੰ ਦੇਖਦੇ ਹੋਏ ਕੋਰਪੋਰੇਟ ਫੰਡਿੰਗ ਹੋ ਰਹੀ ਹੈ। ਇਹ ਸਿਨੇਮਾ ਬਹੁਤ ਤੇਜ਼ੀ ਨਾਲ ਮੁੱਖ ਧਾਰਾ ਵਿੱਚ ਆਪਣੀ ਥਾਂ ਬਣਾ ਰਿਹਾ ਹੈ।

**? ਪਹਿਲਾਂ ਜਦੋਂ ਸਿਨੇਮਾ ਇੱਕ ਉਦਯੋਗ ਨਹੀਂ ਸੀ, ਫਿਲਮਾਂ ਵਿੱਚ ਕਲਾ ਅਤੇ ਯਥਾਰਥ 'ਤੇ ਜ਼ੋਰ ਹੁੰਦਾ ਸੀ। ਪਰ ਅੱਜਕੱਲ੍ਹ ਮਾਰਕੀਟਿੰਗ ਅਤੇ ਤਕਨੀਕ ਪ੍ਰਮੁੱਖ ਹੋ ਗਈ ਹੈ। ਤੁਹਾਡਾ ਕੀ ਵਿਚਾਰ ਹੈ।**

**ਸੁਰਿੰਦਰ ਮਨਨ-** ਤੇਰੇ ਸਵਾਲ ਤੋਂ ਲੱਗਦਾ ਹੈ ਕਿ ਸਿਨੇਮਾ ਨੂੰ ਉਦਯੋਗ ਦਾ ਦਰਜਾ ਦੇਣ ਕਾਰਨ ਸ਼ਾਇਦ ਇਸ ਖੇਤਰ ਵਿੱਚ ਗਿਰਾਵਟ ਆ ਗਈ ਹੈ ਪਰ ਅਜਿਹਾ ਨਹੀਂ ਹੈ। ਜੇਕਰ ਗਹੁ ਨਾਲ ਵਾਚਿਆ ਜਾਵੇ ਯਥਾਰਥ ਦਾ ਚਿਤਰਨ ਕਰਨਾ ਬੰਬਈ ਜਾਂ ਹਿੰਦੀ ਸਿਨੇਮਾ ਦਾ ਕਦੇ ਉਦੇਸ਼ ਨਹੀਂ ਰਿਹਾ। ਅਜਿਹੀਆਂ ਕੋਸ਼ਿਸ਼ਾਂ ਕਦੇ-ਕਦੇ ਹੋਈਆਂ ਹਨ, ਉਹ ਵੀ ਬਹੁਤ ਘੱਟ। ਅਸਲ ਵਿੱਚ ਫਿਲਮ ਬਣਾਉਣ ਵਾਲਿਆਂ ਦਾ ਮੁੱਖ ਮਕਸਦ ਇਹੀ ਹੁੰਦਾ ਹੈ ਕਿ ਲੋਕਾਂ ਨੂੰ ਸਿਨੇਮਾ ਤੱਕ ਕਿਵੇਂ ਲਿਆਂਦਾ ਜਾਵੇ। ਇਸ ਮਕਸਦ ਲਈ ਉਹ ਕਈ ਵਾਰੀ ਯਥਾਰਥ ਨੂੰ ਵੀ ਵਰਤ ਲੈਂਦੇ ਹਨ। ਅਸਲ ਗੱਲ ਇਹ ਹੈ ਕਿ ਉਹ ਕਿਸੇ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਸਿਨੇਮਾ ਨੂੰ ਉਦਯੋਗ ਦਾ ਦਰਜਾ 2000 ਵਿੱਚ ਦਿੱਤਾ ਗਿਆ। ਇਸ ਤੋਂ ਪਹਿਲਾਂ ਜਦੋਂ ਇਸਨੂੰ ਉਦਯੋਗ ਦਾ ਦਰਜਾ ਨਹੀਂ ਦਿੱਤਾ ਗਿਆ ਸੀ ਉਸ ਸਮੇਂ ਦੀਆਂ ਬਣੀਆਂ ਫਿਲਮਾਂ ਵਿੱਚ ਜੋ ਕਾਫ਼ੀ ਹਿੱਟ ਰਹੀਆਂ, ਯਥਾਰਥ ਲੱਭਣ ਲਈ ਕਾਫ਼ੀ ਮੁਸ਼ੱਕਤ ਕਰਨੀ ਪਵੇਗੀ। ਸ਼ੋਲੇ, ਸੀਤਾ ਔਰ ਗੀਤਾ, ਦੀਵਾਰ, ਅਮਰ ਅਕਬਰ ਐਂਥਨੀ ਵਰਗੀਆਂ ਫਿਲਮਾਂ ਸੱਤਰ ਦੇ ਦਹਾਕੇ ਵਿੱਚ ਬਣੀਆਂ ਜੋ ਹਿੱਟ ਵੀ ਰਹੀਆਂ ਪਰ ਇਹਨਾਂ ਦਾ ਸਮਾਜ ਨਾਲ ਕੋਈ ਸਰੋਕਾਰ ਨਹੀਂ।

**? 1970 ਦੇ ਸਮਾਂਤਰ ਸਿਨੇਮਾ ਬਾਰੇ ਤੁਹਾਡਾ ਕੀ ਕਹਿਣਾ ਹੈ। ਇਸ ਦਹਾਕੇ ਵਿੱਚ ਨਿਸ਼ਾਂਤ, ਗਰਮ ਹਵਾ, ਬਾਜ਼ਾਰ ਅਤੇ ਮਿਰਚ ਮਸਾਲਾ ਵਰਗੀਆਂ ਫਿਲਮਾਂ ਆਈਆਂ।**

**ਸੁਰਿੰਦਰ ਮਨਨ-** ਹੁਣ ਅਸੀਂ ਜਿਸ ਸਿਨੇਮਾ ਦੀ ਗੱਲ ਕਰ ਰਹੇ ਹਾਂ ਉਸਦਾ ਮਕਸਦ ਭਾਰਤ ਦੇ ਹਰ ਦਰਸ਼ਕ ਵਰਗ ਤੱਕ ਪਹੁੰਚ ਕਰਨਾ ਹੈ। ਗੀਤ, ਸੰਗੀਤ, ਐਕਟਿੰਗ ਰਾਹੀਂ ਇੱਕ ਭਰਮ ਸਿਰਜਣਾ ਅੱਜ ਦੇ ਸਿਨੇਮਾ ਦਾ ਮਕਸਦ ਹੈ। ਜਦੋਂਕਿ ਸਮਾਂਤਰ ਸਿਨੇਮਾਕਰਮੀ ਭਾਵੇਂ ਉਹ ਗੀਤਕਾਰ ਹੋਵੇ, ਸੰਗੀਤਕਾਰ ਹੋਵੇ, ਨਿਰਦੇਸ਼ਕ ਹੋਵੇ ਜਾਂ ਐਕਟਰ ਉਹ ਸਿਨੇਮਾ ਨੂੰ ਇੱਕ ਵਿਚਾਰਧਾਰਕ ਹਥਿਆਰ ਵਜੋਂ ਵਰਤਦੇ ਸਨ, ਉਹ ਕਲਾ ਰਾਹੀਂ ਆਪਣਾ ਸਨੇਹਾ ਦਿੰਦੇ ਸਨ। ਉਹ ਸਮਾਜਿਕ ਵਰਤਾਰਿਆਂ ਨੂੰ ਪੜਚੋਲਣ ਦੀ ਸਮਝ ਰੱਖਦੇ ਸਨ। ਅਸਲ ਵਿੱਚ ਬਾਲੀਵੁੱਡ ਵਿੱਚ ਉਹ ਹੋਰ ਗ੍ਰਹਿ ਤੋਂ ਆਏ ਬੰਦੇ ਜਾਪਦੇ ਸਨ।

**? ਉਹਨਾਂ ਨੇ ਆਪਣੀ ਥਾਂ ਕਿਵੇਂ ਬਣਾਈ।**

**ਸੁਰਿੰਦਰ ਮਨਨ-** ਉਹਨਾਂ ਦੇ ਹੱਕ ਵਿੱਚ ਸਭ ਤੋਂ ਵੱਡੀ ਗੱਲ ਇਹ ਸੀ ਕਿ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵੱਲੋਂ ਗਠਿਤ ਫਿਲਮ ਵਿੱਤ ਨਿਗਮ ਤੋਂ ਉਹਨਾਂ ਨੂੰ ਆਰਥਿਕ ਸਹਾਇਤਾ ਮਿਲਦੀ ਸੀ। ਇਸ ਆਰਥਿਕ ਸਹਿਯੋਗ ਕਾਰਨ ਹੀ ਸਮਾਂਤਰ ਸਿਨੇਮਾ ਹੋਂਦ ਵਿੱਚ ਆਇਆ ਅਤੇ ਸਿਨੇਮਾ ਦਾ ਦਰਸ਼ਕ ਜਾਣ ਪਾਇਆ ਕਿ ਮਨਮੋਹਨ ਦੇਸਾਈ ਅਤੇ ਸ਼ਿਆਮ ਬੇਨੇਗਲ ਵਿੱਚ ਕੀ ਫਰਕ ਹੈ। ਰਾਜੇਸ ਖੰਨਾ, ਅਮਿਤਾਭ ਬਚਨ, ਹੇਮਾ ਮਲਿਨੀ, ਮੁਮਤਾਜ ਤੋਂ ਨਸੀਰੂਦੀਨ ਸ਼ਾਹ, ਓਮ ਪੁਰੀ, ਸ਼ਬਾਨਾ ਆਜ਼ਮੀ ਅਤੇ ਸਮਿਤਾ ਪਾਟਿਲ ਹੋਰੀਂ ਕਿਵੇਂ ਵੱਖ ਹਨ। ਸੰਗੀਤਕਾਰ ਸਿਰਫ਼ ਲਕਸ਼ਮੀਕਾਂਤ-ਪਿਆਰੇ ਲਾਲ ਹੀ ਨਹੀਂ ਨਵਰਾਜ ਭਾਟੀਆ ਵੀ ਹੈ। ਜੇ ਅਨੰਦ ਬਖ਼ਸੀ ਹੈ ਤਾਂ ਬਸੰਤ ਦੇਵ ਅਤੇ ਵਿਜੇ ਤੇਂਦੁਲਕਰ ਵਰਗੇ ਲੇਖਕ ਵੀ ਹਨ।

**? ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਦੇ ਲਾਗੂ ਹੋਣ ਤੋਂ ਲਗਭਗ ਇੱਕ ਦਹਾਕਾ ਬਾਅਦ 2000 ਵਿੱਚ ਭਾਰਤੀ ਸਿਨੇਮਾ ਨੂੰ ਉਦਯੋਗ ਦਾ ਦਰਜਾ ਦਿੱਤਾ ਗਿਆ। ਇਸਦਾ ਸੰਦਰਭ ਕੀ ਹੈ।**

**ਸੁਰਿੰਦਰ ਮਨਨ-** ਇਹ ਉਹ ਸਮਾਂ ਸੀ ਜਦੋਂ ਆਰਥਿਕ ਤੌਰ 'ਤੇ ਬਾਲੀਵੁੱਡ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਸੀ। ਦਰਸ਼ਕ ਰੰਗੀਨ ਟੀਵੀ ਅਤੇ ਵੀਸੀਆਰ ਦੇਖਣ ਵਿੱਚ ਰੁੱਝੇ ਹੋਏ ਸਨ ਤੇ ਇਸ ਦੌਰਾਨ ਉਹ ਸਿਨੇਮਾ ਦਾ ਰਾਹ ਭੁੱਲ ਗਏ ਸਨ। ਇਸ ਦੌਰ ਵਿੱਚ ਸਿਨੇਮਾ ਤੋਂ ਹੋਣ ਵਾਲੀ ਆਮਦਨ ਵਿੱਚ ਕਾਫ਼ੀ ਗਿਰਾਵਟ ਆਈ ਅਤੇ ਕੇਬਲ ਤੇ ਟੀਵੀ ਦੇ ਬਾਜ਼ਾਰ ਵਿੱਚ ਵਾਧਾ ਦਰਜ ਕੀਤਾ ਗਿਆ। ਇਹ ਅਜਿਹਾ ਸਮਾਂ ਸੀ ਜਦੋਂ 95 ਫੀਸਦੀ ਫਿਲਮਾਂ ਘਾਟੇ ਵਿੱਚ ਜਾ ਰਹੀਆਂ ਸਨ। ਅਜਿਹੀ ਹਾਲਤ ਵਿੱਚ ਸਿਨੇਮਾ ਦਾ ਉਦਯੋਗਿਕ ਰੂਪ ਉਸਦੇ ਹੱਕ ਵਿੱਚ ਰਿਹਾ। ਫਿਲਮ ਬਣਾਉਣ ਲਈ ਕਰਜ਼ੇ ਤੇ ਸਬਸਿਡੀ ਮਿਲਣ ਲੱਗੀ। ਮਹੱਤਵਪੂਰਨ ਗੱਲ ਇਹ ਹੈ ਕਿ ਇਸ ਨਾਲ ਫਿਲਮ ਨਿਰਮਾਣ ਦਾ ਵਿਕੇਂਦਰੀਕਰਨ ਹੋਇਆ। ਫਿਲਮਾਂ ਜੋ ਪਹਿਲਾਂ ਵੱਡੇ ਬੈਨਰ ਹੇਠ ਹੀ ਬਣਦੀਆਂ ਸਨ, ਸੁਵਿਧਾਵਾਂ ਮਿਲਣ ਕਰਕੇ ਹੁਣ ਕਰਜ਼ੇ ਲੈ ਕੇ ਬਹੁਤ ਸਾਰੇ ਲੋਕ ਇਸ ਕੰਮ ਵਿੱਚ ਜੁਟ ਗਏ। ਨਵੀਂ ਨੀਤੀਆਂ ਨਾਲ ਭਾਰਤੀ ਸਿਨੇਮਾ ਲਈ ਵਿਦੇਸ਼ੀ ਬਾਜ਼ਾਰ ਵੀ ਖੁੱਲ੍ਹਿਆ। ਬਹੁਤ ਸਾਰੀਆਂ ਵਿਦੇਸ਼ੀ ਕੰਪਨੀਆਂ ਨੂੰ ਭਾਰਤੀ ਫਿਲਮ ਬਾਜ਼ਾਰ ਨੇ ਆਕਰਸ਼ਿਤ ਕੀਤਾ।

**? ਵਿਸ਼ਵੀਕਰਨ ਤੋਂ ਪਹਿਲਾ ਭਾਰਤੀ ਫਿਲਮਾਂ ਕਿਸੇ ਨਾ ਕਿਸੇ ਰੂਪ ਵਿੱਚ ਭਾਰਤੀ ਰਾਜ ਨਾਲ ਆਪਣਾ ਰਿਸ਼ਤਾ ਜੋੜਦੀਆਂ ਸਨ। ਪਰ ਹੁਣ ਦੀਆਂ ਫਿਲਮਾਂ ਵਿੱਚ ਹਿੰਦੂਵਾਦੀ ਸੱਭਿਆਚਾਰਕ ਰਾਸ਼ਟਰਵਾਦ ਸਾਹਮਣੇ ਆਇਆ ਹੈ। ਇਸ ਵਰਤਾਰੇ ਦਾ ਸਬੰਧ ਵਿਸ਼ਵੀਕਰਨ ਨਾਲ ਹੈ ਜਾਂ ਇੱਕ ਖਾਸ ਵਿਚਾਰਧਾਰਾ ਨਾਲ।**

**ਸੁਰਿੰਦਰ ਮਨਨ-** ਇਸਦਾ ਸਬੰਧ ਵਿਸ਼ਵੀਕਰਨ ਨਾਲ ਹੀ ਹੈ, ਜਿਸਨੇ ਇੱਕ ਖਾਸ ਵਿਚਾਰਧਾਰਾ ਨੂੰ ਅੱਗੇ ਲੈ ਕੇ ਆਉਣ ਵਿੱਚ ਭੂਮਿਕਾ ਨਿਭਾਈ ਹੈ। ਪਰ ਗੱਲ ਇਹ ਹੈ ਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਬਹੁਤ ਗੁੰਝਲਦਾਰ ਹੈ। ਇਸਦੇ ਬਹੁਤ ਸਾਰੇ ਪਹਿਲੂ ਹਨ। ਇਹਨਾਂ ਨੂੰ ਸਧਾਰਣ ਢੰਗ ਨਾਲ ਸ੍ਰੇਣੀਬਧ ਨਹੀਂ ਕੀਤਾ ਜਾ ਸਕਦਾ। ਵਿਸ਼ਵੀਕਰਨ ਨਾਲ ਜਿਸ ਤਰ੍ਹਾਂ ਰਾਸ਼ਟਰਾਂ ਦਾ ਕਰੈਕਟਰ ਬਹੁਰਾਸ਼ਟਰੀ ਹੋਇਆ ਹੈ ਉਸ ਤਰ੍ਹਾਂ ਹੀ ਸਮਾਜਿਕ ਸੰਸਕ੍ਰਿਤੀ ਵਿੱਚ ਵੀ ਤਬਦੀਲੀ ਆਈ ਹੈ। ਵਿਸ਼ਵੀਕਰਨ ਨਾਲ ਰਾਸ਼ਟਰਾਂ ਵਿੱਚ ਆਰਥਿਕ ਅਤੇ ਰਾਜਨੀਤਿਕ ਅੰਤਰਨਿਰਭਰਤਾ ਦੇ ਨਾਲ-ਨਾਲ ਸੱਭਿਆਚਾਰਕ ਅੰਤਰਨਿਰਭਰਤਾ ਵੀ ਆਈ ਹੈ। ਇਸ ਵਰਤਾਰੇ ਨੂੰ ਜੇਕਰ ਭਾਰਤ ਦੇ ਸੰਦਰਭ ਵਿੱਚ ਦੇਖਿਆ ਜਾਵੇ ਭਾਰਤ ਵਿੱਚ ਆਪਣੇ ਸੱਭਿਆਚਾਰ ਪ੍ਰਤੀ ਲੋਕ ਬੇਮੁੱਖ ਹੋਏ ਹਨ। ਇਸਦੀ ਪ੍ਰਤੀਕਿਰਿਆ ਵਿੱਚ ਇੱਕ ਵਰਗ ਅਜਿਹਾ ਪੈਦਾ ਹੋਇਆ ਜਿਸਦਾ ਰਵੱਈਆ ਸੱਭਿਆਚਾਰ ਪ੍ਰਤੀ ਕੱਟੜਤਾ ਵਾਲਾ ਹੈ। ਉਹਨਾਂ ਨੇ ਆਪਣੇ ਪ੍ਰਚਾਰ ਲਈ ਬਾਲੀਵੁੱਡ ਸਿਨੇਮਾ ਨੂੰ ਵਰਤਣਾ ਸ਼ੁਰੂ ਕਰ ਦਿੱਤਾ। ਬਾਲੀਵੁੱਡ ਸਿਨੇਮਾ ਨਾ ਸਿਰਫ਼ ਆਪਣੇ ਦੇਸ਼ ਵਿੱਚ ਸਗੋਂ ਵਿਦੇਸ਼ਾਂ ਵਿੱਚ ਵਸਦੇ ਹਿੰਦੂਆਂ ਲਈ ਪ੍ਰਚਾਰ ਦਾ ਵੱਡਾ ਮਾਧਿਅਮ ਹੈ ਤੇ ਦੁਖਾਂਤ ਇਹ ਹੈ ਕਿ ਬਾਲੀਵੁੱਡ ਇਸ ਰੁਝਾਨ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਫਿਲਮ ਸਰਟੀਫਿਕੇਟ ਬੋਰਡ 'ਤੇ ਵੀ ਅਜਿਹੇ ਵਰਗ ਦਾ ਦਬਾਅ ਹੈ। ਇਹੀ ਨਹੀਂ ਉਹ ਇਸ ਸੰਸਥਾ ਦੇ ਕੁੱਝ ਮਹੱਤਵਪੂਰਨ ਨਿਯਮਾਂ ਵਿੱਚ ਬਦਲਾਅ ਦੀ ਮੰਗ ਵੀ ਕਰ ਰਹੇ ਹਨ। ਵਿਸ਼ਵ ਹਿੰਦੂ ਪਰਿਸ਼ਦ ਨੇ ਕੱਟੜਤਾ ਦੇ ਕਾਰਨ ਕਈ ਫਿਲਮਾਂ ਦੀ ਅਮਰੀਕਾ ਵਿੱਚ ਸਕਰੀਨਿੰਗ ਹੀ ਨਹੀਂ ਹੋਣ ਦਿੱਤੀ। ਹੁਣ ਜਦੋਂ ਸਿਨੇਮਾ ਉਦਯੋਗ ਬਣ ਗਿਆ ਹੈ ਤਾਂ ਇਹਨਾਂ ਗੱਲਾਂ ਨੂੰ ਸਿਨੇਮਾ ਲਈ ਨਜ਼ਰਅੰਦਾਜ਼ ਕਰਨਾ ਬਹੁਤ ਮੁਸ਼ਕਿਲ ਹੈ।

**? ਤੁਸੀਂ ਡਾਕੂਮੈਂਟਰੀ ਫਿਲਮਾਂ ਬਣਾਉਂਦੇ ਹੋ, ਆਪਣੇ ਅਨੁਭਵ ਦੇ ਅਧਾਰ 'ਤੇ ਦੱਸੋ ਕਿ ਹਿੰਦੁਸਤਾਨ ਵਿੱਚ ਡਾਕੂਮੈਂਟਰੀ ਫਿਲਮਾਂ ਦੀ ਕੀ ਸਥਿਤੀ ਹੈ।**

**ਸੁਰਿੰਦਰ ਮਨਨ-** ਡਾਕੂਮੈਂਟਰੀ ਫਿਲਮ ਅੰਦੋਲਨ ਭਾਰਤੀ ਸਿਨੇਮਾ ਦਾ ਇੱਕ ਅਤਿਅੰਤ ਮਹੱਤਵਪੂਰਨ ਅੰਗ ਬਣ ਚੁੱਕਿਆ ਹੈ। ਅੱਜ ਦੌਰ ਅਜਿਹਾ ਹੈ ਕਿ ਸਮਾਜ ਵਿੱਚ ਬਹੁਤ ਸਾਰੇ ਨਕਾਰਾਤਮਕ ਵਰਤਾਰੇ ਸਾਹਮਣੇ ਆ ਰਹੇ ਹਨ, ਜਿਨ੍ਹਾਂ ਨੂੰ ਸਿਨੇਮਾ ਨਹੀਂ ਚਿਤਰ ਸਕਦਾ। ਇਹਨਾਂ ਨੂੰ ਸਿਰਫ਼ ਡਾਕੂਮੈਂਟਰੀ ਫਿਲਮਾਂ ਰਾਹੀਂ ਹੀ ਚਿਤਰਿਆ ਜਾ ਸਕਦਾ। ਜੇਕਰ ਦੋ ਤਿੰਨ ਦਹਾਕਿਆਂ ਦੇ ਭਾਰਤੀ ਸਮਾਜ ਦੀ ਨਿਸ਼ਾਨਦੇਹੀ ਕਰਨੀ ਹੋਵੇ ਤਾਂ ਇਹ ਸਿਰਫ਼ ਡਾਕੂਮੈਂਟਰੀ ਫਿਲਮਾਂ ਰਾਹੀਂ ਹੀ ਹੋ ਸਕਦੀ ਹੈ। ਡਾਕੂਮੈਂਟਰੀ ਫਿਲਮਕਾਰ ਅਜਿਹੇ ਸਮਾਜਿਕ ਐਕਟੀਵਿਸਟ ਹਨ ਜੋ ਸਮਾਜ ਦੀਆਂ ਕੁਰੀਤੀਆਂ ਨੂੰ ਖੋਜ ਕੇ ਉਹਨਾਂ 'ਤੇ ਚਾਨਣਾ ਪਾਉਂਦੇ ਹਨ।

**? ਸਮਾਜ ਅਤੇ ਜੀਵਨ 'ਤੇ ਡਾਕੂਮੈਂਟਰੀ ਫਿਲਮਾਂ ਦਾ ਕਿੰਨਾ ਕੁ ਤੇ ਕਿਵੇਂ ਅਸਰ ਹੁੰਦਾ ਹੈ।**

**ਸੁਰਿੰਦਰ ਮਨਨ-** ਇਸਦੇ ਮਹੱਤਵ ਅਤੇ ਪ੍ਰਭਾਵ ਨੂੰ ਇਸ ਤਰ੍ਹਾਂ ਪਹਿਚਾਣਿਆ ਜਾ ਸਕਦਾ ਹੈ ਕਿ ਫਿਲਮ ਸਰਟੀਫਿਕੇਸ਼ਨ ਬੋਰਡ ਨੇ ਕਈ ਫਿਲਮਾਂ 'ਤੇ ਰੋਕ ਲਾ ਦਿੱਤੀ ਤੇ ਫਿਲਮਕਾਰਾਂ ਨੂੰ ਆਪਣਾ ਹੱਕ ਲੈਣ ਲਈ ਅਦਾਲਤਾਂ ਵਿੱਚ ਜਾਣਾ ਪਿਆ। ਜਦੋਂ ਸਰਕਾਰੀ ਫਿਲਮ ਸਮਾਰੋਹਾਂ ਵਿੱਚ ਇਹਨਾਂ ਨੂੰ ਪ੍ਰਦਰਸ਼ਿਤ ਕਰਨ 'ਤੇ ਰੋਕ ਲਾ ਦਿੱਤੀ ਤਾਂ ਫਿਲਮਕਾਰਾਂ ਨੇ ਅਜ਼ਾਦ ਤੌਰ 'ਤੇ ਫਿਲਮ ਸਮਾਰੋਹ ਕਰਕੇ ਇਹਨਾਂ ਦੀ ਸਕਰੀਨਿੰਗ ਕੀਤੀ। ਬਾਬਰੀ ਮਸਜਿਦ ਢਾਹੇ ਜਾਣ 'ਤੇ ਅਨੰਦ ਪਟਵਰਧਨ ਦੀ ਫਿਲਮ 'ਰਾਮ ਕੇ ਨਾਮ' ਅਤੇ ਗੁਜਰਾਤ ਦੰਗਿਆਂ 'ਤੇ ਅਧਾਰਿਤ ਰਾਕੇਸ਼ ਸ਼ਰਮਾ ਦੀ ਫਿਲਮ 'ਫਾਈਨਲ ਸਲੂਸ਼ਨ' ਇਸਦੀਆਂ ਪ੍ਰਮੁੱਖ ਉਦਾਹਰਣਾਂ ਹਨ।

# ਇਕ ਮੁਲਾਕਾਤ ਇਹ ਵੀ

# ਇੱਕ ਕੀੜੀ ਆਕਾਸ਼ ਵੱਲ ਉੱਡਦੀ ਹੈ ਤੇ ਸੂਰਜ ਨੂੰ ਨਿਗਲ ਜਾਂਦੀ ਹੈ : ਚਿੱਤਰਕਾਰ ਹੈਦਰ ਰਜ਼ਾ

ਮੁਲਾਕਾਤੀ : ਊਸ਼ਾ ਮਹਾਜਨ
ਅਨੁਵਾਦ ਹਰਭਜਨ ਸਿੰਘ ਹੁੰਦਲ
+91-99150-42242

ਪੈਰਿਸ ਦੀ ਦੁਨੀਆਂ ਅਨੋਖੀ ਹੈ। ਚੱਪੇ-ਚੱਪੇ ਉੱਤੇ ਇੱਕ ਅਜਬ ਰੁਮਾਂਟਿਕਤਾ ਨਾਲ ਭਰਪੂਰ ਚੌੜੀਆਂ ਸੜਕਾ, ਜਿਹਨਾਂ ਦੇ ਦੋਵੇਂ ਪਾਸੇ ਬਿਰਖਾਂ ਦੀਆਂ ਕਤਾਰਾਂ। ਦੁਨੀਆਂ ਵਿਚ ਆਪਣੀ ਤਰ੍ਹਾਂ ਦੇ ਅਨੋਖੇ ਬਾਜ਼ਾਰ। ਹੇਠਾਂ ਚਮਕਦੀਆਂ ਦੁਕਾਨਾਂ, ਉੱਪਰ ਛੇ ਮੰਜ਼ਿਲੇ ਰਿਹਾਇਸ਼ੀ ਮਕਾਨ। ਪੱਕੀ ਰਿਹਾਇਸ਼, ਰੌਣਕ ਤੇ ਮਸਤੀ ਨਾਲ ਭਰਪੂਰ। ਪੈਦਲ ਚੱਲਦੇ ਲੋਕ, ਨਾਲ ਜੀਵੰਤ ਸੜਕਾਂ ਦੇ ਕਿਨਾਰੇ ਅੱਗੇ ਵਧਾਏ ਰੈਸਟੋਰੈਂਸ, ਕੈਫੇ, ਲਾਲ ਨੀਲੀ ਛੱਤਰੀਆਂ ਦੇ ਹੇਠ ਜੀਵਨ ਦਾ ਲੁਤਫ਼ ਲੈਂਦੇ, ਖਾਂਦੇ-ਪੀਂਦੇ ਲੋਕ।

ਮਾਂ ਮਾਦੇ ਵਿਚ ਅਟਕੀ ਹੋਈ ਹੈ, ਬੇਟੀ ਰੀਨਾ ਦੇ ਕੋਲ। ਰੀਨਾ ਆਰਕੀਟੈਕਟ ਹੈ। ਫਰਾਂਸੀਸੀਆਂ ਵਾਂਗੂੰ ਫਰੈਂਚ ਭਾਸ਼ਾ ਬੋਲਦੀ ਹੈ। ਪੈਰਿਸ ਦੀ ਗਲੀ-ਗਲੀ ਤੋਂ ਵਾਕਿਫ, ਬੇਸ਼ੱਕ ਨਕਸ਼ਿਆਂ ਰਾਹੀਂ ਹੀ ਸਹੀ। ਪਹਿਲਾਂ ਹੀ ਉਸਨੂੰ ਦੱਸ ਦਿੱਤਾ ਸੀ ਕਿ ਰਜ਼ਾ ਸਾਹਿਬ ਦਾ ਇੰਟਰਵਿਊ ਲੈਣਾ ਹੈ ਅਤੇ ਇਸ ਬਾਬਤ ਪਹਿਲਾਂ ਹੀ ਉਹਨਾਂ ਨੂੰ ਪੱਤਰ ਲਿਖ ਚੁੱਕੀ ਹਾਂ। ਚਿੱਤਰਕਲਾ ਅਤੇ ਮੂਰਤੀ ਕਲਾ ਦਾ ਦਾਮਨ-ਚੋਲੀ ਦਾ ਸਾਥ। ਫੋਨ ਉੱਤੇ ਗੱਲਬਾਤ ਨਾਲ ਹੀ ਰਜ਼ਾ ਸਾਹਿਬ ਦੇ ਨਾਲ ਰੀਨਾ ਦੀ ਆਪਸੀ ਨੇੜਤਾ ਬਣ ਚੁੱਕੀ ਸੀ। ਉਹਨਾਂ ਨੇ ਫਰਾਂਸ ਪਹੁੰਚਣ ਦੇ ਦੂਸਰੇ ਦਿਨ ਹੀ ਬੁਲਾ ਲਿਆ।

ਸ਼ਾਮ ਦੇ ਚਾਰ ਵਜੇ ਸਨ। ਮੀਟਰੋ ਤੋਂ ਉੱਤਰ ਪੌੜੀਆਂ ਚੜ੍ਹ ਅਸੀਂ ਰੀਊ-ਦਾ-ਸ਼ਾਹੋਂਤ (ਸੜਕ ਦਾ ਨਾਂ) ਉੱਤੇ ਆ ਗਏ ਹਾਂ। ਪੈਦਲ ਤੁਰਦੇ ਗਏ ਕਿ ਰੀਨਾ ਨੇ ਕਿਹਾ, ''ਲਓ ਆ



ਗਿਆ ਰਜ਼ਾ ਦਾ ਘਰ 'ਸੀਤੇ-ਦਾ-ਕੂੰਆ' ਇਹ ਇੱਕ ਬਹੁਤ ਪੁਰਾਣੀ ਕਾਨਵੈਂਟ ਦੀ ਇਮਾਰਤ ਹੈ।

ਸੜਕ ਅਤੇ ਅੰਦਰ ਵਾਲੀ ਗਲੀ ਦੇ ਮੂੰਹ ਉੱਤੇ ਸਥਿਤ ਇੱਕ ਵਿਸ਼ਾਲ, ਪ੍ਰਾਚੀਨ ਇਮਾਰਤ ਦੇ ਵੱਡੇ ਸਾਰੇ ਪੁਰਾਣੇ ਫਾਟਕ ਉੱਤੇ ਕੋਡ ਦੇ ਅੰਕਾਂ ਨੂੰ ਦਬਾਇਆ ਰੀਨਾ ਨੇ। ਰਜ਼ਾ ਸਾਹਿਬ ਨੇ ਫੋਨ ਉੱਤੇ ਹੀ ਉਸਨੂੰ ਫਾਟਕ ਖੋਲ੍ਹਣ ਦਾ ਕੋਡ ਦੱਸ ਦਿੱਤਾ ਸੀ। ਪੈਰਿਸ ਵਿਚ ਆਮ ਕਰਕੇ ਸਭ ਵੱਡੀਆਂ ਇਮਾਰਤਾਂ ਨੂੰ ਕੋਡ ਰਾਹੀਂ ਖੋਲ੍ਹ ਕੇ ਅੰਦਰ ਜਾਣ ਦਾ ਪ੍ਰਬੰਧ ਹੈ। ਰਜ਼ਾ ਸਾਹਿਬ ਪਹਿਲੀ ਮੰਜ਼ਿਲ ਉੱਤੇ ਰਹਿੰਦੇ ਸਨ। ਪੌੜੀਆਂ ਬੇਹੱਦ ਚੌੜੀਆਂ ਘਸੀਆਂ ਹੋਈਆਂ ਤੇ ਪੁਰਾਣੀਆਂ ਕਲਕੱਤੇ ਦੀਆਂ ਰਾਜ ਦੇ ਵੇਲੇ ਦੀਆਂ ਜਰਜਰੀਆ ਇਮਾਰਤਾਂ ਦੀਆਂ ਪੌੜੀਆਂ ਵਰਗੀਆਂ। ਉਹੀ ਜਿਹਾ ਫਲੈਟ ਦਾ ਦਰਵਾਜ਼ਾ ਲੱਗਿਆ ਜਿਵੇਂ ਕਿਸੇ ਬਹੁਤ ਪੁਰਾਣੇ ਇਤਿਹਾਸਕ ਇਮਾਰਤ ਵਿਚ ਆ ਪਹੁੰਚੇ ਹਾਂ।

ਘੰਟੀ ਵਜਾਈ। ਦਰਵਾਜ਼ਾ ਇੱਕ ਨੌਜਵਾਨ ਨੇ ਖੋਲ੍ਹਿਆ। ਰਜ਼ਾ ਸਾਹਿਬ ਸਾਹਮਣੇ ਹੀ ਖਲੋਤੇ ਸੀ। ਗਰਮਜੋਸ਼ੀ ਨਾਲ ਮਿਲੇ। ਰੀਨਾ ਨਾਲ ਤਾਂ ਇੰਝ ਜਿਵੇਂ ਪਹਿਲਾਂ ਦੀ ਹੀ ਜਾਣ-ਪਛਾਣ ਹੋਵੇ। (ਫੋਨ ਦੇ ਰਾਹੀਂ ਤਾਂ ਸੀ ਹੀ) ਘਰ ਵਿਚ

ਇੱਕ ਵਿਦੇਸ਼ੀ ਔਰਤ ਵੀ ਦਿਸੀ। ਪਿਛੋਂ ਉਹਨਾਂ ਨੇ ਜਾਣ-ਪਛਾਣ ਕਰਾਈ। ਉਹ ਆਸਟਰੇਲੀਅਨ ਯੁਵਤੀ ਉਹਨਾਂ ਦੇ ਚਿੱਤਰਾਂ ਦੇ ਕੇਂਦਰੀ ਵਿਸ਼ੇ ਉੱਤੇ ਖੋਜ ਕਰ ਰਹੀ ਸੀ।

ਡਿਕਟਾਫੋਨ ਕੱਢ ਕੇ ਮੈਂ ਅਜੇ ਮੇਜ਼ ਉੱਤੇ ਰੱਖਿਆ ਹੀ ਸੀ ਕਿ ਦੱਸਣ ਲੱਗੇ, 'ਮੇਰਾ ਜਨਮ ਮੱਧ-ਪ੍ਰਦੇਸ਼ ਦੇ ਇੱਕ ਛੋਟੇ ਜਿਹੇ ਪਿੰਡ ਵਿਚ ਹੋਇਆ। ਮੇਰਾ ਪਿਤਾ ਜੰਗਲਾਤ ਮਹਿਕਮੇ ਵਿਚ ਕੰਮ ਕਰਦੇ ਸਨ। ਮੇਰਾ ਬਚਪਨ ਮੰਡਲਾਂ ਦੇ ਜੰਗਲਾਂ ਵਿਚ ਬੀਤਿਆ। ਆਪਣੇ ਬਚਪਨ ਦਾ ਮੈਨੂੰ ਪੂਰੀ ਤਰ੍ਹਾਂ ਚੇਤਾ ਹੈ। ਫਿਰ ਅਸੀਂ ਦਮੋਹ ਵਿਚ ਰਹੇ । ਹਾਈ ਸਕੂਲ ਦੇ ਇਮਤਿਹਾਨ ਪਿੱਛੋਂ ਮੈਂ ਨਾਗਪੁਰ ਚਲਾ ਗਿਆ। ਉੱਥੇ 'ਨਾਗਪੁਰ ਸਕੂਲ ਆਫ਼ ਆਰਟਸ' ਵਿਚ ਦਾਖ਼ਲ ਹੋ ਗਿਆ। 1942 ਵਿਚ ਮੈਂ ਵੀਹ ਸਾਲ ਦਾ ਸੀ। ਬੰਬਈ ਦੇ ਜੇ. ਜੇ. ਸਕੂਲ ਆਫ਼ ਆਰਟਸ ਵਿਚ ਦਾਖ਼ਲੇ ਲਈ ਮੈਂ ਬੇਤਾਬ ਸੀ। ਬੰਬਈ ਗਿਆ ਪਰ ਕਈ ਕਾਰਨਾਂ ਕਰਕੇ ਮੇਰਾ ਉਥੇ ਦਾਖ਼ਲਾ ਨਾ ਹੋ ਸਕਿਆ। ਪਰ ਉਥੇ ਹੀ 'ਐਕਸਪ੍ਰੈਸ ਬਲਾਕ ਸਟੂਡੀਓ' ਵਿਚ ਮੈਨੂੰ 40 ਰੁਪਏ ਵਿਚ ਡਿਜ਼ਾਇਨਰ ਦੀ ਨੌਕਰੀ ਮਿਲ ਗਈ। ਮੈਂ 10 ਵਜੇ ਤੋਂ ਲੈ ਕੇ 6 ਵਜੇ ਸ਼ਾਮ ਤੱਕ ਲਗਾਤਾਰ ਕੰਮ ਕਰਦਾ, ਕਿਉਂਕਿ ਮੈਂ ਆਪਣੀ ਜੀਵਿਕਾ ਕਮਾਉਣੀ ਸੀ, ਪਿਤਾ ਜੀ ਰਿਟਾਇਰ ਹੋ ਗਏ ਸੀ ਤੇ ਘਰ ਵਿਚ ਮੇਰੇ ਪੰਜ ਭਰਾ ਤੇ ਇੱਕ ਭੈਣ ਸੀ। ਪਿਤਾ ਨੇ ਉਹਨਾਂ ਸਾਰਿਆਂ ਦੀ ਪਾਲਣਾ ਕਰਨੀ ਸੀ। ਨਾਗਪੁਰ ਵਿਚ ਮੇਰੀ ਪੜ੍ਹਾਈ ਦੇ ਸਮੇਂ ਉਹ ਮੇਰੀ ਮਦਦ ਕਰਨ ਲਈ ਉਹ ਰਿਟਾਇਰਮੈਂਟ ਤੋਂ ਪਿੱਛੋਂ ਦੋ ਸਾਲ ਨੌਕਰੀ ਕਰਦੇ ਰਹੇ ਸੀ।

ਅਤੇ ਮੈਨੂੰ ਜੇ. ਜੇ. ਸਕੂਲ ਆਫ਼ ਆਰਟ ਵਿਚ ਦਾਖ਼ਲਾ ਮਿਲ ਗਿਆ। ਉੱਥੇ ਕਲਾ ਦੀ ਪੜ੍ਹਾਈ ਦੇ ਦੌਰਾਨ ਸਾਨੂੰ ਇਹ ਜਾਣਨਾ ਹੁੰਦਾ ਸੀ ਕਿ 'ਯੂਰਪੀ ਯਥਾਰਥਵਾਦ' ਕੀ ਸੀ, ਪੁਨਰ ਜਾਗਰਣ ਕੀ ਸੀ? ਆਧੁਨਿਕ ਕਲਾ ਕੀ ਸੀ? ਇੱਕ ਚਿੱਤਰਕਾਰ ਦੇ ਰੂਪ ਵਿਚ ਮੈਂ ਖੋਜ ਕਰ ਰਿਹਾ ਸੀ। ਮੈਂ ਫਰਾਂਸੀਸੀ ਪ੍ਰਭਾਵਵਾਦੀ ਅਤੇ ਜਰਮਨ ਪ੍ਰਗਤੀਵਾਦੀ ਚਿੱਤਰਕਾਰਾਂ ਤੋਂ ਜ਼ਿਆਦਾ ਪ੍ਰਭਾਵਿਤ ਹੋ ਰਿਹਾ ਸੀ। ਇਹਨਾਂ ਦਿਨਾਂ ਵਿਚ ਮੈਂ ਕਈ ਸ਼ਹਿਰਾਂ ਵਿਚ ਰਹਿ ਕੇ ਚਿੱਤਰ ਬਣਾਏ। ਮੈਂ ਬੰਬਈ ਵਿਚ ਰਿਹਾ। ਨਾਸਿਕ, ਇੰਦੌਰ ਤੇ ਰਾਜਸਥਾਨ ਦੇ ਕਈ ਸ਼ਹਿਰਾਂ ਵਿਚ ਰਿਹਾ। 1948 ਵਿਚ ਮੈਂ ਕਸ਼ਮੀਰ ਚਲਾ ਗਿਆ। ਸ੍ਰੀਨਗਰ, ਭਾਰਤ ਅਜੇ ਆਜ਼ਾਦ ਹੋਇਆ ਹੀ ਸੀ ਤੇ ਅਸੀਂ ਨੌਜਵਾਨ ਲੋਕ ਸਮਝਦੇ ਸੀ ਕਿ 'ਅਸੀਂ ਪਹਾੜਾਂ ਨੂੰ ਵੀ ਹਿਲਾ ਸਕਦੇ ਹਾਂ।' ਉਸ ਪੀੜ੍ਹੀ ਦੇ ਚਿੱਤਰਕਾਰ ਅਸੀਂ ਸੋਚਦੇ ਸੀ ਕਿ ਭਾਰਤੀ ਸਮਕਾਲੀ ਕਲਾ ਨੂੰ ਅਸੀਂ ਸਹੀ ਅਰਥਾਂ ਵਿਚ ਭਾਰਤੀਪਨ ਦੇਣਾ ਹੈ, ਨਾ ਕਿ ਯੂਰਪ ਤੋਂ ਪ੍ਰਭਾਵਿਤ ਹੋ ਕੇ ਕੰਮ ਕਰਨਾ ਹੈ।

ਸਾਨੂੰ ਪੱਛਮ ਦਾ ਯਥਾਰਥਵਾਦ ਸੰਤੁਸ਼ਟ ਨਹੀਂ ਕਰ ਰਿਹਾ ਸੀ। ਸੂਜ਼ਾ, ਐਮ. ਐਫ. ਹੁਸੈਨ, ਗਾਏਤੋਂਡੇ, ਬਾਕਰੇ ਤੇ ਮੈਂ, ਅਸੀਂ ਸਭ ਆਪਣੀ-ਆਪਣੀ ਚੇਤਨਾ ਦੇ ਅਨੁਸਾਰ ਅੱਡ-ਅੱਡ ਤੇ ਨਾਲ ਮਿਲ ਕੇ, ਕੰਮ ਕਰ ਰਹੇ ਸੀ। ਅੰਤ ਅਸੀਂ ਆਪਣਾ ਇੱਕ ਗਰੁੱਪ ਬਣਾਇਆ। ''ਪ੍ਰਗਤੀਸ਼ੀਲ ਕਲਾਕਾਰ ਗਰੁੱਪ'' ਜਿਸਦਾ ਪ੍ਰਸਿੱਧ ਗਾਂਧੀਵਾਦੀ ਲੇਖਕ, ਮੁਲਕ ਰਾਜ ਆਨੰਦ ਨੇ ਬਕਾਇਦਾ ਐਲਾਨ ਕੀਤਾ। ਉਸ ਮੌਕੇ ਅਸੀਂ ਸਾਰਿਆਂ ਨੇ ਤਸਵੀਰਾਂ ਦੀ ਇੱਕ ਪ੍ਰਦਰਸ਼ਨੀ ਵੀ ਲਾਈ ਸੀ। ਇਹ ਇੱਕ ਬਹੁਤ ਵੱਡੀ ਘਟਨਾ ਸੀ, ਕਿਉਂਕਿ ਅਸੀਂ ਬਰਤਾਨਵੀ-ਪ੍ਰੇਰਿਤ ਯਥਾਰਥਵਾਦੀ ਚਿੱਤਰਕਲਾ ਅਤੇ ਰਵਾਇਤੀ ਸ਼ੈਲੀ ਤੋਂ ਵੱਖ ਹੋ ਕੇ ਕੰਮ ਕਰ ਰਹੇ ਸੀ। ਭਾਰਤੀ ਕਲਾ ਦਾ ਨਵ-ਜਾਗਰਣ ਤਾਂ ਬੰਗਾਲ ਤੋਂ ਸ਼ੁਰੂ ਹੋਇਆ ਸੀ। ਨੰਦ ਲਾਲ ਬੋਸ, ਅਮਿਤ ਕੁਮਾਰ ਹਲਦਰ, ਰਵੀਇੰਦਰ ਨਾਥ ਟੈਗੋਰ, ਅਵਨਿੰਦਰ ਨਾਥ ਟੈਗੋਰ, ਯਾਮਿਨੀ ਰਾਏ ਆਦਿ ਰਾਹੀਂ ਅਸੀਂ ਲੋਕ ਕਲਾ ਜਗਤ ਵਿਚ ਬਹੁਤ ਸਰਗਰਮ ਹੋ ਕੇ ਹਿੱਸਾ ਲੈ ਰਹੇ ਸੀ ਤੇ ਭਾਰਤੀ-ਕਲਾ ਨੂੰ ਇੱਕ ਨਵਾਂ ਰਾਹ ਦੇ ਰਹੇ ਸੀ। ਮੈਂ ਬੜੇ ਫ਼ਖ਼ਰ ਨਾਲ ਕਹਿ ਸਕਦਾ ਹਾਂ ਕਿ ਸਮਕਾਲੀ ਕਲਾ ਉੱਤੇ ਕੋਈ ਐਸੀ ਕਿਤਾਬ ਨਹੀਂ ਹੋਵੇਗੀ, ਜਿਸ ਵਿਚ 1947-48 ਵਿਚ ਬਣੇ 'ਪ੍ਰੋਗਰੈਸਿਵ ਆਰਟਿਸਟ ਗਰੁੱਪ' ਦਾ ਜ਼ਿਕਰ ਨਾ ਹੋਵੇ।

ਸਾਡੇ ਸਾਰਿਆਂ ਵਿਚ ਆਪਣੇ-ਆਪਣੇ ਖੇਤਰ ਵਿਚ ਅੱਗੇ ਵਧਣ ਦਾ ਤੇ ਕੁਝ ਕਰਨ ਦਾ ਜਜ਼ਬਾ ਸੀ। ਸਾਮੰਤ ਅਮਰੀਕਾ ਚਲੇ ਗਿਆ, ਸੂਜ਼ਾ ਨੇ ਲੰਡਨ ਵੱਲ ਮੂੰਹ ਕਰ ਲਿਆ ਤੇ ਮੈਂ ਤਾਂ ਪੈਰਿਸ ਜਾਣ ਦਾ ਪੱਕਾ ਇਰਾਦਾ ਕੀਤਾ ਹੋਇਆ ਸੀ। ਮੇਰੀ ਨਜ਼ਰ ਵਿਚ ਪੱਛਮੀ ਕਲਾ-ਜਗਤ ਵਿਚ ਜੇ ਕਿਤੇ ਕਲਾ ਦਾ ਪ੍ਰਗਟਾਵਾ ਸਭ ਤੋਂ ਵੱਧ ਖਿੱਚ ਪਾਊ ਸੀ ਤਾਂ ਉਹ ਫਰਾਂਸੀਸੀ ਕਲਾ ਹੀ ਸੀ। ਪੈਰਿਸ ਉਹਨੀਂ ਦਿਨੀਂ ਇੱਕ ਮਹੱਤਵਪੂਰਨ 'ਕਲਾ-ਰਾਜਧਾਨੀ' ਸੀ। ਜਿੱਥੇ ਮੈਂ ਆਪਣੇ ਆਪ ਨੂੰ ਹੋਰ ਵਧੇਰੇ ਉੱਚਾ ਬਣਾ ਸਕਦਾ ਸੀ। ਉੱਥੇ ਜਾਣ ਦਾ ਫੈਸਲਾ ਕਰਨ ਦੇ ਨਾਲ-ਨਾਲ ਮੈਂ ਜਾਨ ਮਾਰ ਕੇ ਫਰਾਂਸੀਸੀ ਭਾਸ਼ਾ ਸਿੱਖਣੀ ਸ਼ੁਰੂ ਕਰ ਦਿੱਤੀ। ਕਿਉਂਕਿ ਫਰਾਂਸੀਸੀ ਸਰਕਾਰ ਦੇ ਪ੍ਰਤੀਨਿਧਾਂ ਨੇ ਮੈਨੂੰ ਕਿਹਾ ਸੀ ਕਿ ਜੇ ਆਪ ਨੂੰ ਫਰਾਂਸੀਸੀ ਭਾਸ਼ਾ ਦਾ ਕੰਮ ਚਲਾਊ ਗਿਆਨ ਹੋ ਜਾਵੇ ਤਾਂ ਅਸੀਂ ਆਪ ਨੂੰ ਵਿਦਿਆਰਥੀ ਵਜ਼ੀਫ਼ਾ ਦੇ ਕੇ, ਉੱਥੇ ਪੜ੍ਹਨ ਲਈ ਭੇਜ ਸਕਦੇ ਹਾਂ। ਉਹਨਾਂ ਦਿਨਾਂ ਵਿਚ ਦਿੱਲੀ ਵਿਚ 'ਕਲਾਰਡ ਸ਼ੂਨੇ' ਕਲਚਰਲ ਅਟੈਚੀ ਸੀ ਤੇ ਹਾਬਰ ਬੰਬਈ ਵਿਚ ਫਰਾਂਸੀਸੀ ਕੌਂਸਲਰ ਸਨ। ਦੋਵਾਂ ਨੂੰ ਮੇਰੀ ਪੇਂਟਿੰਗ ਪਸੰਦ ਸੀ ਤੇ ਉਹਨਾਂ ਕੋਲ ਮੇਰੀ ਪੇਂਟਿੰਗ ਵੀ ਸੀ। ਮੈਂ ਦੋ ਸਾਲਾਂ ਤੀਕ ਫਰਾਂਸੀਸੀ ਭਾਸ਼ਾ ਸਿੱਖੀ। ਮੇਰੀ ਵਿਧੀ ਅਨੁਸਾਰ ਪ੍ਰੀਖਿਆ ਲਈ ਗਈ 50-60 ਉਮੀਦਵਾਰਾਂ ਵਿਚੋਂ ਇੱਕ ਮੈਂ ਹੀ ਸੀ ਜੋ ਫਰੈਂਚ ਬੋਲ ਵੀ ਸਕਦਾ ਸੀ। ਨਤੀਜੇ ਵਜੋਂ ਮੈਨੂੰ ਇੱਕ ਦੀ ਥਾਂ ਦੋ ਸਾਲ ਤੀਕ ਪੈਰਿਸ ਵਿਚ ਰਹਿ ਕੇ 'ਏਕੋਲ ਨਾ ਸਿਓ ਨਾਲ-ਦੇ-ਬੋਜ਼ਾਈ (ਕਲਾ-ਕਾਲਜ) ਵਿਚ ਪੜ੍ਹਨ ਲਈ ਵਜ਼ੀਫ਼ਾ ਮਿਲ ਗਿਆ।

ਮੈਂ ਸਮੁੰਦਰੀ ਜਹਾਜ਼ ਵਿਚ ਸਵਾਰ ਹੋ ਕੇ ਪੈਰਿਸ ਲਈ ਕੂਚ ਕੀਤਾ, ਕਿਉਂਕਿ ਹਵਾਈ ਟਿਕਟ ਲੈਣ ਲਈ ਮੇਰੇ ਕੋਲ ਪੈਸੇ ਨਹੀਂ ਸੀ। ਜਹਾਜ਼ ਮਾਰਸੇਈ ਵਿਚ ਰੁਕਿਆ ਤੇ ਉਥੋਂ ਮੈਂ ਪੈਰਿਸ ਆ ਗਿਆ ਤੇ ਆਪਣਾ ਦਾਖ਼ਲਾ 'ਏਕੋਲ ਨਾ ਸਿਓ ਨਾਲ-ਦੇ- ਬੀਜ਼ਾਈ' ਵਿਚ ਲੈ ਲਿਆ। ਇਹ ਅਨੁਭਵ ਬਿਆਨ ਨਹੀਂ ਕੀਤਾ ਜਾ ਸਕਦਾ। ਮੋਪਾਰਨਾਸ ਵਿਚ ਮੇਰਾ ਪਹਿਲਾ ਦਿਨ। ਬੁਲਵਾਈ ਮੋਪਾਰਨਾਸ ਤੇ ਬੁਲਵਾਈ ਰਾਸ ਪਾਈਮਾਲ ਦੇ ਸੰਗਮ ਉੱਤੇ ਸਥਾਪਿਤ ਰੋਡਾਂ ਦੀ ਬਣਾਈ ਬਾਲਜ਼ਾਕ ਦੀ ਪ੍ਰਤਿਮਾ ਦੇ ਸਾਹਮਣੇ ਖਲੋਤਾ ਹਾਂ। ਬਹੁਤ ਚੰਗਾ ਲੱਗ ਰਿਹਾ ਸੀ। ਗਲੀ ਵਿਚ ਇੱਕ ਪੋਸਟਰ ਲੱਗਿਆ ਹੋਇਆ ਸੀ, 'ਕੋਲਾਜ-ਦ-ਮਾਤੀਸ' ਪ੍ਰਦਰਸ਼ਨੀ ਦੇ ਬਾਰੇ ਵਿਚ। ਪੈਰਿਸ ਵਿਚ ਉਹ ਪਹਿਲੀ ਪ੍ਰਦਰਸ਼ਨੀ ਸੀ ਜੋ ਮੈਂ ਅਕਬਰ ਪਦਮਸ ਤੇ ਪ੍ਰੀਤੋਸ਼ ਸੇਨ ਨਾਲ ਵੇਖੀ। ਅਗਲੇ ਦਿਨ ਅਸੀਂ ਇੱਕ ਹੋਰ ਪ੍ਰਦਰਸ਼ਨੀ ਵੇਖਣ ਗਏ। ਜਿੱਥੇ ਅਸੀਂ ਵਾਨ ਗਾਗ, ਸੇਜ਼ਾਨ ਅਤੇ ਕਈ ਫਰੈਂਚ ਕਲਾਕਾਰਾਂ ਦੀਆਂ ਕਲਾ-ਕਿਰਤਾਂ ਵੇਖੀਆਂ।

ਮੈਨੂੰ ਪਹਿਲੀ ਨਜ਼ਰ ਤੋਂ ਹੀ ਪੈਰਿਸ ਨਾਲ ਪਿਆਰ ਹੋ ਗਿਆ। ਇੰਝ ਹੀ ਹੁੰਦਾ ਹੈ ਜਾਂ ਤੇ ਤੁਸੀਂ ਪਹਿਲਾਂ ਹੀ ਨਜ਼ਰ ਨਾਲ ਕਿਸੇ ਥਾਂ, ਕਿਸੇ ਵਿਅਕਤੀ ਨੂੰ ਚਾਹੁੰਦੇ ਹੋ ਜਾਂ ਨਹੀਂ ਚਾਹੁੰਦੇ। ਜੇ ਚਾਹੁੰਦੇ ਹੋ ਤਾਂ ਤਹਿ ਦਿਲ ਤੋਂ ਚਾਹੁੰਦੇ ਹੋ। ਮੈਂ ਇਥੇ ਬਹੁਤ ਖ਼ੁਸ਼ ਸੀ। ਮੈਂ ਦੋ ਸਾਲਾਂ ਤੀਕ ਏਕੋਲ-ਦੇ- ਬੋਜ਼ਾਈ ਵਿਚ ਪੜ੍ਹਾਈ ਕੀਤੀ ਤੇ ਉਸ ਤੋਂ ਪਿੱਛੋਂ 'ਏਕੋਲ-ਦਾ-ਪਾਰਿਸ' ਵਿਚ। ਇਹ ਮੇਰਾ ਜੀਵਨ ਦਾ ਸੁੱਖ ਸੀ। ਕਲਾ ਵੀ ਮੇਰੀ ਸੰਪੂਰਨ ਸਿੱਖਿਆ ਤੇ ਮੇਰੇ ਜੀਵਨ ਦਾ ਇਤਿਹਾਸ।

1959 ਵਿਚ ਮੈਂ ਇੱਕ ਫਰਾਂਸੀਸੀ ਚਿੱਤਰਕਾਰ ਜ਼ਿਆਨੀਨ ਮੋਜ਼ੀਲਾ ਨਾਲ ਸ਼ਾਦੀ ਕਰ ਲਈ। ਸਾਡਾ 42 ਸਾਲ ਦਾ ਵਿਆਹਕ ਜੀਵਨ ਬੇਹੱਦ ਖ਼ੁਸ਼ਗਵਾਰ ਰਿਹਾ, ਪਰ ਅਫ਼ਸੋਸ ਬੜੀ ਸੇਵਾ ਸੰਭਾਲ ਤੇ ਦੇਖਭਾਲ ਦੇ ਬਾਵਜੂਦ, ਇੱਕ ਲੰਬੀ ਬੀਮਾਰੀ ਤੋਂ ਪਿੱਛੋਂ ਉਹ 2002 ਵਿਚ ਚੱਲ ਵਸੀ। ਹੁਣ ਮੈਂ ਇਕੱਲਾ ਹਾਂ ਜਾਂ ਮੇਰਾ ਕੰਮ।

ਪਿਛਲਾ ਸਾਲ ਬਹੁਤ ਚੰਗਾ ਰਿਹਾ। ਕਈ ਥਾਈਂ ਮੇਰੀਆਂ ਕਲਾ-ਕ੍ਰਿਤਾਂ ਦੀਆਂ ਨੁਮਾਇਸ਼ਾਂ ਲੱਗੀਆਂ। ਅਗਲੇ ਸਾਲ ਮੇਰੀਆਂ ਪ੍ਰਦਰਸ਼ਨੀਆਂ ਲੰਡਨ, ਨਿਊਯਾਰਕ ਤੇ ਦਿੱਲੀ ਵਿਚ ਲੱਗਣ ਵਾਲੀਆਂ ਹਨ। ਜਿਵੇਂ ਕਿ ਤੂੰ ਜਾਣਦੀ ਹੈ ਚਿੱਤਰਕਾਰੀ ਦੇ ਪੈਸੇ ਪਿੱਛੇ ਪਾਗਲ ਭੀੜ ਲੱਗੀ ਹੈ, ਪਰ ਮੈਂ ਪੈਸੇ ਦੇ ਪਿੱਛੇ ਨਹੀਂ ਭੱਜਦਾ। ਆਰਥਿਕ ਤਰੱਕੀ ਤੋਂ ਮੈਂ ਨਿਰਲੇਪ ਨਹੀਂ ਹਾਂ, ਪਰ ਮੈਂ ਸਮਝਦਾ ਹਾਂ ਕਿ ਮਹੱਤਤਾ ਕਲਾ ਦੇ ਹਿੱਤਾਂ ਨੂੰ ਮਿਲਣੀ ਚਾਹੀਦੀ। ਇਹ ਉਸੇ ਤਰ੍ਹਾਂ ਹੈ, ਜਿਵੇਂ ਕਿ ਆਪ ਕਿਸੇ ਇਸਤਰੀ ਜਾਂ ਪੁਰਸ਼ ਨੂੰ ਮਿਲਦੇ ਹੋ ਤਾਂ ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਤੁਸੀਂ ਉਸਨੂੰ ਪਸੰਦ ਕਰਦੇ ਹੋ ਜਾਂ ਨਹੀਂ। ਜੇ ਕਰਦੇ ਹੋ ਤਾਂ ਉਸਦੇ ਰੁਪਏ, ਪੈਸੇ, ਧੰਨ-ਦੌਲਤ ਤੇ ਸੁੱਖ-ਆਰਾਮ ਕਾਰਨ ਨਹੀਂ ਸਗੋਂ ਉਸਦੇ ਪੂਰੇ-ਸੂਰੇ ਵਿਅਕਤਿਤਵ ਕਾਰਨ। ਉਸੇ ਤਰ੍ਹਾਂ ਮੈਂ ਆਪਣੇ ਮਿੱਤਰ ਤੇ ਕਲਾ-ਪ੍ਰੇਮੀਆਂ ਨੂੰ ਆਖਦਾ ਹਾਂ ਕਿ ਆਪ ਆਪਣੇ ਨੂੰ ਦਿਲ ਨੂੰ ਟਟੋਲੋ ਕਿ ਫਲਾਣੀ ਪੇਂਟਿੰਗ ਤੁਹਾਨੂੰ ਚੰਗੀ ਲੱਗੀ ਹੈ ਜਾਂ ਨਹੀਂ। ਸਿਰਫ਼ ਉਸਦੀ ਕੀਮਤ ਵੇਖ ਕੇ ਹੀ ਉਸਨੂੰ ਨਾ ਖਰੀਦੋ। ਤੁਸਾਂ ਉਸ ਪੇਂਟਿੰਗ ਨਾਲ ਜੀਵਨ ਭਰ ਰਹਿਣਾ ਹੈ, ਇਹ ਨਹੀਂ ਕਿ ਪੈਸਾ ਲਗਾਉਣ ਲਈ ਖਰੀਦ ਲਵੋ ਤੇ ਪਿੱਛੋਂ ਵੇਚ ਕੇ ਪੈਸਾ ਕਮਾਓ।



**? : ਪਰ ਜਿਵੇਂ ਕਿ ਆਪ ਨੇ ਖ਼ੁਦ ਹੀ ਆਖਿਆ ਹੈ, ਕਿ 'ਕਲਾ-ਜਗਤ' ਵਿਚ ਪੈਸੇ ਦਾ ਉਛਾਲ ਆਇਆ ਹੋਇਆ ਹੈ। ਬਹੁਤ ਸਾਰੇ ਚਿੱਤਰਕਾਰ ਤਾਂ ਪੈਸੇ ਲਈ ਹੀ ਧੜਾ-ਧੜ ਪੇਂਟ ਕਰ ਰਹੇ ਹਨ?**

- ਹਾਂ, ਇਹ ਬੜੇ ਦੁੱਖ ਦੀ ਗੱਲ ਹੈ। ਮੈਨੂੰ ਇਸ ਬਾਰੇ ਅਫ਼ਸੋਸ ਹੈ। ਪਰ ਮੈਂ ਆਪਨੂੰ ਦੱਸਦਾ ਹਾਂ ਕਿ ਮੈਂ ਇਸ ਸਭ ਕੁਝ ਤੋਂ ਨਿਰਲੇਪ ਹਾਂ। ਮੈਂ ਗੈਲਰੀ ਵਾਲੇ ਤੇ ਪ੍ਰਬੰਧਕਾਂ ਨੂੰ ਦੱਸਦਾ ਹਾਂ ਕਿ ਮੈਨੂੰ ਪੈਸੇ ਦੀ ਇੱਛਾ ਨਹੀਂ ਹੈ। ਪੇਂਟਿੰਗ ਦੇ ਮੁੱਲ ਬਾਰੇ ਤਰਕ ਸੰਗਤ ਰਹਿਣਾ ਚਾਹੀਦਾ ਹੈ। ਪੈਸੇ ਦੇ ਪਿੱਛੇ ਭੱਜਣ ਦਾ ਇਹ ਪਾਗਲਪੁਣਾ ਸੱਚਮੁੱਚ ਬਹੁਤ ਬੁਰਾ ਹੈ। ਜੋ ਕਲਾਕਾਰ ਇਹ ਕਹਿ ਰਹੇ ਹਨ ਕਿ ਦਰਮਿਆਨੇ ਦਰਜ਼ੇ ਦੀ ਮਾਨਸਿਕਤਾ ਦੇ ਮਾਲਕ ਪੇਂਟਰ ਹਨ ਤੇ ਉਹਨਾਂ ਨੇ ਕਲਾ ਦੀ ਅਸਲੀ ਕੀਮਤ ਦੀ ਰਾਹ ਗਵਾ ਲਈ ਹੈ। ਮੈਨੂੰ ਪੈਰਿਸ ਵਿਚ 1956 ਵਿਚ ਦਾ ਪ੍ਰਸਿੱਧ ਪੁਰਸਕਾਰ 'ਫਰੀ-ਦਾ-ਲਾ ਨਿਰਟੀਕ' ਮਿਲ ਚੁੱਕਿਆ ਹੈ। ਉਸਦੇ ਨਾਲ ਹੀ ਮੈਂ ਰਾਤੋ-ਰਾਤ ਪ੍ਰਸਿੱਧ ਹੋ ਗਿਆ ਹਾਂ। 'ਲਾ ਮਾਂਦ ਫਿਗਾਰੋ' ਇਨਫਰਮੇਸ਼ਨ ਸਭ ਅਖ਼ਬਾਰਾਂ ਨੇ ਮੇਰੇ ਬਾਰੇ ਲਿਖਿਆ ਪੈਰਿਸ ਵਿਚ ਹੀ ਨਹੀਂ ਲੰਡਨ, ਅਮਰੀਕਾ, ਜਰਮਨੀ, ਹਾਲੈਂਡ - ਸਭਨਾਂ ਦੀ ਪ੍ਰੈਸ ਨੇ ਉਹਨੀਂ ਦਿਨੀਂ ਮੇਰੇ ਬਾਰੇ ਛਾਪਿਆ। ਪੈਰਿਸ ਵਿਚ ਰਹਿ ਕੇ, ਛੇ ਸਾਲਾਂ ਤੱਕ ਮੈਂ ਬੜੀ ਮਿਹਨਤ ਕੀਤੀ। ਤਦ ਜਾ ਕੇ ਮੈਨੂੰ ਇਹ ਪੁਰਸਕਾਰ ਮਿਲਿਆ। ਸੋ, ਮਤਲਬ ਕੰਮ ਕਰਨ ਤੋਂ ਹੈ, ਪੈਸੇ ਕਮਾਉਣ ਤੋਂ ਨਹੀਂ। ਤੁਹਾਨੂੰ ਪਤਾ ਹੈ, ਵਿੰਨਸੈਂਟ ਵਾਨ ਗਾਗ ਨੇ ਆਪਣੇ ਜੀਵਨ ਵਿਚ ਸਿਰਫ਼ ਆਪਣੀ ਇੱਕ ਹੀ ਪੇਂਟਿੰਗ ਵੇਚੀ ਸੀ। ਉਸਦਾ ਭਰਾ ਥੀਓ ਤੇ ਗੋਗਾ ਅਰਥਾਤ ਕੁਝ ਹੋਰ ਫਰੈਂਚ ਚਿੱਤਰਕਾਰ ਉਸਦੀ ਮਦਦ ਕਰਦੇ ਸੀ। ਮੈਨੂੰ ਇਹਨਾਂ ਨੌਜਵਾਨ ਚਿੱਤਰਕਾਰਾਂ ਨੂੰ ਵੇਖ ਕੇ ਬੜਾ ਦੁੱਖ ਲੱਗਦਾ ਹੈ ਕਿ ਉਹ ਇੱਕ ਤੋਂ ਬਾਅਦ ਇੱਕ ਪੇਂਟਿੰਗ ਬਣਾਉਂਦੇ ਹਨ, ਕਿਉਂਕਿ ਉਹ ਆਸਾਨੀ ਨਾਲ ਉਸਨੂੰ ਵੇਚ ਲੈਂਦੇ ਹਨ, ਜਦਕਿ ਉਹਨਾਂ ਨੂੰ ਆਪਣੇ ਕੰਮ ਵਿਚ ਗੁਣਵੰਤਤਾ ਲਿਆਉਣ ਲਈ ਹੋਰ ਮਿਹਨਤ ਕਰਨੀ ਚਾਹੀਦੀ ਹੈ।

ਫਰੀ-ਦਾ-ਲਾ ਕਿਰਟੀਕ ਪੁਰਸਕਾਰ ਪਾਉਣ ਵਾਲਾ ਮੈਂ ਪਹਿਲਾਂ ਵਿਦੇਸ਼ੀ ਸੀ। ਉਸਤੋਂ ਪਹਿਲਾਂ ਕਿਸੇ ਵੀ ਵਿਦੇਸ਼ੀ ਨੂੰ ਫਰਾਂਸ ਦਾ ਇਹ ਪ੍ਰਤਿਸ਼ਟ ਪੁਰਸਕਾਰ ਨਹੀਂ ਮਿਲਿਆ ਸੀ। ਚੌਦਾਂ ਕਲਾ ਮਾਹਰਾਂ ਨੇ ਮੇਰੀਆਂ ਕਲਾ-ਕਿਰਤਾਂ ਨੂੰ ਜਾਂਚਿਆ - ਪਰਖਿਆ ਸੀ ਤਾਂ ਜਾ ਕੇ ਇਹ ਤੈਅ ਕੀਤਾ ਕਿ ਇਹ ਮੈਨੂੰ ਮਿਲੇ। ਤੇ ਕਲਾ ਦੀ ਦੁਨੀਆਂ ਵਿਚ ਨਾਂ ਕਮਾਉਣ ਲਈ ਬੜੀ ਮਿਹਨਤ ਦੀ ਜ਼ਰੂਰਤ ਹੈ।

ਮੈਂ ਪਿਛਲੇ ਵੀਹ ਸਾਲਾਂ ਤੋਂ ਚੁੱਪ-ਚਾਪ ਕੰਮ ਕਰ ਰਿਹਾ ਹਾਂ ਤੇ ਆਪਣੀਆਂ ਕਲਾ ਕਿਰਤਾਂ ਨੂੰ ਢੁੱਕਵੇਂ ਮੁੱਲ ਉੱਤੇ ਵੇਚ ਰਿਹਾ ਹਾਂ। ਮੈਂ ਅੱਜਕੱਲ ਇਕਾਂਤ ਵਿਚ ਕੰਮ ਕਰਦਾ ਹਾਂ ਤੇ ਬਹੁਤ ਜ਼ਿਆਦਾ ਲੋਕਾਂ ਨੂੰ ਨਹੀਂ ਮਿਲਦਾ।

**? : ਤੁਸੀਂ ਐਮ. ਐਫ. ਹੁਸੈਨ ਦੁਆਰਾ ਆਪਣੇ ਚਿੱਤਰਾਂ ਬਾਰੇ ਪੈਦਾ ਕੀਤੇ ਵਿਵਾਦਾਂ ਬਾਰੇ ਕੀ ਆਖੋਗੇ? ਕੀ ਤੁਸੀਂ ਵੀ ਆਪਣੇ ਜੀਵਨ ਵਿਚ ਕਦੇ ਆਪਣੇ ਚਿੱਤਰਾਂ ਦੁਆਰਾ ਕੋਈ ਵਾਦ-ਵਿਵਾਦ ਪੈਦਾ ਕੀਤਾ?**

- ਮੈਂ ਅਲੰਕਾਰਕ ਚਿੱਤਰ ਨਹੀਂ ਬਣਾਉਂਦਾ ਵੀ ਮੈਂ ਸਰਬਜਨਕ ਪ੍ਰਕਾਰ ਦੇ ਵਾਦ-ਵਿਵਾਦਾਂ ਵਿਚ ਪੈਣਾ ਪਸੰਦ ਨਹੀਂ ਕਰਦਾ। ਮੈਂ ਇਸ ਤੋਂ ਦੂਰ ਹੀ ਰਹਿਣਾ ਚਾਹੁੰਦਾ ਹਾਂ। ਮੈਨੂੰ ਹੁਸੈਨ ਨੂੰ ਲੈ ਕੇ ਚੱਲੇ ਵਿਵਾਦਾਂ ਨੂੰ ਸੁਣਕੇ ਦੁੱਖ ਲੱਗਦਾ ਹੈ। ਉਹ ਇੱਕ ਵੱਡਾ ਪੇਂਟਰ ਹੈ। ਉਸ ਉੱਤੇ ਇਸ ਤਰ੍ਹਾਂ ਦੀਆਂ ਤੋਹਮਤਾਂ ਨਹੀਂ ਲੱਗਣੀਆਂ ਚਾਹੀਦੀਆਂ। ਪਰ ਬਾਤ ਇਹ ਹੈ ਕਿ ਹਰ ਕਲਾਕਾਰ ਆਪਣੀ-ਆਪਣੀ ਤਰ੍ਹਾਂ ਨਾਲ ਕੰਮ ਕਰਦਾ ਹੈ। ਹੁਸੈਨ ਆਪਣੇ ਨਾਲ, ਸੂਜ਼ਾ ਆਪਣੀ ਤਰ੍ਹਾਂ ਨਾਲ ਤੇ ਗਾਏ ਤੋਂਡੇ ਆਪਣੇ ਮੁਤਾਬਿਕ। ਮੈਂ ਆਪਣਾ ਜੀਵਨ ਆਪਣੀ ਤਰ੍ਹਾਂ ਨਾਲ ਜੀ ਰਿਹਾ ਹਾਂ ਅਤੇ ਕਿਉਂਕਿ ਮੇਰਾ ਕੰਮ ਘੱਟ ਸਰੀਰਕ ਹਾਵ-ਭਾਵ ਹੈ। ਐਬਸਟਰੈਕਟ (ਅਮੂਰਤ) ਹੈ ਤੇ ਭਾਰਤੀ ਸੰਸਕ੍ਰਿਤੀ ਉੱਤੇ ਅਧਾਰਿਤ ਹੈ, ਇਸ ਲਈ ਸਾਡੇ ਵਿਚ ਵਿਵਾਦਾਂ ਦੀ ਘੱਟ ਸੰਭਾਵਨਾ ਹੈ। ਮੈਂ ਕਿਸੇ ਨੂੰ ਵੀ ਤਕਲੀਫ ਨਹੀਂ ਪਹੁੰਚਾਉਂਦਾ।

**? : ਆਪ ਪੈਰਿਸ ਵਿਚ ਰਹਿੰਦੇ ਹੋਏ ਵੀ ਭਾਰਤ ਨਾਲ ਐਨੀ ਨੇੜਤਾ ਤੇ ਇਕਮਿਕਤਾ ਨਾਲ ਕਿਵੇਂ ਜੁੜੇ ਰਹਿ ਸਕੇ ਹੋ?**

- ਵੈੱਲ! ਮੈਂ ਇੱਕ ਭਾਰਤੀ ਨਾਗਰਿਕ ਹਾਂ। ਭਾਰਤ ਵਿਚ ਜੰਮਿਆ, ਹਿੰਦੀ ਮੇਰੀ ਭਾਸ਼ਾ ਹੈ। ਮੈਂ ਇੱਥੇ ਰਹਿ ਕੇ ਵੀ ਆਪਣੇ ਦੇਸ਼ ਨਾਲ ਜੀਵੰਤ ਰਿਸ਼ਤਾ ਬਣਾਈ ਰੱਖਿਆ ਹੈ। ਇਥੇ ਆ ਕੇ ਤਾਂ ਮੈਂ ਹੋਰ ਵੀ ਭਾਰਤੀ ਬਣ ਗਿਆ ਹਾਂ। ਹਰ ਸਾਲ ਭਾਰਤ ਜਾਂਦਾ ਹਾਂ। ਮੇਰੀ ਪਾਸਪੋਰਟ ਭਾਰਤੀ ਹੈ। ਮੈਂ ਆਪਣੀ ਭਾਰਤੀ ਨਾਗਰਿਕਤਾ ਕਾਇਮ ਰੱਖੀ ਹੈ। ਮੈਨੂੰ ਸੰਸਕ੍ਰਿਤ ਦੇ ਸ਼ਲੋਕ ਕੰਠ ਹਨ। ਮੈਂ ਲੋਕਾਂ ਨਾਲ ਹਿੰਦੀ ਵਿਚ ਗੱਲ ਕਰਦਾ ਹਾਂ। ਮੈਂ ਹੁਣ ਵੀ ਆਪਣੇ ਪ੍ਰਾਇਮਰੀ ਸਕੂਲ ਦੇ ਪੜਾਕੂਆਂ ਨੂੰ ਯਾਦ ਕਰਦਾ ਹਾਂ। ਨੰਦ ਲਾਲ ਆਰੀਆ, ਬੇਨੀ ਪ੍ਰਸ਼ਾਦ ਜੀ, ਭੋਲੇ ਸ਼ੰਕਰ ਜੀ। ਭਾਰਤ ਮੇਰੇ ਲਹੂ ਵਿਚ ਹੈ, ਮੇਰੇ ਪੂਰੇ ਸਿਸਟਮ ਵਿਚ ਹੈ। ਮੈਂ ਉਸਨੂੰ ਭੁੱਲ ਨਹੀਂ ਸਕਦਾ। ਇਹ ਇੱਕਦਮ ਸੁਭਾਵਿਕ ਹੈ। ਲੰਘੇ ਫਰਵਰੀ ਮਹੀਨੇ ਵਿਚ ਮੈਂ ਮੰਡਲਾ ਤੇ ਦਮੋਹ ਗਿਆ। ਉਹਨਾਂ ਥਾਵਾਂ ਨੂੰ ਦੇਖਿਆ, ਜਿੱਥੇ ਮੇਰਾ ਬਚਪਨ ਬੀਤਿਆ ਸੀ। ਮੈਂ ਆਪਣੇ ਉਸ ਸਕੂਲ ਵਿਚ ਗਿਆ, ਜਿੱਥੇ ਬਚਪਨ ਵਿਚ ਮੈਂ ਆਪਣੀ ਪੜ੍ਹਾਈ ਕੀਤੀ ਸੀ। ਮੈਂ ਐਨਾ ਭਾਵੁਕ ਹੋ ਗਿਆ ਕਿ ਉੱਥੇ ਹੀ ਸੜਕ ਉੱਤੇ ਬੈਠ, ਫਾਟਕ ਦੇ ਸਾਹਮਣੇ ਝੁਕ ਗਿਆ। ਮੈਂ ਉੱਥੇ ਨਮਸਕਾਰ ਕੀਤੀ। ਉਸ ਧਰਤੀ ਨੂੰ ਚੁੰਮਿਆ। ਮੈਂ ਇਹ ਸਭ ਕੁਝ ਆਪਣੇ ਲਈ ਕੀਤਾ। ਇਹ ਕਰਜ਼ ਉਤਾਰਨ ਦਾ ਯਤਨ ਸੀ, ਇਹੀ ਹਿੰਦੂ ਵਿਧੀ ਹੈ। ਔਰਤਾਂ ਮੇਰੇ ਲਈ ਦੇਵੀਆਂ ਦੇ ਬਰਾਬਰ ਹਨ। ਮੈਂ ਉਹਨਾਂ ਦਾ ਨਿਰਾਦਰ ਨਹੀਂ ਕਰਦਾ। ਮੈਂ ਔਰਤਾਂ ਵਿਚ ਸਤੀ ਦਾ ਰੂਪ ਵੇਖਣ ਦੇ ਸਖ਼ਤ ਖ਼ਿਲਾਫ਼ ਹਾਂ। ਮੈਂ ਨਹੀਂ ਚਾਹੁੰਦਾ ਕਿ ਉਹਨਾਂ ਨੂੰ ਸਿਰਫ਼ ਬੱਚਿਆਂ ਦੀ ਦੇਖਭਾਲ ਤੇ ਪਤੀ ਦੀ ਸੇਵਾ ਕਰਨ ਵਾਲੀ ਹੀ ਸਮਝਿਆ ਜਾਵੇ। ਮੈਂ ਸਮਝਦਾ ਹਾਂ ਕਿ ਇਸਤਰੀ ਬਿਨਾਂ ਪੁਰਸ਼ ਕੁਝ ਵੀ ਨਹੀਂ ਕਰ ਸਕਦਾ।

ਸੰਤ ਗਿਆਨੇਸ਼ਵਰ ਦੀ ਭੈਣ ਮੁਕਤੀ ਬਾਈ ਲਿਖਦੀ ਹੈ, ''ਮੂੰਗੀ ਉੜਾਲੀ ਆਕਾਸ਼ੀ, ਤੂਨੇ ਘੇਰਾਲੀ ਸੂਰੇਯਾਸ਼ੀ'' ਅਰਥਾਤ ਇੱਕ ਚਿੜੀ ਆਕਾਸ਼ ਵਿਚ ਉੱਡਦੀ ਹੈ ਤੇ ਸੂਰਜ ਨੂੰ ਨਿਗਲ ਜਾਂਦੀ ਹੈ। ਸਾਡੇ ਦੇਸ਼ ਦੀ ਕਿਆ ਮਾਣਯੋਗ ਸੱਭਿਅਤਾ ਹੈ। ਇਸ ਤਰ੍ਹਾਂ ਦੀ ਕਲਪਨਾ ਕਰਨਾ ਹੀ ਵਿਅਕਤੀ ਨੂੰ ਅਮਰ ਬਣਾਉਣ ਦਾ ਯਤਨ ਹੈ। ਤੇ ਮੇਰੇ ਪਿਆਰੇ ਮਿੱਤਰੋ, ਸੰਨ 75-80 ਤੋਂ ਮੇਰਾ ਯਤਨ ਰਿਹਾ ਹੈ ਕਿ ਮੈਂ ਆਪਣੀਆਂ ਕਲਾ-ਕਿਰਤਾਂ ਵਿਚ ਭਾਰਤੀ ਪ੍ਰਤੀਕਾਂ, ਭਾਰਤੀ ਦਰਸ਼ਨ, ਭਾਰਤੀ ਚਿੰਤਨ ਨੂੰ ਉਤਾਰਾਂ ਤੇ ਮੈਂ ਇਹੀ ਕਰਦਾ ਰਿਹਾ ਹਾਂ। ਇਸੇ ਲਈ ਉਸ ਵਿਚ ਬਿੰਦੂ ਹੈ, ਕੁੰਡਲਿਨੀ ਹੈ, ਪ੍ਰਕਿਰਤੀ ਹੈ।

**?: ਤੁਸੀਂ ਫਰਾਂਸ ਵਿਚ ਕੰਮ ਕਰ ਰਹੇ ਸਮਕਾਲੀ ਭਾਰੀਤ ਮੂਲ ਦੇ ਚਿੱਤਰਕਾਰਾਂ ਬਾਰੇ ਕੀ ਸੋਚਦੇ ਹੋ?**

- ਹਾਂ, ਪੈਰਿਸ ਵਿਚ ਸੱਚਮੁੱਚ ਹੀ ਬਹੁਤ ਚੰਗੇ ਭਾਰਤੀ ਮੂਲ ਦੇ ਪੇਂਟਰ ਕੰਮ ਕਰ ਰਹੇ ਹਨ। ਵਿਸ਼ਵਰਧਨ ਬਹੁਤ ਵਧੀਆ ਹਨ। ਫਸਟ ਕਲਾਸ। ਰਾਜਿੰਦਰ ਧਵਨ ਹਨ, ਜੋ ਬਹੁਤ ਸਿੱਕੇ ਬੰਦ ਅਤੇ ਮਹੱਤਵਪੂਰਨ ਕਲਾਕਾਰ ਹਨ। ਇੱਥੇ ਸੁਜਾਤਾ ਬਜਾਜ ਹਨ ਜੋ 10 ਸਾਲ ਪਹਿਲਾਂ ਫਰਾਂਸ ਆਈ ਸੀ। ਸਤੀਸ਼ ਪਾਚਾਲ ਹਨ, ਜੋ ਬਹੁਤ ਦਿਲਚਸਪ ਕੰਮ ਕਰ ਰਹੇ ਹਨ। ਮੈਂ ਕੇਵਲ ਉਹਨਾਂ ਵਿਚ ਹੀ ਰੁਚੀ ਰੱਖਦਾ ਹਾਂ। ਜਿਹਨਾਂ ਦਾ ਕਲਾ-ਜਗਤ ਨੂੰ ਕੋਈ ਨਿੱਜੀ ਅਵਦਾਨ ਹੈ, ਤੇ ਜਿਹਨਾਂ ਦੀ ਆਪਣੀ ਹੀ ਸ਼ੈਲੀ ਹੈ, ਸੁਭਾਅ ਹੈ। ਇਹ ਨਾ ਭੁੱਲੋ ਕਿ ਭਾਰਤ ਵਿਚ ਵੀ ਇਸੇ ਤਰ੍ਹਾਂ ਕੁਝ ਪੇਂਟਰ ਚੰਗਾ ਕੰਮ ਕਰ ਰਹੇ ਹਨ। ਅਸੀਂ ਹੁਸੈਨ ਦੀਆਂ ਪੇਂਟਿੰਗਜ਼ ਦੇ ਮਹੱਤਵ ਨੂੰ ਵੀ ਨਕਾਰ ਨਹੀਂ ਸਕਦੇ। ਇਸਦੇ ਬਾਵਜੂਦ ਉਸਦੀਆਂ ਕਮਜ਼ੋਰੀਆਂ ਦੇ। ਕਦੇ-ਕਦੇ ਉਹ ਇੱਕ ਦੇ ਬਾਅਦ ਇੱਕ ਪੇਂਟਿੰਗ ਬਣਾਈ ਚਲੇ ਜਾਂਦੇ ਹਨ। ਪਰ ਉਹਨਾਂ ਨੇ ਕਈ ਬੜੇ ਮਹੱਤਵਪੂਰਨ ਕੰਮ ਕੀਤੇ ਹਨ। ਉਸਨੂੰ ਸਮਕਾਲੀ ਭਾਰਤੀ ਚਿਤਰਕਲਾ ਦੇ ਇਤਿਹਾਸ ਵਿਚੋਂ ਕੱਢਿਆ ਨਹੀਂ ਜਾ ਸਕਦਾ, ਭਾਵੇਂ ਕਿ ਉਸਦੇ ਵਿਰੁੱਧ ਕਿਸ ਤਰ੍ਹਾਂ ਦੀ ਆਲੋਚਨਾ ਕਿਉਂ ਨਾ ਹੁੰਦੀ ਹੋਵੇ।

ਹੁਣ ਬਾਤ ਇਹ ਹੈ ਕਿ ਮੇਰੀ ਮੂਲ ਧਾਰਨਾ ਇਹ ਹੈ ਕਿ ਭਾਰਤੀ ਚਿੱਤਰਕਾਰੀ ਨੂੰ ਆਪਣੀ ਆਤਮਾ ਦੀ ਆਵਾਜ਼ ਦੇ ਅਨੁਸਾਰ ਮੌਲਿਕ ਪ੍ਰਕਾਰ ਦੇ ਖੋਜਾਂ ਉੱਤੇ ਕੇਂਦਰਤ ਕਰਨਾ ਚਾਹੀਦਾ ਅਤੇ ਆਪਣੇ ਅੰਤਰ ਗਿਆਨ ਅਤੇ ਅੰਦਰਲੀ ਜੋਤੀ ਦੇ ਅਨੁਕੂਲ ਆਪਣੇ ਕੰਮ ਦਾ ਵਿਕਾਸ ਕਰਨਾ ਚਾਹੀਦਾ। ਹੁਣ ਵੇਖੋ ਕਿ ਮੈਂ ਆਪ ਨੂੰ ਇਹ ਸ਼ਬਦ ਕਹਿ ਰਿਹਾ ਹਾਂ ਤੇ ਮੈਂ ਚਾਹੁੰਦਾ ਹਾਂ ਕਿ ਦੇਸ਼ ਦੇ ਲੋਕੀ, ਜੋ ਦੇਸ਼ ਵਿਚ ਰਹਿੰਦੇ ਹਨ, ਉਹਨਾਂ ਨੂੰ ਇਸ ਗੱਲ ਦਾ ਪਤਾ ਹੋਵੇ। ਦੇਸ਼ ਵਿਚ ਵੀ ਲੋਕਾਂ ਨੂੰ ਆਪਣੇ ਦੇਸ਼ ਦੀਆਂ ਯਾਦਾਂ ਦੇ ਬਾਰੇ ਪਤਾ ਨਹੀਂ ਹੈ। ਇਹ ਜਾਣਕੇ ਮੈਨੂੰ ਬਹੁਤ ਦੁੱਖ ਹੁੰਦਾ ਹੈ। ਮੈਂ ਪੂਨੇ ਜਾਂਦਾ ਹਾਂ ਕਿ ਲੋਕਾਂ ਨੂੰ ਪੁੱਛਦਾ ਹਾਂ ਕਿ ਮੁਕਤਾ ਬਾਈ ਕੌਣ ਸੀ?ਜਾਣਦੇ ਹੋ, ਉਹਨਾਂ ਨੂੰ ਪਤਾ ਨਹੀਂ ਹੁੰਦਾ। ਉਹ ਨਹੀਂ ਜਾਣਦੇ ਕਿ ਉਹ ਸੰਤ ਗਿਆਨੇਸ਼ਵਰ ਦੀ ਭੈਣ ਸੀ। ਵਿਦਵਾਨ ਭੈਣ। ਉਹ ਸੰਤ ਗਿਆਨੇਸ਼ਵਰ ਨੂੰ ਨਹੀਂ ਜਾਣਦੇ, ਸੰਤ ਤੁਕਾਰਾਮ ਨੂੰ ਨਹੀਂ ਜਾਣਦੇ ਤਾਂ ਮੈਨੂੰ ਦੁੱਖ ਲੱਗਦਾ ਹੈ। ਮੈਂ ਇੱਥੇ ਪੈਰਿਸ ਵਿਚ ਬੈਠਾ ਸੁਣਦਾ ਹਾਂ। ''ਮੂੰਗੀ ਲੜਾਈ ਤੈਨੇ ਬੰਗਲੀ ਮੁਰਛਾਈ।'' ਮੇਰੇ ਕੋਲ ਇਸਦਾ ਰਿਕਾਰਡ ਹੈ। ਮੂੰਗੀ ਉੜਾਲੀ ਅਰਥਾਤ ਇੱਕ ਕੀੜੀ ਆਕਾਸ਼ ਵੱਲ ਉੱਡਦੀ ਹੈ ਤੇ ਸੂਰਜ ਨੂੰ ਨਿਗਲ ਜਾਂਦੀ ਹੈ..... ਅਰਥਾਤ ਮੇਰੇ ਵਰਗਾ ਸਾਧਾਰਨ ਇੱਕ ਆਦਮੀ ਪੈਰਿਸ ਆਉਂਦਾ ਤੇ ਪੈਰਿਸ ਨੂੰ ਜਿੱਤ ਲੈਂਦਾ ਹੈ।

**? : 'ਬਿੰਦੂ' ਤੁਹਾਨੂੰ ਕੇਂਦਰੀ ਥੀਮ (ਵਿਸ਼ਾ) ਹੈ। ਜ਼ਿਆਦਾਤਰ ਪੇਂਟਿੰਗਜ਼ ਵਿਚ?**

- ਬਿੰਦੂ ਵਿਚ ਬੇਅੰਤ ਸੰਭਾਵਨਾਵਾਂ ਹਨ। ਇਹ ਇੱਕ ਸੰਘਣਾ ਰੂਪ ਹੈ। ਭਾਰਤੀ ਇੱਛਾ ਵਿਚ ਇਹ ਅਤਿ ਛੋਟਾ ਆਕਾਰ ਹੈ। ਬੀਜ ਜਿਹਾ। ਜਿਵੇਂ ਬੀਜ ਵਿਚ ਹੀ ਸਾਰੀ ਗੁਪਤ ਸ਼ਕਤੀ ਲੁਕੀ ਹੁੰਦੀ ਹੈ। ਉਸੇ ਤਰ੍ਹਾਂ ਆਪਨੇ ਇਸਨੂੰ ਧਰਤੀ ਦੇ ਅੰਦਰ ਪਾਉਣਾ ਹੈ, ਬੱਸ ਪਾਣੀ ਨਾਲ ਸਿੰਝਣਾ ਹੈ ਤੇ ਇੱਕ ਵਿਸ਼ਾਲਤਰ ਬਿਰਖ ਵਿਚ ਬਦਲ ਜਾਂਦਾ ਹੈ ਇਸੇ ਤਰ੍ਹਾਂ ਸਾਡੇ ਅੰਦਰ ਜੋ ਵੀ ਹੈ, ਬੱਚੇ ਦੇ ਅੰਦਰ ਜੋ ਵੀ ਹੈ, ਉਹ ਬਿੰਦੂ ਦੀ ਤਰ੍ਹਾਂ ਹੀ ਵਿਕਸਿਤ ਹੋ ਸਕਦਾ ਹੈ। ਆਪ ਸਮਝ ਲਓ, ਬਿੰਦੂ ਹੀ ਸਿਰਜਕ ਹੈ।

*'ਪਹਿਲ' ਅੰਕ ਨਵੰਬਰ 85 ਵਿਚੋਂ ਪੰਜਾਬੀ ਅਨੁਵਾਦ*

## ਦਿੱਲੀ 'ਬੱਸ-ਬਲਾਤਕਾਰ'

# ਅਸਲ ਦੋਸ਼ੀ ਕੌਣ: ਵਿਅਕਤੀ ਜਾਂ ਵਿਵਸਥਾ?



ਸਤਨਾਮ ਚਾਨਾ
+91-94172-70411
vichar_manch@yahoo.com

ਅਪਰਾਧ ਸਾਰੇ ਹੀ ਘਿਰਨਾਯੋਗ ਹਨ ਪਰ ਬਲਾਤਕਾਰ ਸਭ ਤੋਂ ਵੱਧ ਸੰਗੀਨ ਹੈ। ਪਰ, ਖੂੰਖਾਰ ਅਪਰਾਧੀਆਂ ਨੂੰ ਸਜ਼ਾ ਦੇਣ ਦੇ ਮਾਮਲੇ ਵਿੱਚ ਭਾਰਤੀ ਸਮਾਜ ਦੁਚਿੱਤੀ ਨਾਲ ਭਰਿਆ ਚੁਰੱਸਤੇ ਵਿੱਚ ਖੜ੍ਹਾ ਹੈ। ਇਹ ਸਥਿਤੀ ਸਿਰਫ਼ ਤਰ੍ਹਾਂ ਤਰ੍ਹਾਂ ਦੇ ਅਪਰਾਧਾਂ ਦੇ ਪ੍ਰਸੰਗ ਵਿੱਚ ਹੀ ਨਹੀਂ ਸਗੋਂ ਸਮੁੱਚੀ ਜੀਵਨ ਜਾਂਚ ਬਾਰੇ ਹੈ ਜਿਹੜੀ ਭਾਵੇਂ ਅਜੇ ਸਾਨੂੰ ਨਜ਼ਰ ਨਹੀਂ ਆ ਰਹੀ। ਕਥਤ ਬੁਧੀਮਾਨਾ ਦੀ ਉਪਰਲੀ ਪਰਤ ਅਤੇ ਆਮ ਨਾਗਰਿਕਾਂ ਦੇ ਵਿਚਾਰਾਂ ਅਤੇ ਹਿਤਾਂ ਵਿੱਚ ਜ਼ਮੀਨ ਅਸਮਾਨ ਦੀ ਵਿੱਥ ਪੈ ਗਈ ਹੈ। ਅਜੇ ਜ਼ਿਆਦਾ ਦੇਰ ਨਹੀਂ ਹੋਈ ਜਦੋਂ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦਾ ਮਾਮਲਾ ਉਠਿਆ ਤਾਂ ਮੀਡੀਆ ਵਿੱਚ ਗਹਿਗੱਚ ਬਹਿਸ ਛਿੜ ਪਈ ਕਿ ਭਾਰਤ ਵਿੱਚ ਵੀ ਬਹੁਤ ਸਾਰੇ (ਵਿਕਸਤ) ਦੇਸ਼ਾਂ ਵਾਂਗ ਮੌਤ ਦੀ ਸਜ਼ਾ ਉੱਕਾ ਹੀ ਖਤਮ ਕਰ ਦੇਣੀ ਚਾਹੀਦੀ ਹੈ। ਇਸ ਬਹਿਸ ਵਿੱਚ ਹਿੱਸਾ ਲੈਣ ਵਾਲੇ ਵੱਡੇ ਵੱਡੇ ਕਨੂੰਨਦਾਨ ਅਤੇ ਕਾਲਮ ਨਵੀਸ ਵੀ ਸ਼ਾਮਲ ਸਨ। ਇਹ ਸੁਝਾਅ ਵੀ ਪੜ੍ਹਨ ਨੂੰ ਮਿਲਿਆ ਕਿ ਪੰਜਾਬ ਵਿਧਾਨ ਸਭਾ ਨੂੰ, ਰਾਜੋਆਣਾ ਵਾਸਤੇ ਕੀਤੀ ਗਈ ਕਾਰਵਾਈ ਦੀ ਥਾਂ, ਮੌਤ ਦੀ ਸਜ਼ਾ ਖਤਮ ਕਰਨ ਦਾ ਮਤਾ ਪਾਸ ਕਰਨ ਦੀ ਪਹਿਲ ਕਦਮੀ ਕਰਨੀ ਚਾਹੀਦੀ ਸੀ। ਪਰ ਜਦੋਂ ਦੇਸ਼ ਦੇ ਵਖ ਵਖ ਭਾਗਾਂ ਵਿੱਚ ਬਲਾਤਕਾਰਾਂ ਅਤੇ ਔਰਤਾਂ ਵਿਰੁਧ ਜ਼ੁਲਮਾਂ ਦੀ ਹਨੇਰੀ ਝੁੱਲੀ ਤਾਂ ਦੋਸ਼ੀਆਂ ਲਈ ਮੌਤ ਦੀ ਸਜ਼ਾ ਨਿਸਚਤ ਕਰਨ ਦੀਆਂ ਅਵਾਜ਼ਾ ਫੇਰ ਜ਼ੋਰ ਸ਼ੋਰ ਨਾਲ ਉਠੀਆਂ ਅਤੇ ਹੁਣ ਦਿੱਲੀ 'ਬੱਸ-ਬਲਾਤਕਾਰ' ਨੂੰ ਲੈਕੇ ਲੋਕ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਫਾਹੇ ਲਗਵਾਉਣ ਲਈ ਸੜਕਾਂ ਤੇ ਉਤਰ ਆਏ ਹਨ। ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਸਨ ਤਾਂ ਤਾਜ਼ਾ ਘਟਨਾ ਦੀ 23 ਸਾਲਾ ਪੀੜਤ ਲੜਕੀ ਹਸਪਤਾਲ ਵਿੱਚ ਮੌਤ ਨਾਲ ਜੂਝ ਰਹੀ ਸੀ ਅਤੇ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕਰਨ ਗਏ ਹਜੂਮ ਉਪਰ, ਰਾਸ਼ਟਰਪਤੀ ਭਵਨ ਦੇ ਸਾਹਮਣੇ ਲਾਠੀਆਂ, ਅਥਰੂ ਗੈਸ ਅਤੇ ਪਾਣੀ ਦੀਆਂ ਤੋਪਾਂ ਦੀ ਬੁਛਾੜ ਹੋ ਰਹੀ ਸੀ। ਜਿਸ ਤੋ ਅੰਦਾਜਾ ਲਗਦਾ ਹੈ ਕਿ ਆਮ ਨਾਗਰਿਕਾਂ ਦੇ ਹਿਤਾਂ ਅਤੇ ਕੌਮ ਦੇ ਸਿਰਜਕਾਂ ਦੇ ਹਿਤਾਂ ਦਰਮਿਆਨ ਕਿੰਨੀ ਡੂੰਘੀ ਖਾਈ ਪੁੱਟੀ ਜਾ ਚੁਕੀ ਹੈ।

ਜਿਹੜਾ ਰੋਸ ਦਿੱਲੀ ਵਿੱਚ ਉੱਠਿਆ ਉਹ ਦੇਸ਼ ਦੇ ਦੂਰਦੁਰਾਡੇ ਖਿੱਤਿਆ ਵਿੱਚ ਵੀ ਪ੍ਰਬਲ ਹੈ ਜਿਹੜਾ ਸਿਰਫ ਕਿਸੇ ਨਾ ਕਿਸੇ ਤਰ੍ਹਾਂ ਫੁੱਟ ਨਿਕਲਣ ਦਾ ਰਸਤਾ ਤਲਾਸ਼ ਕਰ ਰਿਹਾ ਹੈ। ਇਹ ਸਥਿਤੀ ਦੇਸ਼ ਦੇ ਵਿਸ਼ਾਲ ਵਰਗਾਂ ਦੇ ਧੁਰ ਅੰਦਰ ਤੱਕ ਦੇਖੀ ਜਾ ਸਕਦੀ ਹੈ ਜਿਸਨੇ ਸਮਾਜਿਕ ਮਾਨਸਿਕਤਾ ਦਾ ਰੂਪ ਲੈ ਲਿਆ ਹੈ ਅਤੇ ਸਮਾਜਿਕ ਮਾਨਸਿਕਤਾ ਕਿਸੇ ਇੱਕ ਘਟਨਾ ਨਾਲ ਪੈਦਾ ਨਹੀਂ ਹੋ ਜਾਂਦੀ ਸਗੋਂ ਲੰਬੇ ਅਮਲ ਦਾ ਸਿੱਟਾ ਹੂੰਦੀ ਹੈ। ਦਿੱਲੀ ਦੀ ਘਟਨਾ ਨੇ ਦੇਸ਼ ਦੇ ਸਾਰੇ ਸੂਚੇਤ ਵਰਗਾਂ ਅਤੇ ਜਨਸਧਾਰਨ ਦੀ ਆਤਮਾ ਨੂੰ ਇਕਸਾਰ ਟੁੰਭਿਆ ਹੈ। ਕੁਝ ਹੀ ਦਿਨ ਪਹਿਲਾਂ ਪੰਜਾਬ ਵਿੱਚ ਵਾਪਰੀਆਂ ਗੈਰ-ਇਖਲਾਕੀ 'ਤੇ ਗੁੰਡਾਗਰਦੀ ਦੀਆਂ ਘਟਨਾਵਾਂ ਉੱਤੇ ਜਿਨ੍ਹਾਂ ਨੂੰ, ਉਸ ਸਮੇ ਰਾਜਨੀਤਕ ਦਬਾਵਾਂ ਕਾਰਨ ਰੋਸ ਪ੍ਰਗਟ ਕਰਨ ਦਾ ਹੌਂਸਲਾ ਨਹੀਂ ਪਿਆ ਸੀ, ਉਹ ਵੀ ਦਿੱਲੀ ਦੀ ਘਟਨਾ ਵਿਰੁੱਧ ਰੋਸ ਵਿਚ ਸ਼ਾਮਲ ਹੋ ਗਏ। ਇਸੇ ਤਰ੍ਹਾਂ ਕੰਮਕਾਜੀ ਬੁੱਧੀਜੀਵੀਆਂ ਨੇ ਆਪਣਾ ਕਰੋਧ ਫੇਸ ਬੁੱਕ 'ਤੇ ਕੱਢਿਆ ਅਤੇ ਫਿਲਮ ਨਗਰੀ ਦੇ ਉਨ੍ਹਾਂ ਵਿਅਕਤੀਆਂ ਦੇ ਹਿਰਦੇ ਵੀ ਵਲੂੰਧਰੇ ਗਏ ਜਿਹੜੇ ਪਰਦੇ ਉਪਰ ਇਹੋ ਜਹੇ "ਬੋਲਡ ਸੀਨ" ਦੇਣ ਵਾਲੇ ਕਲਾਕਾਰਾਂ ਦੀ ਪ੍ਰਸੰਸਾ ਕਰਕੇ ਫਖਰ ਮਹਿਸੂਸ ਕਰਦੇ ਆਏ ਹਨ।

18 ਦਸੰਬਰ 2012 ਨੂੰ ਦੇਸ਼ ਦਾ ਪਾਰਲੀਮੈਂਟ ਸੁੰਨ ਹੋਇਆ ਰਿਹਾ ਭਾਂਵੇ ਕਿ ਇਸੇ ਨਾਲ ਰਲਦੇ ਮਿਲਦੇ ਮਸਲਿਆਂ ਉਪਰ ਪੰਜਾਬ ਵਿਧਾਂਨ ਸਭਾ ਅੰਦਰ ਉਸੇ ਹੀ ਦਿਨ ਬੇਹੂਦਾ ਖੱਪ ਪਈ। ਲੋਕ ਸਭਾ ਵਿੱਚ ਸਪੀਕਰ ਮੀਰਾ ਕੁਮਾਰ ਨੇ ਕਿਹਾ ਕਿ ਦਿੱਲੀ ਦੀ ਘਟਨਾ ਸਮੁੱਚੇ ਸਮਾਜ ਵਾਸਤੇ ਸ਼ਰਮ ਦੀ ਗੱਲ ਹੈ। ਭਾਵੇਂ ਹਾਕਮ ਧਿਰ ਸੀ ਅਤੇ ਭਾਵੇਂ ਵਿਰੋਧੀ, ਨਿੰਦਾ ਕਰਨ ਵਿੱਚ ਇੱਕ ਮੂੰਹ ਸਨ। ਪਰ ਫੇਰ ਵੀ ਕੁੱਝ ਬਿਆਨ ਆਪਣੀ ਵੱਖਰੀ ਮਹੱਤਤਾ ਰੱਖਦੇ ਹਨ। ਸੀ ਪੀ ਆਈ ਦੇ ਡੀ ਰਾਜਾ ਨੇ ਕਿਹਾ ਕਿ ਇਸ ਘਟਨਾ ਤੋਂ ਬਾਦ ਭਾਰਤੀ ਸਮਾਜ ਆਪਣੇ ਆਪ ਨੂੰ ਸਭਿਅਕ ਸਮਾਜ ਅਖਵਾਉਣ ਦਾ ਦਾਅਵਾ ਨਹੀਂ ਕਰ ਸਕਦਾ। ਅਸੀ਼ ਇਥੇ ਸ਼ਬਦ 'ਸਭਿਅਕ' ਤੇ ਜ਼ੋਰ ਦੇਣਾ ਚਾਹੁੰਦੇ ਹਾਂ। ਇਸ ਦੇ ਨਾਲ ਨਾਲ ਰਾਜ ਸਭਾ ਵਿੱਚ ਤ੍ਰਿਣਾਮੂਲ ਕਾਂਗਰਸ ਦੇ ਡਰੇਕ ਓ ਬ੍ਰੀਏਨ ਨੇ ਜੋ ਗੱਲ ਆਖੀ ਉਹ ਸਾਡੇ ਨੇੜ ਭਵਿੱਖ ਦੀ ਕਲਪਨਾ ਪੇਸ਼ ਕਰਦੀ ਹੈ। ਉਸਨੇ ਕਿਹਾ ਕਿ ਮੇਰੀ ਧੀਅ ਸਤਾਰਾਂ ਸਾਲ ਦੀ ਹੋ ਗਈ ਹੈ ਤੇ ਮੈਨੂੰ ਬਲਾਤਕਾਰਾਂ ਦੀ ਇਸ ਰਾਜਧਾਨੀ, ਦਿੱਲੀ ਤੋਂ ਡਰ ਲੱਗਣ ਲੱਗ ਪਿਆ ਹੈ। ਉਪਰੋਕਤ ਤਿੰਨੋਂ ਹੀ ਬਿਆਨ ਆਪਣੇ ਆਪਣੇ ਦ੍ਰਿਸ਼ਟੀਕੋਣ ਤੋਂ ਗਹਿਰੀ ਮਹੱਤਤਾ ਰਖਦੇ ਹਨ ਅਤੇ ਵਿਸ਼ਲੇਸ਼ਣ ਦੀ ਮੰਗ ਕਰਦੇ ਹਨ। ਫੇਰ ਵੀ ਸਭ ਤੋਂ ਵਧੇਰੇ ਮਹੱਤਵਪੂਰਨ ਬਿਆਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹੈ ਜਿਹੜਾ ਉਨ੍ਹਾਂ ਨੇ ਇਕ ਏ ਐਸ ਆਈ ਬਾਪ ਦੀ ਹੱਤਿਆ ਉਪਰੰਤ ਇਕ ਪੱਤਰਕਾਰ ਦੇ ਸਵਾਲ ਦਾ ਉੱਤਰ ਦਿੰਦਿਆਂ ਦਿੱਤਾ ਸੀ। ਸਾਨੂੰ ਇਸ ਬਜ਼ੂਰਗ ਨੇਤਾ ਦੀ ਧਾਰਨਾ ਵੱਲ ਧਿਆਨ ਦੇਣਾ ਚਾਹੀਦਾ। ਉਨ੍ਹਾਂ ਕਿਹਾ ਕਿ ਅਜੇਹੇ ਅਪਰਾਧ ਦੁਨੀਆਂ ਦੇ ਸਾਰੇ ਸਭਿਅਕ ("ਸਿਵਲਾਈਜ਼ਡ") ਸਮਾਜਾਂ ਵਿੱਚ ਵਾਪਰ ਰਹੇ ਹਨ। ਇਸ ਮਾਇਨਾਖੇਜ਼ ਧਾਰਨਾ ਦਾ ਜ਼ਿਕਰ ਅੱਗੇ ਚਲਕੇ ਵੀ ਕਰਾਂਗੇ। ਪ੍ਰੰਤੂ ਬਲਾਤਕਾਰ ਦੇ ਅਪਰਾਧੀਆਂ ਨੂੰ ਮੌਤ ਦੇ ਘਾਟ ਉਤਾਰਨ ਅਤੇ ਅਪਰਾਧਾਂ ਨੂੰ ਨੱਥ ਪਾਉਣ ਦੀ ਜੋ ਮੰਗ ਉਠਾਈ ਜਾ ਰਹੀਂ ਹੈ ਕੀ ਉਸਨੂੰ ਪ੍ਰਾਪਤ ਕਰਨ ਦੀ ਕੋਈ ਸੰਭਾਵਨਾ ਹੈ ? ਦਹਾਕਿਆਂ ਤੋਂ ਇਹ ਮਸਲਾ ਭਖੇ ਹੋਣ ਦੇ ਬਾਵਜੂਦ ਅਸੀਂ ਇਕ ਵੀ ਕਦਮ ਇਸ ਪਾਸੇ ਵੱਲ ਕਿਉਂ ਨਹੀਂ ਵਧੇ ? ਸਗੋਂ ਸਮੇ ਦੇ ਨਾਲ ਨਾਲ ਸੰਗੀਨ ਤੋਂ ਸੰਗੀਨ ਅਪਰਾਧਾਂ ਵਿੱਚ ਵਾਧਾ ਹੀ ਹੋਇਆ ਹੈ। ਸ਼ਾਇਦ ਇਸ ਧਾਰਨਾ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਦੇਸ਼ਵਾਸੀਆਂ ਦੀ ਇੱਛਾ ਦੇ ਖਿਲਾਫ਼ ਜਾਣ ਵਾਲੀ ਸੱਤਾ ਜਾਂ ਸੱਤਾਧਾਰੀ ਕਾਇਮ ਨਹੀਂ ਰਹਿ ਸਕਦੇ। ਤਾਂ ਫੇਰ ਕੀ ਸੱਚਮੁਚ ਹੀ ਅਪਰਾਧਾਂ ਦੇ ਮਾਮਲੇ ਉੱਪਰ ਦੇਸ਼ਵਾਸੀਆਂ ਦੀ ਇੱਛਾ ਇੱਕ ਮੱਤ ਹੈ ? ਕੀ ਅਪਰਾਧਾਂ ਦੇ ਸਵਾਲ ਤੇ ਸਮਾਜ ਦੀ ਏਕਤਾਂ ਬਾਰੇ ਸਾਡੀ ਧਾਰਨਾ ਸ਼ੱਕੀ ਤਾਂ ਨਹੀਂ ?

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਸੀਂ ਬੇਹੱਦ ਸੰਵੇਦਨਸ਼ੀਲ ਹਾਂ ਅਤੇ ਅਪਰਾਧਾਂ ਨੂੰ ਨਫ਼ਰਤ ਕਰਦੇ ਹਾਂ। ਪਰ ਸਾਡੀ ਸਾਰੀ ਸੰਵੇਦਨਸ਼ੀਲਤਾ ਰਾਜਨੀਤੀ ਤੋਂ ਪ੍ਰਭਾਵਤ ਹੋ ਗਈ ਹੈ। ਅਸੀਂ ਰਾਜਨੀਤਕ ਅਧਾਰ ਤੇ ਅਪਰਾਧਾਂ ਨੂੰ ਨਿਖੇੜ-ਨਿਖੇੜ ਕੇ ਦੇਖਣ ਲੱਗ ਪਏ ਹਾਂ। ਇੱਕੋ ਹੀ ਅਪਰਾਧ ਲਈ ਵੱਖਰੇ ਵੱਖਰੇ ਪੈਮਾਨੇ ਅਪਣਾਏ ਜਾਂਦੇ ਹਨ। ਨਿਰਖ ਕਰਨ ਸਮੇ ਅਸੀ ਇਹ ਸੋਚਦੇ ਹਾਂ ਕਿ ਬਲਾਤਕਾਰ ਕਿਸ ਦਾ ਹੋਇਆ ਸੀ ਅਤੇ ਬਲਾਤਕਾਰੀ ਕੌਣ ਸੀ ? ਤਾਂ ਕਿ ਅਪਰਾਧ ਦੀ ਗਹਿਰਾਈ ਨੂੰ ਮਾਪਣ ਲਈ ਢੁਕਵੇਂ ਪੈਮਾਨੇ ਦੀ ਚੋਣ ਕੀਤੀ ਜਾਏ। ਇਨ੍ਹਾਂ ਹੀ ਪੈਮਾਨਿਆਂ ਦੀ ਚੋਣ ਕਰਦਿਆਂ ਅਸੀਂ, ਸਵੇਰੇ ਅਪਰਾਧੀ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਰਾਏ ਦਿੰਦੇ ਹਾਂ ਅਤੇ ਦਿਨ ਢਲ੍ਹਦੇ ਮੌਤ ਦੀ ਸਜ਼ਾ ਦਾ ਕਨੂੰਨ ਹੀ ਖਤਮ ਕਰਨ ਦਾ ਸੁਝਾਅ ਦਿੰਦੇ ਹਾਂ। ਅਸੀਂ ਬੜੇ ਜ਼ੋਰ ਨਾਲ ਕਹਿੰਦੇ ਹਾਂ ਕਿ ਸੱਤਾ ਨੂੰ ਕਿਸੇ ਦੀ ਜਾਨ ਲੈਣ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ। ਗਿਰਗਟ ਵਾਂਗ ਬਦਲਦੇ ਹੋਏ ਸਾਡੇ ਰੰਗ ਦੱਸਦੇ ਹਨ ਕਿ ਅਸੀਂ ਅਪਰਾਧ ਬਾਰੇ ਆਪਣੀ ਕੋਈ ਰਾਏ ਨਹੀਂ ਰੱਖਦੇ ਸਗੋਂ ਅਪਰਾਧੀ ਨਾਲ ਆਪਣੇ ਰਿਸ਼ਤੇ ਬਾਰੇ ਹੀ ਰਾਏ ਪ੍ਰਗਟ ਕਰਦੇ ਹਾਂ। ਫਾਂਸੀ ਮਾਫ਼ ਕਰ ਦਿੱਤੀ ਜਾਏ ਜਾਂ ਟੰਗ ਦਿੱਤਾ ਜਾਏ। ਇਹ ਹੀ ਕਾਰਨ ਹੈ ਕਿ ਅਜੋਕੇ ਸਮੇਂ ਵਿੱਚ ਸੱਚਾਈ ਨੂੰ ਪਿੱਠ ਦੇਣਾ 'ਵਿਦਵਿਤਾ' ਅਤੇ ਗਿਰਗਟ ਵਾਂਗ ਰੰਗ ਬਦਲਣਾ 'ਦਲੇਰੀ' ਸਮਝਿਆ ਜਾਣ ਲੱਗਾ ਹੈ।

ਕਿਸੇ ਵੀ ਧਾਰਨਾ 'ਤੇ ਪਹੁਚਣ ਤੋਂ ਪਹਿਲਾਂ ਬਲਾਤਕਾਰਾਂ ਦਾ ਇੱਕ ਵੱਖਰਾ ਪੱਖ ਵਿਚਾਰਨ ਦੀ ਵੀ ਲੋੜ ਹੈ। 'ਨੈਸ਼ਨਲ ਕ੍ਰਾਇਮ ਬਿਓਰੋ' ਦੀ ਰਿਪੋਰਟ ਅਨੁਸਾਰ ਸਾਲ 2011 ਵਿਚ 22549 ਬਲਾਤਕਾਰ ਰਜਿਸਟਰ ਕੀਤੇ ਗਏ ਸਨ ਜਿਨ੍ਹਾਂ ਵਿੱਚੋਂ 267 ਬਲਾਤਕਾਰ ਉਹ ਸਨ ਜਿਹੜੇ ਪੀੜਤ ਔਰਤਾਂ ਦੇ ਆਪਣੇ ਘਰਦਿਆਂ ਨੇ ਕੀਤੇ, ਜਿਨ੍ਹਾਂ ਵਿੱਚਾਂ ਪਿਓ, ਭਰਾ ਅਤੇ ਚਾਚੇ ਆਦਿ ਸ਼ਾਮਲ ਸਨ। ਇਨ੍ਹਾਂ ਤੋਂ ਬਿਨ੍ਹਾਂ 1560 ਬਲਾਤਕਾਰ ਪੀੜਤ ਔਰਤਾਂ ਦੇ ਆਪਣੇ ਹੀ ਨੇੜੇ ਦੇ ਹੋਰ ਰਿਸ਼ਤੇਦਾਰਾਂ ਨੇ ਕੀਤੇ, ਜਦੋਂ ਕਿ 7835 ਬਲਾਤਕਾਰੀ ਆਂਢੀ-ਗੁਆਂਢੀ ਸਨ। ਇਸ ਕਰਕੇ ਦੁਖਦੀ ਰਗ ਇਹ ਹੈ ਕਿ ਬਲਾਤਕਾਰੀ ਨੂੰ ਫਾਹੇ ਲਾਉਣ ਦੀ ਮੰਗ ਉਠਾਉਣ ਤੋ ਪਹਿਲਾ ਸਾਨੂੰ ਅਪਰਾਧੀ ਨਾਲ ਅਪਣੇ ਰਿਸ਼ਤੇ ਦੀ ਛਾਣ ਬੀਣ ਕਰਨੀ ਪੈਂਦੀ ਹੈ ਕਿਉਂਕਿ ਅਪਰਾਧ ਸਰਬਵਿਆਪਕ ਹੋਇਆ ਪਿਆ ਹੈ। ਜਿਸ ਕਰਕੇ ਅਸੀਂ ਇਹ ਵੀ ਸੋਚਣ ਲੱਗ ਪੈਂਦੇ ਹਾਂ ਕਿ ਕੀ ਥੋਕ ਵਿੱਚ ਹੀ ਫਾਂਸੀਆਂ ਦੇਣੀਆਂ ਪੈਣਗੀਆਂ? ਇਸ ਕਰਕੇ ਹੀ ਅਪਰਾਧਾਂ ਦੇ ਚੋਣਵੇ ਕੇਸ ਹੀ ਸੰਜੀਦਾ ਮੁੱਦਾ ਬਣਦੇ ਹਨ ਸਾਰੇ ਨਹੀ ਬਣਦੇ। ਕਈ ਵਾਰ ਤਾਂ ਸੰਗੀਨ ਅਪਰਾਧ ਨੂੰ ਵੀ ਸਰਸਰੀ ਹੀ ਲੈ ਲਿਆ ਜਾਂਦਾ ਹੈ। ਪੰਜਾਬ ਤੋਂ ਪਹਿਲਾਂ ਜਦੋਂ ਹਰਿਆਣਾ ਦੇ ਬਲਾਤਕਾਰੀ ਮੀਡੀਆ ਵਿਚ ਛਾਅ ਗਏ ਤਾਂ ਵਿਆਪਕ ਨਿੰਦਾ ਅਤੇ ਸਿਆਸੀ ਹਲਚਲ ਦਰਮਿਆਨ ਸਜ਼ਾਵਾ ਦੇ ਕਈ 'ਫਾਰਮੂਲੇ' ਵੀ ਉਭਰੇ। ਜਿਨ੍ਹਾਂ ਵਿੱਚ ਇਹ ਵੀ ਸੀ ਕਿ ਵਿਆਹਾਂ ਦੀ ਉਮਰ ਘਟਾ ਦਿੱਤੀ ਜਾਵੇ। ਕੁੜੀ ਲਈ ਇਸ ਤੋ ਵੱਧ ਹੋਰ ਕਿਹੜੀ ਘਿਨਾਉਣੀ ਸਜ਼ਾ ਹੋ ਸਕਦੀ ਹੈ ਜਿਸ ਨੇ ਮਾਂ ਬਣਨਾ ਹੁੰਦਾ ਹੈ ? ਜਿਹੜੇ ਕੁੱਝ ਵਧੇਰੇ ਹੀ ਬੁਧੀਮਾਨ ਸਨ, ਉਨ੍ਹਾਂ ਨੇ ਸਲਾਹ ਦਿੱਤੀ ਕਿ ਔਰਤਾਂ ਠੀਕ ਠਾਕ ਕੱਪੜੇ ਪਹਿਨਕੇ ਘਰੋਂ ਨਿਕਲਿਆ ਕਰਨ ਅਦਿ। ਫਰ ਕਿਸੇ ਨੇ ਇਹ ਨਹੀਂ ਕਿਹਾ ਕਿ 'ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੇ'। ਹਰਿਆਣਾ ਦੇ ਬਲਾਤਕਾਰੀ ਆਮ ਕਰਕੇ ਵੱਖਰੀ ਸ਼੍ਰੇਣੀ ਵਿੱਚੋਂ ਸਨ। ਸਮਾਜ ਵਿੱਚ ਅਜੇਹੀ ਪ੍ਰਵਿਰਤੀ ਦਾ ਨਿਰਮਾਣ ਹੋ ਗਿਆ ਹੈ ਜਿਹੜੀ ਪ੍ਰਸਥਿਤੀਆਂ ਨੂੰ ਇਕਸਾਰਤਾ ਨਾਲ ਦੇਖਣ ਦੇ ਸਮੱਰਥ ਨਹੀਂ ਹੈ। ਇਹ ਪ੍ਰਵਿਰਤੀ ਜੁਰਮ ਅਤੇ ਸਜ਼ਾ ਨੂੰ ਸਾਪੇਖ (ਰਿਲੇਟਿਵ) ਸਮਝਦੀ ਹੈ। ਇਸ ਕਰਕੇ ਵੱਖਰੇ-ਵੱਖਰੇ ਵਿਅਕਤੀਆਂ ਲਈ ਜੁਰਮ ਅਤੇ ਸਜ਼ਾ ਦੇ ਅਰਥ ਵੀ ਵੱਖਰੇ ਵੱਖਰੇ ਹਨ।

ਕੁਝ ਲੋਕਾਂ ਨੂੰ ਇਹ ਆਖਕੇ ਬਹੁਤ ਸਕੂਨ ਮਿਲਦਾ ਹੈ ਕਿ ਏਨੇ ਅਤੇ ਇਸ ਤਰ੍ਹਾਂ ਦੇ ਅਪਰਾਧ ਪਹਿਲਾਂ ਨਹੀ ਹੁੰਦੇ ਸਨ । ਪਰ ਉਹ ਆਪਣੇ ਆਪ ਤੋਂ ਇਹ ਸਵਾਲ ਨਹੀ ਪੁੱਛਦੇ ਕਿ ਏਨੇ ਅਪਰਾਧ ਹੁਣ ਕਿਉਂ ਹੋ ਰਹੇ ਹਨ। ਜੇਕਰ ਅਜਿਹਾ ਸਵਾਲ ਪੁਛਣਗੇ ਤਾਂ ਉਨ੍ਹਾਂ ਨੂੰ ਪਿਛਲੇ ਅਤੇ ਹੁਣ ਦੇ ਸਮੇ ਵਿੱਚ ਵਾਪਰੀ ਤਬਦੀਲੀ ਦੀ ਵੀ ਘੋਖ ਕਰਨੀ ਪਵੇਗੀ। ਤਰ੍ਹਾਂ ਤਰ੍ਹਾਂ ਦੇ ਅਪਰਾਧਾਂ ਨੂੰ ਜਨਮ ਅਤੇ ਗਤੀ ਕਿਸਨੇ ਦਿੱਤੀ ਹੈ? ਸਾਨੂੰ ਇਹ ਹਕੀਕਤ ਸਵੀਕਾਰ ਕਰਨੀ ਹੀ ਪੈਣੀ ਹੈ ਕਿ ਅਪਰਾਧਾਂ ਨੂੰ ਵਿਅਕਤੀ ਨਹੀਂ ਸਗੋ ਵਿਵਸਥਾ ਪੈਦਾ ਕਰਦੀ ਹੈ। ਸੂਝਵਾਨ ਵਿਅਕਤੀ ਜਾਣਦੇ ਹਨ ਕਿ ਅਪਰਾਧਾਂ ਵਿੱਚ ਜੋ ਤਬਦੀਲੀ ਆਈ ਹੈ ਉਹ ਵਿਵਸਥਾ ਵਿੱਚ ਆਈ ਤਬਦੀਲੀ ਦਾ ਸਿੱਟਾ ਹੈ। ਇਹ ਰਾਜਕੀ-ਆਰਥਕ ਤਬਦੀਲੀ ਦੀ ਹੀ ਗੌਣ-ਉਪਜ (ਬਾਇਪ੍ਰੋਡਕਟ) ਹੈ। ਵਿਵਸਥਾ ਵਲੋਂ ਲਗਾਈ ਗਈ ਅੱਗ ਦਾ ਦੋਸ਼ ਧੂੰਏ ਸਿਰ ਮੜ੍ਹਕੇ ਕੋਈ ਵੀ ਆਪਣੇ ਆਪ ਨੂੰ ਸਿਆਣਾ ਅਖਵਾਉਣ ਦਾ ਦਾਅਵਾ ਨਹੀ ਕਰ ਸਕਦਾ। ਵਿਵਸਥਾ ਨੂੰ ਤਬਦੀਲ ਕੀਤੇ ਬਿਨਾ ਅਪਰਾਧਾਂ ਦੀ ਦਸ਼ਾ ਵਿੱਚ ਕੋਈ ਤਬਦੀਲੀ ਨਹੀ ਕੀਤੀ ਜਾ ਸਕਦੀ, ਜਿੰਨੇ ਮਰਜ਼ੀ ਕਨੂੰਨ ਬਣਾ ਲਏ ਜਾਣ ਅਤੇ ਜਿਨ੍ਹੀ ਮਰਜ਼ੀ ਸਖਤੀ ਨਾਲ ਲਾਗੂ ਕਰ ਦਿਤੇ ਜਾਣ। ਮੌਤ ਦੀਆਂ ਸਜ਼ਾਵਾਂ ਨੇ ਕਤਲਾਂ ਦੀਆਂ ਵਾਰਦਾਤਾਂ ਨੂੰ ਕੋਈ ਫਰਕ ਨਹੀਂ ਪਾਇਆ। ਸਖਤੀ ਅਤੇ ਜਬਰ ਸਗੋਂ ਬਦਲਾਖੋਰੀ ਨੂੰ ਜਨਮ ਦਿੰਦੇ ਹਨ ਜਿਸ ਕਾਰਨ ਅਪਰਾਧ ਕਈ ਗੁਣਾ ਹੋ ਜਾਂਦੇ ਹਨ। ਜਿਹੜੇ ਲੋਕ ਵਿਵਸਥਾ ਤਬਦੀਲ ਕੀਤੇ ਬਿਨਾ ਫਾਂਸੀ ਦੀ ਸਜ਼ਾ ਖਤਮ ਕਰਨਾ ਚਾਹੁੰਦੇ ਹਨ ਉਹ ਅਪਰਾਧ ਦੇ ਵਿਸ਼ੇ ਨਾਲ ਮਖੌਲ ਕਰਦੇ ਹਨ ।

ਸਿਤਮ ਦੀ ਗੱਲ ਇਹ ਹੈ ਕਿ ਅਪਰਾਧਾਂ ਨੂੰ ਜਨਮ ਦੇਣ ਵਾਲੀ ਵਿਵਸਥਾ ਨੂੰ ਵਿਕਸਤ ਅਰਥਚਾਰਾ ਅਤੇ ਸਮਾਜ ਨੂੰ ਸਭਿਅਕ ਸਮਾਜ ਦਾ ਨਾਮ ਦਿਤਾ ਗਿਆ ਹੈ। ਸੰਗੀਨ ਤੋਂ ਸੰਗੀਨ ਅਪਰਾਧ ਇਨ੍ਹਾਂ ਹੀ ਕਥਤ ਸਭਿਅਕ ਵਿਵਸਥਾਵਾਂ ਦਾ ਉਘੜਵਾਂ ਲੱਛਣ ਹੈ ਜਿਸ ਵੱਲ ਸ. ਪ੍ਰਕਾਸ਼ ਸਿੰਘ ਬਾਦਲ ਨੇ ਵੀ ਸੰਕੇਤ ਕੀਤਾ ਹੈ। ਭਾਰਤ ਵੀ ਉਸੇ ਹੀ ਰਾਜਕੀ-ਆਰਥਕ ਵਿਵਸਥਾ ਨੂੰ ਵਿਕਸਤ ਕਰ ਰਿਹਾ ਹੈ ਜਿਹੜੀ ਇਨ੍ਹਾਂ ਕਥਤ ਸਭਿਅਕ ਕੌਮਾਂ ਨੇ ਪਹਿਲਾਂ ਹੀ ਕਾਫੀ 'ਵਿਕਸਤ' ਕਰ ਲਈ ਹੈ। ਅਪਰਾਧਾਂ ਦੀ ਉਚਾਈ ਅਤੇ ਅਕਾਰ ਇਸੇ ਹੀ ਪੋਲਿਟੀਕੋ-ਇਕਨਾਮਿਕ ਵਿਵਸਥਾ ਦੇ ਵਿਕਾਸ ਨਾਲ ਜੁੜਿਆਂ ਹੋਇਆ ਹੈ। ਇਸ ਵਿਵਸਥਾ ਨੂੰ ਮੰਡੀ ਦੀ ਵਿਵਸਥਾ ਜਾਂ ਉਪਭੋਗਤਾ ਦਾ ਸਭਿਆਚਾਰ ਕਿਹਾ ਜਾਂਦਾ ਹੈ। ਇਸ ਮੰਡੀ-ਮੁਖੀ 'ਗਲੋਬਲ-ਪਿੰਡ' ਦਾ ਸਰਪੰਚ ਅਮਰੀਕਾ ਹੈ। ਇਸ ਕਰਕੇ ਸਰਪੰਚ ਦੇ ਆਪਣੇ ਘਰ ਵਿੱਚ ਅਪਰਾਧ ਵੀ ਸਾਡੇ ਨਾਲੋ਼ ਕਿਤੇ ਵਧੇਰੇ ਵਿਕਸਤ ਹੋਏ ਦੇਖੇ ਜਾ ਸਕਦੇ ਹਨ। ਅਪਰਾਧ ਏਨੇ ਬਲਵਾਨ ਹਨ ਕਿ 'ਵਰਲਡ ਟਰੇਡ ਸੈਂਟਰ' ਦੇ ਟਾਵਰਾਂ ਹੇਠ ਦੇਕੇ ਹਜ਼ਾਰਾਂ ਜਾਨਾ ਲੈ ਲੈਂਦੇ ਹਨ। ਸਕੂਲਾਂ ਦੇ ਬੱਚਿਆਂ ਤੇ ਅੰਧਾਧੁੰਦ ਗੋਲੀਆ ਦੀ ਬੁਛਾੜ ਹੁੰਦੀ ਹੈ। ਇਹ ਬੁਛਾੜ ਪਹਿਲਾਂ ਬੱਚੇ ਖੁਦ ਕਰਦੇ ਹਨ ਅਤੇ ਫੇਰ ਉਨ੍ਹਾਂ ਦੇ ਮਾਪੇ। ਇੰਝ ਹੀ ਕਦੇ ਗੁਰਦੁਆਰੇ ਵਿੱਚ ਬੈਠੀਆਂ ਸੰਗਤਾਂ ਨੂੰ ਲਹੂ ਲੁਹਾਣ ਕਰ ਦਿੱਤਾ ਜਾਂਦਾ ਹੈ ਆਦਿ।

ਖੁਲ੍ਹੀ ਮੰਡੀ ਦੀ ਵਿਵਸਥਾ ਮਾਰਧਾੜ ਅਤੇ ਲੁੱਟ-ਖੋਹ ਦੀ ਵਿਵਸਥਾ ਹੁੰਦੀ ਹੈ। ਇਸ ਵਿੱਚ ਪੂੰਜੀ ਦੇ ਭੰਡਾਰ ਦਾ ਹੀ ਅਰਥ ਹੁੰਦਾ ਹੈ ਪੂੰਜੀ ਇਕੱਤਰ ਕਰਨ ਦੀ ਵਿਧੀ ਦਾ ਕੋਈ ਅਰਥ ਨਹੀਂ ਹੁੰਦਾ। ਪੂੰਜੀ ਲਈ ਅਪਨਾਇਆ ਹਰ ਹੱਥਕੰਡਾ ਜਾਇਜ਼ ਹੈ। ਟੀਚਾ ਸਿਰਫ ਮੰਡੀ ਉਪਰ ਕਬਜ਼ਾ ਕਰਨਾ ਹੁੰਦਾ ਹੈ। ਅਸਲ ਵਿੱਚ ਇਹ ਮੰਡੀ ਦੇ ਉਧਾਲੇ ਦਾ ਸਭਿਆਚਾਰ ਹੈ। ਇਸ ਨੇ ਜਬਰ, ਲੁੱਟ ਅਤੇ ਡਾਕਿਆਂ ਦੇ ਅਰਥ ਬਦਲ ਦਿਤੇ ਹਨ। ਇਸ ਕਰਕੇ ਸਮਾਜਕ ਜੀਵਨ ਵਿਚ ਵੀ ਹਰ ਪ੍ਰਕਾਰ ਦੇ ਅਪਰਾਧ ਦਾ ਜਾਇਜ਼ ਲਗਣਾ ਕੋਈ ਅਣਹੋਣੀ ਗੱਲ ਨਹੀਂ ਹੈ। ਜਬਰ ਅਤੇ ਅਪਰਾਧ ਦੀ ਇਸੇ ਭਾਵਨਾ ਨੇ ਸਮਾਜਿਕ ਮਾਨਸਿਕਤਾ ਅੰਦਰ ਘਰ ਕਰ ਲਿਆ ਹੈ। ਵਿਵਸਥਾ ਖੁਦ ਆਰਥਕ ਧੱਕੇਸ਼ਾਹੀ ਉਪਰ ਉਸਰੀ ਹੋਣ ਕਾਰਨ ਸਮਾਜ ਦੇ ਕੁਝ ਵਧੇਰੇ ਹੀ ਸਰਗਰਮ ਅੰਸਰ ਅਪਰਾਧਾਂ ਨੂੰ ਵਿਕਾਸ ਦੀ ਵਿਧੀ ਅਤੇ ਨਿੱਜੀ ਅਧਿਕਾਰ ਮੰਨਣ ਲਗੇ ਹਨ।

ਇਸ ਕਰਕੇ ਕੇਵਲ ਕਿਸੇ ਕਨੂੰਨੀ ਕਾਰਵਾਈ ਨਾਲ ਅਪਰਾਧਾਂ ਨੂੰ ਖਤਮ ਕਰਨ ਵਿੱਚ ਯਕੀਨ ਕਰਨਾਂ ਆਪਣੀਆਂ ਹੀ ਅੱਖਾਂ ਵਿੱਚ ਘੱਟਾ ਪਾਉਣ ਬਰਾਬਰ ਹੈ। ਅਪਰਾਧਾਂ ਲਈ ਜ਼ਿਮੇਵਾਰ ਸਮੁੱਚਾ ਸਮਾਜ ਨਹੀਂ ਸਗੋਂ ਉਹ ਹਲਕੇ ਹਨ ਜਿਨ੍ਹਾਂ ਨੇ ਅਪਰਾਧ ਪੈਦਾ ਕਰਨ ਵਾਲੀ ਵਿਵਸਥਾ ਨੂੰ ਵਿਕਸਤ ਕੀਤਾ ਹੈ ਅਤੇ ਸਮਾਜ ਉਪਰ ਲੱਦ ਦਿੱਤਾ ਹੈ। ਅਪਰਾਧਾਂ ਦਾ ਸਤਾਇਆ ਹੋਇਆ ਸਮਾਜ ਤਾਂ ਸਗੋਂ ਬੀਨ ਨਾਲ ਸੱਪ ਮਰਦਾ ਦੇਖਣ ਲਈ ਮੂੰਹ ਚ ਉਂਗਲਾਂ ਪਾਈ ਖਲੋਤਾ ਹੈ। ਕਿਹਾ ਨਹੀਂ ਜਾ ਸਕਦਾ ਕਿ ਸਮਾਜ ਆਪਣੇ ਇਸ ਭਰਮ ਦੇ ਬੋਝ ਨੂੰ ਕਿੰਨੀ ਦੇਰ ਤੱਕ ਸਹਿਣ ਕਰ ਸਕੇਗਾ।

ਦੇਸ਼ ਵਿੱਚ ਅਪਰਾਧਾਂ ਉੱਪਰ ਕਾਬੂ ਪਾਉਣ ਲਈ ਆਖਰਕਾਰ ਰਾਜਕੀ-ਆਰਥਕ ਵਿਵਸਥਾ ਹੀ ਤਬਦੀਲ ਕਰਨੀ ਪਵੇਗੀ । ਪਰ ਹਾਲ ਦੀ ਘੜੀ ਅਸੀਂ ਇਸ ਨੂੰ ਤਬਦੀਲ ਕਰਨ ਦੀ ਥਾਂ ਹੋਰ ਵਿਕਸਤ ਕਰਨ ਦੀ ਜਦੋਜਹਿਦ ਵਿਚ ਲਗੇ ਹੋਏ ਹਾਂ। ਤਾਂ ਵੀ ਹੱਥ ਤੇ ਹੱਥ ਰੱਖਕੇ ਨਹੀਂ ਬੈਠਿਆ ਜਾ ਸਕਦਾ ਕੋਈ ਨਾ ਕੋਈ ਵਕਤੀ ਓੜ੍ਹ-ਪੋੜ੍ਹ ਜ਼ਰੂਰ ਕਰਨਾ ਚਾਹੀਦਾ।

## ਕਲਮਾਂ ਦਾ ਹਉਕਾ



ਸ਼ਿਵ ਨਾਥ
+91-96538-70627

(ਦਿੱਲੀ ਵਿਚ ਤੇਈ ਸਾਲਾ ਯੁਵਤੀ ਨਾਲ ਹੋਏ ਸਮੂਹਿਕ ਬਲਾਤਕਾਰ ਤੋਂ ਤੇਰਾਂ ਦਿਨਾਂ ਪਿਛੋਂ ਹੋਈ ਉਸਦੀ ਮੌਤ ਤੋਂ ਪ੍ਰਭਾਵਤ ਹੋ ਕੇ - ਲੇਖਕ)

ਫਿਰ ਕਲਮਾਂ ਨੇ ਹਉਕਾ ਭਰਿਆ
ਫਿਰ ਕਾ.ਗਜ਼ ਅੰਦਰੋਂ ਥੱਰਾਇਆ
ਫਿਰ ਸਾਡੇ ਚੱਲਦੇ ਵਾਹਣਾਂ 'ਤੇ
ਕਾਲ ਪ੍ਰਾਉਣਾ ਬਣ ਕੇ ਆਇਆ

ਫਿਰ ਦਿੱਲੀ ਦੀਆਂ ਗਲੀਆਂ ਰੋਈਆਂ !
ਚਾਰੇ ਪਾਸਿਉਂ ਆਸਾਂ ਮੋਈਆਂ !
ਫਿਰ ਸੜਕਾਂ ਨੇ ਸੋਗ ਮਨਾਇਆ
ਨਿੰਮੋਂਝੂਣ ਖਲੋਤੇ ਰਾਹ ।
ਕਿਹੜੇ ਯੁੱਗ ਦੀ ਮਿਲੀ ਹਵਾ !

ਘਰ ਘਰ ਜੰਮੇ ਨੇ ਅਬਦਾਲੀ
ਪੈਰ ਪੈਰ 'ਤੇ ਨਾਦਰ ਸ਼ਾਹ
ਐਸੀ ਰੁੱਤ ਕੁਲਛਣੀ ਆਈ
ਹਰ ਕੋਈ ਬੈਠੇ ਧੌਣ ਝੁਕਾਈ
ਸਹਿਮ ਗਈਆਂ ਹਿਰਨਾਂ ਦੀਆਂ ਡਾਰਾਂ !
ਚਾਂਬਲ ਗਏ ਨੇ ਸ਼ੇਰ-ਬਘੇਲੇ !
ਇਸ ਜੰਗਲ 'ਚੋਂ ਦੌੜ ਕੇ ਕਿਧਰ
ਜਾਣਗੇ ਹੁਣ ਭੇਡਾਂ ਦੇ ਲੇਲੇ ?

ਨਦੀਆਂ ਨਾਲੇ ਲਹੂ-ਲੁਹਾਨ !
ਚਾਰੇ ਪਾਸੇ ਸੁੰਨ-ਮਸਾਨ !
ਖ਼ੌਫ਼-ਜ਼ਦਾ ਹੈ ਭਾਰਤ ਸਾਰਾ,
ਸ਼ਹਿਰ ਹੋਣ ਜਾਂ ਪਿੰਡ-ਗਰਾਂ,
ਨਹੀਂ ਸੁਰਖਿਅਤ ਇਕ ਵੀ ਥਾਂ ।

# ਨਸ਼ਿਆਂ ਦੀ ਗ਼ੁਲਾਮ ਹੋ ਰਹੀ ਜਵਾਨੀ

ਨਸ਼ਿਆਂ ਨੇ ਜਵਾਨੀ ਖਾ ਲਈ ਹੈ, ਅੱਜ ਦਾ ਨੌਜਵਾਨ ਨਸ਼ਿਆਂ ਦੇ ਵਹਿਣ ਵਿਚ ਬੁਰੀ ਤਰਾਂ ਰੁੜ ਚੁਕਾ ਹੈ ਜਿਸ ਨੂੰ ਬਾਹਰ ਕੱਢਣ ਦੀ ਡਾਹਢੀ ਲੋੜ ਬਣ ਗਈ ਹੈ। ਹਰ ਗਲੀ, ਮੁਹੱਲੇ , ਪਿੰਡ ਤੇ ਸ਼ਹਿਰ ਵਿਚ ਨੌਜਵਾਨ ਪੀੜ੍ਹੀ ਨੂੰ ਇਸ ਨਸ਼ੇ ਵਿਚ ਧੁੱਤ ਆਮ ਦੇਖਿਆ ਜਾ ਸਕਦਾ ਹੈ। ਸਾਡੀ ਪੰਜਾਬ ਸਰਕਾਰ ਨੇ ਸ਼ਰਾਬ ਤੋਂ ਬਿਨਾ ਬਾਕੀ ਸਾਰੇ ਹੀ ਨਸ਼ੇ ਵੇਚਣ ਤੇ ਪਾਬੰਦੀ ਲਗਾਈ ਹੋਈ ਹੈ। ਪਰੰਤੂ ਹਕੀਕਤ ਕੁੱਝ ਹੋਰ ਹੀ ਹੈ ਇਨ੍ਹਾ ਰਾਜਨੇਤਾਵਾਂ ਤੇ ਪੁਲੀਸ ਦੀ ਛੱਤਰ ਛਾਇਆ ਹੇਠ ਇਹ ਨਸ਼ੇ ਦੇ ਕਾਰੋਬਾਰੀ ਖੁੱਲ੍ਹ ਕੇ ਪੈਸਾ ਕਮਾ ਰਹੇ ਹਨ ਤੇ ਦੂਜੇ ਪਾਸੇ ਸਾਡਾ ਨੌਜਵਾਨ ਵਰਗ ਤਾਂ ਇਸ ਦਾ ਸ਼ਿਕਾਰ ਹੋ ਹੀ ਰਿਹਾ ਹੈ ਇਥੋ ਤਕ ਕਿ ਬੱਚੇ ਵੀ ਜਵਾਨੀ ਦੀ ਦਹਲੀਜ਼ ਟੱਪਨ ਤੋ ਵਾਂਝੇ ਹੋ ਰਹੇ ਹਨ। ਸ਼ੁਰੂ ਸ਼ੁਰੂ ਵਿਚ ਤਾਂ ਬੱਚੇ ਦੇਖਾ-ਦੇਖੀ ਨਸ਼ਾ ਕਰਨ ਲੱਗ ਪੈਂਦੇ ਹਨ ਪਰੰਤੂ ਬਾਅਦ ਵਿਚ ਉਨ੍ਹਾ ਦੀ ਇਹ ਆਦਤ ਉਨ੍ਹਾਂ ਉਤੇ ਹੀ ਭਾਰੂ ਪੈ ਜਾਂਦੀ ਹੈ। ਨਸ਼ੇ ਕਈ ਪਕਾਰ ਦੇ ਹਨ ਜਿਵੇ ਸ਼ਰਾਬ, ਤੰਬਾਕੂ, ਚਰਸ, ਸਮੈਕ, ਗਾਂਜਾ, ਭੁੱਕੀ, ਨਸ਼ੀਲੀ ਗੋਲੀਆਂ ਤੇ ਹੋਰ ਪਤਾ ਨਹੀਂ ਕਿੰਨਾ ਕੁਝ ਜਿਸ ਦੀ ਇਹ ਨੌਜਵਾਨ ਪੀੜੀ ਆਦੀ ਹੋ ਰਹੀ ਹੈ। ਦਵਾਇਆ ਦੀ ਦੁਕਾਨਾਂ ਵਿਚ ਇਹ ਨਸ਼ੇ ਦੀਆਂ ਗੋਲੀਆਂ ਆਮ ਵਿਕਦੀਆਂ ਹਨ। ਇਸ ਨਸ਼ੇ ਦੀਆਂ ਗੋਲੀਆਂ ਦਾ ਨੌਜਵਾਨ ਵਰਗ ਜਿਆਦਾ ਆਦੀ ਹੋ ਰਿਹਾ ਹੈ ਕਿਓ ਕਿ ਇਹ ਦੂਜਿਆ ਤੋਂ ਕਾਫੀ ਸਸਤਾ ਤੇ ਆਮ ਕੈਮਿਸਟਾਂ ਦੀ ਦੁਕਾਨ ਤੋ ਮਿਲ ਜਾਂਦਾ ਹੈ। ਇਹ ਨਸ਼ੇ ਦੀਆ ਗੋਲੀਆਂ ਇਨਸਾਨ ਦੀ ਸੋਚ ਸ਼ਕਤੀ ਬਿਲਕੁਲ ਜ਼ੀਰੋ ਕਰ ਦਿੰਦੀਆਂ ਹਨ।

ਪਿੰਡਾ ਦੀ ਹਾਲਤ ਇਸ ਕਦਰ ਬਦਤਰ ਹੋ ਚੁੱਕੀ ਹੈ ਕਿ ਬੱਚੇ ਵੀ ਨਸ਼ਿਆਂ ਵਿੱਚ ਖੁਰਦੇ ਜਾ ਰਹੇ ਹਨ ,ਸ਼ਹਿਰ ਦਾ ਕੋਈ ਟਾਵਾ ਹਿੱਸਾ ਹੀ ਬਚਿਆ ਹੋਵੇਗਾ ਜਿਥੇ ਠੇਕਾ ਨਾ ਹੋਵੇ, ਅੱਜਕਲ ਤਾ ਲੋਕਾਂ ਨੂੰ ਕੋਈ ਹੋਰ ਚੀਜ਼ ਦਾ ਪਤਾ ਹੋਵੇ ਨਾ ਹੋਵੇ ਪਰੰਤੂ ਠੇਕੇ ਦਾ ਉਨ੍ਹਾਂ ਨੂੰ ਜਰੂਰ ਪਤਾ ਹੁੰਦਾ ਹੈ ।ਪਹਿਲਾਂ ਠੰਕੇ ਪਿੰਡੋ ਬਾਹਰ ਜਾ ਸ਼ਹਿਰ ਦੇ ਚੁਣਵੇ ਖੇਤਰ ਵਿਚ ਹੁੰਦੇ ਸਨ ਜਿਸ ਕਰਨ ਲੋਕ ਸੋਖੇ ਉਨਾ ਤਕ ਨਹੀ ਪਹੁੰਚ ਪਾਉਂਦੇ ਸਨ ਪਰੰਤੂ ਹੁਣ ਤਾ ਦੋ ਕਦਮ ਪੁਟਦੇ ਹੀ ਠੇਕਾ ਆ ਜਾਂਦਾ ਹੈ ਜਿਥੋ ਲੰਗਦੇ ਮਲੋ ਮਲੀ ਬੋਹਤਿਆਂ ਦੇ ਮੂਹ ਵਿਚ ਪਾਣੀ ਆ ਜਾਂਦਾ ਹੈ। ਪਿੰਡਾ ਵਿਚ ਦੇਸੀ ਦਾਰੂ ਵੀ ਆਮ ਕੱਢੀ ਜਾਂਦੀ ਹੈ ਜੋ ਅੰਗ੍ਰੇਜ਼ੀ ਦੇ ਮੁਕਾਬਲੇ ਸਸਤੀ ਤਾ ਹੁੰਦੀ ਹੈ ਪਰੰਤੂ ਉਸਦੀ ਕੋਈ ਡਿਗਰੀ ਨਹੀ ਹੁੰਦੀ ਤੇ ਨਸ਼ੇ ਦੇ ਕਾਰੋਬਾਰੀ ਘਟੀਆ ਸ਼ਰਾਬ ਬਣਾ ਕੇ ਵਧ ਤੋ ਵਧ ਪੈਸੇ ਬਣਾਉਣ ਦੇ ਚੱਕਰ ਵਿਚ ਕਈ ਅਨਮੋਲ ਜਾਨਾ ਨਾਲ ਖੇਡ ਜਾਂਦੇ ਹਨ ਜਿਸ ਦਾ ਭੁਗਤਾਨ ਬਾਅਦ ਵਿਚ ਉਨ੍ਹਾ ਦੇ ਘਰ ਦੇ ਜੀਆ ਨੂੰ ਕਰਨਾ ਪੈਂਦਾ ਹੈ। ਹੱਡੀ ਰਚਿਆ ਨਸ਼ਾ ਫੇਰ ਮੌਤ ਨਾਲ ਹੀ ਛੁੱਟਦਾ ਹੈ ,

ਸਾਡੇ ਗਵਾਂਢੀ ਸੂਬੇ ਹਰਿਆਣਾ ਨੇ ਕੁਝ ਦੇਰ ਸ਼ਰਾਬ ਉੱਤੇ ਪਾਬੰਦੀ ਲਈ ਸੀ ਜਿਸ ਨਾਲ ਸ਼ਰਾਬ ਦੀ ਸਮਗਲਿੰਗ ਨੇ ਪੂਰਾ ਜੋਰ ਫੜ ਲਿਆ ਸੀ ਇਸ ਤੋ ਇਲਾਵਾ ਉਸ ਸਮੇ ਦੀ ਸਰਕਾਰ ਨੂੰ ਸੱਤਾ ਤੋ ਆਪਣਾ ਹਥ ਧੋਨਾ ਪਿਆ ਸੀ। ਸ਼ਰਾਬ ਪੀਣ ਵਿਚ ਪੰਜਾਬ ਸਾਰੇ ਸੂਬਿਆ ਦਾ ਮੋਹਰੀ ਬਣ ਚੁਕਾ ਹੈ। ਸਮੇਕ ਅਫੀਮ ਤੇ ਡੋਡੇ ਵਿਚ ਵੀ ਪੰਜਾਬ ਦੂਜੇ ਸੂਬਿਆ ਵਿਚ ਮੋਹਰੀ ਹੈ।

ਜਦੋ ਕੋਈ ਬੰਦਾ ਨਸ਼ਾ ਲੈਂਦਾ ਹੈ ਤਾਂ ਉਸਨੂੰ ਪਤਾ ਨਹੀ ਹੁੰਦਾ ਕਿ ਉਹ ਇਸਦਾ ਸਦਾ ਲਈ ਗੁਲਾਮ ਬਣ ਜਾਵੇਗਾ ਪਹਿਲਾ ਤਾ ਉਹ ਦੇਖਾ ਦੇਖੀ ਸ਼ੌਕ ਨਾਲ ਇਸ ਨੂੰ ਚਾਲੂ ਕਰ ਦਿੰਦਾ ਹੈ ਪਰੰਤੂ ਬਾਅਦ ਵਿਚ ਉਸ ਦਾ ਇਹ ਸ਼ੌਕ ਉਸ ਉੱਤੇ ਭਾਰੂ ਪੈਣ ਲੱਗ ਪੈਂਦਾ ਹੈ, ਜਦੋ ਉਸ ਕੋਲ ਨਸ਼ੇ ਲਈ ਪੈਸਾ ਨਹੀ ਬਚਦਾ ਤਾ ਉਹ ਪਹਿਲਾਂ ਆਪਣੇ ਘਰ ਦੀਆਂ ਚੀਜਾਂ ਵੇਚਣ ਲਗ ਪੈਂਦਾ ਹੈ ਤੇ ਬਾਅਦ ਵਿਚ ਆਲੇ ਦੁਆਲੇ ਤੋ ਵੀ ਚੋਰੀ ਕਰਨੀ ਸ਼ੁਰੂ ਕਰ ਦਿੰਦਾ ਹੈ, ਕਈ ਵਾਰ ਤਾ ਨਸ਼ੇ ਦੀ ਇਸ ਲਤ ਕਾਰਨ ਖੂਨ ਤਕ ਕਰ ਬੈਠਦਾ ਹੈ ,ਐਸੇ ਇਨਸਾਨ ਤੋ ਤੁਸੀਂ ਕਿਵੇ ਆਸ ਰੱਖ ਸਕਦੇ ਹੋ ਕੇ ਉਹ ਰਾਸ਼ਟਰ ਦੇ ਨਿਰਮਾਣ ਵਿਚ ਆਪਣੀ ਬਣਦੀ ਭੂਮਿਕਾ ਨਿਭਾਵੇਗਾ। ਜਿਹੜਾ ਪੜ੍ਹਿਆ ਲਿਖਿਆ ਤੇ ਸੂਝਵਾਨ ਇਨਸਾਨ ਹੁੰਦਾ ਹੈ ਉਹ ਤਾ ਆਪਣੇ ਵੋਟ ਦੀ ਠੀਕ ਵਰਤੋ ਕਰ ਲੈਂਦਾ ਹੈ ਪਰੰਤੂ ਨਸ਼ੇ ਦੇ ਜਾਲ ਵਿਚ ਫਸਿਆ ਬੰਦਾ ਵੋਟਾਂ ਸਮੇਂ ਨਸ਼ੇ ਲੈ ਕੇ ਕਿਸੇ ਗਲਤ ਪਾਰਟੀ ਜਾ ਉਮੀਦਵਾਰ ਨੂ ਆਪਣਾ ਕੀਮਤੀ ਵੋਟ ਦੇ ਬੈਠਦਾ ਹੈ,ਜਿਸ ਦੇ ਚੁਣ ਹੋਣ ਬਾਅਦ ਉਸ ਦਾ ਭੁਗਤਾਨ ਸਾਰੇ ਦੇਸ਼ ਨੂੰ ਕਰਨਾ ਪੈਂਦਾ ਹੈ ।ਵੋਟਾਂ ਵਿਚ ਜਿਆਦਾਤਰ ਪਾਰਟੀਆ ਇਨਾ ਨਸ਼ਿਆਂ ਦੀ ਖੁਲ ਕੇ ਵਰਤੋ ਕਰਦੀਆ ਹਨ ਉਹ ਚੋਣਾਂ ਭਾਵੇਂ ਪਾਰਲੀਮੇਂਟ ਦੀਆਂ ਹੋਣ, ਭਾਵੇਂ ਵਿਧਾਨ ਸਭਾ ਦੀਆਂ, ਭਾਵੇ ਪੰਚਾਇਤ ਦੀਆਂ ਹੋਣ ਤੇ ਭਾਵੇਂ ਮਿਉਨਸੀਪਲ ਕਮੇਟੀ ਦੀਆਂ ਹੋਣ,ਇਥੋ ਤਕ ਕਿ ਯੂਨੀਵਰਸਟੀ ਦੀਆਂ ਚੋਣਾਂ ਵਿਚ ਵਿਦਆਰਥੀ ਵੀ ਇਸ ਨਸ਼ੇ ਦੀ ਆਮ ਵਰਤੋ ਕਰਦੇ ਹਨ ਤਾ ਜੋ ਵੋਟਾਂ ਵਿਚ ਉਹ ਜਿੱਤ ਜਾਣ। ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਸੀ ਪਰੰਤੂ ਹੁਣ ਇਸ ਵਿਚ ਛੇਵਾਂ ਦਰਿਆ ਇਹ ਨਸ਼ੇ ਦਾ ਵੀ ਵਗ ਤੁਰਿਆ ਹੈ। ਇਕ ਸਮਾਂ ਸੀ ਜਦੋ ਪੰਜਾਬ ਭਾਰਤ ਦਾ ਅਵਲ ਨੰ. ਦਾ ਸੂਬਾ ਸੀ ਇਥੋਂ ਦੇ ਲੋਕ ਮਿਹਨਤੀ,ਸਿਹਤਮੰਦ ਅਤੇ ਇਮਾਨਦਾਰ ਸਨ ਅਤੇ ਇਥੋ ਦੇ ਲੋਕ ਤਕੜੇ ਅਤੇ ਲੰਬੇ ਉਚੇ ਸਨ ਪਰੰਤੂ ਹੁੰਣ ਹਲਾਤ ਬਿਲਕੁਲ ਉਲਟ ਹਨ। ਸ਼ਰਾਬ ਤੇ ਤੰਬਾਕੂ ਆਦਿ ਦੀਆਂ ਇਹ ਕੰਪਨੀਆਂ ਦੇ ਦਿਲਕਸ਼ ਇਸ਼ਤਿਹਾਰ ਅਤੇ ਟੈਲੀਵੀਜ਼ਨ ਤੇ ਕੀਤੀਆਂ ਮਸ਼ਹੂਰੀਆਂ ਕੱਚੀ ਉਮਰ ਦੇ ਨੌਜਵਾਨਾਂ ਅਤੇ ਬੱਚਿਆਂ ਨੂੰ ਆਪਣੇ ਵੱਲ ਖਿੱਚਦੀਆਂ ਹਨ। ਇਹ ਕੰਪਨੀਆਂ ਸਿਰਫ ਪੈਸੇ ਨੂੰ ਅਹਿਮ ਰਖਦੀਆ ਹਨ ਇੰਨਾਂ ਨੂੰ ਦੇਸ਼ ਦੇ ਨਾਗਰਿਕ ਦੀ ਸਿਹਤ ਕੋਈ ਮਾਨਤਾ ਨਹੀ ਰਖਦੀਆਂ। ਅਜਾਦੀ ਤੋ ਬਾਅਦ ਸ਼ਰਾਬ ਦਾ ਜਿਆਦਾ ਲੰਬਾ ਚੋੜਾ ਕਾਰੋਬਾਰ ਨਹੀ ਸੀ। ਕੁਝ ਲੋਕ ਗੈਰ ਕਾਨੂਨੀ ਤਰੀਕੇ ਨਾਲ ਦੇਸੀ ਸ਼ਰਾਬ ਕੱਢ ਕੇ ਆਪਣੀ ਇਸ ਇੱਛਾ ਨੂੰ ਪੂਰਾ ਕਰ ਲੈਂਦੇ ਸਨ ਪਰੰਤੂ ਬਾਅਦ ਵਿਚ ਆਮਦਨ ਨੂ ਵਧਾਉਣ ਦੇ ਚੱਕਰ ਵਿਚ ਸਾਡੀ ਸਰਕਾਰ ਨੇ ਕਈ ਵਿਦੇਸ਼ੀ ਸ਼ਰਾਬ ਦੀਆਂ ਕੰਪਨੀਆਂ ਨੂੰ ਪ੍ਰਫੁਲਿਤ ਕਰਨ ਲਈ ਉਤਸ਼ਾਹਿਤ ਕੀਤਾ ਜਿਸ ਨਾਲ ਸਾਡਾ ਨੌਜਵਾਨ ਵਰਗ ਇੰਨਾ ਵਿਦੇਸ਼ੀ ਚਾਲਾਂ ਵਿਚ ਫਸ ਗਿਆ। ਸਾਡੀ ਸਰਕਾਰ ਨੇ ਵੀ ਆਪਣੀ ਕਮਾਈ ਇਸ ਸ਼ਰਾਬ ਦੇ ਬਲ ਤੇ ਚੋਖੀ ਕਰ ਲਈ। ਜੇ ਸ਼ਰਾਬ ਸਰਕਾਰ ਦੀ ਆਮਦਨ ਦਾ ਮੁਖ ਤੇ ਸੌਖਾ ਸਾਧਨ ਬਣ ਜਾਏ ਤਾ ਤੁਸੀਂ ਉਸ ਨਾਗਿਕ ਦੀ ਹਾਲਤ ਸੋਚ ਵੀ ਨਹੀ ਸਕਦੇ। ਨਸ਼ੇ ਦੀ ਇਸ ਭੈੜੀ ਲੱਤ ਨੇ ਲੱਖਾ ਘਰ ਤਬਾਹ ਕਰ ਦਿੱਤੇ ਹਨ, ਸ਼ਾਇਦ ਹੀ ਕੋਈ ਅਜੇਹਾ ਘਰ ਹੋਵੇ ਜੋ ਨਸ਼ੇ ਦੀ ਮਾਰ ਹੇਠ ਨਾ ਆਇਆ ਹੋਵੇ , ਨਸ਼ੇ ਵਿਚ ਧੁੱਤ ਕੁੜੀਆਂ ਵੀ ਆਮ ਪਾਈਆ ਜਾਣ ਲੱਗ ਪਈਆਂ ਹਨ ਅਤੇ ਇਹ ਸੱਚਮੁਚ ਹੀ ਬੜੀ ਗ਼ਭੀਰ ਸਮੱਸਿਆ ਬਣਦਾ ਜਾ ਰਿਹਾ ਹੈ।

ਸਾਡੇ ਇਸ ਸਮਾਜ ਵਿਚ ਫ਼ਿਲਮਾ ਅੱਗ ਉੱਤੇ ਘੀ ਦਾ ਕੰਮ ਕਰ ਰਹਿਆ ਹਨ, ਸਾਡੇ ਨੌਜਵਾਨ ਮੁੰਡੇ ਕੁੜੀਆਂ ਇੰਨ੍ਹਾ ਫਿਲਮੀ ਐਕਟਰਾਂ ਨੂੰ ਆਪਣਾ ਆਦਰਸ਼ ਮੰਨਦੇ ਹਨ ਤੇ ਫ਼ਿਲਮਾ ਦੇ ਦੇਖਾ ਦੇਖੀ ਨਸ਼ਾ ਸ਼ੁਰੂ ਕਰ ਦਿੰਦੇ ਹਨ,ਇਸ ਤੋ ਇਲਾਵਾ ਸਾਡੇ ਪੰਜਾਬ ਦੇ ਗਾਣਿਆ ਵਿਚ ਸ਼ਰਾਬ ਨੂੰ ਬੜਾ ਉਘਾੜੇਆ ਜਾਂਦਾ ਹੈ ਜਿਵੇ ਕਿ ਦੋ ਪੈਗ ਲਾ ਕੇ ਲਗਦਾ ਸਾਰਾ ਪਿੰਡ ਮਿੱਤਰਾ ਦਾ, ਦਾਰੂ ਦੀਏ ਬੰਦ ਬੋਤਲੇ ਤੈਨੂੰ ਪੀਣਗੇ ਨਸੀਬਾਂ ਵਾਲੇ ਆਦਿ।

ਸ਼ਰਾਬ ਦੇ ਨਸ਼ੇ ਤੋ ਕਿੱਤੇ ਵੱਧ ਘਾਤਕ ਇਹ ਨਸ਼ੇ ਦੀਆਂ ਗੋਲੀਆਂ,ਬੀੜੀਆਂ ਘੁਟਖੇ, ਪਾਨ ਪਰਾਗ, ਤੰਬਾਕੂ,ਚਰਸ, ਭੁੱਕੀ, ਗਾਂਜਾ, ਡੋਡੇ ਆਦੀ ਹਨ ਜੋ ਹੌਲੀ ਹੌਲੀ ਇਨਸਾਨ ਦੀ ਜਾਨ ਲੈਂਦੀਆ ਹਨ ਅੱਜਕਲ ਦੀ ਪੀੜ੍ਹੀ ਤਾਂ ਨਸ਼ੇ ਦੀ ਇੰਨੀ ਆਦੀ ਹੋ ਚੁਕੀ ਹੈ ਜਿਸ ਦਾ ਤੁਸੀਂ ਅੰਦਾਜ਼ਾ ਵੀ ਨਹੀ ਲਗਾ ਸਕਦੇ, ਨਸ਼ੇ ਹੁਣ ਰਵਾਇਤੀ ਹੀ ਨਹੀ ਰਹੇ ਸਗੋਂ ਨੌਜਵਾਨ ਨੇ ਨਸ਼ਾ ਕਰਨ ਦੇ ਅਨੋਖੇ ਢੰਗ ਤਕ ਲੱਭ ਰੱਖੇ ਹਨ

ਜੇ ਕੋਈ ਹੋਰ ਨਸ਼ਾ ਨਾ ਮਿਲੇ ਤਾ ਉਹ ਆਈਉਡੈਕਸ, ਪਾਲਿਸ਼ , ਗਲੇ ਫਰੂਟ ਆਦਿ ਬਰੇਡ ਉੱਤੇ ਲਗਾ ਕੇ ਨਸ਼ਾ ਕਰ ਲੈਂਦੇ ਹਨ। ਤੰਬਾਕੂ ਜਰਦਾ ਆਦਿ ਜੋ ਗੈਰ ਕਾਨੂਨੀ ਚੀਜ਼ਾ ਹਨ ਉਹਖ਼ ਵੀ ਇੰਨ੍ਹਾ ਪਾਨ ਦੇ ਖੋਖਿਆਂ ਵਿਚ ਆਮ ਵੇਚੀਆਂ ਜਾਂਦੀਆ ਹਨ, ਇਹ ਤੰਬਾਕੂ ਕੈਂਸਰ ਦਾ ਮੁਖ ਕਾਰਨ ਹੈ, ਤੰਬਾਕੂ ਦੀ ਇਹ ਥੋੜੇ ਚਿਰ ਦੀ ਖੁਸ਼ੀ ਅੰਤ ਵਿਚ ਬੰਦੇ ਨੂ ਤੜਪਾ ਤੜਪਾ ਕੇ ਮਾਰਦੀ ਹੈ। ਤੰਬਾਕੂ ਦੇ ਖਿਲਾਫ਼ ਹਰ ਸਾਲ 31 ਮਈ ਨੂੰ ਇਕ ਦਿਨ ਨਿਸ਼ਚਿਤ ਕੀਤਾ ਗਿਆ ਹੈ ਜਿਸ ਦਿਨ ਇਸ ਵਿਰੁੱਧ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਜਾਂਦਾ ਹੈ। ਅਖਬਾਰਾਂ ਵਿਚ ਵੱਡੇ ਵੱਡੇ ਇਸ਼ਤਿਹਾਰ ਆਉਂਦੇ ਹਨ ਤੰਬਾਕੂ ਉੱਤੇ ਬਹਿਸਾ ਹੁੰਦੀਆ ਹਨ ਪਰ ਹਲਾਤ ਉਥੇ ਦੇ ਉਥੇ ਖੜੇ ਹਨ।

ਗੁਰਬਾਣੀ ਵਿਚ ਵੀ ਤੰਬਾਕੂ ਦੇ ਸੇਵਨ ਨੂੰ ਰੱਜ ਕੇ ਨਿੰਦਿਆ ਗਿਆ ਹੈ।

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ।।

ਹਰਿ ਹਰਿ ਕਦੇ ਨਾ ਚੇਤਿਓ ਜਮਿ ਪਕੜਿ ਚਲਾਈਆ।। (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਕ 726)

ਇਸ ਮੌਜੂਦਾ ਸਮੇ ਵਿਚ ਅਨੇਕਾਂ ਨਸ਼ਾ ਛੁਡਾਊ ਕੇਂਦਰ ਚੱਲ ਰਹੇ ਹਨ ਜਿਹਨਾਂ ਵਿਚ ਸਾਡੇ ਪੰਜਾਬੀ ਆਪਣਾ ਬੇਅੰਤ ਪੈਸਾ ਤੇ ਸਮਾਂ ਖਰਚ ਰਹੇ ਹਨ ਇੰਨਾ ਨਸ਼ੇ ਛੁਡਾਊ ਕੇਂਦਰਾਂ ਵਿਚ ਬੰਦੇ ਨੂੰ ਡੰਡੇ ਦੇ ਜ਼ੋਰ ਉੱਤੇ ਉਥੇ ਰੱਖ ਕੇ ਨਸ਼ਾ ਛੁਡਾਇਆ ਜਾਂਦਾ ਹੈ, ਜਦ ਤਕ ਉਹਖ਼ ਉਥੇ ਰਹਿੰਦੇ ਹਨ ਉਦੋਂ ਤਕ ਤਾ ਠੀਕ ਪਰੰਤੂ ਜਦੋ ਇੰਨਾ ਕੇਦਰਾਂ ਤੋਂ ਬਾਹਰ ਆਉਂਦੇ ਹਨ ਤਾਂ ਸਹੀ ਮਾਹੌਲ ਨਾ ਮਿਲਣ ਕਾਰਨ ਫਿਰ ਤੋਂ ਉਹੀ ਨਸ਼ੇ ਦੀ ਦੁਨੀਆ ਵਿਚ ਚਲੇ ਜਾਂਦੇ ਹਨ । ਨੌਜਵਾਨਾਂ ਵਿਚ ਨਸ਼ੇ ਦੇ ਰੁਝਾਨ ਦਾ ਮੁਖ ਕਾਰਨ ਸਰਕਾਰ ਦੀਆਂ ਇਹ ਆਰਥਿਕ ਨਿਤੀਆਂ ਹਨ ਜਿਸ ਵਿਚ ਨੌਜਵਾਨ ਵਰਗ ਵਡੀ ਮਾਤਰਾ ਵਿਚ ਬੇਰੋਜ਼ਗਾਰ ਹੈ, ਇਨਾਂ ਨੂ ਤੁਸੀਂ ਆਮ ਚੋਰਾਹਿਆਂ, ਚੋਕਾਂ ਉਤੇ ਵਿਹਲੇ ਖੜੇ ਦੇਖ ਸਕਦੇ ਹੋ , ਨੌਜਵਾਨ ਪੜ੍ਹ ਤਾਂ ਲੈਂਦਾ ਹੈ ਪਰ ਅੱਗੇ ਨੌਕਰੀ ਨਹੀਂ ਹਾਸਲ ਕਰ ਪਾ ਰਿਹਾ, ਉਹ ਘਰੋਂ ਤੰਗ ਹੁੰਦਾ ਹੈ, ਸਮਾਜ ਦੇ ਮਿਹਣਿਆਂ ਦਾ ਵੀ ਸ਼ਿਕਾਰ ਹੁੰਦਾ ਹੈ ਤੇ ਉਸ ਨੂੰ ਆਪਣੀ ਪੜ੍ਹਾਈ ਦੇ ਪੱਧਰ ਤੋਂ ਹੇਠਾਂ ਪੱਧਰ 'ਤੇ ਕੰਮ ਕਰਨਾ ਪੈਂਦਾ ਹੈ। ਇਸ ਨਾਲ ਉਹ ਆਪਣਾ ਉਜਵਲ ਭਵਿੱਖ ਨਹੀਂ ਦੇਖ ਪਾਉਂਦਾ ਤੇ ਨਿਰਾਸ਼ਤਾ ਵਜੋਂ ਇਸ ਪਾਸੇ ਜਾ ਵੜਦਾ ਹੈ ਕਿਉਂਕਿ ਉਸ ਨੂੰ ਕੋਈ ਸਹੀ ਰਸਤਾ ਦਿਖਾਓਣ ਵਾਲਾ ਨਹੀਂ ਹੁੰਦਾ ਹੈ

ਜੇ ਰਾਜਨੀਤੀ ਨੂੰ ਇਕ ਪਾਸੇ ਰੱਖ ਕੇ ਦੇਖੀਏ ਤਾਂ ਰਾਹੁਲ ਗਾਂਧੀ ਦਾ ਬਿਆਨ ਠੀਕ ਜਾਪਦਾ ਹੈ ਕਿ ਸਾਡੇ ਪੰਜਾਬ ਦੇ 70ਗ਼ ਨੌਜਵਾਨ ਨਸ਼ੇ ਦੇ ਆਦੀ ਹਨ, ਰਾਜਨੀਤੀ ਨੂੰ ਇਕ ਪਾਸੇ ਰੱਖ ਕੇ ਨਸ਼ੇ ਨੂ ਖਤਮ ਕਰਨ ਦਾ ਫਰਜ਼ ਸਾਡੀ ਹਾਕਮ ਸਰਕਾਰ ਤੇ ਵਿਰੋਧੀ ਧਿਰ ਦੋਨਾਂ ਦਾ ਬਨਦਾ ਹੈ ਕਿ ਉਹਖ਼ ਕੇਵਲ ਬਿਆਨਬਾਜ਼ੀ ਦੀ ਥਾਂ ਇਕਜੁੱਟ ਹੋ ਕੇ ਪੰਜਾਬ ਦੀ ਇਸ ਨੌਜਵਾਨ ਪੀੜ੍ਹੀ ਨੂੰ ਖਤਮ ਹੋਣ ਤੋ ਬਚਾਉਣ

ਜੇ ਅੰਕੜਿਆ ਦੀ ਗੱਲ ਕਰੀਏ ਤਾ ਲੁਧਿਆਣਾ ਜਿਲ੍ਹਾ ਸਭ ਤੋ ਮੋਹਰੇ ਹੈ ਜਿਸ ਦੇ 92 ਗ਼ ਨੌਜਵਾਨ ਨਸ਼ੇ ਦੇ ਜਾਲ ਵਿਚ ਫਸੇ ਹੋਏ ਹਨ , ਦੂਜੇ ਨੰਬਰ 'ਤੇ ਰੋਪੜ ਜਿਲ੍ਹਾ ਆਉਂਦਾ ਹੈ ਜਿਸ ਦੇ 80' ਗ਼ ਨੌਜਵਾਨ ਨਸ਼ੇ ਦੇ ਜਾਲ ਵਿਚ ਫਸੇ ਹੋਏ ਹਨ, ਇਸ ਤੋ ਇਲਾਵਾ ਰਿਪੋਰਟ ਮੁਤਾਬਿਕ ਫਰੀਦਕੋਟ ਤੇ ਮੋਗਾ ਨਸ਼ੇ ਦੀ ਵਰਤੋਂ ਕਰਨ ਵਾਲਿਆ ਵਿਚ 80'ਗ਼ ਲੋਕ ਟੀਕਾ ਲਗਾਉਂਦੇ ਹਨ ਜਿਸ ਵਿਚ ਇਕੋ ਸਰਿੰਜ ਪਤਾ ਨਹੀਂ ਕਿੰਨੇ ਲੋਕ ਵਰਤਦੇ ਹੋਣਗੇ ਜੋ ਬਿਮਾਰੀ ਨੂ ਖੁੱਲਾ ਸੱਦਾ ਹੈ। ਸਰਕਾਰ ਵੈਸੇ ਤਾ ਬੜੇ ਬਿਆਨ ਦਿੰਦੀ ਹੈ ਕੇ ਨਸ਼ੇ ਨੂੰ ਜੜੋਂ ਪੁੱਟ ਦਿਆਂਗੇ ਪਰੰਤੂ ਹਕੀਕੀ ਤੌਰ ਤੇ ਕਰਦੀ ਕੁੱਝ ਨਹੀ , ਹਰ ਸਾਲ ਠੇਕੇਆ ਦੀ ਗਿਣਤੀ ਵਧਾ ਦਿੱਦੀ ਹੈ , ਚਰਸ, ਗਾਂਜਾ , ਭੁਕੀ ਆਦਿ ਨਸ਼ੇ ਨੂੰ ਨਕੇਲ ਪਾਉਣ ਦੀ ਥਾਂ ਇਹ ਸਾਰੇ ਕਾਰੋਬਾਰ ਪੁਲਿਸ ਦੀ ਨਿਗਰਾਨੀ ਹੇਠ ਆਮ ਹੁੰਦੇ ਹਨ। ਜੇ ਸਰਕਾਰ ਨਸ਼ੇ ਨੂੰ ਮੁੱਖ ਆਮਦਨ ਦਾ ਸਾਧਨ ਬਣਾ ਲਵੇ ਤਾਂ ਤੁਸੀਂ ਸਰਕਾਰ ਤੋ ਭਲਾਈ ਦੀ ਕਿਵੇਂ ਆਸ ਰੱਖ ਸਕਦੇ ਹੋ। ਨਸ਼ਾ ਸਾਡੇ ਭਾਰਤ ਵਿਚ ਕਿਵੇਂ ਘਮਾਸਾਨ ਮਚਾ ਰਿਹਾ ਹੈ ਇਸਦਾ ਅੰਦਾਜ਼ਾ ਤੁਸੀਂ ਇਸ ਗੱਲ ਤੋ ਲਗਾ ਸਕਦੇ ਹੋ ਕਿ ਕੇਂਦਰ ਸਰਕਾਰ ਨੇ ਪੂਰੇ ਦੇਸ਼ ਅੰਦਰ ਨਸ਼ੇੜੀ ਲੋਕਾਂ ਦੀ ਗਿਣਤੀ ਛੇੜਨ ਦੀ ਮੁਹਿਮ ਛੇੜੀ ਹੈ , ਸਰਕਾਰ ਦਾ ਕਹਿਣਾ ਹੈ ਕਿ ਉਸਨੂੰ ਪਤਾ ਹੋਵੇ ਕੇ ਉਸਦੇ ਕਿਨੇ ਨਾਗਰਿਕ ਨਸ਼ੇ ਦੇ ਆਦੀ ਹਨ ਤਾ ਜੋ ਸਰਕਾਰ ਸਹੀ ਨੀਤੀ ਦਾ ਐਲਾਨ ਕਰ ਸਕੇ, ਜੇ ਨਸ਼ਾ ਹੀ ਕਰਨਾ ਹੈ ਤਾ ਉਹ ਨਸ਼ਾ ਕਰੋ ਜਿਸ ਦਾ ਸਾਡੇ ਸਮਾਜ ਘਰ ਪਰਿਵਾਰ,ਉਤੇ ਚੰਗਾ ਅਸਰ ਪਵੇ ਜਿਵੇ ਕੇ ਲੋਕਾਂ ਦੀ ਭਲਾਈ ਦਾ ਨਸ਼ਾ, ਸਰਕਾਰ ਨੂ ਸਹੀ ਦਿਸ਼ਾ ਦਿਖਾਉਣ ਦਾ ਨਸ਼ਾ, ਆਪਣੇ ਪਰਿਵਾਰ ਨੂੰ ਪਿਆਰ ਕਰਨ ਦਾ ਨਸ਼ਾ, ਬੇਸਹਾਰਾ ਲੋਕਾਂ ਦਾ ਆਸਰਾ ਬਣਨ ਦਾ ਨਸ਼ਾ ਕਿਉ ਕਿ ਇਸ ਨਸ਼ੇ ਦਾ ਮਜ਼ਾ ਉਸ ਨਸ਼ੇ ਨਾਲੋ ਕਿੱਤੇ ਵੱਧ ਚੜਦਾ ਹੈ। ਇਸ ਤੋ ਇਲਾਵਾ ਪਰਿਵਾਰ ਦਾ ਕੋਈ ਜੀਅ ਕਿਸੇ ਵੀ ਨਸ਼ੇ ਦਾ ਗੁਲਾਮ ਹੈ ਤਾ ਉਸਨੂੰ ਪਿਆਰ ਹਲੀਮੀ ਨਾਲ ਸਹੀ ਦਿਸ਼ਾ ਦਿਖਾਉਣੀ ਚਾਹੀਦੀ ਹੈ ਨਾ ਕਿ ਡੰਡੇ ਦੇ ਜੋਰ ਉੱਤੇ।ਇਸ ਤੋ ਇਲਾਵਾ ਸਰਕਾਰ ਨੂੰ ਆਪਣੀ ਬਣਦੀ ਭੂਮੀਕਾ ਨਿਭਾਉਣੀ ਚਾਹੀਦੀ ਹੈ ਤੇ ਲੋਕਾਂ ਦੀ ਸਿਹਤ ਵਲ ਖਾਸ ਧਿਆਨ ਦੇਣਾ ਚਾਹਿਦਾ ਹੈ ਕਿਉ ਕੇ ਜੇ ਲੋਕਾ ਦੀ ਸਿਹਤ ਵਿਵਸਥਾ ਠੀਕ ਹੋਵੇਗੀ ਤਾ ਹੀ ਕੋਈ ਦੇਸ਼ ਤਰੱਕੀ ਕਰ ਸਕੇਗਾ।



ਪਵੇਲ ਪਾਸਲਾ
+91-9463-932580
pavel_pasla26@yahoo.com

ਸਰਕਾਰ ਨੂੰ ਚਾਹੀਦਾ ਹੈ ਕਿ ਪ੍ਰਾਈਵੇਟ ਹਥਾਂ ਵਿਚ ਖੇਡਣ ਦੀ ਥਾਂ ਲੋਕਾਂ ਦੀ ਭਲਾਈ ਲਈ ਕੰਮ ਕਰੇ ਤੇ ਨੌਜਵਾਨਾਂ ਲਈ ਵਧ ਤੋਂ ਵਧ ਰੋਜ਼ਗਾਰ ਦੇ ਮੌਕੇ ਦੇਵੇ ਤਾਂ ਜੋ ਨੌਜਵਾਨ ਆਪਣਾ ਉਜਵਲ ਭਵਿੱਖ ਦੇਖਦੇ ਹੋਏ ਨਸ਼ੇ ਦੀ ਇਸ ਦਲਦਲ ਵਿਚੋਂ ਨਿਕਲਣ ।

ਸਾਨੂੰ ਇਹ ਕੰਮ ਸਰਕਾਰ ਉਤੇ ਹੀ ਨਹੀ ਛੜਨਾ ਚਾਹੀਦਾ ਬਲਕਿ ਖੁਦ ਇਕਠੇ ਹੋ ਕੇ ਨਸ਼ਿਆ ਦੇ ਸੌਦਾਗਰਾਂ ਖਿਲਾਫ਼ ਮੋਰਚਾਬੰਦੀ ਕਰਨੀ ਚਾਹੀਦੀ ਹੈ ਇਸ ਨਸ਼ੇ ਦੇ ਖਿਲਾਫ਼, ਕੋਈ ਵੀ ਸਰਕਾਰ ਜਾ ਕੋਈ ਵੀ ਪਾਰਟੀ ਕਦੇ ਵੀ ਲੋਕਾਂ ਦੇ ਹੜ੍ਹ ਅੱਗੇ ਨਹੀ ਟਿਕ ਸਕਦੀ,ਜੇ ਆਉਣ ਵਾਲੀ ਪੀੜੀ ਨੂੰ ਬਚਾਉਣ ਹੈ ਤਾਂ ਨਸ਼ੇ ਖਿਲਾਫ਼ ਵੱਡੇ ਅੰਦੋਲਨ ਵਿਢਣੇ ਪੈਣਗੇ ਤੇ ਇਨਾ ਅੰਦੋਲਨਾਂ ਵਿਚ ਹਰ ਇਨਸਾਨ ਨੂੰ ਸ਼ਮੂਲੀਅਤ ਕਰਨੀ ਹੋਵੇਗੀ ਭਾਵੇ ਉਹ ਕਿਸੀ ਵੀ ਪਾਰਟੀ ਨਾਲ ਸਬੰਧ ਰੱਖਦਾ ਹੋਵੇ ਕਿਉਂਕਿ ਇਹ ਲੜਾਈ ਇਨਸਾਨੀਅਤ ਬਚਾਉਣ ਦੀ ਹੈ ਨਾ ਕੇ ਕੋਈ ਸਤਾ ਹਾਸਿਲ ਕਰਨ ਦੀ।ਜੇ ਲੋਕ ਹੀ ਨਾ ਰਹੇ ਤਾ ਰਾਜ ਕਿਸ ਉੱਤੇ ਕਰਨਗੇ ਇਹ ਸਿਆਸਤਦਾਨ, ਇਸ ਲਈ ਨਸ਼ਾ ਮੁਕਤ ਪੰਜਾਬ ਹੋਣਾ ਬਹੁਤ ਜਰੂਰੀ ਹੈ।



## ਸਾਹਿਤ ਅਕਾਦਮੀ ਦੀ ਯੁਵਾ ਪੁਰਸ਼ਕਾਰ ਜੇਤੂ ਕਿਤਾਬ

# ਪਹਿਚਾਣ ਤਲਾਸ਼ਦੇ ਪਾਤਰਾਂ ਦੀ ਕਹਾਣੀ: ਤੀਵੀਆਂ

ਪ੍ਰਗਟ ਸਤੌਜ ਦਾ ਨਾਵਲ 'ਤੀਵੀਆਂ' ਜੜੋਂ ਟੁੱਟੇ ਪਾਤਰਾਂ ਦਾ ਬਿਰਤਾਂਤ ਹੈ ਜੋ ਉਗਸਣ ਲਈ ਮਿੱਟੀ ਦੀ ਭਾਲ ਵਿੱਚ ਹਨ। ਇਹ ਨਾਵਲ ਵੱਡੇ ਕਾਲ-ਖੰਡ ਵਿੱਚ ਚਿਤਰਿਆ ਗਿਆ ਹੈ। ਸੰਨ ਸੰਤਾਲੀ ਤੋਂ ਲੈ ਕੇ ਵਰਤਮਾਨ ਦਾ ਸਮਾਂ ਇਸ ਦੀਆਂ ਘਟਨਾਵਾਂ ਦਾ ਵਾਪਰਨ ਸਮਾਂ ਹੈ। ਨਾਵਲ 'ਤੀਵੀਆਂ' ਜੜੋਂ ਟੁੱਟੀਆਂ, ਦੇਸੋਂ ਪਰਦੇਸੀ ਹੋਈਆਂ ਉਹਨਾਂ ਬਦਨਸੀਬ ਔਰਤਾਂ ਦੀ ਕਹਾਣੀ ਹੈ ਜਿਨ੍ਹਾਂ ਨੂੰ ਖੁਦ ਤਾਂ ਕੀ ਉਹਨਾਂ ਦੇ ਬੱਚਿਆਂ ਨੂੰ ਵੀ ਕੋਈ ਸਿਰਨਾਵਾਂ, ਠਾਹਰ ਜਾਂ ਪਹਿਚਾਣ ਨਹੀਂ ਮਿਲਦੀ। ਅਸਲ ਵਿੱਚ ਇਹ ਨਾਵਲ ਆਪਣੀ ਪਹਿਚਾਣ ਤਲਾਸ਼ਦੇ ਪਾਤਰਾਂ ਦੀ ਹੀ ਕਹਾਣੀ ਹੈ।




ਨਾਵਲ ਦੀ ਕਹਾਣੀ ਸੰਤਾਲੀ ਦੀ ਫਿਰਕੂ ਹਨੇਰੀ ਵਿੱਚ ਬਲਾਤਕਾਰ ਦੀ ਸ਼ਿਕਾਰ ਹੋਈ ਬਸ਼ੀਰਾਂ ਨੂੰ ਕਾਕੇ ਵੱਲੋਂ ਆਪਣੇ ਘਰ ਲਿਆਉਣ ਨਾਲ ਸ਼ੁਰੂ ਹੁੰਦੀ ਹੈ। ਬਲਾਤਕਾਰ ਔਰਤ ਦੇ ਪਿੰਡੇ ਤੇ ਹੀ ਨਹੀਂ ਸਗੋਂ ਰੂਹ ਤੇ ਵੀ ਜਖ਼ਮ ਦੇ ਜਾਂਦਾ ਹੈ। ਕਾਕੇ ਦਾ ਬਸ਼ੀਰਾਂ ਤੋਂ ਔਲਾਦ ਪੈਦਾ ਕਰਨ ਦਾ ਲਾਲਚ ਉਹਦੀ ਪਤਨੀ ਜਲਕੁਰ ਲਈ ਨਾਦਰੀ ਫਰਮਾਨ ਵਾਂਗ ਆਉਂਦਾ ਹੈ। ਪਰ ਉਹ ਲੰਮਾਂ ਸਮਾਂ ਇਹਦੇ ਖਿਲਾਫ਼ ਲੜਦੀ ਰਹਿੰਦੀ ਹੈ। ਇਸੇ ਕਾਰਨ ਕਾਕਾ ਬਸ਼ੀਰਾਂ ਨੂੰ ਵੇਚਣ ਲਈ ਮਜ਼ਬੂਰ ਹੋ ਜਾਂਦਾ ਹੈ। ਭਾਵੇਂ ਬਸ਼ੀਰਾਂ ਅੰਮ੍ਰਿਤ ਛਕ ਕੇ ਬੰਤ ਕੌਰ ਬਣ ਜਾਂਦੀ ਹੈ। ਪਰ ਉਹਨੂੰ ਸਮਾਜਕ ਪਹਿਚਾਣ ਨਹੀਂ ਮਿਲਦੀ। ਤੇਜੇ ਜਿਹੇ ਨਸੇੜੀ ਬੰਦੇ ਦੇ ਜ਼ਬਰ ਤੋਂ ਤੰਗ ਆ ਕੇ ਬਸ਼ੀਰਾਂ ਉਰਫ ਬੰਤ ਕੌਰ ਕਾਕੇ ਦੇ ਘਰ ਵਸਣ ਦੀ ਜਿੱਦ ਫੜਦੀ ਹੈ ਤਾਂ ਜਲਕੁਰ ਦੀ ਜ਼ਿੰਦਗੀ ਦੀ ਖੇਡ ਦਾ ਰੁੱਖ ਪਲਟ ਦਿੰਦੀ ਹੈ। ਇਸੇ ਜਿੱਦ ਵਿੱਚ ਜਲਕੁਰ ਤੇਜੇ ਦੇ ਘਰ ਜਾ ਵਸਦੀ ਹੈ। ਕਾਕੇ ਦੀ ਅਗਲੀ ਪੀੜ੍ਹੀ ਰੋਹੀ ਤੇ ਸਿੰਦੂ ਘੱਟ ਜ਼ਮੀਨ ਕਾਰਨ ਵਿਆਹ ਪ੍ਰਬੰਧ ਚੋਂ ਛੇਕੇ ਜਾਂਦੇ ਹਨ ਤਾਂ ਉਹ ਮੁੱਲ ਦੀ ਔਰਤ ਸੁਰਜੀ ਲਿਆਉਂਦੇ ਹਨ। ਪਰ ਸੁਰਜੀ ਦਾ ਘਰੋਂ ਭੱਜ ਜਾਣਾ ਉਹਨਾਂ ਦੇ ਘਰ ਬੰਨਣ ਦੀ ਲਾਲਸਾ ਨੂੰ ਖੋ ਦਿੰਦਾ ਹੈ। ਭਾਵੇਂ ਕਾਮ-ਭੁੱਖ ਦੀ ਤ੍ਰਿਪਤੀ, ਘਰ ਵਸਣਾ, ਵੰਸ਼ ਵੇਲ ਵਧਣਾ, ਇੱਕ ਸਾਥੀ ਦਾ ਮਿਲਣਾ ਸਾਰੀਆਂ ਹੀ ਲੋੜਾਂ ਦੀ ਪੂਰਤੀ ਵਿਆਹ ਹੈ। ਵਿਆਹ ਪ੍ਰਬੰਧ ਸਮਾਜਿਕ ਪਹਿਚਾਣ, ਸਮਾਜਿਕ ਜੀਵਨ ਅਤੇ ਸਮਾਜਿਕ ਹੋਂਦ ਬਖ਼ਸ਼ਦਾ ਹੈ। ਇੱਕ ਸੰਪੂਰਨ ਜੀਵਨ ਜਿਊਣ ਦੀ ਚਾਹ ਉਹਨਾਂ ਨੂੰ ਮੁੜ ਔਰਤ ਖਰੀਦਣ ਲਈ ਮਜ਼ਬੂਰ ਕਰਦੀ ਹੈ। ਦੇਵਕੀ ਇੱਕ ਹੋਰ ਔਰਤ ਦੀ ਖਰੀਦ, ਔਰਤ ਦੀ ਵਸਤ ਵਾਂਗ ਖਰੀਦ-ਵੇਚ ਦੀ ਪ੍ਰਵਿਰਤੀ ਦੀ ਲਖਾਇਕ ਹੈ । ਦੇਵਕੀ ਨਾਲ ਆਇਆ ਉਸ ਦਾ ਪੁੱਤਰ ਰਾਜੂ ਭਵਿੱਖਹੀਣ ਬਚਪਨ ਭੋਗਦਾ ਹੈ। ਸਿੰਦੂ ਅਤੇ ਰੋਹੀ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਆ ਕੇ ਆਪਣੀ ਜ਼ਮੀਨ ਲੇਖੇ ਲਾ ਦਿੰਦੇ ਹਨ। ਘਟਨਾਵਾਂ ਦੇ ਚੱਕਰ ਵਿੱਚ ਗੁਆਚੀ ਦੇਵਕੀ ਮੁੜ ਵੇਚੀ ਜਾਂਦੀ ਹੈ ਅਤੇ ਇੱਕ ਹੋਰ ਔਰਤ ਸਰਸਵਤੀ ਖਰੀਦੀ ਜਾਂਦੀ ਹੈ। ਨਾਵਲ ਆਪਣੇ ਅੰਤ ਵਿੱਚ ਦੇਵਕੀ ਦੇ ਪੁੱਤਰ ਰਾਜੂ ਦੀ ਤ੍ਰਾਸਦੀ ਦਾ ਮਾਰਮਿਕ ਬਿਆਨ ਕਰਦਾ ਹੈ। ਜੋ ਪੰਜਾਬ ਦੀ ਧਰਤੀ ਤੇ ਜੰਮ-ਪਲ ਕੇ ਵੀ ਬਿਹਾਰੀ ਜਾਂ ਬੇਰੜਾ ਬੀਅ ਵਰਗੇ ਸੰਬੋਧਨਾਂ ਨਾਲ ਪੁਕਾਰਿਆ ਜਾਂਦਾ ਹੈ ਜਾਂ ਅਪਮਾਨਿਤ ਕੀਤਾ ਜਾਂਦਾ ਹੈ।

ਨਾਵਲ ਬਹੁਤ ਸਾਰੇ ਪ੍ਰਸ਼ਨ ਪਾਠਕ ਦੇ ਸਨਮੁੱਖ ਕਰਦਾ ਹੈ ਕਿ ਸਿਰਫ਼ ਔਰਤ ਦੀ ਹੀ ਖਰੀਦ-ਵੇਚ ਕਿਉਂ ਹੁੰਦੀ ਹੈ? ਮੁੱਲ ਦੀਆਂ ਔਰਤਾਂ ਦੇ ਜਿਸਮਾਂ ਦੀ ਖਰੀਦ-ਵੇਚ ਵਿੱਚ ਉਹਨਾਂ ਦੇ ਮਨਾਂ ਦੀ ਖਰੀਦ-ਵੇਚ ਕਿਉਂ ਨਹੀਂ ਹੁੰਦੀ? ਉਹਨਾਂ ਦੇ ਮਨ ਪਿੱਛੇ ਕਿਉਂ ਭਟਕਦੇ ਰਹਿੰਦੇ ਹਨ? ਇਹਨਾਂ ਔਰਤਾਂ ਦੇ ਬੱਚਿਆਂ ਨੂੰ ਸਮਾਜ ਕਿਉਂ ਨਹੀਂ ਅਪਣਾਉਂਦਾ?

ਨਾਵਲ ਵਿਚਲੇ ਪਾਤਰ ਰੋਡੀ ਜੋ ਕਿ ਸਰਸਵਤੀ ਦੀ ਧੀ ਹੈ ਦਾ ਭਵਿੱਖ ਦੇਖ ਕੇ ਉਸ ਦੀ ਹੋਣੀ ਤੇ ਅੱਖ ਨਮ ਹੋ ਜਾਂਦੀ ਹੈ। ਸ਼ਾਇਦ ਉਸਦੀ ਹੋਣੀ ਵੀ ਕਿਤੇ ਵਿਕਣਾ ਜਾਂ ਖਰੀਦਣਾ ਹੀ ਹੋਵੇਗੀ। ਇੱਕ ਮਨੁੱਖ ਦੀ ਪਹਿਚਾਣ ਉਸਦਾ ਨਾਮ ਹੁੰਦੀ ਹੈ। ਪਰ ਪਾਤਰ ਰੋਡੀ ਜੋ ਕਿ ਸਿਰ ਤੋਂ ਰੋਡੀ ਹੈ ਦਾ ਨਾਮਕਰਨ ਕਰਨ ਵੀ ਨਹੀਂ ਕੀਤਾ ਗਿਆ। ਸਿਰੋਂ ਰੋਡੀ ਹੋਣਾ ਹੀ ਉਸਦੀ ਪਹਿਚਾਣ ਹੈ, ਉਸਦਾ ਨਾਮ ਹੈ। ਮਾਂ-ਬਾਪ ਭਾਈ ਜਾਂ ਕਿਸੇ ਦਾ ਵੀ ਪਿਆਰ-ਨਿੱਘ ਉਹਨੂੰ ਨਹੀਂ ਮਿਲਦਾ। ਕਾਰਨ ਇਹ ਹੈ ਕਿ ਉਹ ਖਰੀਦੀ ਹੋਈ ਮਾਂ ਦੀ ਧੀ ਹੈ। ਜਿਸਦੀ ਮਾਂ ਨੂੰ ਅੱਗੇ ਵੇਚ ਦਿੱਤਾ ਗਿਆ ਹੈ। ਨਾਵਲ ਅਜਿਹੇ ਪਾਤਰਾਂ ਦੀ ਹੋਣੀ, ਦਸ਼ਾ ਅਤੇ ਭਵਿੱਖ ਸਬੰਧੀ ਗੰਭੀਰ ਅਤੇ ਸਾਰਥਕ ਪ੍ਰਸ਼ਨ ਉਠਾਉਂਦਾ ਹੈ। ਨਾਵਲ ਦੇ ਪਾਤਰ ਥੋੜੀਆਂ ਜ਼ਮੀਨਾਂ ਦੇ ਸਿਰ ਤੇ ਜ਼ਿੰਦਗੀ ਦਾ ਜੂਆ ਖੇਡਦੇ ਜਿੱਤਦੇ-ਹਾਰਦੇ ਦਿਖਾਏ ਗਏ ਹਨ। ਨਾਵਲਕਾਰ ਪਿੱਛਲ-ਝਾਤ ਜੁਗਤ ਰਾਹੀਂ ਕਹਾਣੀ ਦੀ ਤੰਦ ਨਾਲ ਤੰਦ ਮੇਲਦਾ ਕਹਾਣੀ ਦੀ ਰਸਾਤਮਕਤਾ ਘਟਣ ਨਹੀਂ ਦਿੰਦਾ। ਰਾਜੂ ਦੁਆਰਾ ਕੀਤੀ ਖੁਦਕੁਸ਼ੀ ਉਹਦੀ ਆਪਣੀ ਪਹਿਚਾਣ ਅਤੇ ਆਪਣੀ ਸਥਾਪਤੀ ਦੇ ਸੰਘਰਸ਼ ਵਿੱਚ ਹਾਰ ਹੈ। ਅੰਤ ਭਾਵੇਂ ਪਾਠਕ ਮਨ ਵਿੱਚ ਆਸ਼ਾ ਦੀ ਉਤਪਤੀ ਨਹੀਂ ਕਰਦਾ ਪਰ ਨਾਵਲ ਦਾ ਅੰਤ ਪ੍ਰਸ਼ਨ-ਚਿੰਨ ਦੀ ਕੜਛੀ ਵਾਂਗ ਪਾਠਕ ਦੇ ਮੱਥੇ ਵਿੱਚ ਵੱਜਦਾ ਹੈ ਕਿ ਇਹ ਵਰਤਾਰਾ ਕਿਉਂ ਹੋ ਰਿਹੈ ਤੇ ਇਹ ਕਦ ਤੱਕ ਚੱਲੇਗਾ?



ਅੰਜਨਾ ਸ਼ਿਵਦੀਪ

ਪ੍ਰਗਟ ਨੇ ਨਾਵਲ ਵਿੱਚ ਕਮਾਲ ਦੇ ਦ੍ਰਿਸ਼-ਚਿਤਰਨ ਸਿਰਜੇ ਹਨ। ਖੇਤਾਂ ਦਾ, ਖੇਤਾਂ ਵਿੱਚ ਰੁੱਤਾਂ ਦੇ ਨਾਲ ਬੀਜੀਆਂ ਫਸਲਾਂ, ਗਲੀਆਂ, ਘਰਾਂ ਦਾ ਐਨਾ ਸਜੀਵ ਚਿਤਰਨ ਹੈ ਜਿਵੇਂ ਅਸੀਂ ਉਹਨਾਂ ਪਾਠਕਾਂ ਨਾਲ ਆਪ ਵਿਚਰ ਰਹੇ ਹੋਈਏ। ਉਸਦੀ ਮਲਵਈ ਭਾਸ਼ਾ ਠੇਠ ਤੇ ਮੁਹਾਵਰੇਦਾਰ ਹੈ। ਨਾਵਲਕਾਰ ਨੇ ਬਿਹਾਰੀ ਪਾਤਰਾਂ ਤੋਂ ਜੋ ਹਿੰਦੀ ਨੁਮਾ ਪੰਜਾਬੀ ਬੁਲਵਾਈ ਹੈ ਉਹ ਉਹਨਾਂ ਦੇ ਭਾਸ਼ਾਈ ਪਰਿਵਰਤਨ ਦਾ ਅਸਲ ਪ੍ਰਗਟਾਵਾ ਹੈ।

ਨਾਵਲ ਦੇ ਪਾਤਰ ਅਤ੍ਰਿਪਤੀਆਂ ਦੀ ਭਟਕਣ ਵਿੱਚ ਗਲ੍ਹ ਤੱਕ ਧਸੇ ਪਏ ਹਨ ਅਤੇ ਉਹ ਮੁੱਲ ਦੀਆਂ ਔਰਤਾਂ ਲਿਆ ਕੇ ਉਭਰਨ ਦਾ ਯਤਨ ਕਰ ਰਹੇ ਹਨ। ਕੁੱਝ ਪਾਤਰ ਸਧਾਰਨ ਹੁੰਦੇ ਹੋਏ ਵੀ ਅਸਧਾਰਨਤਾ ਦਾ ਪ੍ਰਗਟਾਵਾ ਕਰਦੇ ਹਨ। ਜਿਵੇਂ ਸਰਵਣ, ਰਾਜੂ ਆਪਣੀ ਮੂਲ ਮਾਨਵਤਾ ਦਾ ਜਜ਼ਬਾ ਬਰਕਰਾਰ ਰੱਖਣ ਦਾ ਸਿਦਕ ਪ੍ਰਗਟਾਉਂਦੇ ਹਨ। ਭਾਵੇਂ ਮਰਦ ਦਾ ਆਰਥਿਕ ਥੁੜਾਂ ਕਾਰਨ ਵਿਆਹ ਬਾਹਰੇ ਰਹਿ ਜਾਣਾ ਉਸਦੀ ਸਮਾਜਿਕ ਅਧੋਗਤੀ ਦਾ ਦੁਖਾਂਤ ਹੈ ਪਰ ਆਪਣੀ ਘਰ ਬੰਨਣ ਦੀ ਅਖੌਤੀ ਲੋੜ ਦੇ ਉਹਲੇ ਔਰਤ ਦੀ ਕਾਮ ਤ੍ਰਿਪਤੀ ਅਤੇ ਘਰੇਲੂ ਕੰਮ ਕਾਜ ਲਈ ਖਰੀਦ-ਵੇਚ ਉਹਦੀ ਜਾਤੀਗਤ ਅਧੋਗਤੀ ਦਾ ਦੁਖਾਂਤ ਹੈ। ਕਾਮ ਵਰਗੀ ਸ਼ਸਕਤ ਸ਼ਕਤੀ ਦੇ ਦੁਆਲੇ ਮਨੁੱਖ ਘੁੰਮਦਾ ਹੈ। ਜਿਵੇਂ ਧਰਤੀ ਦੀ ਗਰੂਤਾ ਸ਼ਕਤੀ ਬੰਦੇ ਨੂੰ ਇਹਦੇ ਧਰਾਤਲ ਤੇ ਜਕੜ ਕੇ ਰੱਖਦੀ ਹੈ ਉਵੇਂ ਵਿਆਹ ਪ੍ਰਬੰਧ ਵੀ ਵਿਅਕਤੀ ਨੂੰ ਸਮਾਜ ਦੇ ਧਰਾਤਲ ਨਾਲ ਜੋੜੀ ਰੱਖਦਾ ਹੈ। ਅਸੀਂ ਇਹ ਕਹਿ ਸਕਦੇ ਹਾਂ ਪੂਰਾਂ ਨਾਵਲ ਤੀਵੀਂ (ਔਰਤ) ਬਾਰੇ ਹੈ ਪਰ ਔਰਤ ਕਾਮੁਕ ਰੂਪ ਵਿੱਚ ਇਸ ਵਿੱਚ ਕਿਤੇ ਵੀ ਨਹੀਂ ਚਿਤਰੀ ਹੋਈ ।

ਨਾਵਲ ਆਪਣੇ ਕੇਂਦਰੀ ਵਿਸ਼ੇ ਨੂੰ ਪੂਰੀ ਤਰ੍ਹਾਂ ਨਿਭਾਉ ਹੈ ਤੇ ਇਸਦੇ ਪਾਤਰ ਸਾਨੂੰ ਓਪਰੇ ਨਹੀਂ ਲੱਗਦੇ ਕਿਉਂਕਿ ਅਸੀਂ ਆਪਣੇ ਆਲੇ-ਦੁਆਲੇ ਅਜਿਹੇ ਪਾਤਰ ਦੇਖ ਸਕਦੇ ਹਾਂ। ਇਹੀ ਕਾਰਨ ਹੈ ਕਿ ਪਾਠਕਾਂ ਨੂੰ ਇਸ ਨਾਵਲ ਨੇ ਆਕਰਸ਼ਿਤ ਕੀਤਾ ਹੈ। ਨਾਵਲ-ਜਗਤ ਨੂੰ 'ਤੀਵੀਆਂ' ਜਿਹਾ ਨਾਵਲ ਦੇਣ ਲਈ ਪ੍ਰਗਟ ਸਤੌਜ ਵਧਾਈ ਦਾ ਪਾਤਰ ਹੈ।

ਲਿਟਲ ਸਟਾਰਜ਼ ਪਬਲਿਕ ਸਕੂਲ
ਸੁਨਾਮ-148028(ਸੰਗਰੂਰ)



ਪ੍ਰਗਟ ਸਤੌਜ

ਸਾਹਿਤ ਅਕਾਦਮੀ ਦੇ ਯੁਵਾ ਪੁਰਸ਼ਕਾਰ ਲਈ ਪ੍ਰਗਟ ਸਿੰਘ ਸਤੌਜ ਦੀ ਚੋਣ ਕੀਤੀ ਗਈ ਹੈ। ਉਹਨਾਂ ਨੂੰ ਇਹ ਪੁਰਸ਼ਕਾਰ ਉਹਨਾਂ ਦੇ ਨਾਵਲ 'ਤੀਵੀਆਂ' ਲਈ ਦਿੱਤਾ ਗਿਆ ਹੈ। ਅਦਾਰਾ 'ਨਵੀਂ ਦੁਨੀਆ' ਪ੍ਰਗਟ ਸਤੌਜ ਨੂੰ ਸਾਹਿਤ ਅਕਾਦਮੀ ਦੇ ਪੁਰਸ਼ਕਾਰ ਲਈ ਚੁਣੇ ਜਾਣ 'ਤੇ ਖੁਸ਼ੀ ਦਾ ਪ੍ਰਗਟਵਾ ਕਰਦਾ ਹੈ।

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ
ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

# ਦੁਨੀਆਂ ਭਰ ਦੇ ਲੋਕ ਪ੍ਰੇਸ਼ਾਨ ਹਨ ਕਮਰ ਦਰਦ ਤੋਂ !

ਡਾ.ਹਰਪ੍ਰੀਤ ਸਿੰਘ ਭੰਡਾਰੀ

ਕਾਫ਼ੀ ਖੋਜ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਕਮਰ ਦਰਦ ਲਗਭਗ ਹਰ ਆਦਮੀ ਨੂੰ ਜੀਵਨ ਵਿੱਚ ਕਦੇ ਨਾ ਕਦੇ ਜਰੂਰ ਹੁੰਦਾ ਹੈ, ਜਿਸ ਤੋਂ ਉਸਨੂੰ ਪ੍ਰੇਸ਼ਾਨੀ ਹੁੰਦੀ ਹੈ। ਸੱਚ ਤਾਂ ਇਹ ਹੈ ਕਿ ਕਮਰ ਦਰਦ ਅਜੋਕੀ ਨੱਠ-ਭੱਜ ਵਾਲੀ ਜੀਵਨ ਸ਼ੈਲੀ ਦਾ ਤੋਹਫ਼ਾ ਹੈ।

ਜ਼ਿਆਦਾਤਰ ਇਲਾਜ ਮਾਹਿਰਾਂ ਦੀ ਇਹੀ ਸਲਾਹ ਹੁੰਦੀ ਹੈ ਕਿ ਇਸ ਬਿਮਾਰੀ ਦੇ ਪ੍ਰਤੀ ਜਾਗਰੂਕ ਰਹਿਣਾ ਹੀ ਇਸ ਦਾ ਸਭ ਤੋਂ ਵਧੀਆ ਇਲਾਜ ਹੈ। 75 ਤੋਂ 80 ਫ਼ੀਸਦੀ ਲੋਕ ਇਸ ਬਿਮਾਰੀ ਨਾਲ ਪੀੜਿਤ ਹੁੰਦੇ ਹਨ ਪਰ ਇਸਨੂੰ ਸਧਾਰਣ ਸਮਝ ਕੇ ਇਲਾਜ ਦੇ ਲਈ ਕਿਸੇ ਇਲਾਜ ਪ੍ਰਣਾਲੀ ਦਾ ਸਹਾਰਾ ਨਾ ਲੈ ਕੇ ਆਪ ਹੀ ਇਸਦਾ ਇਲਾਜ ਕਰਦੇ ਰਹਿੰਦੇ ਹਨ ਅਤੇ ਜਦ ਉਹ ਪੂਰੀ ਤਰ੍ਹਾਂ ਇਸ ਰੋਗ ਦੀ ਜਕੜ ਵਿੱਚ ਆ ਜਾਂਦੇ ਹਨ ਤਾਂ ਭੱਜ-ਨੱਠ ਕਰਦੇ ਹਨ। ਅਸਲ ਵਿੱਚ ਸਰੀਰ ਦੇ ਇਸ ਦਰਦ ਦਾ ਕਾਰਨ ਰੀੜ੍ਹ ਦੀ ਹੱਡੀ ਅਤੇ ਉਸ ਨਾਲ ਜੁੜੀਆਂ ਮਾਸ ਪੇਸ਼ੀਆਂ ਹਨ, ਜਿਨ੍ਹਾਂ ਵਿੱਚ ਗਲਤ ਢੰਗ ਨਾਲ ਬੈਠਣ, ਖੜੇ ਹੋਣ ਨਾਲ ਅਤੇ ਲੇਟਣ ਦੇ ਸਮੇਂ ਜਰੂਰਤ ਤੋਂ ਜ਼ਿਆਦਾ ਦਬਾਅ ਪੈਣ ਨਾਲ ਦਰਦ ਹੋਣ ਲੱਗਦਾ ਹੈ। ਬੱਚੇ ਮੂਧੇ ਪੈ ਕੇ ਪੜ੍ਹਾਈ ਕਰਦੇ ਹਨ ਜਾਂ ਟੀ ਵੀ ਦੇਖਦੇ ਹਨ, ਜਦ ਉਹ ਸਕੂਲ ਵਿੱਚ ਬੈਂਚ 'ਤੇ ਬੈਠ ਕੇ ਕੰਮ ਕਰਦੇ ਹਨ ਤਾਂ ਗਰਦਨ ਸਿਰ ਅਤੇ ਕਮਰ ਨੂੰ ਅੱਗੇ ਝੁਕਾ ਲੈਂਦੇ ਹਨ। ਇਸ ਢੰਗ ਨਾਲ ਬੈਠ ਕੇ ਕੰਮ ਕਰਨ ਨਾਲ ਪਿੱਠ ਦਰਦ ਜ਼ਿਆਦਾ ਵਧ ਸਕਦਾ ਹੈ। ਅਸਲ ਗੱਲ ਇਹ ਹੈ ਕਿ ਅਸੀਂ ਸਾਰੇ ਦਿਨ ਦੇ ਦੌਰਾਨ ਕਮਰ ਦਾ ਬਹੁਤ ਜ਼ਿਆਦਾ ਦੁਰਉਪਯੋਗ ਕਰਦੇ ਹਾਂ। ਇਸ ਰੋਗ ਦਾ ਜ਼ਿਆਦਾ ਸ਼ਿਕਾਰ ਔਰਤਾਂ ਹੁੰਦੀਆਂ ਹਨ ਵਿਸ਼ੇਸ਼ ਕਰਕੇ ਘਰੇਲੂ ਔਰਤਾਂ ਜੋ ਕਿਸੇ ਵੀ ਤਰ੍ਹਾਂ ਦੀ ਕਸਰਤ ਨਹੀਂ ਕਰਦੀਆਂ। ਅਕਸਰ ਕਈ ਘੰਟੇ ਬਿਸਤਰ 'ਤੇ ਪਏ ਰਹਿਣਾ ਜਾਂ ਬੈਠਣਾ-ਉਠਣਾ ਵੀ ਕਮਰ ਦਰਦ ਦਾ ਕਾਰਨ ਬਣਦਾ ਹੈ।

ਪਿੱਠ ਦਰਦ ਦੇ ਕਾਰਨਾਂ ਦਾ ਪਤਾ ਲਗਾਉਣ ਦੇ ਲਈ ਸਾਨੂੰ ਪਿੱਠ ਦੀ ਰਚਨਾ ਬਾਰੇ ਜਾਣਨਾ ਹੋਵੇਗਾ। ਰੀੜ੍ਹ ਦੀ ਹੱਡੀ ਤੇਤੀ ਮਣਕਿਆਂ ਨੂੰ ਇੱਕ ਦੇ ਉੱਪਰ ਇੱਕ ਰੱਖ ਕੇ ਬਣੀ ਹੈ। ਹਰੇਕ ਹੱਡੀ ਵਿੱਚ ਇੱਕ ਡਿਸਕ ਹੁੰਦੀ ਹੈ। ਸਰੀਰ ਦੇ ਉੱਪਰਲੇ ਹਿੱਸੇ ਦਾ ਸਾਰਾ ਵਜ਼ਨ ਰੀੜ ਦੀ ਹੱਡੀ ਨੂੰ ਹੀ ਝੱਲਣਾ ਪੈਂਦਾ ਹੈ, ਜਿਸ ਕਾਰਨ ਕਮਰ ਦਰਦ ਦੀ ਪ੍ਰੇਸ਼ਾਨੀ ਹੋ ਜਾਂਦੀ ਹੈ।



ਤੁਸੀਂ ਕਿੰਨੇ ਵੀ ਮਜ਼ਬੂਤ ਕਿਉਂ ਨਾ ਹੋਵੋ, ਜੇ ਤੁਸੀਂ ਜਰੂਰਤ ਤੋਂ ਜ਼ਿਆਦਾ ਮਿਹਨਤ ਕਰੋਗੇ ਤਾਂ ਤੁਹਾਡੀ ਕਮਰ ਇਸ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦੀ। ਥੱਕੇ ਹੋਣ 'ਤੇ ਲਗਾਤਾਰ ਕੰਮ ਕਰਦੇ ਰਹਿਣਾ ਵੀ ਦਰਦ ਦਾ ਇੱਕ ਕਾਰਨ ਬਣ ਸਕਦਾ ਹੈ। ਉਮਰ ਵਧਣ ਦੇ ਨਾਲ-ਨਾਲ ਸਰੀਰ ਵੀ ਕਮਜ਼ੋਰ ਹੋਣ ਲੱਗਦਾ ਹੈ ਅਤੇ ਰੀੜ੍ਹ ਦੀ ਹੱਡੀ ਨੂੰ ਹੋਣ ਵਾਲਾ ਨੁਕਸਾਨ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਜਵਾਨੀ ਵਿੱਚ ਰੀੜ੍ਹ 'ਤੇ ਕਿੰਨਾ ਦਬਾਅ ਪਿਆ ਹੈ।

ਆਮ ਤੌਰ 'ਤੇ ਚਾਲ੍ਹੀ ਸਾਲਾਂ ਦੀ ਉਮਰ ਤੋਂ ਬਾਅਦ ਰੀੜ੍ਹ ਦੀਆਂ ਹੱਡੀਆਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ। ਹੱਡੀਆਂ ਵਿੱਚ ਕੈਲਸੀਅਮ ਅਤੇ ਹੋਰ ਖਣਿਜ ਪਦਾਰਥਾਂ ਦੀ ਘਾਟ ਨਾਲ ਮਾਸਪੇਸ਼ੀਆਂ/ਪੱਠੇ ਕਮਜ਼ੋਰ ਹੋ ਜਾਂਦੇ ਹਨ। ਰੀੜ੍ਹ ਦੀ ਹੱਡੀ ਦੀ ਸੱਟ, ਦਬਾਅ ਅਤੇ ਕਿਸੇ ਵੀ ਢੰਗ ਦੇ ਨੁਕਸਾਨ ਕਾਰਨ ਸਖ਼ਤ ਹੋ ਜਾਂਦੀ ਹੈ ਤਾਂ ਉਸ ਵਿੱਚ ਤਕਲੀਫ਼ ਹੁੰਦੀ ਹੈ। ਜੋ ਲੋਕ ਸਲਿਪ ਡਿਸਕ (ਕੋਈ ਭਾਰੀ ਚੀਜ਼ ਉਠਾਉਣ ਨਾਲ, ਖੇਡ ਦੇ ਦੌਰਾਨ ਸਰੀਰ ਦੇ ਗ਼ਲਤ ਢੰਗ ਨਾਲ ਖਿੱਚਣ ਜਾਂ ਕਿਸੇ ਵੀ ਤਰ੍ਹਾਂ ਦੇ ਅਚਾਨਕ ਦਬਾਅ ਕਾਰਨ ਹੁੰਦੀ ਹੈ) ਦੇ ਸ਼ਿਕਾਰ ਹੁੰਦੇ ਹਨ ਉਨ੍ਹਾਂ ਨੂੰ ਕਮਰ ਦਰਦ ਹੋਣਾ ਆਮ ਗੱਲ ਹੈ। ਇਸ ਤੋਂ ਇਲਾਵਾ ਪੌਸ਼ਟਿਕ ਤੱਤਾਂ ਦੀ ਘਾਟ, ਲੰਮੀ ਬਿਮਾਰੀ ਆਦਿ ਕੁੱਝ ਕਾਰਨਾਂ ਕਰਕੇ ਵੀ ਪਿੱਠ ਦਰਦ ਹੁੰਦਾ ਹੈ।

ਜ਼ਿਆਦਾ ਭੱਜ-ਨੱਠ ਤੇ ਮਿਹਨਤ ਕਰਨ ਵਾਲੇ ਲੋਕ ਕੰਮ ਦੇ ਨਾਲ ਨਾਲ ਅਰਾਮ ਨਹੀਂ ਕਰਦੇ ਉਹ ਵੀ ਕਮਰ ਦਰਦ ਦੇ ਰੋਗੀ ਹੋ ਜਾਂਦੇ ਹਨ। ਜ਼ਿਆਦਾ ਮੋਟੇ ਵਿਅਕਤੀ ਵੀ ਕਮਰ ਦੇ ਦਰਦ ਤੋਂ ਪ੍ਰੇਸ਼ਾਨ ਰਹਿੰਦੇ ਹਨ। ਅਜਿਹੇ ਲੋਕ ਹਮੇਸ਼ਾ ਨਰਮ ਬਿਸਤਰ 'ਤੇ ਪੈਂਦੇ ਹਨ, ਕਮਰ ਦਰਦ ਦੀ ਜਕੜ ਵਿੱਚ ਆ ਜਾਂਦੇ ਹਨ, ਕਿਉਂਕਿ ਨਰਮ ਬਿਸਤਰ 'ਤੇ ਪੈਣ ਕਾਰਨ ਮਾਸਪੇਸ਼ੀਆਂ ਆਰਾਮ ਕਰਨ ਲੱਗ ਜਾਂਦੀਆਂ ਹਨ ਅਤੇ ਹੱਡੀਆਂ ਨੂੰ ਸਹਾਰਾ ਨਾ ਮਿਲਣ ਕਾਰਨ ਪਿੱਠ ਪਿੱਛੇ ਦਰਦ ਹੋਣ ਲੱਗਦਾ ਹੈ।

ਉੱਚੀ ਅੱਡੀ ਦੇ ਸੈਂਡਲ ਜਾਂ ਜੁੱਤੇ ਵੀ ਪਿੱਠ ਦਰਦ ਦਾ ਇੱਕ ਕਾਰਨ ਹੋ ਸਕਦੇ ਹਨ। ਉੱਚੀ ਅੱਡੀ ਕਾਰਨ ਜ਼ਿਆਦਾ ਤੇਜ਼ ਤੁਰਨ 'ਤੇ ਸਤੁੰਲਨ ਵਿਗੜਨ ਨਾਲ ਪੈਰ੍ਹ ਮੁੜ ਜਾਂਦਾ ਹੈ ਤੇ ਇਸਦਾ ਸਿੱਧਾ ਅਸਰ ਰੀੜ੍ਹ ਦੀ ਹੱਡੀ 'ਤੇ ਪੈਂਦਾ ਹੈ ਅਤੇ ਕਮਰ ਦਰਦ ਸ਼ੁਰੂ ਹੋ ਜਾਂਦਾ ਹੈ। ਖੁਰਾਕ ਦੇ ਨਿਯਮਾਂ ਦੇ ਉਲਟ ਭੋਜਨ ਕਰਨ ਵਾਲੇ ਨੂੰ ਵੀ ਅਕਸਰ ਕਮਰ ਦਰਦ ਦੀ ਸ਼ਿਕਾਇਤ ਰਹਿੰਦੀ ਹੈ। ਆਪਣੇ ਉੱਠਣ, ਬੈਠਣ, ਲੇਟਣ ਅਤੇ ਤੁਰਨ ਆਦਿ ਦੇ ਗਲਤ ਢੰਗਾਂ ਵਿੱਚ ਸੁਧਾਰ ਲਿਆ ਕੇ ਅਸੀਂ ਕਮਰ ਦਰਦ ਦੀ ਰੋਕਥਾਮ ਕਰ ਸਕਦੇ ਹਾਂ। ਉੱਚੀ ਅੱਡੀ ਦੀਆਂ ਚੱਪਲਾਂ ਅਤੇ ਸੈਂਡਲ ਜ਼ਿਆਦਾ ਸਮੇਂ ਤੱਕ ਨਾ ਪਾਓ। ਇਸ ਨਾਲ ਮਾਸਪੇਸ਼ੀਆਂ 'ਤੇ ਜਰੂਰਤ ਤੋਂ ਜ਼ਿਆਦਾ ਬੋਝ ਪੈਂਦਾ ਹੈ। ਗਲਤ ਤਰੀਕੇ ਨਾਲ ਬੈਠਣਾ ਸਾਡੀ ਕਮਰ ਲਈ ਸਭ ਤੋਂ ਵੱਧ ਘਾਤਕ ਹੈ। ਹਮੇਸ਼ਾ ਅਰਾਮਦੇਹ ਸਥਿਤੀ ਵਿੱਚ ਬੈਠਣਾ ਚਾਹੀਦਾ ਹੈ। ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਬੈਠਣ ਵੇਲੇ ਕਮਰ 'ਤੇ ਕੋਈ ਦਬਾਅ ਨਾ ਹੋਵੇ। ਹਮੇਸ਼ਾ ਕੁਰਸੀ ਦੀ ਪਿੱਠ ਨਾਲ ਲੱਗ ਕੇ ਹੀ ਬੈਠਣਾ ਚਾਹੀਦਾ ਹੈ। ਕੁੱਝ ਵੀ ਲਿਖਦੇ-ਪੜ੍ਹਦੇ ਸਮੇਂ ਗਰਦਨ ਅਤੇ ਸਿਰ ਅੱਗੇ ਨੂੰ ਝੁਕੇ ਹੋਣੇ ਚਾਹੀਦੇ ਹਨ। ਕੁਰਸੀ ਵਿੱਚ ਸਰੀਰ ਨੂੰ ਤੋੜ-ਮਰੋੜ ਕੇ ਨਹੀਂ ਬੈਠਣਾ ਚਾਹੀਦਾ।

ਜ਼ਮੀਨ 'ਤੇ ਪਈ ਕੋਈ ਵੀ ਚੀਜ਼ ਆਪਣੀ ਕਮਰ ਨੂੰ ਨਾ ਝੁਕਾ ਕੇ ਹਮੇਸ਼ਾ ਗੋਡਿਆਂ ਨੂੰ ਮੋੜ ਕੇ ਹੀ ਉਠਾਉਣੀ ਚਾਹੀਦੀ ਹੈ। ਉਚਾਈ 'ਤੇ ਰੱਖੀ ਕਿਸੇ ਚੀਜ਼ ਨੂੰ ਉਤਾਰਨ ਲਈ ਸਟੂਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਹਮੇਸ਼ਾ ਸਿੱਧੇ ਬੈਠ ਕੇ ਹੀ ਭੋਜਨ ਕਰਨਾ ਚਾਹੀਦਾ ਹੈ ਨਾ ਕਿ ਕਮਰ ਨੂੰ ਅੱਗੇ ਝੁਕਾ ਕੇ। ਜੇ ਲਗਾਤਾਰ ਖੜੇ ਰਹਿਣਾ ਹੋਵੇ ਤਾਂ ਹਮੇਸ਼ਾ ਪੈਰ੍ਹ ਦੀ ਸਥਿਤੀ ਬਦਲ ਕੇ ਹੀ ਖੜੇ ਰਹਿਣਾ ਚਾਹੀਦਾ ਹੈ। ਹਮੇਸ਼ਾ ਅਰਾਮਦੇਹ ਜੁੱਤੇ, ਚੱਪਲ ਅਤੇ ਸੈਂਡਲ ਪਹਿਨਣੇ ਚਾਹੀਦੇ ਹਨ। ਰਾਤ ਨੂੰ ਗੂੜੀ ਨੀਂਦ ਵਿੱਚ ਸੌਣਾ ਚਾਹੀਦਾ ਹੈ, ਗੂੜੀ ਨੀਂਦ ਵਿੱਚ ਸੌਣ ਨਾਲ ਮਾਸਪੇਸ਼ੀਆਂ ਨੂੰ ਅਰਾਮ ਅਤੇ ਤਾਕਤ ਮਿਲਦੀ ਹੈ ਤੇ ਖ਼ੂਨ 'ਚ ਹਾਰਮੋਨਜ਼ ਦੀ ਮਾਤਰਾ ਵਿੱਚ ਵਾਧਾ ਹੁੰਦਾ ਹੈ। ਰਾਤ ਨੂੰ ਸੌਣ ਵੇਲੇ ਥੋੜੇ-ਥੋੜੇ ਸਮੇਂ ਬਾਅਦ ਪਾਸਾ ਬਦਲਦੇ ਰਹਿਣਾ ਚਾਹੀਦਾ ਹੈ।

## ਕਮਰ ਦਰਦ ਤੋਂ ਬਚਣ ਲਈ ਰੋਜ਼ਾਨਾ ਕਰੋ ਯੋਗ

ਕਮਰ ਦੇ ਹੇਠਾਂ ਮਾਸਪੇਸ਼ੀਆਂ ਵਿੱਚ ਤਾਕਤ ਲਿਆਉਣ ਵਾਲੀਆਂ ਕੁੱਝ ਯੋਗ ਦੀਆਂ ਕਸਰਤਾਂ ਨੂੰ ਆਪਣੇ ਨਿੱਤਨੇਮ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ। ਇਸ ਨਾਲ ਮਾਸਪੇਸ਼ੀਆਂ ਵਿੱਚ ਲਚਕੀਲਾਪਣ ਬਣਿਆ ਰਹਿੰਦਾ ਹੈ। ਕਮਰ ਮਜ਼ਬੂਤ ਹੁੰਦੀ ਹੈ, ਜਿਸ ਨਾਲ ਕਮਰ ਦਰਦ ਸਾਨੂੰ ਅਸਾਨੀ ਨਾਲ ਆਪਣੀ ਪਕੜ ਵਿੱਚ ਨਹੀਂ ਲੈ ਸਕਦਾ। ਯੋਗ ਦੀ ਕਸਰਤ ਵਿੱਚ :- ਸਿੱਧੇ ਖੜੇ ਹੋ ਕੇ ਦੋਨੋਂ ਹੱਥਾਂ ਨੂੰ ਸਿੱਧੇ ਉੱਪਰ ਨੂੰ ਚੁੱਕੋ। ਸਾਹ ਲਓ ਅਤੇ ਖੱਬੇ ਪਾਸੇ ਝੁਕੋ। ਕੁੱਝ ਸਕਿੰਟ ਸਾਹ ਰੋਕ ਕੇ ਇਹੀ ਦਸ਼ਾ ਵਿੱਚ ਰਹੋ, ਫਿਰ ਹੌਲੀ-ਹੌਲੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਵੋ ਅਤੇ ਸਾਹ ਛੱਡੋ। ਇਸ ਤਰ੍ਹਾਂ ਸਾਹ ਖਿੱਚਦੇ ਹੋਏ ਸੱਜੇ ਪਾਸੇ ਵੀ ਇਹੀ ਕਿਰਿਆ ਦੁਹਰਾਓ। ਸ਼ੁਰੂ ਵਿੱਚ ਘੱਟ ਤੋਂ ਘੱਟ 5-5 ਵਾਰ ਇਸ ਕਿਰਿਆ ਨੂੰ ਦੁਹਰਾਓ, ਫਿਰ ਇਸਦਾ ਅਭਿਆਸ ਵਧਾਉਂਦੇ ਜਾਓ।

ਹਰ ਰੋਜ਼ ਪੰਜਿਆਂ ਨੂੰ ਉੱਪਰ ਉਠਾਉਂਦੇ ਹੋਏ ਲੰਮਾ ਸਾਹ ਲਓ ਫਿਰ ਹੇਠਾਂ ਲਿਆਉਂਦੇ ਹੋਏ ਸਾਹ ਛੱਡੋ। ਇਸ ਤਰ੍ਹਾਂ 15-20 ਵਾਰ ਕਰੋ। ਫਰਸ 'ਤੇ ਬੈਠ ਕੇ ਪੈਰ੍ਹ ਅੱਗੇ ਵੱਲ ਸਿੱਧੇ ਫੈਲਾਓ ਅਤੇ ਦੋਨੋਂ ਹੱਥ ਗਰਦਨ ਦੇ ਪਿੱਛੇ ਰੱਖੋ ਅਤੇ ਹੌਲੀ-ਹੌਲੀ ਗੋਡਿਆਂ 'ਤੇ ਸਿਰ ਟਿਕਾਓ। ਕੋਸ਼ਿਸ਼ ਕਰਦੇ ਰਹੋ। ਕੁੱਝ ਦਿਨਾਂ ਬਾਅਦ ਕਮਰ ਦਰਦ ਤੋਂ ਬਹੁਤ ਆਰਾਮ ਮਿਲੇਗਾ। ਜਦੋਂ ਇੱਕ ਵਾਰ ਕਸਰਤ ਸ਼ੁਰੂ ਕਰੋ ਤਾਂ ਨਿਯਮ ਵਿਚਾਲੇ ਨਾ ਛੱਡੋ।

ਕੁੱਝ ਦੂਸਰੀਆਂ ਬਿਮਾਰੀਆਂ ਜਿਵੇਂ ਗੁਰਦੇ ਦੀ ਬਿਮਾਰੀ, ਟੀ ਵੀ ਦੀ ਬਿਮਾਰੀ ਆਦਿ ਵਿੱਚ ਕਮਰ ਦਰਦ ਦੀ ਸ਼ਿਕਾਇਤ ਰਹਿੰਦੀ ਹੈ, ਜਿਸਨੂੰ ਕਸਰਤ ਆਦਿ ਨਾਲ ਠੀਕ ਨਹੀਂ ਕੀਤਾ ਜਾ ਸਕਦਾ। ਇਸ ਮਾਮਲੇ ਵਿੱਚ ਆਪਣੇ ਡਾਕਟਰ ਦੀ ਸਲਾਹ ਜਰੂਰ ਲੈਣੀ ਚਾਹੀਦੀ ਹੈ, ਕੁੱਝ ਸਮੇਂ ਬਾਅਦ ਫਿਜਿਓਥਰੈਪੀ ਨਾਲ ਇਸ ਰੋਗ ਤੋਂ ਛੁਟਕਾਰਾ ਮਿਲ ਸਕਦਾ ਹੈ।






# ਕਨੇਡਾ ਵਿੱਚ ਫਲੂ ਦਾ ਜ਼ੋਰ



ਓਨਟਾਰੀਓ (ਨਦਬ) : ਕਨੇਡਾ ਵਿੱਚ ਇਸ ਸਮੇਂ ਫਲੂ ਤੇਜ਼ੀ ਨਾਲ ਫੈਲ ਰਿਹਾ ਹੈ। ਓਨਟਾਰੀਓ ਦੇ ਦੋ ਇਲਾਕਿਆਂ ਵਿੱਚ ਫਲੂ ਦੇ ਕਈ ਕੇਸ ਸਾਹਮਣੇ ਆਏ ਹਨ ਤੇ ਸੱਤ ਹੋਰਨਾਂ ਸੂਬਿਆਂ ਵਿੱਚ ਵੀ ਫਲੂ ਦੇ ਮਾਮਲਿਆਂ ਵਿੱਚ ਇਜਾਫਾ ਹੋਇਆ ਹੈ। ਓਨਟਾਰੀਓ ਦੇ ਸਿਹਤ ਮੰਤਰਾਲੇ ਤੇ ਲਾਂਗ ਟਰਮ ਕੇਅਰ ਵੱਲੋਂ ਇੱਕ ਪ੍ਰੈਸ ਰਲੀਜ਼ ਵਿੱਚ ਆਖਿਆ ਗਿਆ ਹੈ ਕਿ ਸਿਹਤ ਅਧਿਕਾਰੀਆਂ ਕੋਲੋਂ ਥਾਂ ਥਾਂ ਤੋਂ ਮਿਲ ਰਹੀਆਂ ਰਿਪੋਰਟਾਂ ਤੋਂ ਸਾਹਮਣੇ ਆਇਆ ਹੈ ਕਿ ਡਾਕਟਰਾਂ ਤੇ ਐਮਰਜੰਸੀ ਰੂਮਜ਼ ਵਿੱਚ ਆਉਣ ਵਾਲੇ ਬਹੁਗਿਣਤੀ ਮਰੀਜ਼ਾਂ ਵਿੱਚ ਇਨਫਲੂਐਂਜ਼ਾ ਵਰਗੇ ਲੱਛਣ ਪਾਏ ਜਾ ਰਹੇ ਹਨ। ਇਸ ਤੋਂ ਇਲਾਵਾ ਲੈਬ ਜਾਂਚ ਤੋਂ ਬਾਅਦ ਇਨਫਲੂਐਂਜ਼ਾ ਦੇ ਮਾਮਲਿਆਂ ਵਿੱਚ ਵਾਧੇ ਦੀ ਪੁਸ਼ਟੀ ਵੀ ਕੀਤੀ ਗਈ ਹੈ। ਖਾਸ ਤੌਰ ਉੱਤੇ ਦੱਖਣ ਪੱਛਮੀ ਤੇ ਪੂਰਬੀ ਓਨਟਾਰੀਓ ਵਿੱਚ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਵਾਧਾ ਹੋਇਆ ਹੈ। ਨਿਊਫਾਊਂਡਲੈਂਡ ਐਂਡ ਲੈਬਰਾਡੋਰ ਵਿੱਚ ਵੀ ਇਨਫਲੂਐਂਜ਼ਾ ਵਾਇਰਸ ਤੇਜ਼ੀ ਨਾਲ ਫੈਲ ਰਿਹਾ ਹੈ। ਇੱਥੋਂ ਦੇ ਚੀਫ ਮੈਡੀਕਲ ਅਧਿਕਾਰੀ ਡਾ.ਫੇਥ ਸਟਰੈਟਨ ਨੇ ਦੱਸਿਆ ਕਿ ਇਸ ਸਾਲ ਦੇ ਟੀਕਾਕਰਣ ਨਾਲ ਵਾਇਰਸ ਦੀਆਂ ਦੋ ਤਰ੍ਹਾਂ ਦੀਆਂ ਕਿਸਮਾਂ ਖਿਲਾਫ ਹਿਫਾਜ਼ਤ ਹੋ ਸਕੇਗੀ। ਪਿਛਲੇ ਹਫਤੇ ਪਬਲਿਕ ਹੈਲਥ ਏਜੰਸੀ ਆਫ ਕਨੇਡਾ (ਪੀਐਚਏਸੀ) ਨੇ ਆਖਿਆ ਕਿ ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਸਸਕੈਚਵਨ, ਕਿਊਬਿਕ, ਪ੍ਰਿੰਸ ਐਡਵਰਡ ਆਈਲੈਂਡ, ਨੋਵਾ ਸਕੋਸ਼ੀਆ ਤੇ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਵਿੱਚ ਦਸੰਬਰ ਦੇ ਪਹਿਲੇ ਹਫਤੇ ਵਿੱਚ ਫਲੂ ਦੇ ਕਈ ਮਾਮਲੇ ਸਾਹਮਣੇ ਆਏ ਹਨ। ਏਜੰਸੀ ਨੇ ਆਪਣੀ ਹਫਤਾਵਾਰੀ ਰਿਪੋਰਟ ਵਿੱਚ ਆਖਿਆ ਹੈ ਕਿ ਕੈਨੇਡਾ ਵਿੱਚ ਇਨਫਲੂਐਂਜ਼ਾ ਦੇ ਹੋਰ ਮਾਮਲੇ ਸਾਹਮਣੇ ਆਉਂਦੇ ਰਹਿਣਗੇ। ਡਾਕਟਰਾਂ ਵੱਲੋਂ ਫਲੂ ਤੋਂ ਬਚਣ ਲਈ ਇਸ ਦੀ ਰੋਕਥਾਮ ਲਈ ਲਾਇਆ ਜਾਣ ਵਾਲਾ ਟੀਕਾ ਲਵਾਉਣ ਤੇ ਹੱਥਾਂ ਨੂੰ ਦਿਨ ਵਿੱਚ ਵੱਧ ਤੋਂ ਵੱਧ ਵਾਰੀ ਧੋਣ ਦੀ ਸਲਾਹ ਦਿੱਤੀ ਗਈ ਹੈ।

# ਗੁੰਡਾਗਰਦੀ ਦਾ ਨੰਗਾ ਨਾਚ

**ਦਿੱਲੀ ਬਲਾਤਕਾਰ** ਦੀ ਘਟਨਾ ਨੇ ਪੂਰੀ ਦੁਨੀਆਂ ਨੂਮ ਝੰਜੋੜ ਕੇ ਰੱਖ ਦਿੱਤਾ ਹੈ। ਚਾਰ-ਚੁਫੇਰੇ ਅਫਰਾ-ਤਫਰੀ ਦਾ ਮਾਹੌਲ ਹੈ। ਇਕ ਦੌੜ ਲੱਗੀ ਹੋਈ ਹੈ। ਚੂਹਾ ਦੌੜ। ਪੈਸੇ ਲਈ। ਪਦਵੀਂ ਲਈ। ਪੈਸਾ ਪਦਵੀ ਹਾਸਲ ਕਰਨ ਲਈ। ਪਦਵੀ ਪੈਸੇ ਇਕੱਤਰ ਕਰਨ ਲਈ। ਸਿੱਟੇ ਵਜੋਂ ਅਨੇਕਾਂ ਤਰ੍ਹਾਂ ਦੇ 'ਮਾਫੀਏ' ਪੈਦਾ ਹੋ ਗਏ ਹਨ। ਭੂ-ਮਾਫੀਆ! ਰੇਤ-ਮਾਫੀਆ! ਖਣਿਜ-ਮਾਫੀਆ! ਨਸ਼ਾ-ਮਾਫੀਆ! ਰੇਪ-ਮਾਫੀਆ! ਬੱਚਾ-ਚੋਰ ਮਾਫੀਆ! ਵੋਟ-ਮਾਫੀਆ! ਸੱਭਿਆਚਾਰ ਲੱਚਰ ਮਾਫੀਆ! ਖੇਡ-ਮਾਫੀਆ ਆਦਿ-ਆਦਿ। ਅਤੇ ਮਾਫੀਏ ਦੀਆਂ ਇਹਨਾਂ ਸਾਰੀਆਂ ਵੰਨਗੀਆਂ ਨੂੰ ਕਿਤੋਂ ਨਾ ਕਿਤੋਂ ਸਿਆਸੀ ਛੱਤਰੀ ਮਿਲੀ ਹੋਈ ਹੈ।

ਸਮੁੱਚੇ ਦੇਸ਼ ਵਿਚ ਹੀ ਅਸੁਰੱਖਿਆ ਦੀ ਭਾਵਨਾ ਹੈ। ਤਕੜੇ ਦਾ ''ਸੱਤੀਂ ਵੀਹੀਂ ਹੀ ਸੌ ਨਹੀਂ'' ਸਗੋਂ ਉਸਦੀ ਮਰਜ਼ੀ 'ਤੇ ਹੈ ਕਿ ਉਸਨੇ ਕਿੰਨੀਆਂ ਵੀਹਾਂ ਦਾ ਮੰਨਵਾਉਣਾ ਹੈ। ਚਾਹੇ ਉਹ ਸੌ ਵੀਹਾਂ ਦਾ ਸੌ ਆਖੇ, ਮਾੜੇ ਨੂੰ ਮੰਨਣਾ ਹੀ ਪਵੇਗਾ। ਯੂ.ਪੀ., ਬਿਹਾਰ, ਹਰਿਆਣਾ, ਰਾਜਸਥਾਨ, ਮਹਾਂਰਾਸ਼ਟਰ, ਉੜੀਸਾ, ਕਰਨਾਟਕ, ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਕਿਸੇ ਵੀ ਰਾਜ ਦਾ ਨਾਂਅ ਲੈ ਲਵੋ, ਇਸ ਤਰ੍ਹਾਂ ਦੇ ਖੂੰਖਾਰ ਮਾਫੀਏ ਆਮ ਹੀ ਮਿਲ ਜਾਣਗੇ ਅਤੇ ਅੱਤ ਮੰਦੀਆਂ ਘਟਨਾਵਾਂ ਥਾਂ-ਥਾਂ ਰੋਜ਼ ਹੀ ਵਾਪਰ ਰਹੀਆਂ ਹਨ। ਹੁਣ ਪੰਜਾਬ ਵੀ ਇਹਨਾਂ ਮੋਹਰੀ ਰਾਜਾਂ ਵਿਚੋਂ ਹੈ।

ਗੁਰਬਤ ਮਾਰੇ ਲੋਕ ਬੇਵਸ ਹਨ। ਉਹ ਵੋਟਾਂ ਪਾਉਂਦੇ ਹਨ। ਕੁਰਸੀ ਦੀ ਤਬਦੀਲੀ ਕਰਕੇ ਆਪਣਾ ਗੁੱਸਾ ਕੱਢਦੇ ਹਨ। ਪਰ ਕੋਈ ਫਰਕ ਨਹੀਂ ਪੈਂਦਾ। ਮੁੜ ਸਾਰਾ ਮਾਹੌਲ ਉਵੇਂ ਹੀ ਹੋ ਜਾਂਦਾ ਹੈ। ਲੋਕ ਕੋਈ ਰਾਹ ਢੂੰਡਦੇ ਹਨ। ਰਾਹ ਨਹੀਂ ਲੱਭਦਾ। ਸਮੁੱਚੇ ਭਾਰਤ ਦਾ ਇਹ ਵਰਤਾਰਾ ਵਧੇ ਹੋਏ ਸਾਮਰਾਜੀ ਦਖ਼ਲ ਨਾਲ ਨਿਰੰਤਰ ਵੱਧ ਰਿਹਾ ਹੈ। ਸਾਡੀਆਂ ਕੁਦਰਤੀ ਦਾਤਾਂ, ਸਾਡੀ ਸੁਰੱਖਿਆ, ਸਾਡੀ ਆਰਥਕਤਾ, ਸਾਡੀ ਸਿੱਖਿਆ, ਸਾਡੀ ਸਿਹਤ, ਸਾਡਾ ਪਾਣੀ, ਸਾਡੀ ਬਿਜਲੀ, ਸਾਡਾ ਰੁਜ਼ਗਾਰ, ਸਾਡੀ ਭਾਸ਼ਾ, ਸਾਡਾ ਸਭਿਆਚਾਰ, ਸਾਡਾ ਵਿਰਸਾ, ਸਾਡਾ ਸਮੂਹਕ ਸੌਦੇਬਾਜ਼ੀ ਦਾ ਅਧਿਕਾਰ, ਸਾਡਾ ਲੜਨ ਦਾ, ਹੜਤਾਲ ਕਰਨ ਦਾ ਅਧਿਕਾਰ, ਸਾਰਾ ਕੁਝ ਹੀ ਸਾਥੋਂ ਸ਼ਰੇਆਮ ਖੋਹਿਆ ਜਾ ਰਿਹਾ ਹੈ। ਲੁਟੇਰਿਆਂ-ਡਾਕੂਆਂ ਅਤੇ ਹਰ ਤਰ੍ਹਾਂ ਦੇ ਸਮਾਜ ਵਿਰੋਧੀ ਅਨਸਰਾਂ ਨੂੰ ਮੁਕੰਮਲ ਸਿਆਸੀ ਸ਼ਹਿ ਪ੍ਰਾਪਤ ਹੋ ਰਹੀ ਹੈ। ਪੁਲਸ ਇਹਨਾਂ ਸਮਾਜ ਵਿਰੋਧੀ ਅਨਸਰਾਂ ਦਾ ਪਾਣੀ ਭਰਦੀ ਹੈ ਜਦੋਂਕਿ ਸਾਧਨ ਵਿਹੂਣੇ ਜਨਸਮੂਹਾਂ 'ਤੇ ਨਿੱਤ ਅੱਤਿਆਚਾਰ ਕਰਦੀ ਹੈ। ਵੋਟਾਂ ਵਿਚ ਇਹੀ ਅਨਸਰ ਵੱਖ-ਵੱਖ ਧਿਰਾਂ ਦੀ ਮਦਦ ਕਰਦੇ ਹਨ, ਪੈਸੇ ਨਾਲ, ਧੱਕੇ ਨਾਲ ਅਤੇ ਹੇਰਾਫੇਰੀਆਂ ਨਾਲ ਵੀ। ਸਾਰੇ ਦੇਸ਼ ਵਿਚ ਹੀ ਇਕ ਤਰ੍ਹਾਂ ਨਾਲ ਗੁੰਡਾਗਰਦੀ ਦਾ ਰਾਜ ਹੈ, ਜਿਸ ਦੀ ਪੁਸ਼ਤਪਨਾਹੀ ਸਿਆਸੀ ਲੋਕ ਕਰਦੇ ਹਨ, ਖਾਸ ਕਰਕੇ ਹਾਕਮ ਸਿਆਸੀ ਧਿਰਾਂ। ਪੰਜਾਬ ਵਿਚ ਵੀ ਇਹ ਬੁਰਛਾ-ਗਰਦੀ ਲਗਾਤਾਰ ਵੱਧ ਰਹੀ ਹੈ। ਇਹ ਰੁਝਾਨ ਪਿਛਲੇ 10 ਕੁ ਸਾਲ ਤੋਂ ਨਿਰੰਤਰ ਵਧੇ ਵਿਚ ਹੈ। ਲੋਕ ਡਰੇ-ਡਰੇ ਫਿਰ ਰਹੇ ਹਨ। ਬਿਲਕੁਲ ਅਸੁਰੱਖਿਅਤ। ਬੱਚੇ ਘਰੋਂ ਸਕੂਲ ਜਾਂਦੇ ਹਨ ਸਹੀ ਸਲਾਮਤ ਘਰ ਪੁੱਜਣ ਤੱਕ ਮਾਪਿਆਂ ਨੂੰ ਚੈਨ ਨਹੀਂ। ਧੀ ਘਰੋਂ ਸਕੂਲ ਗਈ ਹੈ ਪਤਾ ਨਹੀਂ ਘਰ ਪਰਤੇ ਕਿ ਨਾ, ਔਰਤ ਘਰੋਂ ਬਾਹਰ ਗਈ ਹੈ, ਉਸ ਨਾਲ ਕਿੱਥੇ ਕੀ ਹੋ ਜਾਵੇ, ਕੁੱਝ ਵੀ ਪਤਾ ਨਹੀਂ। ਤੁਹਾਡਾ ਪਲਾਟ, ਤੁਹਾਡੀ ਜ਼ਮੀਨ ਜਾਇਦਾਦ ਕਿਸੇ ਨੇ ਮੱਲ ਲੈਣੀ ਹੈ, ਤੌਖਲਾ ਹੈ। ਤੁਹਾਡਾ ਨੌਜਵਾਨ ਪੁੱਤਰ ਕਿੱਥੇ ਨਸ਼ਿਆਂ ਦੇ ਸੌਦਾਗਰਾਂ ਦੇ ਵਹੇ ਚੜ੍ਹ ਜਾਵੇ ਕੋਈ ਪਤਾ ਨਹੀਂ। ਨਸ਼ੇ ਦੇ ਸੌਦਾਗਰ ਗਲੀ-ਗਲੀ ਹੋਕਾ ਦੇਂਦੇ ਫਿਰਦੇ ਹਨ। ਤੁਸੀਂ ਘਰ 'ਚ ਮੌਜੂਦ ਵੀ ਹੋਵੋ ਫਿਰ ਵੀ ਤੁਹਾਡਾ ਘਰ ਦਿਨ ਦੀਵੀਂ ਲੁੱਟਿਆ ਜਾ ਸਕਦਾ ਹੈ। ਪੰਜਾਬ, ਜਿੱਥੇ ''ਮਹਾਰਾਜਾ ਰਣਜੀਤ ਸਿੰਘ'' ਅਤੇ ਰਾਮਰਾਜ ਵਰਗਾ ਸਾਂਝਾ ਰਾਜ ਦੱਸਿਆ ਜਾਂਦਾ ਹੈ, ਇੱਥੇ ਜੀਵਨ ਸੁਰੱਖਿਅਤ ਨਹੀਂ ਹੈ।

ਅੱਜ ਪੰਜਾਬ ਕਿਉਂ ਐਨਾ ਗਰਕ ਗਿਆ ਹੈ ਕਿ ਇਥੇ ਭਰੂਣ ਹੱਤਿਆ ਜ਼ੋਰਾਂ 'ਤੇ ਹੈ। ਨਸ਼ੇ ਸ਼ਰੇਆਮ ਵੇਚੇ ਜਾ ਰਹੇ ਹਨ। ਸਮਾਜਕ ਜਬਰ ਤੇ ਲੁੱਟਾਂ-ਖੋਹਾਂ ਦਾ ਬੋਲਬਾਲਾ ਹੈ, ਦਿਨ ਦਿਹਾੜੇ ਧੀਆਂ ਘਰਾਂ ਤੋਂ ਚੁੱਕੀਆਂ ਜਾਂਦੀਆਂ ਹਨ। ਔਰਤਾਂ ਦਾ ਆਜ਼ਾਦੀ ਨਾਲ ਬਾਹਰ ਘੁੰਮਣਾ ਖ਼ਤਰੇ ਤੋਂ ਖਾਲੀ ਨਹੀਂ ਹੈ। ਸਿਆਸੀ ਆਕਿਆਂ ਦੀ ਪ੍ਰਤੱਖ ਤੇ ਅਪ੍ਰਤੱਖ ਸ਼ਹਿ ਅਤੇ ਛੱਤਰੀ ਹੇਠ ਹਰ ਤਰ੍ਹਾਂ ਦਾ ਕੁਕਰਮ ਹੋ ਰਿਹਾ ਹੈ ਤੇ ਵੱਧ ਫੁੱਲ ਰਿਹਾ ਹੈ ਤੇ ਇਹਨਾਂ ਪਿੱਛੇ ਹਾਕਮ ਪਾਰਟੀ ਦਾ ਨੇਤਾ ਜਾਂ ਕਰਿੰਦਾ ਹੀ ਹੋਵੇਗਾ। ਕੀ ਮਜ਼ਾਲ ਹੈ ਕਿਸੇ ਥੜੇ-ਥਾਣੇਦਾਰ ਜਾਂ ਐਸ.ਐਸ.ਪੀ. ਦੀ ਵੀ ਕਿ ਆਕਾ ਦੇ ਹੁਕਮ ਵਿਚ ਕੋਈ ਰੋਕ ਟੋਕ ਪਾਵੇ।

ਸਾਰੇ ਦੇਸ਼ ਸਮੇਤ ਪੰਜਾਬ ਵਿਚ ਵੀ ਇਸ ਵੇਲੇ ਬੁਰਛਾਗਰਦੀ ਦਾ ਜੋ ਨੰਗਾ ਨਾਚ ਹੈ, ਉਹ ਸਭ ਦਾ ਸਭ ਰਾਜ ਕਰ ਰਹੀ ਪਾਰਟੀ ਦੇ ਕਰਿੰਦਿਆਂ ਤੇ ਨੇਤਾਵਾਂ ਦੀ ਛੱਤਰ ਛਾਇਆ ਹੇਠ ਹੋ ਰਿਹਾ ਹੈ। ਪੁਲਿਸ ਦਾ ਰੋਲ ਹਮੇਸ਼ਾਂ ਹੀ ਦਬਾਊ ਤੇ ਲੋਕ ਵਿਰੋਧੀ ਰਿਹਾ ਹੈ ਪਰ ਹੁਣ ਇਸ ਦਾ ਸਿਆਸੀਕਰਨ ਕੀਤੇ ਜਾਣ ਨਾਲ ਇਹ ਪੂਰੀ ਤਰ੍ਹਾਂ ਹਾਕਮ ਪਾਰਟੀਆਂ ਦੀ ਗੋਲੀ ਬਣ ਗਈ ਹੈ ਅਤੇ ਕੇਵਲ ਉਹਨਾਂ ਦੇ ਹੁਕਮਾਂ (ਹਰ ਤਰ੍ਹਾਂ ਦੇ ਹੁਕਮਾਂ) ਨੂੰ ਹੀ ਕਾਨੂੰਨ ਸਮਝਦੀ ਹੈ ਅਤੇ ਉਹਨਾਂ ਨੂੰ ਲਾਗੂ ਕਰਦੀ ਹੈ। ਇਸ ਕਾਰਨ ਸਥਿਤੀ ਵਿਚ ਭਾਰੀ ਗਿਰਾਵਟ ਆ ਗਈ ਹੈ।

## ਅੰਮ੍ਰਿਤਸਰ ਦੀ ਘਟਨਾ

ਅੰਮ੍ਰਿਤਸਰ ਸ਼ਹਿਰ ਨਾਲ ਲੱਗਦੇ ਕਸਬੇ ਛੇਹਰਟਾ ਵਿਖੇ 6 ਦਸੰਬਰ 2012 ਨੂੰ ਆਪਣੀ ਧੀ ਨੂੰ ਗੁੰਡਿਆਂ ਹੱਥੋਂ ਬਚਾਉਣ ਦੀ ਕੋਸ਼ਿਸ਼ ਵਿਚ ਪੰਜਾਬ ਪੁਲਸ ਦੇ ਇਕ ਵਰਦੀਧਾਰੀ ਇਨਸਪੈਕਟਰ ਰਵਿੰਦਰਪਾਲ ਸਿੰਘ ਨੂੰ ਜਾਨ ਗਵਾਉਣੀ ਪਈ ਅਤੇ ਇਹ ਘਟਨਾ ਪੰਜਾਬ ਦੇ ਇਕ ਵੱਡੇ ਸ਼ਹਿਰ ਵਿਚ ਦਿਨ ਦਿਹਾੜੇ ਵਾਪਰੀ। ਕਾਤਲ ਦਾ ਹੌਸਲਾ ਵੇਖੋ ਕਿ ਉਸ ਨੇ ਇਕ ਪੁਲਸ ਕਰਮਚਾਰੀ ਵਲੋਂ ਆਪਣੀ ਧੀ ਨੂੰ ਬਚਾਉਣ ਦੀ ਕੋਸ਼ਿਸ਼ ਕਰਨ 'ਤੇ ਉਸ ਉਪਰ ਪਹਿਲਾਂ ਪਿਸਤੌਲ ਨਾਲ ਗੋਲੀਆਂ ਦੀ ਬੁਛਾੜ ਕੀਤੀ ਤੇ ਜਦੋਂ ਫੇਰ ਵੀ ਉਹ ਬਚ ਗਿਆ ਤੇ ਕੇਵਲ ਜਖ਼ਮੀ ਹੀ ਹੋਇਆ, ਤਦ ਉਸਨੇ ਘਰੋਂ ਜਾ ਕੇ ਬੰਦੂਕ ਲਿਆਂਦੀ ਤੇ ਵਰਦੀਧਾਰੀ ਪੁਲਸ ਦੇ ਸਟਾਰ ਲੱਗੇ ਇਕ ਏ.ਐਸ.ਆਈ. ਨੂੰ ਐਨ ਥਾਣੇ ਦੇ ਕੋਲ ਤੇ ਹੋਰ ਪੁਲਸ ਬਾਡੀਗਾਰਡਾਂ ਦੀ ਹਾਜ਼ਰੀ ਵਿਚ ਛਿਪੇ ਹੋਏ ਨੂੰ ਬਾਹਰ ਖਿੱਚ ਕੇ ਲੰਮੇ ਪਾ ਕੇ ਉਸਦੀ ਹਿੱਕ 'ਚ ਗੋਲੀਆਂ ਦਾਗ਼ ਕੇ ਮਾਰ ਦਿੱਤਾ। ਉਸਦੀ ਧੀ ਏਸ ਕਰਕੇ ਬਚ ਗਈ ਕਿ ਬੰਦੂਕ ਵਿਚ ਗੋਲੀ ਫਸ ਗਈ ਸੀ। ਇਸ ਵਾਰਦਾਤ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ। ਕਾਤਲ, ਰਾਜ ਕਰ ਰਹੀ ਅਕਾਲੀ ਪਾਰਟੀ ਨਾਲ ਸਬੰਧਤ ਸੀ ਤੇ ਉਹ ਅੰਮ੍ਰਿਤਸਰ ਤੇ ਛੇਹਰਟਾ ਵਿਖੇ ਅਕਾਲੀ ਪਾਰਟੀ ਦੇ 'ਪ੍ਰਭਾਵ 'ਚ ਵਾਧਾ ਕਰਨ' ਲਈ ਕੰਮ ਕਰਦਾ ਆ ਰਿਹਾ ਦੱਸਿਆ ਜਾਂਦਾ ਹੈ।

ਅਜੇ ਪਿਛੇ ਜਿਹੇ ਹੀ ਫਰੀਦਕੋਟ ਵਿਖੇ ਪੰਜਾਬ ਦੀ ਇਕ ਨਾਬਾਲਗ ਧੀ ਨੂੰ ਉਸਦੇ ਮਾਪਿਆਂ ਦੇ ਘਰ ਤੋਂ ਗੁੰਡੇ, ਬੰਦੂਕ ਦੇ ਜ਼ੋਰ ਨਾਲ ਸਰ੍ਹੇਆਮ ਖੋਹ ਕੇ ਲੈ ਗਏ। ਵਿਚਾਰੀ ਸ਼ਰੁਤੀ ਨੇ ਬੜੇ ਤਰਲੇ ਲਏ, ਕਦੇ ਮਾਂ ਦੀਆਂ ਕਦੇ ਪਿਓ ਦੀਆਂ ਲੱਤਾਂ ਨੂੰ ਚਿੰਬੜੀ, ਬਚਾ ਲਓ ਦੇ ਤਰਲੇ ਮਾਰਦੀ ਰਹੀ, ਪਰ ਗੁੰਡੇ ਜ਼ਬਰੀ ਕਾਰ ਵਿਚ ਸੁੱਟ ਕੇ ਲੈ ਗਏ। ਏਸ ਘਟਨਾ ਨਾਲ ਸਾਰੇ ਪੰਜਾਬ ਵਿਚ ਹਾਹਾਕਾਰ ਮੱਚ ਗਈ। ਧੀਆਂ ਵਾਲੇ ਤਾਂ ਦਹਿਲ ਕੇ ਹੀ ਰਹਿ ਗਏ। ਗੁੰਡਿਆਂ ਦੀ ਪਿੱਠ 'ਤੇ ਸਿਆਸੀ ਹੱਲਾਸ਼ੇਰੀ ਅਤੇ ਹਮਾਇਤ ਸਾਬਤ ਹੋ ਰਹੀ ਹੈ।

ਕੁੱਝ ਕੁ ਮਹੀਨੇ ਪਹਿਲਾਂ ਹੀ ਪਠਾਨਕੋਟ ਦੇ ਨਜ਼ਦੀਕ ਇਕ ਪਿੰਡ ਆਸ਼ਾਬਾਨੋ ਵਿਚ ਪੜ੍ਹਾਉਣ ਜਾ ਰਹੀ ਇਕ ਸਰਕਾਰੀ ਪ੍ਰਾਇਮਰੀ ਸਕੂਲ ਅਧਿਆਪਕਾ ਆਰਤੀ ਚਾਂਦ ਨੂੰ ਸਕੂਲੋਂ ਆਉਂਦੇ ਸਮੇਂ ਰਾਹ ਵਿਚ ਗੁੰਡਿਆਂ ਨੇ ਦਬੋਚ ਲਿਆ। ਕਾਰ ਵਿਚ ਇਕ ਸੁੱਟਕੇ ਲੈ ਗਏ ਤੇ ਚਾਕੂਆਂ ਨਾਲ ਵਿੰਨ੍ਹੀ ਉਸਦੀ ਲਾਸ਼ ਅਗਲੇ ਦਿਨ ਨਹਿਰ ਕਿਨਾਰਿਓਂ ਮਿਲੀ। 7 ਅਗਸਤ 2012 ਦੀ ਘਟਨਾ ਦੇ 4 ਮਹੀਨੇ ਬੀਤ ਜਾਣ 'ਤੇ ਵੀ ਕੋਈ ਗ੍ਰਿਫਤਾਰੀ ਨਹੀਂ ਹੋਈ। ਜਦੋਂ ਇਹ ਸਤਰਾਂ ਲਿਖੀਆਂ ਹੀ ਜਾ ਰਹੀਆਂ ਸਨ ਤਾਂ 18 ਦਸੰਬਰ ਨੂੰ ਗੋਰਾਇਆਂ ਨੇੜੇ ਇਕ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਵਿਚ ਅੱਧੀ ਛੁੱਟੀ ਵੇਲੇ ਕੁੱਝ ਗੁੰਡੇ ਇਕ ਨਾਬਾਲਗ ਕੁੜੀ ਨੂੰ ਸਕੂਲ ਦੇ ਗੇਟ ਦੇ ਐਨ ਸਾਹਮਣੇ ਤੋਂ ਅਗਵਾ ਕਰ ਕੇ ਲੈ ਗਏ। ਚੰਗੇ ਭਾਗੀ ਇਹ ਕੁੜੀ ਬਚ ਗਈ ਹੈ। ਨਵਾਂ ਸ਼ਹਿਰ ਦੇ ਨੇੜਲੇ ਇਕ ਪਿੰਡ ਵਿਚ ਕੁੱਝ ਗੁੰਡਿਆਂ ਨੇ 20 ਦਸੰਬਰ ਨੂੰ ਪਿੰਡ ਦੀ ਫਿਰਨੀ ਤੋਂ ਦਿਨ ਦਿਹਾੜੇ ਇਕ ਲੜਕੀ ਨੂੰ ਅਗਵਾ ਕਰਨ ਦਾ ਕਾਰਾ ਕਰਨ ਦੀ ਜੁਅਰਤ ਕੀਤੀ ਪਰ ਲੋਕਾਂ ਦੇ ਦਖ਼ਲ ਨਾਲ ਉਹ ਅਸਫਲ ਰਹੇ ਤੇ ਭੱਜ ਗਏ। ਇਹ ਸਭ ਤਾਂ ਅਜੇ ਕੁੱਝ ਵੀ ਨਹੀਂ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਹਰ ਰੋਜ਼ ਹੀ ਦੇਸ਼ ਦੇ ਹੋਰ ਵੱਖ-ਵੱਖ ਹਿੱਸਿਆਂ ਤੋਂ ਅਖ਼ਬਾਰਾਂ ਵਿਚ ਦੋ ਚਾਰ ਜ਼ਰੂਰ ਛਪਦੀਆਂ ਹਨ। ਸਾਡੇ ਗੁਆਂਢੀ ਪ੍ਰਦੇਸ਼ ਹਰਿਆਣੇ ਵਿਚ ਕੋਈ ਹਫਤਾ ਨਹੀਂ ਲੰਘਦਾ ਜਦੋਂ ਕੋਈ ਰੇਪ ਦੀ ਘਟਨਾ ਨਾ ਵਾਪਰਦੀ ਹੋਵੇ। ਯੂ.ਪੀ.ਵਿਚ ਪੂਰੀ ਤਰ੍ਹਾਂ ਜੰਗਲ ਦਾ ਰਾਜ ਕਾਇਮ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਔਰਤਾਂ ਮਹਿਫੂਜ਼ ਨਹੀਂ ਹਨ ਅਤੇ 16 ਦਸੰਬਰ ਨੂੰ ਵਾਪਰੀ ਇਕ ਘਟਨਾ ਨੇ ਸਾਰੇ ਦੇਸ਼ ਅੰਦਰ ਹਾਹਾਕਾਰ ਮਚਾ ਦਿੱਤੀ ਹੈ ਅਤੇ ਡਰ ਦਾ ਮਾਹੌਲ ਕਾਇਮ ਹੋ ਗਿਆ ਹੈ। ਬਸ ਵਿਚ ਸਫਰ ਕਰ ਰਹੀ ਫਿਜ਼ਿਓਥਰੈਪੀ ਦੀ ਵਿਦਿਆਰਥਣ ਇਕ ਕੁੜੀ ਨਾਲ 5-6 ਗੁੰਡਿਆਂ ਵਲੋਂ ਗੈਂਗਰੇਪ ਕਰਨ ਦੀ ਅੱਤ ਅਮਾਨਵੀ ਘਟਨਾ ਦਿਨ ਦਿਹਾੜੇ ਵਾਪਰੀ ਹੈ। ਦਰਿੰਦਿਆਂ ਦੀ ਹਵਸ ਦਾ ਸ਼ਿਕਾਰ ਕੁੜੀ ਜ਼ਿੰਦਗੀ ਤੇ ਮੌਤ ਨਾਲ ਸੰਘਰਸ਼ ਕਰ ਰਹੀ ਹੈ ਹਸਪਤਾਲ ਵਿਚ ਅਤੇ ਬੇਹੋਸ਼ੀ ਦੀ ਹਾਲਤ ਵਿਚ ਹੈ।

## ਕਿਉਂ ਹੋ ਰਹੀ ਹੈ ਇਹ ਗੁੰਡਾਗਰਦੀ?

ਦੇਸ਼ ਅੰਦਰ ਅੱਜ ਸਿਆਸਤ ਦਾ ਅਪਰਾਧੀਕਰਨ ਹੋ ਰਿਹਾ ਹੈ। ਜਨਸਮੂਹਾਂ ਦੀਆਂ ਮੁਸ਼ਕਲਾਂ ਵਿਚ ਲਗਾਤਾਰ ਵਾਧਾ ਹੋਣ ਕਾਰਨ ਅਤੇ ਉਹਨਾਂ ਦਾ ਹਾਕਮ ਪਾਰਟੀਆਂ ਵਲੋਂ ਕੋਈ ਹੱਲ ਨਾ ਲੱਭ ਸਕਣ ਕਾਰਨ, ਸੱਤਾ 'ਤੇ ਕਾਬਜ਼ ਇਹ ਵੱਖ-ਵੱਖ ਧਿਰਾਂ ਦੂਸਰੇ ਢੰਗਾਂ ਨਾਲ ਸੱਤਾ 'ਤੇ ਕਾਬਜ਼ ਰਹਿਣ ਲਈ ਯਤਨਸ਼ੀਲ ਹਨ। ਜਾਬਰ ਢੰਗ ਤਰੀਕਿਆਂ ਤੋਂ ਇਲਾਵਾ, ਇਹ ਸਮਾਜ ਵਿਰੋਧੀ ਅਨਸਰਾਂ ਨੂੰ ਵੀ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਣ ਤੋਂ ਗੁਰੇਜ਼ ਨਹੀਂ ਕਰਦੀਆਂ। ਜ਼ਰਾ 2009 'ਚ ਹੋਈਆਂ ਪਾਰਲੀਮੈਂਟ ਦੀਆਂ ਚੋਣਾਂ 'ਚ ਜਿੱਤੇ ਹੋਏ ਉਮੀਦਵਾਰਾਂ 'ਤੇ ਸਰਸਰੀ ਝਾਤ ਮਾਰੀ ਜਾਵੇ ਤਾਂ ਇਸ ਵਰਤਾਰੇ ਦੇ ਕਾਰਨ ਇਕਦਮ ਸਪੱਸ਼ਟ ਹੋ ਜਾਣਗੇ। ਇਹਨਾਂ ਚੋਣਾਂ 'ਚ ਜਿੱਤਣ ਵਾਲੇ 542 ਪਾਰਲੀਮੈਂਟ ਮੈਂਬਰਾਂ ਵਿਚੋਂ 315 ਭਾਵ 58% ਕਰੋੜਪਤੀ ਹਨ, 162 ਭਾਵ 30% ਅਪਰਾਧੀ ਪਿਛੋਕੜ ਵਾਲੇ ਹਨ ਜਿਹਨਾਂ ਵਿਚ ਕਤਲਾਂ, ਡਾਕਿਆਂ, ਬਲਾਤਕਾਰਾਂ ਅਤੇ ਹੋਰ ਸਮਾਜ ਵਿਰੋਧੀ ਕੁਕਰਮ ਕਰਨ ਵਾਲੇ ਵੀ ਸ਼ਾਮਲ ਹਨ। ਗੁਰੂ ਨਾਨਕ ਜੀ ਦਾ ਕਥਨ ਹੈ ਕਿ ਮਾਇਆ ਪਾਪਾਂ ਬਿਨਾ ਇਕੱਠੀ ਨਹੀਂ ਹੋ ਸਕਦੀ, ਇਸ ਲਈ ਕਰੋੜਪਤੀ ਵੀ ਕੋਈ ਨਾ ਕੋਈ ਕੁਕਰਮ ਕਰਕੇ ਹੀ ਕਰੋੜਪਤੀ ਬਣੇ ਹੋਣਗੇ। ਅੱਜ ਦਸਾਂ ਨਹੁੰਆਂ ਦੀ ਕਿਰਤ ਕਰਕੇ ਤਾਂ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਇਸ ਤਰ੍ਹਾਂ ਮੌਜੂਦਾ ਲੋਕ ਸਭਾ ਵਿਚ 30% ਮੈਂਬਰ ਤਾਂ ਸਿੱਧੇ ਤੌਰ 'ਤੇ ਅਪਰਾਧੀ ਪਿਛੋਕੜ ਵਾਲੇ ਹਨ ਅਤੇ 58% ਅਜੇ ਬੇਪਰਦ ਹੋ ਕੇ ਭਾਵੇਂ ਇਸ ਕੈਟੇਗਰੀ ਵਿਚ ਸ਼ਾਮਲ ਨਹੀਂ ਹੋਏ, ਪਰ ਉਹ ਹਨ ਇਹਨਾਂ ਦੇ ਹੀ ਨੇੜਲੇ ਸਹਿਯੋਗੀ ਹੀ। ਫਿਰ ਅਮਨ ਕਾਨੂੰਨ ਦੀ ਸਥਿਤੀ ਕਿਵੇਂ ਬਿਹਤਰ ਹੋ ਸਕਦੀ ਹੈ? ਇਹਨਾਂ 88% (58% + 30%) ਨੂੰ ਕਿਹੋ ਜਿਹੇ ਮਾਹੌਲ ਤੇ ਕਿਹੋ ਜਿਹੇ ਅਨਸਰਾਂ ਦੀ ਲੋੜ ਹੈ? ਸਪੱਸ਼ਟ ਤੌਰ 'ਤੇ ਸਮਾਜ ਵਿਰੋਧੀ ਅਨਸਰਾਂ ਦੀ ਚਾਂਦੀ ਹੈ ਅਤੇ ਉਹਨਾਂ ਨੂੰ ਹਾਕਮ ਪਾਰਟੀਆਂ ਦੇ ਨੇਤਾਵਾਂ ਦੀ ਪੁਸ਼ਤਪਨਾਹ ਹਾਸਲ ਹੋਣੀ ਨਿਸ਼ਚਿਤ ਹੈ। ਇਸ ਕਾਰਨ ਅਜਿਹੇ ਕਾਰੇ ਰੋਜ਼ ਵਾਪਰ ਰਹੇ ਹਨ।

ਪੰਜਾਬ ਵਿਚ ਇਸ ਵੇਲੇ ਅਕਾਲੀ ਪਾਰਟੀ ਤੇ ਭਾਜਪਾ ਦਾ ਸ਼ਾਸਨ (ਦੁਸ਼ਾਸਨ) ਹੈ। ਇਸ ਦਾ ਮੁਖੀ ਕਹਿਣ ਨੂੰ ਭਾਵੇਂ ਸ੍ਰ. ਪ੍ਰਕਾਸ਼ ਸਿੰਘ ਬਾਦਲ ਹੈ ਪਰ ਅਸਲ ਵਿਚ ''ਸਰਵੇ ਸਰਵਾ, ਕਰੇ ਕਰਾਵੇ ਆਪੇ ਆਪ'' ਸੁਖਬੀਰ ਸਿੰਘ ਬਾਦਲ ਹੀ ਹੈ। ਥਾਣੇਦਾਰ ਤੋਂ ਲੈ ਕੇ ਐਸ.ਐਸ.ਪੀ. ਤੱਕ ਹਰ ਇਕ ਨੂੰ ਸਰਕਾਰੀ ਆਦੇਸ਼ ਹਨ ਕਿ ਉਹ ਅਕਾਲੀ ਪਾਰਟੀ ਦੇ ਕਿਸੇ ਵੀ ਕਰਿੰਦੇ ਦਾ ਕਿਸੇ ਵੀ ਤਰ੍ਹਾਂ ਦਾ ਕਿਹਾ ਮੰਨਣ। ਜੋ ਥਾਣੇਦਾਰ ਜਾਂ ਜ਼ਿਲ੍ਹਾ ਪੁਲਸ ਮੁਖੀ ਹਾਕਮ ਧਿਰ ਦੇ ਕਰਿੰਦਿਆਂ ਦੇ ਕਹੇ ਨਹੀਂ ਲੱਗਦਾ ਉਸ ਨੂੰ ਥਾਣੇਦਾਰ ਜਾਂ ਅਫਸਰੀ ਤੋਂ ਅਕਸਰ ਹੱਥ ਧੋਣੇ ਪੈਂਦੇ ਹਨ। ਜੇ ਕੋਈ ਪੁਲਸ ਅਫਸਰ ਸਰਕਾਰ ਨੂੰ ਖੁਸ਼ ਰੱਖਦਾ ਹੈ; ਕਦੇ ਵੀ ਨਰਾਜ਼ਗੀ ਦਾ ਮੌਕਾ ਨਹੀਂ ਦਿੰਦਾ, ਫੋਨ 'ਤੇ ''ਹੁਕਮ ਮੇਰੇ ਆਕਾ'' ਆਖਦਾ ਹੈ ਤਾਂ ਉਹ ਪੂਰੀ-ਪੂਰੀ ਅਫਸਰੀ ਮਾਣ ਸਕਦਾ ਹੈ। ਵਰਨਾ ਆਈ.ਪੀ.ਐਸ. ਵੀ ਖੁੱਡੇ ਲਾ ਦਿੱਤਾ ਜਾਵੇਗਾ। ਅਤੇ ਇੰਜ ਗੁੰਡਾ ਅਨਸਰਾਂ ਦੀ ਚਾਂਦੀ ਹੈ। ਉਹਨਾਂ ਦਾ ਹੀ ਰਾਜ ਹੈ। ਗੁੰਡਾ ਅਨਸਰ ਮੌਕੇ ਦੇ ਹਾਕਮਾਂ ਨਾਲ ਘਿਓ ਖਿਚੜੀ ਹਨ। ਉਹਨਾਂ ਦਾ ਨਿਖੇੜਾ ਅਸੰਭਵ ਹੈ। ਹਰ ਅਸੰਬਲੀ ਹਲਕੇ 'ਚ ਇਕ ਡੀ.ਐਸ.ਪੀ. ਤਾਇਨਾਤ ਹੈ ਅਤੇ ਉਸ ਸਮੇਤ ਉਸ ਅਸੰਬਲੀ ਹਲਕੇ ਦੇ ਸਾਰੇ ਥਾਣੇ ਐਮ.ਐਲ.ਏ. ਅਧੀਨ ਹਨ। ਉਹਨਾਂ ਨੇ ਐਮ.ਐਲ.ਏ. ਦਾ ਹੁਕਮ ਮੰਨਣਾ ਹੈ, ਕਾਨੂੰਨ/ਨਿਯਮ ਨਹੀਂ ਵੇਖਣਾ ਅਤੇ ਸਥਿਤੀ ਇਹ ਬਣ ਗਈ ਹੈ :

**ਮਚਾਨ ਉਹ ਜੋ ਬਣਾਏ ਸਨ ਬਸਤੀ ਦੀ ਰਾਖੀ ਲਈ**
**ਉਨ੍ਹਾਂ 'ਤੇ ਬਾਘ ਚੜ੍ਹਕੇ ਬੈਠ ਗਏ ਨੇ 'ਰਾਖਿਆਂ' ਵਾਂਗੂੰ।''**

ਸਿੱਟੇ ਵਜੋਂ ਅੱਜ ਵਿਰੋਧੀਆਂ ਜਾਂ ਜਿਨ੍ਹਾਂ ਵਲੋਂ ਵੋਟਾਂ ਵਿਚ ਵਿਰੋਧ ਕੀਤਾ ਜਾਂ ਕਰਨ ਦੀ ਸੰਭਾਵਨਾ ਹੈ, ਉਪਰ ਝੂਠੇ ਕੇਸ ਪੈ ਰਹੇ ਹਨ। ਮਾੜੇ ਨੂੰ ਕੋਈ ਵੀ ਇਨਸਾਫ ਨਹੀਂ ਮਿਲਦਾ। ਉਸਦੀ ਐਫਆਈਆਰ ਵੀ ਦਾਖਲ ਨਹੀਂ ਹੁੰਦੀ, ਜੇ ਹੁੰਦੀ ਹੈ ਤਾਂ ਕਾਰਵਾਈ ਨਹੀਂ ਹੁੰਦੀ। ਜਿੱਤੇ ਹੋਏ ਵਿਰੋਧੀ ਐਮ.ਐਲ.ਏ. ਨੂੰ ਕੋਈ ਨਹੀਂ ਪੁੱਛਦਾ। ਉਸਦੀ ਕੋਈ ਥੜਾ-ਥਾਣੇਦਾਰ ਨਹੀਂ ਮੰਨਦਾ। ਜਦੋਂਕਿ ਹਾਰੇ ਹੋਏ ਅਕਾਲੀ ਜਾਂ ਭਾਜਪਾ ਦੇ ਐਮ.ਐਲ.ਏ. ਆਪੋ ਆਪਣੇ ਹਲਕਿਆਂ ਵਿਚ ਮੰਤਰੀਆਂ ਵਾਂਗ ਹੀ ਕੰਮ ਕਰ ਰਹੇ ਹਨ। ਸਿਰਫ ਪੁਲਸ ਵਿਚ ਹੀ ਨਹੀਂ ਹਰ ਵਿਭਾਗ ਵਿਚ ਇਵੇਂ ਹੀ ਹੈ। ਪੰਚਾਇਤ ਚੋਣਾਂ ਹੋਈਆਂ, ਧੱਕੇ ਨਾਲ ਮਰਜ਼ੀ ਦੇ ਸਰਪੰਚ ਬਣਾਏ ਗਏ। ਵਿਚਾਰੇ ਵਿਰੋਧੀ ਮੈਂਬਰ ਵੇਖਦੇ ਹੀ ਰਹਿ ਗਏ।

ਜ਼ਿਲ੍ਹਾ ਸਿੱਖਿਆ ਅਫਸਰ, ਤਹਿਸੀਲਦਾਰ, ਬੀਡੀਓ, ਡੀ.ਪੀ.ਓ., ਐਸ.ਡੀ.ਐਮ., ਫੂਡ ਐਂਡ ਸਪਲਾਈ ਅਧਿਕਾਰੀ ਗੱਲ ਕੀ ਸਭ ਦੇ ਸਭ ਵਿਭਾਗਾਂ ਦੇ ਅਫਸਰ ਤੇ ਹੋਰ ਉੱਚ ਅਧਿਕਾਰੀ ਮੌਜੂਦਾ ਹਾਕਮਾਂ ਅੱਗੇ ਵਿਛੇ ਹੋਏ ਹਨ। ਕੱਲ੍ਹ ਨੂੰ ਜੇ ਤਬਦੀਲੀ ਹੋਈ ਤਾਂ ਇਹ ਕਾਂਗਰਸੀ ਹਾਕਮਾਂ ਅੱਗੇ ਲੰਮੇ ਪੈ ਜਾਣਗੇ।

ਹਾਕਮ ਪਾਰਟੀ ਦਾ ਕੋਈ ਛੋਟੇ ਤੋਂ ਛੋਟਾ ਕਰਿੰਦਾ ਵੀ ਦਫਤਰ ਜਾਵੇ, ਅਫਸਰ ਕੁਰਸੀ ਤੋਂ ਉਠਕੇ ਝੁਕ-ਝੁਕ ਸਲਾਮ ਕਰਦਾ ਹੈ। ਕਿਸਨੂੰ ਛੁਡਾਉਣਾ, ਕਿਸਨੂੰ ਬੰਨ੍ਹਣਾ, ਕਿਸ ਮਸਲੇ ਦਾ ਕੀ ਹੱਲ ਕਰਨਾ ਹੈ, ਆਦੇਸ਼ ਪ੍ਰਾਪਤ ਕਰਦਾ। ਜਦੋਂ ਸਥਿਤੀ ਇਹ ਹੈ ਤਾਂ ਫਿਰ ਅਮਨ ਅਮਾਨ ਕਿਸ ਤਰ੍ਹਾਂ ਕਾਇਮ ਰਹਿ ਸਕਦਾ ਹੈ।

ਹਰ ਕਹਿਰ ਪਿੱਛੇ ਸਰਕਾਰੀ 'ਬੁਰਛਿਆਂ' ਦਾ ਹੱਥ ਹੈ। ਚਾਹੇ ਫਰੀਦਕੋਟ ਦੀ ਘਟਨਾ ਸੀ, ਅੰਮ੍ਰਿਤਸਰ ਦੀ ਜਾਂ ਹੋਰ ਕੋਈ ਵੀ ਅਪਰਾਧ ਹੋਵੇ ਉਸ ਵਿਚ ਹਰ ਹਾਲਤ ਵਿਚ ਹਾਕਮ ਧਿਰ ਦੇ ਕਰਿੰਦਿਆਂ ਦਾ ਹੱਥ ਹੀ ਹੋਵੇਗਾ। 2009 ਵਿਚ ਲੁਧਿਆਣਾ ਵਿਖੇ ਜਾਅਲੀ ਸਟੈਂਪ ਪੇਪਰਾਂ ਦਾ ਵਿਰੋਧ ਕਰਨ ਵਾਲੇ ਤਹਿਸੀਲਦਾਰ ਮੇਜਰ ਗੁਰਿੰਦਰ ਸਿੰਘ ਬੈਨੀਪਾਲ ਨੂੰ ਉਸਦੇ ਦਫਤਰ ਵਿਚ ਸ਼ਰੇਆਮ ਕੁੱਟਣ ਵਾਲੇ ਦੋਵੇਂ ਅਕਾਲੀ ਆਗੂ ਇਸ ਵੇਲੇ ਐਮ.ਐਲ.ਏ. ਹਨ। ਜਿੱਡਾ ਵੱਡਾ ਕਾਰਾ, ਅਪਰਾਧ ਤੇ ਜ਼ੁਲਮ; ਉਨ੍ਹਾਂ ਵੱਡਾ ਅਹੁਦਾ।




ਮੱਖਣ ਸਿੰਘ ਕੁਹਾੜ
+91-95013-65522
makhansinghkohar@gmail.com


ਹਰ ਰੋਜ਼ ਕਰੋੜਾਂ ਦੇ ਨਸ਼ੇ ਫੜੇ ਜਾ ਰਹੇ ਹਨ। ਅਰਬਾਂ ਰੁਪਿਆਂ ਦੇ ਉਹ ਨਸ਼ੇ ਹਨ, ਜੋ ਅਜੇ ਫੜੇ ਨਹੀਂ ਜਾ ਰਹੇ। ਕੀ ਇਹ ਨਸ਼ੇ ਪੁਲਸ ਦੀ ਅਤੇ ਹਾਕਮਾਂ ਦੀ ਸਹਿਮਤੀ ਦੇ ਬਗੈਰ ਹੀ ਏਧਰੋਂ ਉਧਰ ਪੁੱਜ ਰਹੇ ਹਨ? ਪਿਛਲੇ ਸਾਲ ਕਬੱਡੀ ਮੈਚਾਂ ਦਾ ਖਰਚਾ 'ਸ਼ਰਾਬ ਮਾਫੀਏ' ਨੇ ਕੀਤਾ ਸੀ, ਇਸ ਵਾਰ ਕਿਸ ਮਾਫੀਏ ਨੇ ਕੀਤਾ ਹੈ ਇਸ ਦਾ ਵੀ ਪਤਾ ਲੱਗ ਜਾਵੇਗਾ। ਕੀ ਇਹ ਡਰਾਮਾ ਨਸ਼ਾ ਛੁਡਾਉਣ ਲਈ ਕੀਤਾ ਜਾ ਰਿਹਾ ਹੈ ਜਾਂ ਕਿ ਪੈਸੇ ਕਮਾਉਣ ਲਈ? 22 ਅਗਸਤ 2012 ਦੀ ਇਕ ਅਖ਼ਬਾਰੀ ਖ਼ਬਰ ਮੁਤਾਬਕ ਸ਼ਰਾਬ ਦੇ ਉਤਪਾਦਕਾਂ ਨੂੰ ਸਹਾਇਤਾ ਦੇਣ ਲਈ ਪਿਛਲੇ ਸਾਲ 500 ਕਰੋੜ ਖਰਚੇ ਸਨ ਜਦ ਕਿ ਨਸ਼ਾ ਛੁਡਾਉਣ ਲਈ ਨਸ਼ਾ ਛੁਡਾਊ ਕੇਂਦਰਾਂ ਨੂੰ ਕੇਵਲ 25 ਕਰੋੜ ਰੁਪਏ। ਇਸ ਤਰ੍ਹਾਂ ਪੰਜਾਬ ਨੂੰ ਨਸ਼ਿਆਂ ਦਾ ਛੇਵਾਂ ਦਰਿਆ ਬਨਾਉਣ ਲਈ ਕੌਣ ਜ਼ਿੰਮੇਵਾਰ ਹੈ? ਪੰਜਾਬ ਦੇ ਸਾਬਕਾ ਤੇ ਹੁਣ ਵਾਲੇ ਦਰਜਨਾਂ ਮੰਤਰੀਆਂ ਵਿਰੁੱਧ ਜੋ ਸੰਗੀਨ ਜੁਰਮਾਂ/ਹੇਰਾਫੇਰੀਆਂ ਦੇ ਕੇਸ ਚਲ ਰਹੇ ਹਨ ਚਲਦੇ ਹਨ, ਕੀ ਉਹ ਕੀ ਦਰਸਾਉਂਦਾ ਹੈ।

ਲੈਂਡ ਮਾਫੀਆ ਥਾਂ-ਥਾਂ ਦਨ-ਦਨਾਉਂਦਾ ਫਿਰ ਰਿਹਾ ਹੈ। ਕੀ ਇਹ ਹਾਕਮਾਂ ਦੀ ਸ਼ਹਿ ਤੋਂ ਬਿਨਾਂ ਸੰਭਵ ਹੈ। ਇਸ ਵਿਚ ਕਈ ਸਾਬਕਾ ਤੇ ਹੁਣ ਵਾਲੇ ਮੰਤਰੀ ਤੇ ਐਮ.ਐਲ.ਏਜ਼. ਤੱਕ ਸ਼ਾਮਲ ਹਨ।

## ਕੀ ਕੀਤਾ ਜਾਵੇ?

ਉਪਰੋਕਤ ਤੋਂ ਭਾਵ ਇਹ ਨਹੀਂ ਕਿ ਪੰਜਾਬ ਨੂੰ ਗਰਕ ਕਰਨ ਲਈ, ਮਾਫੀਆ ਗਰੋਹਾਂ ਦੇ ਕਬਜ਼ੇ ਵਿਚ ਦੇਣ ਲਈ ਸਿਰਫ ਮੌਜੂਦਾ ਹਾਕਮ ਹੀ ਜ਼ਿੰਮੇਵਾਰ ਹਨ। ਕਾਂਗਰਸ ਦਾ ਜਦ ਰਾਜ ਆਉਂਦਾ ਹੈ ਤਾਂ ਇਹੀ ਗਰੋਹ ਉਹਨਾਂ ਨੂੰ ਆਪਣੇ ਆਕਾ ਬਣਾ ਲੈਂਦੇ ਹਨ।

ਪੰਜਾਬ ਅਕਾਲੀਆਂ ਦੇ ਬਾਦਲਾਂ ਜਾਂ ਕਾਂਗਰਸ ਦੇ ਅਮਰਿੰਦਰਾਂ ਦੀ ਜਗੀਰ ਨਹੀਂ ਹੈ। ਇਹ ਗੁਰੂ ਨਾਨਕ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਬੰਦਾ ਬਹਾਦਰ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਬੱਬਰ ਅਕਾਲੀਆਂ ਦੇ ਵਾਰਸਾਂ ਦਾ ਹੈ ਤੇ ਉਸਦੇ ਵਾਰਸ ਅਜੇ ਜਿੰਦਾ ਹਨ। ਸਾਡੇ ਸਾਹਮਣੇ ਕਈ ਮਿਸਾਲਾਂ ਹਨ। ਜਦ ਸਰਕਾਰ ਨੇ ਮਾਨਸਾ ਦੇ ਪਿੰਡ ਗੋਬਿੰਦਪੁਰਾ ਵਿਚ ਥਰਮਲ ਪਲਾਂਟ ਨੂੰ ਜ਼ਬਰੀ ਜ਼ਮੀਨ ਦੇਣੀ ਚਾਹੀ ਤਾਂ ਇਹਨਾਂ ਹੀ ਵਾਰਸਾਂ ਨੇ ਹੀ ਰੋਕ ਪਾਈ। ਖੰਨਾ ਚਮਾਰਾਂ 'ਚ ਪੰਜਾਬ ਦੇ ਇਹਨਾਂ ਵਾਰਸਾਂ ਨੇ ਹੀ ਹਾਕਮੀ ਚਾਲਾਂ ਦਾ ਮੂੰਹ ਭੰਨਿਆਂ। ਫੁੱਲੜਾ (ਪਠਾਨਕੋਟ) ਵਿਚ ਹੁਣੇ-ਹੁਣੇ ਜਬਰੀ ਮੱਲੀ ਜਾ ਰਹੀ ਜ਼ਮੀਨ ਵੀ ਉਹਨਾਂ ਹੀ ਛੁਡਾਈ ਹੈ। ਬਾਦਲਾਂ ਵਲੋਂ ਟਿਊਬਵੈਲਾਂ ਲਈ ਬਿਜਲੀ ਦੇ ਬਿੱਲ ਦੁਬਾਰਾ ਦਾ ਫੈਸਲਾ ਇਹਨਾਂ ਹੀ ਰੱਦ ਕਰਵਾਇਆ ਸੀ। ਹਾਕਮਾਂ ਦੇ ਅੰਗਰੇਜ਼ਾਂ ਵੇਲੇ ਦੇ 'ਰੋਲਟ ਐਕਟ' ਨੂੰ ਜਿੰਦਾ ਕਰਦੇ ਦੋ ਕਾਨੂੰਨ ਵੀ ਇਹਨਾਂ ਹੀ ਵਾਰਸਾਂ ਵਾਪਸ ਕਰਾਏ ਹਨ।

ਸ਼ਰੁਤੀ ਕਾਂਡ ਵੇਲੇ ਜੇ ਇਹ ਪੰਜਾਬ ਦੇ ਅਸਲ ਵਾਰਸ ਸਾਰੇ ਧਰਮਾਂ, ਜਾਤਾਂ, ਮਜ਼ਹਬੀ ਬਖੇੜਿਆਂ, ਸਿਆਸਤਾਂ ਤੋਂ ਉਪਰ ਉਠ ਕੇ ਘੱਟੋ-ਘੱਟ ਸਾਂਝੇ ਮਸਲਿਆਂ 'ਤੇ ਆਧਾਰਤ ਸੰਘਰਸ਼ ਕਮੇਟੀ ਬਣਾ ਕੇ ਨਾ ਲੜਦੇ ਤਾਂ ਸ਼ਰੁਤੀ ਦਾ ਨਾਮ ਅੱਜ ਨਵੇਂ ਸਭਿਆਚਾਰ ਦੀ ਭੇਂਟ ਚੜ੍ਹਦਾ ਹੋਇਆ ਸਰਕਾਰੀ ਕਾਗਜ਼ਾਂ ਵਿਚ 'ਘਰੋਂ ਆਪ ਭੱਜੀ ਕੁੜੀ' ਦੇ ਨਾਵਾਂ ਵਿਚ ਸ਼ਾਮਲ ਹੋਣਾ ਸੀ। ਸ਼ਾਬਾਸ਼ ਇਹਨਾਂ ਬਹਾਦਰ ਸਪੂਤਾਂ ਦੇ ਜਿਨ੍ਹਾਂ ਸ਼ਰੁਤੀ ਧੀ ਨੂੰ ਮਾਪਿਆਂ ਕੋਲ ਵਾਪਸ ਪੁੱਜਦਾ ਕਰ ਦਿੱਤਾ ਤੇ ਉਸ ਸਿਆਸੀ ਬੁਰਛੇ ਨੂੰ ਬਚਾਉਣ ਵਾਲੀ ਪੁਲਸ ਤੇ ਅਕਾਲੀ ਸਰਕਾਰ ਦਾ ਚਿਹਰਾ ਨੰਗਾ ਕੀਤਾ। ਇਹੀ ਕੁੱਝ ਅੰਮ੍ਰਿਤਸਰ ਵਾਲੀ ਘਟਨਾ 'ਚ ਹੋਇਆ। ਏਥੇ ਵੀ ਉਹੀ ਵਾਰਸ ਸਾਂਝੀ ਸੰਘਰਸ਼ ਕਮੇਟੀ ਬਣਾ ਕੇ ਮੈਦਾਨ 'ਚ ਆਏ ਤੇ ਹਾਕਮੀ ਬੁਰਛੇ ਰਾਣੇ ਨੂੰ ਗ੍ਰਿਫਤਾਰ ਕਰਨਾ ਪਿਆ।

ਹਰ ਜ਼ਬਰ ਜ਼ੁਲਮ ਵਿਰੁੱਧ ਜੇ ਪੰਜਾਬ ਦੇ ਅਸਲ ਵਾਰਸ ਇਵੇਂ ਹੀ ਜਾਗਦੇ ਰਹੇ, ਜਾਗਦੇ ਰਹੋ ਦੀ ਪਹਿਰੇਦਾਰੀ ਕਰਦੇ ਰਹੇ ਅਤੇ ਸੰਘਰਸ਼ ਕਰਦੇ ਰਹੇ ਤਾਂ ਕੋਈ ਵੀ ਹਾਕਮ ਪੰਜਾਬ ਦੇ ਲੋਕਾਂ ਨੂੰ ਲੁੱਟ-ਕੁੱਟ ਨਹੀਂ ਸਕੇਗਾ। ਨਹੀਂ, ਹਰਗਿਜ਼ ਨਹੀਂ!!

# ਗੁਰੂ ਗੋਬਿੰਦ ਸਿੰਘ ਦੀ ਇਨਕਲਾਬੀ ਵਿਰਾਸਤ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਹਜ਼ਾਰਾਂ ਹਜ਼ਾਰ ਲੇਖ ਲਿਖੇ ਗਏ ਹਨ। ਪਰ ਹਥਲੇ ਲੇਖ ਦੇ ਲੇਖਕ ਬੋਧ ਸਿੰਘ ਘੁੰਮਣ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਨੂੰ ਬੇਹੱਦ ਵਿਗਿਆਨਕ ਨਜ਼ਰੀਏ ਨਾਲ ਵਿਚਾਰਿਆ ਹੈ। ਇਸੇ ਕਰ ਕੇ ਇਹ ਲੇਖ ਨਵੀਆ ਦੁਨੀਆ ਦੇ ਅਪ੍ਰੈਲ 2011 ਦੇ ਅੰਕ ਵਿਚ ਵੀ ਛਪੇ ਹੋਣ ਦੇ ਬਾਵਜੂਦ ਦੁਬਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ। – ਸੰਪਾਦਕ

ਸਿੱਖਾਂ ਦੇ ਦਸਵੇਂ ਗੁਰੂ, ਸ਼੍ਰੀ ਗੁਰੂ ਗੋਬਿੰਦ ਸਿੰਘ (1666-1708), ਭਾਰਤ ਦੇ ਇਤਿਹਾਸ ਵਿਚ ਮਾਨਵਤਾ ਦੀ ਭਲਾਈ ਦੇ ਮਹਾਨ ਕਾਰਜ ਲਈ ਤੁਅਸਬੀ ਔਰੰਗਜੇਬ ਦੇ ਅਤਿਆਚਾਰਾਂ ਵਿਰੁੱਧ ਲੜਨ ਲਈ ਖਾਲਸੇ ਦੀ ਸਿਰਜਣਾ ਕਰਨ ਵਾਲੇ ਮਹਾਨ ਯੋਧੇ, ਜਮਹੂਰੀਅਤਪਸੰਦ ਅਤੇ ਇਕ ਇਨਕਲਾਬੀ ਸਖਸ਼ੀਅਤ ਵਜੋਂ ਜਾਣੇ ਜਾਂਦੇ ਹਨ ਅਤੇ ਉਹਨਾਂ ਦੀ ਇਤਿਹਾਸ ਵਿਚ ਨਵੇਕਲੀ ਥਾਂ ਹੈ। ਦੇਸ਼ ਭਗਤੀ, ਮਾਨਵਤਾ ਦੀ ਭਲਾਈ, ਰਾਸ਼ਟਰਵਾਦ, ਧਰਮ ਨਿਰਪੱਖਤਾ, ਮੰਤਵ ਦੀ ਮੁਕੰਮਲ ਸਪੱਸ਼ਟਤਾ ਅਤੇ ਉਦੇਸ਼ ਦੀ ਜਿੱਤ ਲਈ ਜਬਰ ਜ਼ੁਲਮ ਵਿਰੁੱਧ ਨਿਸ਼ਚੇ ਨਾਲ ਆਖਰੀ ਸਾਹਵਾਂ ਤੱਕ ਜੂਝਣਾ ਉਨ੍ਹਾਂ ਦੀ ਸਖਸ਼ੀਅਤ ਦੇ ਉਭਰਵੇਂ ਪੱਖਾਂ ਵਿਚੋਂ ਕੁੱਝ ਹਨ। 6 ਵਰ੍ਹਿਆਂ ਦੇ ਹੋਣ 'ਤੇ ਉਹਨਾਂ ਦੇ ਪਿਤਾ ਜੀ ਨੇ ਉਹਨਾਂ ਨੂੰ ਅਨੰਦਪੁਰ ਸਾਹਿਬ ਭੇਜ ਦਿੱਤਾ, ਜਿੱਥੇ ਉਹਨਾਂ ਨੂੰ ਘੋੜ ਸਵਾਰੀ, ਤੀਰ ਅੰਦਾਜ਼ੀ, ਸ਼ਿਕਾਰ ਖੇਡਣ ਅਤੇ ਯੁੱਧ ਕਲਾ ਦੀ ਸਿਖਲਾਈ ਦੇਣ ਲਈ ਅਤੇ ਹਿੰਦੀ, ਫਾਰਸੀ ਤੇ ਗੁਰਮੁੱਖੀ ਪੜ੍ਹਾਉਣ ਲਈ ਸਪੈਸ਼ਲ ਪ੍ਰਬੰਧ ਕੀਤਾ ਗਿਆ ਸੀ। ਗੋਬਿੰਦ ਰਾਏ ਅਜੇ 9 ਵਰ੍ਹਿਆਂ ਦਾ ਹੀ ਹੋਇਆ ਸੀ ਕਿ ਉਹਨਾਂ ਦੇ ਪਿਤਾ, ਸਿੱਖਾਂ ਦੇ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜੇਬ ਦੇ ਹੁਕਮ 'ਤੇ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਇਹ ਸ਼ਹੀਦੀ ਔਰੰਗਜੇਬ ਦੀ, ਹਿੰਦੂਆਂ ਪ੍ਰਤੀ ਧਾਰਮਿਕ ਤੁਅਸਬ ਅਤੇ ਉਹਨਾਂ ਨੂੰ ਜਬਰੀ ਮੁਸਲਮਾਨ ਬਨਾਉਣ ਦੀ ਪਹੁੰਚ ਦਾ ਵਿਰੋਧ ਕਰਨ ਅਤੇ ਜਮੀਰ ਦੀ ਰਾਖੀ ਵਾਸਤੇ ਖੜੋਣ ਕਰਕੇ ਹੋਈ ਸੀ। ਇਸ ਨੇ ਗੁਰੂ ਜੀ ਦੀ ਸ਼ਖਸ਼ੀਅਤ 'ਤੇ ਡੂੰਘਾ ਪ੍ਰਭਾਵ ਪਾਇਆ। ਗੁਰੂ ਸਾਹਿਬ ਕੁੱਝ ਵਰ੍ਹਿਆਂ ਲਈ ਨਾਹਨ (ਹੁਣ ਹਿਮਾਚਲ ਪ੍ਰਦੇਸ਼) ਦੀ ਰਿਆਸਤ ਵਿਚ ਚਲੇ ਗਏ ਜਿੱਥੇ ਉਥੋਂ ਦੇ ਰਾਜੇ ਵਲੋਂ ਦਿੱਤੀ ਜ਼ਮੀਨ 'ਤੇ ਪਾਊਂਟਾ ਵਿਖੇ ਇਕ ਕਿਲੇ ਦੀ ਉਸਾਰੀ ਕਰਵਾਈ। ਸਪੱਸ਼ਟ ਹੈ ਕਿ ਗੁਰੂ ਜੀ ਨੇ ਮੁਗਲਾਂ ਨਾਲ ਲਾਜ਼ਮੀ ਟੱਕਰ ਹੋਣ ਨੂੰ ਭਾਂਪ ਲਿਆ ਸੀ ਅਤੇ ਉਹਨਾਂ ਨੇ ਸਿੱਖਾਂ ਤੇ ਆਪਣੇ ਹੋਰ ਸ਼ਰਧਾਲੂਆਂ ਨੂੰ ਇਸ ਲੜਾਈ ਲਈ ਤਿਆਰ ਕਰਨ ਦਾ ਕਾਰਜ ਆਰੰਭ ਦਿੱਤਾ ਸੀ। ਹਰ ਰੋਜ਼ ਦਰਬਾਰ ਲੱਗਦਾ, ਜਿੱਥੇ ਫੌਜ ਤੇ ਯੁਧ ਕਲਾ ਦੀ ਸਿਖਲਾਈ ਦਿੱਤੀ ਜਾਂਦੀ, ਕਵੀ ਤੇ ਢਾਡੀ ਬਹਾਦਰੀ ਤੇ ਯੁਧ ਅਧਾਰਤ ਰਚਨਾਵਾਂ ਸੁਨਾਉਂਦੇ ਤਾਂ ਜੋ ਗੁਰੂ ਜੀ ਦੇ ਅਨੂਆਈਆਂ ਦੇ ਮਨਾਂ ਅੰਦਰ ਦੇਸ਼ ਭਗਤੀ ਤੇ ਬਹਾਦਰੀ ਦਾ ਸੰਚਾਰ ਕੀਤਾ ਜਾ ਸਕੇ।

ਭੰਗਾਨੀ (1686) ਅਤੇ ਨਦੌਨ (1687) ਦੇ ਯੁੱਧਾਂ ਪਿਛੋਂ ਗੁਰੂ ਗੋਬਿੰਦ ਸਿੰਘ 10-12 ਸਾਲ ਅਨੰਦਪੁਰ ਵਿਖੇ ਅਮਨ ਸ਼ਾਂਤੀ ਨਾਲ ਟਿਕੇ ਰਹੇ। ਭੰਗਾਨੀ ਦੇ ਜੇਤੂ ਯੁੱਧ 'ਚੋਂ ਪ੍ਰਾਪਤ ਹੋਏ ਸਬਕ ਨੇ ਇਸ ਦੂਰਦਰਸ਼ੀ ਯੋਧੇ ਸਾਹਮਣੇ ਇਹ ਪੱਖ ਉਭਾਰ ਕੇ ਸਾਹਮਣੇ ਰੱਖ ਦਿੱਤੇ ਸਨ ਕਿ ਔਰੰਗਜੇਬ ਦੇ ਜ਼ੁਲਮਾਂ ਦਾ ਟਾਕਰਾ ਕਰਨ ਅਤੇ ਸੱਚ ਦੀ ਲੜਾਈ ਲਈ ਇਕ ਪ੍ਰਤੀਬੱਧ, ਚੇਤਨ, ਅਤੇ ਅਨੁਸ਼ਾਸਨਬੱਧ ਸੈਨਾ ਦੀ ਲੋੜ ਹੈ ਜਿਹੜੀ ਆਪਣੇ ਮੰਤਵ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹੋਵੇ ਅਤੇ ਇਸ ਦੀ ਪ੍ਰਾਪਤੀ ਲਈ ਸਵੈ-ਇੱਛਾ ਨਾਲ ਗੁਰੂ ਸਾਹਿਬ ਨਾਲ ਜੁੜ ਜਾਵੇ। ਉਹ ਇਸ ਯੁੱਧ ਤੋਂ ਜਾਣ ਗਏ ਸਨ ਕਿ ਮਾਂਗਵੀਂ ਅਤੇ ਭਾੜੇ ਦੀ ਸੈਨਾ ਨਾਲ ਕੋਈ ਛੋਟੀ ਮੋਟੀ ਲੜਾਈ ਤਾਂ ਭਾਵੇਂ ਜਿੱਤੀ ਜਾ ਸਕਦੀ ਹੋਵੇ ਪ੍ਰੰਤੂ ਯੁੱਧ ਬਿਲਕੁਲ ਨਹੀਂ ਜਿੱਤਿਆ ਜਾ ਸਕਦਾ। ਭਵਿੱਖ ਦੇ ਇਸ ਮਹਾਨ ਕਾਰਜ ਲਈ ਗੁਰੂ ਜੀ ਨੇ ਡੂੰਘਾ ਵਿਚਾਰ ਵਟਾਂਦਰਾ ਕੀਤਾ, ਦੇਸ਼ ਦੇ ਇਤਿਹਾਸ ਤੇ ਮਿਥਹਾਸ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਉਸ ਵੇਲੇ ਦੀ ਧਾਰਮਿਕ, ਸਮਾਜਕ ਤੇ ਰਾਜਨੀਤਕ ਸਥਿਤੀ ਦਾ ਵੀ ਲੋੜੀਂਦਾ ਗਿਆਨ ਹਾਸਲ ਕੀਤਾ। ਉਹਨਾਂ ਨੇ ਇਸ ਸਮੇਂ ਦੌਰਾਨ ਕਿਲ੍ਹਿਆਂ ਦੀ ਉਸਾਰੀ ਵੀ ਕਰਵਾਈ।

ਔਰੰਗਜੇਬ; ਹਿੰਦੂ ਤੇ ਸਿੱਖ ਧਰਮ ਦੇ ਅਨੁਆਈਆਂ ਪ੍ਰਤੀ ਅਤਿਆਚਾਰ ਅਤੇ ਵਿਤਕਰਾ ਕਰ ਰਿਹਾ ਸੀ, ਜਬਰੀ ਧਰਮ ਪਰਿਵਰਤਨ ਕੀਤਾ ਜਾ ਰਿਹਾ ਸੀ। ਭਾਰਤੀ ਸਮਾਜ ਵਿਸ਼ੇਸ਼ ਕਰਕੇ ਹਿੰਦੂ ਧਰਮ ਡਾਢੀ ਅਧੋਗਤੀ ਵਿਚ ਸੀ। ਸਮਾਜ ਜਾਤਾਂ-ਪਾਤਾਂ, ਧਰਮਾਂ, ਊਚ-ਨੀਚ, ਅਮੀਰ ਗਰੀਬ ਆਦਿ ਦੀਆਂ ਵੰਡੀਆਂ ਵਿਚ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ ਅਤੇ ਬੋਦੇ ਰਸਮਾਂ ਰਿਵਾਜਾਂ, ਵਹਿਮਾਂ ਭਰਮਾਂ, ਵਰਤ ਰੱਖਣੇ ਤੇ ਟੂਣੇ ਕਰਨੇ, ਕਬਰਾਂ ਤੇ ਮੜ੍ਹੀਆਂ ਦੀ ਪੂਜਾ, ਅੰਧ-ਵਿਸ਼ਵਾਸਾਂ ਅਤੇ ਅਗਿਆਨਤਾ ਦਾ ਬੋਲਬਾਲਾ ਸੀ। ਮਨੁੱਖਾਂ ਨੂੰ ਆਪਣੀ ਸ਼ਕਤੀ 'ਤੇ ਭਰੋਸਾ ਨਹੀਂ ਸੀ ਅਤੇ ਦਬਾਏ ਹੋਏ, ਲੁੱਟੇ ਜਾਂਦੇ, ਜ਼ਲੀਲ, ਅਛੂਤ, ਡਰੇ, ਸਹਿਮੇ ਹੋਏ ਲੋਕ ਆਪਣੀ ਇਸ ਹਾਲਤ ਨੂੰ ਰੱਬ ਦਾ ਭਾਣਾ ਮੰਨ ਕੇ ਹਕੂਮਤ ਦੇ ਅਤਿਆਚਾਰਾਂ ਅੱਗੇ ਹਥਿਆਰ ਸੁੱਟ ਕੇ ਨਿਰਾਸ਼ ਬੈਠੇ ਹੋਏ ਸਨ। ਜਬਰ ਵਿਰੁੱਧ ਪ੍ਰਤੀਰੋਧ ਨਹੀਂ ਸੀ ਹੋ ਰਿਹਾ। ਗੁਰੂ ਗੋਬਿੰਦ ਸਿੰਘ ਨੇ ਇਸ ਹਾਲਤ ਦਾ ਸ਼ਿਕਾਰ ਹੋਈ ਵਸੋਂ ਵਿਚ ਹਿੰਮਤ, ਦਲੇਰੀ ਤੇ ਪ੍ਰਤੀਰੋਧ ਦਾ ਜਜ਼ਬਾ ਭਰਨ ਲਈ ਪਲਾਨ ਤਿਆਰ ਕੀਤੀ। ਖਾਲਸੇ ਦੀ ਸਿਰਜਣਾ ਇਸ ਹੀ ਦਿਸ਼ਾ ਵਿਚ ਚੁਕਿਆ ਗਿਆ ਇਕ ਇਨਕਲਾਬੀ ਕਦਮ ਸੀ। ਪਹਿਲਾਂ ਹੀ ਤਹਿ ਕੀਤੇ ਪਲਾਨ ਅਨੁਸਾਰ ਗੁਰੂ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ (30 ਮਾਰਚ 1699) ਅਨੰਦਪੁਰ ਸਾਹਿਬ ਵਿਖੇ ਆਪਣੇ ਅਨੁਆਈਆਂ ਦਾ ਵਿਸ਼ਾਲ ਸੰਮੇਲਨ ਕੀਤਾ ਅਤੇ ਇਕ ਅਨੋਖੀ ਵਿਧੀ ਰਾਹੀਂ ਪੰਜ ਪਿਆਰੇ ਸਾਜੇ। ਇਹਨਾਂ ਪੰਜ ਪਿਆਰਿਆਂ ਵਿਚੋਂ ਤਿੰਨ ਦਲਿਤ (ਉਦੋਂ ਅਛੂਤ ਸੱਦੇ ਜਾਂਦੇ ਸਨ) ਸਨ, ਇਕ ਜਾਟ (ਉਦੋਂ ਵੈਸ਼) ਅਤੇ ਇਕ ਖਤਰੀ ਸੀ, ਭਾਵ ਪੰਜਾਂ ਵਿਚੋਂ ਚਾਰ ਛੋਟੀਆਂ ਜਾਤਾਂ ਵਿਚੋਂ ਸਨ। ਇਹਨਾਂ ਨੂੰ ਇਕ ਨਵਾਂ ਬਾਣਾ ਪਹਿਨਾ ਕੇ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਤੇ ਫਿਰ ਉਹਨਾਂ ਤੋਂ ਆਪ ਅੰਮ੍ਰਿਤ ਛਕਿਆ। ਇਸ ਤਰ੍ਹਾਂ ਪੰਜ ਪਿਆਰੇ ਅਤੇ ਗੁਰੂ ਸਾਹਿਬ ਪਹਿਲੇ ਛੇ ਖਾਲਸੇ ਸਜੇ ਸਨ ਅਤੇ ਇਹ ਸਿੰਘਾਂ ਵਜੋਂ ਜਾਣੇ ਜਾਣ ਲੱਗੇ। ਗੁਰੂ ਜੀ ਨੇ ਇਸ ਕਾਰਜ ਨਾਲ ਤੇ ਇਕ ਝਟਕੇ ਵਿਚ ਹੀ ਨਿਤਾਣਿਆਂ, ਨਿਓਟਿਆਂ, ਗਰੀਬਾਂ, ਦਲਿਤਾਂ, ਨੀਵਿਆਂ, ਨਿਥਾਵਿਆਂ ਦੀ ਅਥਾਹ ਸ਼ਕਤੀ ਦੀ ਪਛਾਣ ਕਰਦੇ ਹੋਏ, ਉਹਨਾਂ ਨੂੰ ਹਰ ਪੱਖੋਂ ਬਰਾਬਰੀ ਦਾ ਅਹਿਸਾਸ ਕਰਵਾ ਦਿੱਤਾ ਸੀ ਅਤੇ ਧਰਮ, ਨਸਲ, ਦੀਨ, ਖਿੱਤੇ ਆਦਿ ਦੇ ਵਿਤਕਰੇ ਖਤਮ ਕਰ ਦਿੱਤੇ ਸਨ। ਇਹ ਕਦਮ ਗੁਰੂ ਸਾਹਿਬ ਦੀ ਸ਼ਕਤੀ ਵਧਾਉਣ 'ਚ ਅਤੇ ਸ਼ਖਸੀਅਤ ਨੂੰ ਹਰਮਨ ਪਿਆਰੇ ਬਨਾਉਣ ਵਿਚ ਇਕ ਵੱਡਾ ਪੜੁਲ ਸਾਬਤ ਹੋਇਆ ਅਤੇ ਕਾਫੀ ਗਿਣਤੀ ਵਿਚ ਲੋਕ ਖਾਲਸਾ ਫੌਜ ਵਿਚ ਸ਼ਾਮਲ ਹੋ ਗਏ। ਉਹ ਲੁੱਟੇ ਜਾਂਦੇ ਤੇ ਦਬਾਏ ਹੋਏ ਜਨਸਮੂਹਾਂ ਦੇ ਨਿਰਵਿਵਾਦ ਆਗੂ ਬਣ ਗਏ ਅਤੇ ਉਹਨਾਂ ਦੇ ਸੱਦੇ 'ਤੇ ਉਹ ਆਪਣਾ ਸਭ ਕੁੱਝ ਨਿਛਾਵਰ ਕਰਨ ਲਈ ਤਿਆਰ ਸਨ। ਇਸ ਤੋਂ ਅਗਲਾ ਇਤਿਹਾਸ ਇਸ ਗੱਲ ਦੀ ਸ਼ਾਅਦੀ ਭਰਦਾ ਹੈ ਕਿ ਗੁਰੂ ਸਾਹਿਬ ਦੀ ਵਿਧੀ ਮੁਤਾਬਕ ਖਾਲਸਾ ਸਜੇ ਹੋਏ ਇਹ ਮਾਨਵ ਕਿਸ ਤਰ੍ਹਾਂ ਜ਼ੁਲਮ ਵਿਰੁੱਧ ਡਟੇ ਸਨ, ਜ਼ਾਲਮਾਂ ਨੂੰ ਭਾਜੜਾਂ ਵੀ ਪਾਈਆਂ ਸਨ, ਭਾਰੀ ਕੁਰਬਾਨੀਆਂ ਕੀਤੀਆਂ ਸਨ ਅਤੇ ਮਹੱਤਵਪੂਰਨ ਜਿੱਤਾਂ ਪ੍ਰਾਪਤ ਕਰਦੇ ਹੋਏ ਇਕ ਸ਼ਾਨਦਾਰ ਇਤਿਹਾਸ ਦੀ ਸਿਰਜਣਾ ਕੀਤੀ ਸੀ। ਇਸ ਲਈ ਹੀ ਤਾਂ ਇਹ ਇਕ ਵੱਡਾ ਇਨਕਲਾਬੀ ਕਾਰਜ ਹੋ ਨਿਬੜਿਆ ਜੋ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰੀ ਕੀਤਾ ਗਿਆ ਸੀ। ਸਾਰੇ ਧਰਮਾਂ ਵਿਚੋਂ ਸਵੈ-ਇਛਾ ਨਾਲ ਖਾਲਸਾ ਸੱਜੇ ਹੋਏ ਇਹਨਾਂ ਮਾਨਵਾਂ ਨੇ ਗੁਰੂ ਸਾਹਿਬ ਦੀ ਅਗਵਾਈ ਵਿਚ ਅਤੇ ਫਿਰ ਉਹਨਾਂ ਪਿਛੋਂ ਬੰਦਾ ਬਹਾਦਰ ਤੇ ਹੋਰਨਾਂ ਦੀ ਅਗਵਾਈ ਵਿਚ ਜਿਵੇਂ ਯੁੱਧ ਲੜੇ, ਜਿੱਤੇ ਅਤੇ ਬਹਾਦਰੀ ਦੇ ਕਾਰਨਾਮੇ ਕੀਤੇ, ਉਹ ਸਾਡੇ ਦੇਸ਼ ਦੇ ਇਤਿਹਾਸ ਵਿਚ ਭਰਪੂਰ ਸ਼ਲਾਘਾ ਨਾਲ ਦਰਜ ਹਨ। ਖਾਲਸੇ ਲਈ ਸਖਤ ਜ਼ਾਬਤਾ ਤਹਿ ਕੀਤਾ ਗਿਆ ਸੀ ਤਾਂ ਜੋ ਉਹ ਕਠਿਨ ਇਤਿਹਾਸਕ ਕਾਰਜ ਨੂੰ ਬਿਨਾਂ ਕਿਸੇ ਭਟਕਾਅ ਦੇ ਸਫਲਤਾ ਸਹਿਤ ਨਿਭਾਉਣ ਦੇ ਯੋਗ ਹੋ ਸਕਣ।

## ਇਕ ਦੂਰਦਰਸ਼ੀ ਅਤੇ ਮਾਡਲ ਰਹਿਬਰ

ਗੁਰੂ ਗੋਬਿੰਦ ਸਿੰਘ ਆਪਣੇ ਸਮੇਂ ਦੇ ਜਨਸਮੂਹਾਂ ਦੇ ਇਕ ਮਾਡਲ ਰਹਿਬਰ ਉਭਰ ਕੇ ਸਾਹਮਣੇ ਆਏ ਅਤੇ ਸਥਾਪਤ ਹੋ ਗਏ। ਅੱਜ ਵੀ, 300 ਸਾਲ ਬੀਤਣ ਪਿਛੋਂ ਵੀ ਉਹਨਾਂ ਦੇ ਅਨੁਆਈ ਉਹਨਾਂ ਦਾ ਭਾਰੀ ਸਤਿਕਾਰ ਕਰਦੇ ਹਨ। ਇਸ ਪਿੱਛੇ ਕੰਮ ਕਰਨ ਵਾਲੇ ਕਾਰਕਾਂ ਦੀ ਸੰਖੇਪ ਚਰਚਾ ਕਰਨੀ ਲਾਜ਼ਮੀ ਬਣਦੀ ਹੈ। ਉਹਨਾਂ ਦੀ ਕਹਿਣੀ ਤੇ ਕਰਨੀ ਵਿਚ ਪਾੜਾ ਨਹੀਂ ਸੀ, ਉਹਨਾਂ ਨੇ ਸਦਾ ਮੂਹਰੇ ਹੋ ਕੇ ਅਗਵਾਈ ਕੀਤੀ, ਸਮੂਹਿਕ ਫੈਸਲੇ ਲਏ ਅਤੇ ਆਪਣੇ ਆਪ ਨੂੰ ਖਾਲਸੇ ਦੇ ਬਰਾਬਰ ਪੇਸ਼ ਕੀਤਾ, ਉਹਨਾਂ ਤੋਂ ਵੱਖਰਾ, ਉੱਚਾ ਤੇ ਉਪਰ ਨਹੀਂ। ਉਹਨਾਂ ਨੇ ਲੀਡਰ/ਅਨੁਆਈ ਪਹੁੰਚ ਨੂੰ ਨਕਾਰਿਆ ਅਤੇ ਕਦੇ ਵੀ ਵਡਿਤਣ ਦਾ ਵਿਖਾਵਾ ਤੱਕ ਨਹੀਂ ਕੀਤਾ। ਜਨਸਮੂਹਾਂ ਦੇ ਕਿਸੇ ਮਹਾਨ ਰਹਿਬਰ ਦੇ ਹੀ ਇਹ ਸ਼ਬਦ ਹੋ ਸਕਦੇ ਹਨ :

ਜੇ ਹਮ ਕੋ ਪਰਮੇਸਰ ਉਚਰਿ ਹੈ।।
ਤੇ ਸਭ ਨਰਕਿ ਕੁੰਡ ਮਹਿ ਪਰਿ ਹੈ।।
ਮੋ ਕੋ ਦਾਸੁ ਤਵਨ ਕਾ ਜਾਨੋ।।
ਯਾ ਮੈ ਭੇਦੁ ਨਾ ਰੰਚ ਪਛਾਨੋ।।
ਮੈ ਹੋ ਪਰਮ ਪੁਰਖ ਕੋ ਦਾਸਾ।।
ਦੇਖਨਿ ਆਯੋ ਜਗਤ ਤਮਾਸਾ।।
('ਅਕਾਲ ਉਸਤਤਿ', ਦਸਮ ਗ੍ਰੰਥ, ਜਿਲਦ 1, ਸਫਾ 57)

ਆਪਣਾ ਸਮੁੱਚਾ ਪਰਵਾਰ ਪਿਤਾ, ਮਾਤਾ, ਚਾਰੇ ਬੇਟੇ ਸਚਾਈ ਤੇ ਇਨਸਾਫ ਦੀ ਪ੍ਰਾਪਤੀ ਲਈ ਅਤੇ ਅਤਿਆਚਾਰ ਵਿਰੁੱਧ ਲੜੀ ਜਾ ਰਹੀ ਲੜਾਈ ਵਿਚ ਖੁਸ਼ੀ ਖੁਸ਼ੀ ਵਾਰ ਦਿੱਤੇ ਤੇ ਰਤਾ ਭਰ ਵੀ ਡੋਲੇ ਨਹੀਂ। ਸਾਮੰਤਸ਼ਾਹੀ ਦੇ ਫੌਜੀ ਜਰਨੈਲਾਂ ਵਾਂਗ ਅਸਫਲਤਾ ਦਾ ਭਾਂਡਾ ਆਪਣੀ ਸੈਨਾ ਤੇ ਕਦੇ ਨਹੀਂ ਭੰਨਿਆ ਅਤੇ ਜਿੱਤ ਦਾ ਸਿਹਰਾ ਆਪਣੇ ਸਿਰ ਨਹੀਂ ਲਿਆ, ਸਗੋਂ ਹਰੇਕ ਤਰ੍ਹਾਂ ਦੀ ਸਫਲਤਾ ਦਾ ਸਿਹਰਾ ਆਪਣੇ ਅਨੁਆਈਆਂ ਤੇ ਸੈਨਕਾਂ ਦੇ ਸਿਰ ਬੰਨ੍ਹਿਆ। ਉਹਨਾਂ ਨੇ ਨਿੱਜੀ ਹਿੱਤਾਂ ਨੂੰ ਸਦਾ ਹੀ ਖਾਲਸੇ ਤੇ ਭਾਰਤੀ ਲੋਕਾਂ ਦੇ ਹਿੱਤਾਂ ਦੇ ਅਧੀਨ ਰੱਖਿਆ। ਕਿਸੇ ਰੁਤਬੇ ਲਈ ਨਹੀਂ ਭਟਕੇ, ਸਗੋਂ ਉਹ ਤਾਂ ਕੇਵਲ ਧਰਮ ਯੁੱਧ (ਸਚਾਈ ਦੀ ਸਥਾਪਤੀ ਦਾ ਯੁੱਧ) ਲਈ ਲੜੇ। 'ਅਵਰ ਬਾਸਨਾ ਨਾਹਿ, ਪ੍ਰਭ ਧਰਮਜੁਧ ਕੇ ਚਾਇ' ਉਹਨਾਂ ਦੇ ਸ਼ਬਦ ਸਨ ਤੇ ਉਹ ਉਮਰ ਭਰ ਇਸ ਕਾਰਜ ਲਈ ਜੂਝਦੇ ਰਹੇ। ਪਹਾੜੀ ਰਾਜਿਆਂ ਨੇ ਉਹਨਾਂ ਨੂੰ ਧੋਖਾ ਵੀ ਦਿੱਤਾ ਤੇ ਗੁਰੂ ਜੀ ਨੂੰ ਤੰਗ ਕੀਤਾ। ਐਪਰ ਜਦੋਂ ਪਹਾੜੀ ਰਾਜੇ ਉਹਨਾਂ ਕੋਲ ਮੁਗਲ ਫੌਜਾਂ ਵਿਰੁੱਧ ਲੜਨ ਦੀ ਇੱਛਾ ਲੈ ਕੇ ਬੇਨਤੀ ਕਰਨ ਆਏ, ਉਹਨਾਂ ਨੇ ਇਹਨਾਂ ਰਾਜਿਆਂ ਦੀ ਪੇਸ਼ਕਸ਼ ਸਵੀਕਾਰ ਕੀਤੀ ਤੇ ਮੁਗਲ ਫੌਜਾਂ ਵਿਰੁੱਧ ਸਾਂਝੇ ਤੌਰ 'ਤੇ ਲੜੇ। ਇਹ ਜਿੱਥੇ ਉਹਨਾਂ ਦੀ ਦੂਰਦਰਸ਼ਤਾ ਅਤੇ ਸੱਚੇ ਰਾਸ਼ਟਰਵਾਦੀ ਹੋਣ ਦਾ ਸਬੂਤ ਹੈ, ਉਥੇ ਉਹਨਾਂ ਦੀ ਇਕ ਸਫਲ ਯੁਧ ਲਈ ਲੋੜੀਂਦੀ ਕਤਾਰਬੰਦੀ ਬਾਰੇ ਦ੍ਰਿਸ਼ਟੀ ਦੇ ਸਪੱਸ਼ਟ ਹੋਣ ਦਾ ਵੀ ਪ੍ਰਗਟਾਵਾ ਹੈ। ਉਹ ਭਾਰਤੀ ਜਨਸਮੂਹਾਂ ਦੇ ਕਿਹੋ ਜਿਹੇ ਰਹਿਬਰ ਸਨ, ਇਹ ਇਸ ਤੋਂ ਸਪੱਸ਼ਟ ਹੁੰਦਾ ਹੈ :

'ਜੁਧ ਜਿਤੇ ਇਨ ਹੀ ਕੇ ਪ੍ਰਸਾਦਿ।।
ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ।।
ਅਘ ਅਉਘ ਟਰੈ ਇਨ ਹੀ ਕੇ ਪ੍ਰਸਾਦਿ।।
ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ।।
ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ।।
ਇਨ ਹੀ ਕੀ ਕ੍ਰਿਪਾ ਸਭ ਸ਼ੱਤਰੂ ਮਰੇ।।
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ।।
ਨਹੀਂ ਮੋ ਸੇ ਗਰੀਬ ਕਰੋਰ ਪਰੇ।।''
(ਦਸਮ ਗ੍ਰੰਥ, ਜਿਲਦ 1, ਸਫਾ 716)

ਉਹ ਆਪਣੇ ਖਾਲਸੇ ਨੂੰ ਕਿੰਨੀ ਅਹਿਮੀਅਤ ਦਿੰਦੇ ਸਨ ਤੇ ਕਿੰਨਾ ਭਰੋਸਾ ਸੀ ਲੋਕਾਂ ਵਿਚ :

''ਖਾਲਸਾ ਮੇਰੋ ਰੂਪ ਹੈ ਖਾਸ।।
ਖਾਲਸਾ ਮਹਿ ਹਊ ਕਰਊ ਨਿਵਾਸ।।
ਖਾਲਸਾ ਮੇਰੋ ਮੁਖ ਹੈ ਅੰਗਾ।।
ਖਾਲਸੇ ਕੇ ਹਉ ਸਦ ਸਦ ਸੰਗਾ।।''
('ਸਰਬ ਲੋਹ ਗ੍ਰੰਥ', ਸਫਾ 667)

ਐਪਰ ਅਚਾਰ-ਸੰਘਤਾ ਵਿਚ ਕੋਈ ਢਿੱਲ ਨਹੀਂ, ਕੋਈ ਛੋਟ ਨਹੀਂ, ਤਹਿ ਕੀਤੇ ਅਸੂਲ ਤੋੜਨ ਵਾਸਤੇ ਖਾਲਸੇ ਨੂੰ ਤਿਆਗ ਦੇਣਾ ਹੀ ਠੀਕ ਹੈ :

''ਜਬ ਲਗ ਖਾਲਸਾ ਰਹੇ ਨਿਆਰਾ।।
ਤਬ ਲਗ ਤੇਜ ਦੀਓ ਮੈ ਸਾਰਾ।।
ਜਬ ਇਹ ਗਹੈ ਬਿਪਰਨ ਕੀ ਰੀਤ।।
ਮੈਂ ਨਾ ਕਰੋ ਇਨ ਕੀ ਪਰਤੀਤ।।''
(ਸਰਬ ਲੋਹ ਗ੍ਰੰਥ)

ਅੱਤਿਆਚਾਰਾਂ ਵਿਰੁੱਧ ਅਤੇ ਸਚਾਈ ਤੇ ਇਨਸਾਫ ਲਈ ਲੜ ਰਹੇ ਜਨਸਮੂਹਾਂ ਦਾ ਇਹ ਨਿਰਵਿਵਾਦ ਰਹਿਬਰ, ਬਾਹਰਮੁਖੀ ਆਦਰਸ਼ਵਾਦੀ ਸੀ। ਉਨ੍ਹਾਂ ਦੀ ਰਾਜਨੀਤਕ ਸੂਝ ਵੀ ਤਿੱਖੀ ਸੀ। ਸਾਮੰਤਵਾਦ ਦੇ ਉਸ ਦੌਰ ਵਿਚ ਹਾਕਮ ਜਮਾਤਾਂ

ਬਾਕੀ ਸਫ਼ਾ 38 'ਤੇ



ਬੋਧ ਸਿੰਘ ਘੁੰਮਣ
+91-94635-17916



SHOP 24/7 @

# MILLWOODS SUZUKI.com

780-450-4500

ON THE AUTO ROW | 3403-93 ST. TOLL FREE 1-866-897-4500

Alberta Motor Vehicle Industry Council

BBB ACCREDITED BUSINESS






HAPPY NEW YEAR 2013

*Come and Check us out*

*Special huge sale on preowned vehicles.*

*Dr. Surinder Parmar and Mr. Jessy Prihar*

*And staff of Millwoods Suzuki.*

NEW WAY Stucco Ltd.

Quality work at reasonable rates.



We do Splash Dash Stucco and Acrylic. For free estimates call

(BALJIT) Ph. : (780)-708-1436, Fax : (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Moga Painting Company

Serving Since 1985

Experts in Interior & Exterior Paint



Residential & Commercial

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070



Sales Representative

Harinder Hundal
M.Sc. Eco, M.B.A

Residential | Commertial | Investment Properties

Home Life/United Realty Inc. Brokerage

*Independently Owned & Operated.*

*Higher Standards Agents... Higher Results™*

Cell: 647 818 6880
Bus: 905 672 1234
FAX: 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ
ਜਾਇਦਾਦ ਖਰੀਦਣ ਜਾਂ
ਵੇਚਣ ਲਈ ਇੱਕ ਭਰੋਸੇਮੰਦ ਨਾਂ

MLS REALTOR

50 SunnyVale Gate, Unit # 7,
Brampton, ON L6S OC4

ਮੁਲਾਕਾਤ Productions

ਟੀ. ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)

Charanjit Brar
Producer & Host
Ph: 647 300 8436
cbrar@rogers.com



ਸਫ਼ਾ 36 ਦੀ ਬਾਕੀ

ਇਹ ਤਾਬੜਤੋੜ ਪ੍ਰਚਾਰ ਕਰਦੀਆਂ ਸਨ ਕਿ ਰਾਜ-ਭਾਗ ਰੱਬ ਦੀ ਮਿਹਰ ਨਾਲ ਮਿਲਦਾ ਹੈ ਅਤੇ ਇਹ ਧੁਰੋਂ ਲਿਖਿਆ ਹੁੰਦਾ ਹੈ। ਆਮ ਲੋਕ ਇਸ ਫਰਾਡੀ ਪ੍ਰਚਾਰ ਦੀ ਲਪੇਟ ਵਿਚ ਵੀ ਆ ਜਾਂਦੇ ਸਨ। ਐਪਰ, ਗੁਰੂ ਸਾਹਿਬ ਨੇ ਇਸ ਸਾਜਸ਼ੀ ਧਾਰਨਾ ਨੂੰ ਨਕਾਰਦੇ ਹੋਏ ਅੱਜ ਤੋਂ 300 ਵਰ੍ਹੇ ਪਹਿਲਾਂ ਹੀ ਇਹ ਸਪੱਸ਼ਟ ਕਹਿ ਦਿੱਤਾ ਸੀ :

"ਕੋਊ ਕਿਸੀ ਕੋ ਰਾਜ ਨਾ ਦੈ ਹੈ॥
ਜੋ ਲੈ ਹੈ ਨਿਜ ਬਲ ਸਿਉ ਲੈ ਹੈ॥"

ਅਜੋਕੇ ਸਮਾਜ ਵਿਚ ਲੋਕਾਂ ਦੀ ਕਾਫੀ ਵੱਡੀ ਗਿਣਤੀ ਨੇ ਇਸ ਸੱਚ ਨੂੰ ਸਿਧਾਂਤ ਤੇ ਅਮਲ ਤੋਂ ਭਲੀ ਭਾਂਤ ਗ੍ਰਹਿਣ ਕਰ ਲਿਆ ਹੈ ਕਿ ਰਾਜ ਸੱਤਾ ਤਾਕਤ (ਜਨਸਮੂਹਾਂ ਦੇ ਪ੍ਰਤੀਰੋਧ ਦੇ ਰੂਪ ਵਿਚ) ਨਾਲ ਪ੍ਰਾਪਤ ਹੁੰਦੀ ਅਤੇ ਇਹ ਧੁਰੋਂ ਲਿਖੀ ਹੋਈ ਨਹੀਂ ਹੈ, ਪਰ ਤਿੰਨ ਸਦੀਆਂ ਪਹਿਲਾਂ ਅਜਿਹੀ ਸਮਝ ਰੱਖਣੀ ਤੇ ਇਕ ਗਲਤ ਧਾਰਨਾ ਨੂੰ ਨਕਾਰਨਾ ਗੁਰੂ ਜੀ ਦੀ ਦੂਰ ਦ੍ਰਿਸ਼ਟੀ ਤੇ ਇਨਕਲਾਬੀ ਸੂਝ ਦਾ ਪ੍ਰਤੀਕ ਹੈ। ਇਹਨਾਂ ਸੁਨਹਿਰੀ ਅਸੂਲਾਂ ਤੇ ਗੁਣਾ ਨੇ ਹੀ ਗੁਰੂ ਗੋਬਿੰਦ ਸਿੰਘ ਨੂੰ ਦੱਬੇ ਕੁਚਲੇ ਤੇ ਪੀੜਤ ਲੋਕਾਂ ਦਾ ਨਿਵੇਕਲਾ ਤੇ ਉਚਤਮ ਰਹਿਬਰ ਬਣਾਇਆ ਸੀ। ਉਹਨਾਂ ਦੀ ਪ੍ਰੇਰਨਾ, ਪਹੁੰਚ ਤੇ ਕ੍ਰਿਸ਼ਮਈ ਲੀਡਰਸ਼ਿਪ ਕਰਕੇ 'ਨੀਚਾਂ ਅੰਦਰ ਅਤਿ ਨੀਚ' ਸਮਝੇ ਜਾਂਦੇ ਮਾਨਵਾਂ ਨੇ ਯੁੱਧ ਵਿਚ ਇਸ ਤਰ੍ਹਾਂ ਦੇ ਕਾਰਨਾਮੇ ਕੀਤੇ ਜਿਹੜੇ ਸੰਸਾਰ ਇਤਿਹਾਸ ਵਿਚ ਵੱਡੇ ਵੱਡੇ ਯੋਧਿਆਂ ਨੇ ਕੀਤੇ ਸਨ।

## ਮੰਤਵ 'ਚ ਅਡੋਲ ਨਿਸ਼ਚੇ ਦਾ ਰੋਲ

ਸਿਧਾਂਤ ਅਤੇ ਕਾਜ਼ ਦੇ ਸਹੀ ਹੋਣ ਵਿਚ ਭਰੋਸਾ ਹੋਣ ਨਾਲ ਹੀ ਪ੍ਰਤੀਬੱਧਤਾ ਆਉਂਦੀ ਹੈ। ਜਿਸ ਮਾਤਰਾ ਵਿਚ ਕਿਸੇ ਵਿਅਕਤੀ ਦਾ ਆਪਣੇ ਕਾਜ਼ ਵਿਚ ਭਰੋਸਾ/ਨਿਸ਼ਚਾ ਹੋਵੇਗਾ ਉਸ ਦੇ ਸਿੱਧੇ ਅਨੁਪਾਤ ਵਿਚ ਹੀ ਉਸ ਦੀ ਆਪਣੇ ਕਾਜ਼ ਪ੍ਰਤੀ ਪ੍ਰਤੀਬੱਧਤਾ ਹੋਵੇਗੀ ਅਤੇ ਇਹ ਯਥਾਰਥ ਹੈ ਕਿ ਪ੍ਰਤੀਬੱਧਤਾ ਸਫਲਤਾ ਲਈ ਲੋੜੀਂਦੇ ਮੁੱਖ ਕਾਰਕਾਂ ਵਿਚੋਂ ਇਕ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਕਾਜ਼ ਦੇ ਸਹੀ ਹੋਣ ਅਤੇ ਦੱਬੇ ਕੁਚਲੇ ਲੋਕਾਂ ਦੀ ਸ਼ਕਤੀ ਤੇ ਪ੍ਰਤੀਬੱਧਤਾ ਵਿਚ ਬੇਓੜਕ ਭਰੋਸਾ ਸੀ। ਇਸ ਕਾਰਨ ਹੀ ਉਹਨਾਂ ਨੇ ਔਰੰਗਜੇਬ ਦੀ ਅਗਵਾਈ 'ਚ ਚਲ ਰਹੀ ਸਲਤਨਤ ਵਿਰੁੱਧ ਵਿਦਰੋਹ ਦਾ ਝੰਡਾ ਚੁਕਿਆ ਅਤੇ ਚਨੌਤੀ ਵੀ ਦਿੱਤੀ। 'ਜ਼ਫ਼ਰਨਾਮਾ' ਇਸ ਤੱਥ ਦੀ ਸ਼ਾਅਦੀ ਭਰਦਾ ਹੈ। ਕੋਈ ਨਿਸ਼ਠਾਵਾਨ ਹੀ ਸ਼ਕਤੀਸ਼ਾਲੀ ਮੁਗ਼ਲ ਸਲਤਨਤ ਦੇ ਸਮਰਾਟ ਨੂੰ ਵੰਗਾਰ ਕੇ ਇਹ ਆਖ ਸਕਣ ਦੀ ਹਿੰਮਤ ਰੱਖਦਾ ਹੈ ਕਿ ਮੈਂ ਤੇਰੇ ਪੈਰਾਂ ਹੇਠਾਂ ਐਸੀ ਅੱਗ ਰੱਖ ਦੇਵਾਂਗਾ ਕਿ ਤੈਨੂੰ ਪੰਜਾਬ ਦਾ ਪਾਣੀ ਪੀਣਾ ਨਸੀਬ ਨਹੀਂ ਹੋਵੇਗਾ। ਗੁਰੂ ਜੀ ਦਾ ਦੇਸ਼ ਭਗਤੀ ਦਾ ਇਕ 'ਸ਼ਬਦ' ਜੋ ਭਾਰਤ ਦੇ ਜਨਸਮੂਹਾਂ ਵਿਚ ਬਹੁਤ ਹੀ ਹਰਮਨ ਪਿਆਰਾ ਹੈ ਅਤੇ ਘੋਰ ਸੰਕਟ ਦੇ ਦੌਰਾਨ ਵੀ ਆਪਣੇ ਕਾਜ਼ ਦੀ ਜਿੱਤ ਹੋਣ ਦੇ ਨਿਸ਼ਚੇ ਦਾ ਪ੍ਰਤੀਕ ਹੈ, ਇਸ ਤਰ੍ਹਾਂ ਹੈ :

ਦੇਹ ਸ਼ਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ॥
ਨਾ ਡਰੋਂ ਅਰਿ ਸੋਂ ਜਬ ਜਾਇ ਲੁਰੋਂ
ਨਿਸਚੈ ਕਰ ਅਪਨੀ ਜੀਤ ਕਰੋਂ॥
ਅਰੁ ਸਿੱਖ ਹੋਂ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਧਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥

(ਹੇ ਸ਼ਿਵਾ ! ਮੈਨੂੰ ਇਹ ਵਰ ਦੇਵੋ ਕਿ ਮੈਂ ਸ਼ੁਭ ਕਾਰਜ (ਸਚਾਈ) ਦੇ ਮਾਰਗ ਤੋਂ ਕਦੇ ਵੀ ਨਾ ਭਟਕਾਂ, ਮੈਂ ਵੈਰੀ ਤੋਂ ਕਦੇ ਵੀ ਨਾ ਡਰਾਂ; ਜਦੋਂ ਮੈਂ ਯੁਧ ਵਿਚ ਜਾਵਾਂ ਤਾਂ ਪੂਰਨ ਨਿਸ਼ਚੇ ਕਰਕੇ ਜਿੱਤ ਪ੍ਰਾਪਤ ਕਰਾਂ; ਮੇਰੀ ਜਮੀਰ ਸਦਾ ਮੇਰੀ ਅਗਵਾਈ ਕਰਦੀ ਰਹੇ, ਮੇਰੀ ਚਾਹ ਹੈ ਕਿ ਮੈਂ ਸਦਾ ਹੀ ਤੇਰੀ (ਕਾਲੀਆਂ ਤਾਕਤਾਂ ਦਾ ਨਾਸ਼ ਕਰਨ ਵਾਲੇ ਸ਼ਿਵ ਦੀ) ਉਸਤਤੀ ਕਰਾਂ ਅਤੇ ਕਾਜ਼ ਲਈ ਯੁਧ ਕਰਦਿਆਂ ਜਦੋਂ ਮੇਰਾ ਆਖਰੀ ਸਮਾਂ ਆਵੇ ਤਾਂ ਮੈਂ ਬਦੀ ਵਿਰੁੱਧ ਮੈਦਾਨੇ ਜੰਗ ਵਿਚ ਬਹਾਦਰੀ ਨਾਲ ਲੜਦਾ ਹੋਇਆ ਆਪਣੇ ਸਵਾਸ ਤਿਆਗਾਂ।)

('ਚੰਡੀ ਚਰਿੱਤਰ' ਦੀ ਅੰਤਿਕਾ,
ਦਸਮ ਗ੍ਰੰਥ ਜਿਲਦ 1, ਸਫਾ 99)

## ਧਰਮ ਨਿਰਪੱਖ ਤੇ ਮਾਨਵਵਾਦੀ ਪਹੁੰਚ ਦੇ ਧਾਰਨੀ

ਕੁੱਝ ਅਚੇਤ ਜਾਂ ਫਿਰਕਾਪ੍ਰਸਤ ਅੰਸਰ ਗੁਰੂ ਜੀ ਨੂੰ ਮੁਸਲਮਾਨਾਂ ਵਿਰੁੱਧ ਯੁੱਧ ਕਰਨ ਵਾਲੇ ਵਿਅਕਤੀ ਵਜੋਂ ਦੱਸਦੇ ਹਨ ਅਤੇ ਇੱਥੋਂ ਤੱਕ ਕਹਿੰਦੇ ਹਨ ਕਿ ਉਹਨਾਂ ਨੇ ਖਾਲਸੇ ਦੀ ਸਿਰਜਣਾ ਕੇਵਲ ਮੁਸਲਮਾਨਾਂ ਵਿਰੁੱਧ ਯੁੱਧ ਕਰਨ ਲਈ ਹੀ ਕੀਤੀ ਸੀ। ਇਹ ਸਰਾਸਰ ਝੂਠ ਹੈ, ਗਲਤ ਹੈ ਤੇ ਗੁਰੂ ਸਾਹਿਬ ਦੀ ਸਖਸ਼ੀਅਤ ਨੂੰ ਘਟਾਉਣ ਵਾਲੀ ਧਾਰਨਾ ਹੈ। ਇਤਿਹਾਸਕ ਤੱਥਾਂ 'ਤੇ ਮਾਮੂਲੀ ਝਾਤ ਮਾਰਨ 'ਤੇ ਹੀ ਗੁਰੂ ਸਾਹਿਬ ਦੀ ਧਰਮ ਨਿਰਪੱਖ ਤੇ ਮਾਨਵਵਾਦੀ ਪਹੁੰਚ ਲਟ ਲਟ ਬਲ ਰਹੀ ਜੋਤ ਵਾਂਗ ਵਿਖਾਈ ਦੇਣ ਲੱਗ ਪੈਂਦੀ ਹੈ। ਉਹਨਾਂ ਦੀ ਕਿਸੇ ਵੀ ਧਰਮ ਪ੍ਰਤੀ ਵਿਤਕਰੇ ਵਾਲੀ ਕੋਈ ਪਹੁੰਚ ਨਹੀਂ ਸੀ ਅਤੇ ਉਹਨਾਂ ਔਰੰਗਜੇਬ ਤੇ ਮੁਗਲ ਫੌਜਾਂ ਵਿਰੁੱਧ ਲੜਾਈ ਮੁਸਲਮਾਨ ਵਿਰੋਧ ਕਰਕੇ ਨਹੀਂ ਦਿੱਤੀ ਸਗੋਂ ਆਜ਼ਾਦੀ, ਇਨਸਾਫ ਤੇ ਜਮਹੂਰੀਅਤ ਦੀ ਪ੍ਰਾਪਤੀ ਲਈ ਧਰਮ ਯੁੱਧ ਲੜਿਆ ਸੀ। ਉਹਨਾਂ ਨੇ ਮੰਦਰ ਤੇ ਮਸਜਿਦ ਨੂੰ ਇਕੋ ਹੀ ਕਿਹਾ ਅਤੇ 'ਮਾਨਸ ਕੀ ਜਾਤ ਸਭੈ ਏਕੈ ਪਹਚਾਨਬੋ' ਦਾ ਸਿਧਾਂਤ ਤੇ ਪਹੁੰਚ ਪ੍ਰਚਾਰੀ ਅਤੇ ਇਸ ਨੂੰ ਜੀਵਨ ਭਰ ਅਮਲ ਵਿਚ ਪੂਰੀ ਤਰ੍ਹਾਂ ਲਾਗੂ ਕੀਤਾ।

ਉਹਨਾਂ ਦੇ ਅਨੁਆਈਆਂ ਤੇ ਸ਼ਰਧਾਲੂਆਂ ਵਿਚ ਸਈਅਦ ਭੀਖਮ ਸ਼ਾਹ ਸਮੇਤ ਕਾਫੀ ਗਿਣਤੀ 'ਚ ਮੁਸਲਮਾਨ ਵੀ ਸ਼ਾਮਲ ਸਨ। ਬਹੁਤ ਸਾਰੇ ਪਠਾਨ ਸਿਪਾਹੀ ਉਨ੍ਹਾਂ ਦੀ ਫੌਜ ਵਿਚ ਸ਼ਾਮਲ ਸਨ ਤੇ ਸਾਮੰਤਸ਼ਾਹੀ ਦੇ ਜ਼ੁਲਮਾਂ ਵਿਰੁੱਧ ਲੜੇ।

ਪੀਰ ਬਦਰੂ-ਉਦ-ਦੀਨ ਜੋ ਆਮ ਕਰਕੇ ਪੀਰ ਬੁਧੂ ਸ਼ਾਹ ਕਰਕੇ ਜਾਣੇ ਜਾਂਦੇ ਹਨ, ਆਪਣੇ ਪੁਤਰਾਂ ਤੇ 700 ਅਨੁਆਈਆਂ ਸਮੇਤ 1686 ਦੇ ਭੰਗਾਨੀ ਯੁਧ ਵਿਚ ਗੁਰੂ ਜੀ ਦੀ ਮਦਦ ਵਿਚ ਲੜੇ ਸਨ ਅਤੇ ਉਹਨਾਂ ਦੇ ਪੁੱਤਰ ਗੁਰੂ ਜੀ ਦੀ ਸੈਨਾ ਵਿਚ ਲੜਦੇ ਹੋਏ ਸ਼ਹੀਦ ਹੋ ਗਏ ਸਨ। ਪੀਰ ਬੁੱਧੂ ਸ਼ਾਹ ਨੂੰ ਸੂਬਾ ਸਰਹੰਦ ਵਜੀਰਖਾਨ ਨੇ ਗੁਰੂ ਜੀ ਦੀ ਮਦਦ ਕਰਨ ਦੇ ਦੋਸ਼ 'ਚ ਫਾਹੇ ਲਾ ਦਿੱਤਾ ਸੀ।

ਚਮਕੌਰ ਵਿਖੇ ਗੁਰੂ ਸਾਹਿਬ ਜਦੋਂ ਮੁਗਲ ਫੌਜਾਂ ਦੇ ਘੇਰੇ ਵਿਚ ਆ ਗਏ ਸਨ ਤਾਂ ਉਥੋਂ ਦੇ ਕੁਝ ਮੁਸਲਮਾਨ ਪਰਵਾਰਾਂ ਨੇ ਵੱਡਾ ਖਤਰਾ ਸਹੇੜ ਕੇ ਗੁਰੂ ਸਾਹਿਬ ਦੀ ਘੇਰੇ 'ਚੋਂ ਬਾਹਰ ਨਿਕਲਨ 'ਚ ਮਦਦ ਕੀਤੀ ਸੀ।

ਦੋ ਪਠਾਨਾਂ - ਨਬੀ ਖਾਨ ਤੇ ਗਨੀ ਖਾਨ ਨੇ ਗੁਰੂ ਜੀ ਨੂੰ ਮੁਗਲ ਫੌਜਾਂ ਕੋਲੋਂ ਫੜੇ ਜਾਣ ਤੋਂ ਬਚਾਅ ਕੇ ਸੁਰੱਖਿਅਤ ਬਾਹਰ ਕੱਢ ਦਿੱਤਾ ਸੀ ਅਤੇ ਪਾਲਕੀ ਵਿਚ ਬਿਠਾ ਕੇ ਅਤੇ ਉੱਚ ਦਾ ਪੀਰ ਦੱਸਦੇ ਹੋਏ ਸਰਸਾ ਵਿਖੇ ਸੁਰੱਖਿਅਤ ਪਹੁੰਚਾ ਆਏ ਸਨ।

ਗੁਰੂ ਗੋਬਿੰਦ ਸਿੰਘ ਨੇ ਆਪਣੀ ਪ੍ਰਸਿੱਧ ਤੇ ਮਹਾਨ ਕ੍ਰਿਤ 'ਜ਼ਫ਼ਰਨਾਮਾ' (ਫ਼ਤਹਿ ਦਾ ਖ਼ਤ) ਦੀ ਰਚਨਾ ਫਾਰਸੀ ਦੇ ਅਧਿਆਪਕ ਇਕ ਮੁਸਲਮਾਨ, ਪੀਰ ਮੁਹੰਮਦ ਦੇ ਨਿਵਾਸ ਸਥਾਨ 'ਤੇ ਹੀ ਪਿੰਡ ਦੀਨਾ ਕਾਂਗੜ ਵਿਖੇ ਕੀਤੀ ਸੀ।

ਬਹਾਦਰ ਸ਼ਾਹ ਨਾਲ ਦੋਸਤਾਨਾ ਸਬੰਧ ਵੀ ਗੁਰੂ ਜੀ ਦੀ ਧਰਮ ਨਿਰਪੱਖਤਾ ਦਾ ਇਕ ਵੱਡਾ ਸਬੂਤ ਹੈ।

ਗੁਰੂ ਜੀ ਦੀਆਂ ਫੌਜਾਂ 'ਤੇ ਜਿਹੜਾ ਹਮਲਾ ਮੁਗਲ ਫੌਜ ਨੇ ਸਈਅਦ ਖਾਨ ਦੀ ਅਗਵਾਈ 'ਚ ਕੀਤਾ ਸੀ, ਉਸ ਦਾ ਟਾਕਰਾ ਕਰਨ ਲਈ ਖਾਲਸਾ ਫੌਜ ਦੀ ਅਗਵਾਈ ਸਈਅਦ ਬੇਗ ਅਤੇ ਮੈਮੂਨ ਖਾਨ ਨਾਂਅ ਦੇ ਦੋ ਮੁਸਲਮਾਨ ਜਰਨੈਲਾਂ ਨੇ ਕੀਤੀ ਸੀ।

## ਸਾਹਿਤ ਦੇ ਰੋਲ ਦੇ ਪਾਰਖੂ ਤੇ ਉੱਚ ਕੋਟੀ ਦੇ ਕਵੀ

ਗੁਰੂ ਗੋਬਿੰਦ ਸਿੰਘ ਜੀ ਸਾਹਿਤ ਪ੍ਰੇਮੀ ਤੇ ਪਾਰਖੂ ਸਨ ਅਤੇ ਖੁਦ ਵੀ ਉੱਚ ਕੋਟੀ ਦੇ ਕਵੀ ਸਨ। ਉਹਨਾਂ ਦੇ ਦਰਬਾਰ ਵਿਚ ਮੁਸਲਮਾਨਾਂ ਸਮੇਤ 52 ਕਵੀ ਸਨ ਅਤੇ ਢਾਡੀ ਵੀ, ਜਿਹੜੇ ਦਰਬਾਰ ਅਤੇ ਸੰਮੇਲਨਾਂ ਵਿਚ ਆਪਣੀਆਂ ਰਚਨਾਵਾਂ ਸੁਣਾ ਕੇ ਸਰੋਤਿਆਂ ਨੂੰ ਦੇਸ਼ ਭਗਤੀ ਅਤੇ ਸਚਾਈ ਦੀ ਜਿੱਤ ਲਈ ਜੂਝਣ ਵਾਸਤੇ ਪ੍ਰੇਰਤ ਕਰਦੇ ਸਨ। ਇਹ ਗੱਲ ਵਿਸ਼ੇਸ਼ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਸਾਹਿਤ ਦੇ ਰੋਲ ਨੂੰ ਬਹੁਤ ਹੀ ਚੰਗੀ ਤਰ੍ਹਾਂ ਪਛਾਣਿਆ ਸੀ। ਇਸ ਕਰਕੇ ਹੀ ਉਹ ਕਵੀਆਂ ਨੂੰ ਨਿਵਾਜਦੇ ਤੇ ਉਹਨਾਂ ਨੂੰ ਮੁੱਖ ਤੌਰ 'ਤੇ ਬੀਰ ਰਸੀ ਸਾਹਿਤ ਸਿਰਜਣ ਲਈ ਪ੍ਰੇਰਦੇ। ਭਾਰਤ ਦੇ ਪ੍ਰਾਚੀਨ ਸਾਹਿਤ ਦੀਆਂ ਇਤਿਹਾਸਕ ਤੇ ਮਿੱਥਹਾਸਕ ਬੀਰ ਰਸੀ ਰਚਨਾਵਾਂ, ਕਥਾਵਾਂ ਦਾ ਲੋਕ ਬੋਲੀ ਵਿਚ ਸੰਖੇਪ ਅਨੁਵਾਦ ਕਰਵਾ ਕੇ ਬਹਾਦਰੀ ਤੇ ਕੁਰਬਾਨੀ ਲਈ ਪ੍ਰੇਰਨ ਵਾਸਤੇ ਆਪਣੇ ਸੈਨਿਕਾਂ ਨੂੰ ਸੁਣਾਉਂਦੇ ਸਨ, ਵਿਸ਼ੇਸ਼ ਕਰਕੇ ਉਹ ਰਚਨਾਵਾਂ ਜਿਨ੍ਹਾਂ ਵਿਚ ਨੇਕੀ ਦੀ ਬੁਰਾਈ ਉਪਰ ਜਿੱਤ ਦਰਸਾਈ ਹੁੰਦੀ ਸੀ। ਉਹ ਸਾਹਿਤ ਨੂੰ ਲੋਕ ਰਾਏ ਬਨਾਉਣ ਦੇ ਹਥਿਆਰ ਵਜੋਂ ਬਾਖ਼ੂਬੀ ਵਰਤਦੇ ਸਨ। ਢਾਡੀ ਬੀਰ ਰਸੀ ਵਾਰਾਂ ਗਾਉਂਦੇ ਸਨ। ਦਰਬਾਰ ਵਿਚ ਹਿੰਦੀ, ਬ੍ਰਜ ਭਾਸ਼ਾ, ਸੰਸਕ੍ਰਿਤ ਤੇ ਫਾਰਸੀ ਦੇ ਵਿਦਵਾਨ ਮੌਜੂਦ ਰਹਿੰਦੇ ਸਨ। ਉਹਨਾਂ ਨੇ ਬਹੁਤ ਸਾਰਾ ਪੁਰਾਣਿਕ ਤੇ ਕਲਾਸੀਕਲ ਸਾਹਿਤ ਆਪਣੇ ਵਿਦਵਾਨਾਂ ਤੋਂ ਉਲਥਾ ਵੀ ਕਰਵਾਇਆ। ਇਸ ਦਿਸ਼ਾ ਵਿਚ ਹੀ ਉਹਨਾਂ ਨੇ ਰਮਾਇਣ, ਮਹਾਂਭਾਰਤ ਵਰਗੇ ਮਹਾਂਕਾਵਿ ਦੀਆਂ ਕਥਾਵਾਂ, ਚਾਨਕੀਆ ਰਾਜਨੀਤੀ, ਗੀਤਾ ਆਦਿ ਦਾ ਸੰਸਕ੍ਰਿਤ ਤੋਂ 'ਦੇਸ਼ ਭਾਖਾ' ਵਿਚ ਸੰਖੇਪ ਰੂਪ 'ਚ ਉਲਥਾ ਕਰਵਾਇਆ ਸੀ। ਉਹਨਾਂ ਦੀਆਂ ਆਪਣੀਆਂ ਰਚਨਾਵਾਂ ਵਿਚ 'ਜਾਪੁ ਸਾਹਿਬ', 'ਅਕਾਲ ਉਸਤਤਿ', 'ਸ਼ਬਦ ਹਜ਼ਾਰੇ', '33 ਸਵਈਏ', 'ਚੰਡੀ ਚਰਿੱਤਰ', 'ਚੰਡੀ ਦੀ ਵਾਰ' ਅਤੇ 'ਜ਼ਫ਼ਰਨਾਮਾ' ਸ਼ਾਮਲ ਹਨ। ਉਹਨਾਂ ਨੇ ਆਪਣੇ 5 ਸਿੱਖ

ਵਿਦਵਾਨ ਸੰਸਕ੍ਰਿਤ ਸਿੱਖਣ ਲਈ ਤੇ ਅਧਿਆਨ ਕਰਨ ਲਈ ਕਾਸ਼ੀ (ਵਾਰਾਨਸੀ) ਵੀ ਭੇਜੇ ਤਾਂ ਜੋ ਪੁਰਾਣਿਕ ਸਾਹਿਤ ਤੇ ਵੇਦਾਂਤਕ ਫਿਲਾਸਫੀ ਬਾਰੇ ਗਿਆਨ ਹਾਸਲ ਕੀਤਾ ਜਾਵੇ। ਇਹਨਾਂ ਪੰਜਾਂ ਵਿਦਵਾਨਾਂ ਨੇ, ਜੋ ਮਗਰੋਂ ਨਿਰਮਲੇ ਜਾਣੇ ਜਾਣ ਲੱਗੇ ਸਨ, ਸੰਸਕ੍ਰਿਤ ਪੜਾਉਣ ਦਾ ਕੰਮ ਕੀਤਾ ਤੇ ਸਾਹਿਤ ਰਚਨਾ ਵੀ ਕੀਤੀ।

## ਇਨਕਲਾਬੀ ਵਿਰਸੇ ਦੀ ਵਿਰਾਸਤ ਦਾ ਸਵਾਲ

ਮਨੁੱਖ ਜਾਤੀ ਦਾ ਸਮੁੱਚਾ ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਹਰ ਦੌਰ ਵਿਚ ਸੱਚ ਤੇ ਝੂਠ, ਚਾਨਣ ਤੇ ਹਨੇਰ ਅਤੇ ਅਗਾਂਹ ਵਧੂ ਸ਼ਕਤੀਆਂ ਤੇ ਪਿਛਾਖੜ ਦੀਆਂ ਕਾਲੀਆਂ ਤਾਕਤਾਂ ਦੀ ਟੱਕਰ ਰਹੀ ਹੈ। ਅਗਾਂਹਵਧੂ ਸ਼ਕਤੀਆਂ ਸਮਾਜਕ ਵਿਕਾਸ ਦੇ ਪਹੀਏ ਨੂੰ ਅੱਗੇ ਵੱਲ ਨੂੰ ਗੇੜਾ ਦੇਣ ਲਈ ਸੰਘਰਸ਼ਸ਼ੀਲ ਰਹੀਆਂ ਹਨ ਅਤੇ ਉਹਨਾਂ ਦੇ ਯਤਨਾਂ ਵਿਚ ਸਦਾ ਹੀ ਜਮਹੂਰੀਅਤ ਤੇ ਸਾਂਝੀਵਾਲਤਾ ਦਾ ਅੰਸ਼ ਰਿਹਾ ਹੈ। ਅਜਿਹੀਆਂ ਸ਼ਕਤੀਆਂ ਦਾ ਵਿਰਸਾ ਸਨਮਾਨਯੋਗ ਤੇ ਲੋਕ ਹਿਤਕਾਰੀ ਹੁੰਦਾ ਹੈ ਅਤੇ ਆਉਣ ਵਾਲੇ ਦੌਰ ਦੀਆਂ ਹਾਂ-ਪੱਖੀ ਸ਼ਕਤੀਆਂ ਲਈ ਲਾਜ਼ਮੀ ਹੈ ਕਿ ਉਹ ਇਸ ਸ਼ਾਨਦਾਰ ਮਾਨਵਵਾਦੀ ਵਿਰਸੇ ਦੀ ਵਿਰਾਸਤ ਸਾਂਭਣ। ਅਗਾਂਹਵਧੂ ਜਮਾਤਾਂ ਦਾ ਸਬੰਧ ਹਰ ਇਕ ਮਹੱਤਵਪੂਰਨ ਸਵਾਲ ਨਾਲ ਹੁੰਦਾ ਹੈ, ਨਾ ਸਿਰਫ ਵਰਤਮਾਨ ਤੇ ਭਵਿੱਖ ਦੇ ਸਵਾਲਾਂ ਨਾਲ ਸਗੋਂ ਆਪਣੇ ਲੋਕਾਂ ਦੇ ਵਿਰਸੇ ਦੇ ਸਵਾਲ ਨਾਲ ਵੀ। ਇਸ ਲਈ ਉਹਨਾਂ ਨੂੰ ਇਸ ਕਾਰਜ ਲਈ ਜਨਸਮੂਹਾਂ ਦੀ ਸਮਝ ਵਿਚ ਆਉਣ ਵਾਲਾ ਸਪੱਸ਼ਟ ਤੇ ਜ਼ੋਰਦਾਰ ਵਿਚਾਰਧਾਰਕ ਸੰਘਰਸ਼ ਚਲਾਉਣ ਦੀ ਲੋੜ ਪੈਂਦੀ ਰਹੀ ਹੈ ਅਤੇ ਸਦਾ ਪੈਂਦੀ ਰਹੇਗੀ ਤਾਂ ਜੋ ਉਹ ਜਨ ਸਮੂਹਾਂ ਨੂੰ ਦੱਸ ਸਕਣ ਕਿ ਕੇਵਲ ਉਹ ਹੀ ਇਨਕਲਾਬੀ ਇਤਿਹਾਸਕ ਵਿਰਸੇ ਦੀ ਵੇਲ ਵਧਾਉਣ ਵਾਲੇ ਹਨ। ਇਹ ਵੀ ਇਤਿਹਾਸਕ ਤੱਥ ਹੈ ਕਿ ਹਰ ਦੌਰ ਵਿਚ ਸਮਾਂ ਵਿਹਾਜ ਚੁਕੀਆਂ ਤੇ ਪਿਛਾਖੜ ਦੀਆਂ ਸ਼ਕਤੀਆਂ ਵੀ ਆਪਣੀ ਲੱਛੇਦਾਰ ਭਾਸ਼ਨਬਾਜ਼ੀ, ਧੋਖੇ ਤੇ ਫਰੇਬ ਦੀਆਂ ਚਾਲਾਂ ਨਾਲ ਇਸ ਦਿਸ਼ਾ ਵਿਚ ਜ਼ੋਰਦਾਰ ਯਤਨ ਕਰਦੀਆਂ ਰਹੀਆਂ ਹਨ ਕਿ ਸਬੰਧਤ ਦੇਸ਼ ਵਿਚ ਜੋ ਵੀ ਮਹਾਨ ਤੇ ਮਾਣਯੋਗ ਹੈ, ਉਹ ਇਹਨਾਂ ਦੀ ਵਿਰਾਸਤ ਹੈ। ਇਸ ਤਰ੍ਹਾਂ ਲੋਕਾਂ ਦੇ ਵਿਰਸੇ ਦੇ ਸਵਾਲ ਤੇ ਇਨਕਲਾਬੀ ਅਤੇ ਪਿਛਾਖੜੀ ਜਮਾਤਾਂ ਦਰਮਿਆਨ ਵਿਚਾਰਧਾਰਕ ਸੰਘਰਸ਼ ਹੁੰਦਾ ਰਿਹਾ ਹੈ ਅਤੇ ਇਸ ਵਿਚ ਜੇਤੂ ਧਿਰ ਜਨਸਮੂਹਾਂ ਨੂੰ ਆਪਣੇ ਪੱਖ ਵਿਚ ਕਰਨ ਦੇ ਸਵਾਲ 'ਤੇ ਬਿਹਤਰ ਪੁਜੀਸ਼ਨ 'ਚ ਆ ਜਾਂਦੀ ਰਹੀ ਹੈ। 'ਮਹਾਂਭਾਰਤ' 'ਚ ਨਿਆਂ ਅਤੇ ਅਨਿਆਂ ਦੇ ਯੁੱਧ ਵਿਚ ਨਿਆਂ ਦੇ ਪੱਖ ਵਿਚ ਭੁਗਤਣ ਵਾਲੇ ਯੋਧਿਆਂ ਦੀ ਵਿਰਾਸਤ 'ਤੇ ਬੀ.ਜੇ.ਪੀ. ਵੱਡਾ ਦਾਅਵਾ ਕਰਦੀ ਹੈ ਅਤੇ ਪੰਜਾਬ ਦੇ ਸ਼ਾਨਦਾਰ ਪੁਰਾਤਨ ਵਿਰਸੇ ਦੇ ਨਾਇਕਾਂ; ਗਦਰੀ ਬਾਬਿਆਂ, ਭਗਤ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਰਾਸਤ ਦੇ ਵਾਰਸ ਬਣਨ ਲਈ ਅਕਾਲੀ ਦਲ ਕੋਈ ਕਸਰ ਬਾਕੀ ਨਹੀਂ ਰਹਿਣ ਦਿੰਦਾ। ਜਦੋਂਕਿ ਹਕੀਕਤ ਇਹ ਹੈ ਕਿ ਲੋਕਾਂ ਦੇ ਸ਼ਾਨਦਾਰ ਇਤਿਹਾਸਕ ਵਿਰਸੇ ਦੇ ਹਕੀਕੀ ਵਾਰਸ ਬਣਨ ਲਈ ਸਪੱਸ਼ਟ ਤੇ ਜ਼ੋਰਦਾਰ ਵਿਚਾਰਧਾਰਕ ਸੰਘਰਸ਼ ਚਲਾਉਣਾ ਹੋਵੇਗਾ ਅਤੇ ਸੰਘਰਸ਼ ਦੇ ਇਸ ਰੂਪ ਤੇ ਖੇਤਰ ਵਿਚ ਵੀ ਅਜੋਕੇ 'ਕੌਰਵਾਂ', 'ਮੁਗਲਾਂ' ਅਤੇ 'ਮਲਕ ਭਾਗੋਆਂ' ਨੂੰ ਮਾਤ ਦੇਣੀ ਹੋਵੇਗੀ। ਗੁਰੂ ਜੀ ਦੀ ਇਨਕਲਾਬੀ ਵਿਰਾਸਤ; ਸੱਚ ਦੇ ਮਾਰਗ 'ਤੇ ਚੱਲਣ ਵਾਲਿਆਂ ਲਈ, ਸਮਾਂ ਵਿਹਾਜ ਚੁਕੀਆਂ ਸ਼ਕਤੀਆਂ ਵਿਰੁੱਧ ਫੈਸਲਾਕੁੰਨ ਯੁਧ ਲੜਨ ਵਾਲਿਆਂ ਲਈ ਅਤੇ ਆਪਣੇ ਕਾਜ਼ ਵਿਚ ਪੂਰਨ ਨਿਸ਼ਚਾ ਰੱਖਣ ਵਾਲਿਆਂ ਪ੍ਰਤੀਬੱਧ ਤੱਤਾਂ ਲਈ ਮਾਰਗ ਦਰਸ਼ਕ ਦਾ ਕੰਮ ਦਿੰਦੀ ਰਹੇਗੀ।

ਜਿੱਤਣ ਲਈ ਜੀਵਨ ਅਰਪਨ ਕਰਨ ਦੀ ਲੋੜ ਹੁੰਦੀ ਹੈ ਅਤੇ ਜੀਵਨ ਅਰਪਨ ਕਰਨ ਅਤੇ ਕਾਜ਼ ਲਈ ਮਰ ਮਿਟਣ ਲਈ ਤਿਆਰ ਹੋਣ ਲਈ ਆਪਣੇ ਮੰਤਵ ਵਿਚ ਅਤੁੱਟ ਨਿਸ਼ਚੇ ਦੀ ਲੋੜ ਲਾਜ਼ਮੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਸੱਚ ਦੇ ਮਾਰਗ 'ਤੇ ਚੱਲਣ ਲਈ ਦ੍ਰਿੜਤਾ ਅਤੇ ਸੱਚ ਲਈ ਲੜੇ ਜਾ ਰਹੇ ਯੁੱਧ ਵਿਚ ਜਿੱਤ ਲਈ ਨਿਸ਼ਚੇ ਦੀ ਵਿਰਾਸਤ, ਲੋਕ ਜਮਹੂਰੀਅਤ ਤੇ ਸਮਾਜਵਾਦ ਲਈ ਲੜ ਰਹੀ ਲੋਕਾਈ ਲਈ ਬਹੁਤ ਮਦਦਗਾਰ ਹੋ ਸਕਦੀਆਂ ਹਨ। ਗੁਰੂ ਜੀ ਦੀ ਇਨਕਲਾਬੀ ਵਿਰਾਸਤ, ਮੌਜੂਦਾ ਭਾਰਤੀ ਸਮਾਜ ਵਿਚ, ਲੋਕ ਜਮਹੂਰੀ ਮੋਰਚੇ ਵਿਚ ਸ਼ਾਮਲ ਲੋਕਾਈ ਦੀ ਵਿਰਾਸਤ ਹੈ। ਅੱਜ ਦੇ ਭਾਈ ਲਾਲੋਆਂ ਦੀ ਵਿਰਾਸਤ ਹੈ ਅਤੇ ਇਸ ਵਿਰਾਸਤ ਨੂੰ ਜਿੱਤਣ ਲਈ ਵਿਚਾਰਧਾਰਕ ਸੰਘਰਸ਼ ਲੜਨਾ ਹੀ ਹੋਵੇਗਾ।

"Looking Out For Your Best Interest"

CENTUM
CENTUM HOME LOAN INC

Best RATES from major Banks
Ph: 403 473 3493

- First time Buyer / New to Canada
- Re-Finance
- Line of Credit
- Business Buyer
- A Wide variety of Mortgage & Financing Solutions
- Finding the Best Mortgage at the Best Rate
- No down payment Mortgage

Call today for Pre-Approval and hedge against Rate Increase



Avijit Ghatak
Broker/Owner
avijit_ghatak@centum.ca
4805 Westwinds Dr NE Calgary AB T3J 4L4
Ph: 403 473 3493
Fax: 1 877 733 3148

# Wishing You
# Happy New Year 2013

*Global Market Development Corp.*

*WE BUILD STRATEGIES*

Address: *7730, 38A Avenue, Unit 104C, Edmonton, AB, T6K 2M1*
Phone: *780-901-2966, +44 791-242-5872*
Website: *www.gmdcorporation.com*
Email: *gmdcorporation@gmail.com*








## Canada India Cultural Exchange

Canada India Cultural Exchange would showcase the exchange of musical talent between Canada and India. We will welcome all aspiring musicians in Alberta to apply for this great opportunity of performing in India. Look out for more information in the next issue.

Mr. Ramendra Chowdhury, President
Phone: 780-293-1513



# DASHMESH TIRE & LUBE




All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication

Do Service on Remote Locations Including Weighing Scales
Vehicle Inpection By Certified Mechanics

Call: Manjit S.Khosa, Garry Dhaliwal
Ph: 780-298-1114, 780-993-4441
6609 34 St, Edmonton, Alberta.



# STP ELECTRIC LTD.

stpelectric@hotmail.com



Offering Full Range of Electrical Services of

C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਟ੍ਰੀਸ਼ਨ



## *Happy New Year 2013*

*Buy or sell with confidence. Buy or sell with Bobby.*

*FEATURED PROPERTIES FOR SALE*



*BOBBY JASWAL*
*RE/MAX EXCELLENCE*

17718-64 AVE
EDMONTON, AB T5T-4J5
Phone: 780-995-6615
Cell: 780-995-6615
Fax: 780-481-1144
Email: bobbyjaswal@hotmail.com
Website: www.bobbysells.com



# ਆਜ਼ਾਦੀ ਦੀ ਲੜਾਈ ਨੂੰ ਸੇਧ ਦੇਣ ਵਾਲਾ ਸੰਤੋਖ ਸਿੰਘ ਕਿਰਤੀ



ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com

**ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾਉਣ ਵੱਲ ਵਧ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੂਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ। ਇਸੇ ਲੜੀ ਤਹਿਤ ਅਸੀਂ ਡਾ਼ ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।**

ਮਹਾਨ ਚਿੰਤਕ ਤੇ ਇਨਕਲਾਬੀ ਦੇਸ਼ ਭਗਤ ਭਾਈ ਸੰਤੋਖ ਸਿੰਘ ਕਿਰਤੀ ਭਾਰਤੀ ਆਜ਼ਾਦੀ ਦੇ ਇਤਿਹਾਸ ਦਾ ਅਜਿਹਾ ਮਹੱਤਵਪੂਰਨ ਅਤੇ ਗੌਰਵਮਈ ਨਾਮ ਹੈ ਜਿਹੜਾ ਸਦੀਆਂ ਤਕ ਆਪਣੇ ਕਾਰਜ ਕਰਕੇ ਯਾਦ ਕੀਤਾ ਜਾਵੇਗਾ। ਇਤਿਹਾਸ ਨੂੰ ਇਨਕਲਾਬੀ ਮੋੜ ਦੇਣ ਵਿੱਚ ਉਨ੍ਹਾਂ ਦਾ ਬਹੁਮੁੱਲਾ ਯੋਗਦਾਨ ਹੈ। ਵਿਚਾਰਧਾਰਕ ਤੌਰ 'ਤੇ ਉਨ੍ਹਾਂ ਨੇ ਇਨਕਲਾਬੀ ਸਿਧਾਂਤਾਂ ਦਾ ਡੂੰਘਾ ਅਧਿਐਨ ਕੀਤਾ ਤੇ ਪ੍ਰਾਪਤ ਗਿਆਨ ਨੂੰ ਭਾਰਤੀ ਇਤਿਹਾਸ ਦੀ ਇਨਕਲਾਬੀ ਵਿਰਾਸਤ ਨਾਲ ਜੋੜ ਕੇ ਭਾਰਤੀ ਲੋਕਾਂ ਦੀ ਮੁਕਤੀ ਅਤੇ ਸਮਾਜਵਾਦ ਦੀ ਸਥਾਪਨਾ ਲਈ ਸੰਘਰਸ਼ ਕੀਤਾ। ਇਸੇ ਯਤਨ ਨੂੰ ਸਿਰੇ ਚੜ੍ਹਾਉਣ ਲਈ ਆਪਣੀ ਸਾਰੀ ਜਿੰਦਗੀ ਸਮਰਪਿਤ ਕਰ ਦਿੱਤੀ। ਆਪਣੀ ਬੌਧਿਕ, ਸਿਧਾਂਤਕ ਅਤੇ ਰਾਜਨੀਤਕ ਸਮਰੱਥਾ ਦੀ ਬਦੌਲਤ ਭਾਈ ਸਾਹਿਬ ਨੇ ਕਿਰਤੀ ਲਹਿਰ ਉਸਾਰਨ ਵਿਚ ਬੇਮਿਸਾਲ ਯੋਗਦਾਨ ਪਾਇਆ।

ਭਾਈ ਸੰਤੋਖ ਸਿਘ ਦਾ ਜਨਮ 1893 ਵਿਚ ਸਿੰਘਾਪੁਰ ਵਿਖੇ ਸ. ਜਵਾਲਾ ਸਿੰਘ ਰੰਧਾਵਾ ਦੇ ਘਰ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਉਨਾਂ ਦੇ ਪਿਤਾ ਸਿੰਘਾਪੁਰ ਵਿਚ ਇੱਕ ਅੰਗਰੇਜ਼ ਕਰਨਲ ਦੇ ਅਰਦਲੀ ਸਨ। ਕੌਣ ਜਾਣਦਾ ਸੀ ਕਿ ਅੰਗਰੇਜ਼ ਹਾਕਮ ਦੀ ਅਰਦਲ ਵਿਚ ਚੱਤੋ-ਪਹਿਰ ਖਲੋਤੇ ਰਹਿਣ ਵਾਲੇ ਜਵਾਲਾ ਸਿੰਘ ਦਾ ਇਹ ਪੁੱਤਰ ਅੰਗਰੇਜ਼ਾਂ ਦੀ ਗੁਲਾਮੀ ਤੇ ਅਰਦਲ ਦਾ ਜੂਲਾ ਸਮੁੱਚੇ ਭਾਰਤੀ ਲੋਕਾਂ ਦੇ ਗਲੋਂ ਲਾਹੁਣ ਲਈ ਕਿਸੇ ਦਿਨ ਨਾਇਕ ਬਣ ਕੇ ਉੱਭਰੇਗਾ ਅਤੇ ਇਤਿਹਾਸ ਦੇ ਪੰਨਿਆਂ 'ਤੇ ਮਾਣਯੋਗ ਪੱਤਰਾ ਲਿਖ ਕੇ ਅਮਰ ਹੋ ਜਾਵੇਗਾ।

ਮੁੱਢਲੀ ਵਿੱਦਿਆ ਲਈ ਸੰਤੋਖ ਸਿੰਘ ਨੂੰ ਸਿੰਘਾਪੁਰ ਦੇ ਸਕੂਲ ਵਿੱਚ ਭੇਜਿਆ ਗਿਆ। 1898 ਤੋਂ 1903 ਈਸਵੀ ਤੱਕ ਸਿੰਘਾਪੁਰ ਵਿਖੇ ਜਿੱਥੇ ਉਸ ਨੇ ਅੰਗਰੇਜ਼ੀ ਮਾਧਿਅਮ ਵਿੱਚ ਵਿੱਦਿਆ ਪ੍ਰਾਪਤ ਕੀਤੀ, ਉੱਥੇ ਪੰਜਾਬੀ ਦਾ ਮੁੱਢਲਾ ਗਿਆਨ ਮਾਂ ਬਾਪ ਨੇ ਘਰ ਵਿੱਚ ਹੀ ਦੇਣਾ ਸ਼ੁਰੂ ਕਰ ਦਿੱਤਾ। ਉਸ ਨੇ ਆਪਣੀ ਲਗਨ ਨਾਲ ਸਿੰਘਾਪੁਰ ਦੀ ਭਾਸ਼ਾ ਵੀ ਸਿੱਖ ਲਈ ਸੀ। 1903 ਵਿਚ ਪਿਤਾ ਨੂੰ ਪੈਨਸ਼ਨ ਮਿਲ ਗਈ ਤੇ ਉਹ ਆਪਣੇ ਜੱਦੀ ਪਿੰਡ ਧਰਦਿਓ ਜਿਲਾ ਅਮ੍ਰਿਤਸਰ ਆ ਗਏ। ਇੱਥੇ ਆ ਕੇ ਉਹਨਾਂ ਨੇ ਸੰਤੋਖ ਸਿੰਘ ਨੂੰ ਪ੍ਰਾਇਮਰੀ ਦੀ ਵਿੱਦਿਆ ਲਈ ਨਜ਼ਦੀਕੀ ਕਸਬੇ ਮਹਿਤਾ ਨੰਗਲ ਦੇ ਡਿਸਟ੍ਰਿਕਟ ਬੋਰਡ ਪ੍ਰਾਇਮਰੀ ਸਕੂਲ ਵਿਚ ਦਾਖਲ ਕਰਵਾਇਆ। 1904 ਈ. ਵਿਚ ਮਿਡਲ ਤੇ ਮੈਟਰਿਕ ਕਲਾਸਾਂ ਦੀ ਪੜ੍ਹਾਈ ਲਈ ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਵਿਖੇ ਭੇਜਿਆ ਗਿਆ। ਇੱਥੇ ਹੀ 1908 ਵਿਚ ਮੈਟਰਿਕ ਦਾ ਇਮਤਿਹਾਨ ਪਿਤਾ ਜੀ ਦੇ ਅਚਾਨਕ ਬਿਮਾਰ ਪੈ ਜਾਣ ਕਰਕੇ ਪ੍ਰਾਈਵੇਟ ਕੈਂਡੀਡੇਟ ਵਜੋਂ ਚੰਗੇ ਨੰਬਰਾਂ ਵਿਚ ਪਾਸ ਕੀਤਾ। ਉੱਚ ਸਿੱਖਿਆ ਲਈ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਦਾਖਲ ਕਰਵਾਇਆ ਗਿਆ।

ਸੰਤੋਖ ਸਿੰਘ ਦੇ ਮਨ ਵਿੱਚ ਉੱਚੀਆਂ ਉਡਾਰੀਆਂ ਮਾਰਨ ਦੀ ਰੀਝ ਸੀ, ਪਰ ਮਾਤਾ ਪਿਤਾ ਦੀ ਸਿਹਤ ਦਿਨ-ਬ-ਦਿਨ ਹੋਰ ਖਰਾਬ ਹੁੰਦੀ ਜਾ ਰਹੀ ਸੀ। ਜਿਸ ਕਰਕੇ ਉਨ੍ਹਾਂ ਨੇ ਪਿਤਾ ਜੀ ਦੀ ਇੱਛਾ ਦੇ ਅਨੁਸਾਰ ਸੰਨ 1909 ਵਿਚ ਸ਼ਾਹਪੁਰ (ਜ਼ਿਲਾ ਅੰਮ੍ਰਿਤਸਰ) ਦੀ ਨਿਵਾਸੀ ਬੀਬੀ ਕੇਸਰ ਕੌਰ ਨਾਲ ਵਿਆਹ ਕਰਵਾ ਲਿਆ। ਅਗਲੇ ਸਾਲ ਉਨ੍ਹਾਂ ਦੇ ਘਰ ਬੇਟੇ ਤਾਰਾ ਸਿੰਘ ਨੇ ਜਨਮ ਲਿਆ। ਪਰ ਉਨ੍ਹਾਂ ਦੀਆਂ ਪੜ੍ਹਨ ਦੀਆਂ ਰੁਚੀਆਂ ਵਿੱਚ ਵਿਆਹ ਕੋਈ ਖੜੋਤ ਨਾ ਪਾ ਸਕਿਆ। 1910 ਈ. ਵਿੱਚ ਭਾਵੇਂ ਉਨਾਂ ਨੇ ਐੱਫ. ਏ. ਚੰਗੇ ਨੰਬਰਾਂ ਵਿੱਚ ਪਾਸ ਕਰ ਲਈ ਪਰ ਹਾਲਾਤ ਦੀਆਂ ਮਜਬੂਰੀਆਂ ਨੇ ਅਗਲੇਰੀ ਪੜ੍ਹਾਈ ਜਾਰੀ ਨਾ ਰਹਿਣ ਦਿੱਤੀ ਤੇ ਦੂਸਰੇ ਸਾਲ ਹੀ ਪੜ੍ਹਾਈ ਛੱਡਣੀ ਪੈ ਗਈ।

ਉਹ ਹੁਣ ਇਹ ਸੋਚਣ ਲੱਗ ਪਿਆ ਸੀ ਕਿ ਉਚੇਰੀ ਵਿਦਿਆ ਵਿਦੇਸ਼ਾ ਵਿਚੋਂ ਪ੍ਰਾਪਤ ਕੀਤੀ ਜਾਵੇ ਤਾਂ ਕਿ ਪੜ੍ਹਾਈ ਦੇ ਨਾਲ-ਨਾਲ ਮਜ਼ਦੂਰੀ ਕਰਕੇ ਪੈਸਾ ਵੀ ਕਮਾਇਆ ਜਾਵੇ। ਇਸ ਮਨੋਰਥ ਲਈ 1911 ਵਿਚ ਉਹ ਇੰਗਲੈਂਡ ਜਾਣ ਲਈ ਪਾਸਪੋਰਟ ਲੈਣ ਵਿਚ ਕਾਮਯਾਬ ਹੋ ਗਿਆ ਤੇ ਸਮੁੰਦਰੀ ਜਹਾਜ਼ ਰਾਹੀਂ ਬੰਬਈ ਤੋਂ ਇੰਗਲੈਡ ਪੁੱਜ ਗਿਆ। ਸੰਤੋਖ ਸਿੰਘ ਦਾ ਮਨ ਇੰਗਲੈਂਡ ਵਿੱਚ ਨਾ ਲੱਗਾ । ਉਹ ਕੁੱਝ ਸਮਾਂ ਇੰਗਲੈਂਡ ਵਿੱਚ ਰਿਹਾ ਤੇ ਜਲਦੀ ਹੀ ਇੰਗਲੈਂਡ ਤੋਂ ਕੈਨੇਡਾ ਲਈ ਚੱਲ ਪਿਆ ਤਾਂ ਕਿ ਉੱਥੇ ਦੀ ਕਿਸੇ ਯੂਨੀਵਰਸਿਟੀ ਵਿੱਚ ਦਾਖਲਾ ਲਿਆ ਜਾਵੇ। ਭਾਵੇਂ ਉਨ੍ਹਾਂ ਦਿਨਾਂ ਵਿੱਚ ਕੈਨੇਡਾ ਵਿੱਚ ਉੱਤਰਨਾ ਬਹੁਤ ਮੁਸ਼ਕਿਲ ਕੰਮ ਸੀ ਪਰ ਲੋੜੀਦੇ ਦਸਤਾਵੇਜ਼ਾਂ ਕਰਕੇ ਸੰਤੋਖ ਸਿੰਘ ਨੂੰ ਇਹ ਮੁਸ਼ਕਿਲ ਨਾ ਆਈ।

ਅਮਰੀਕਾ ਦੇ ਸ਼ਹਿਰ ਸਿਆਟਲ ਤੋਂ ਬੰਗਾਲੀ ਨੌਜਵਾਨ ਤਾਰਕਨਾਥ ਦਾਸ 'ਫਰੀ ਹਿੰਦੋਸਤਾਨ' ਨਾਂ ਦਾ ਇਨਕਲਾਬੀ ਪਰਚਾ ਕੱਢਦੇ ਸਨ। ਅਮਰੀਕਾ, ਕੈਨੇਡਾ ਦੀ ਧਰਤੀ 'ਤੇ ਵਸਦੇ ਹਿੰਦੋਸਤਾਨੀਆਂ ਦਾ ਇੱਕ ਵਰਗ ਉਨ੍ਹਾਂ ਦੇ ਵਿਚਾਰਾਂ ਦਾ ਹਮਦਰਦ ਸੀ। ਵਿਦੇਸ਼ਾਂ ਵਿੱਚ ਵਸਦੇ ਭਾਰਤੀ 'ਫਰੀ ਹਿੰਦੋਸਤਾਨ' ਪੜ੍ਹਦੇ ਸਨ ਉਹ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਸੁਪਨੇ ਵੀ ਲੈਣ ਲੱਗ ਪਏ ਸਨ।

ਇਸੇ ਸਮੇਂ ਦੌਰਾਨ ਉਨ੍ਹਾਂ ਦਾ ਵਾਹ ਆਜ਼ਾਦੀ ਲਈ ਸੰਘਰਸ ਕਰਦੇ ਲੋਕਾਂ ਨਾਲ ਵੀ ਪੈਣ ਲੱਗ ਪਿਆ। ਇਨ੍ਹਾਂ ਮੁਸ਼ਕਲਾਂ ਤੋ ਨਜਾਤ ਪਾਉਣ ਲਈ 'ਫਰੀ ਹਿੰਦੋਸਤਾਨ' ਲਗਾਤਾਰ ਹੋਕਾ ਦੇ ਰਿਹਾ ਸੀ।

ਉਸ ਸਮੇਂ ਅਮਰੀਕਾ ਦੇ ਭਾਰਤੀਆਂ ਦਾ ਇੱਕ ਸੱਦਾ ਪੱਤਰ ਕੈਨੇਡਾ ਦੇ ਭਾਰਤੀਆਂ ਨੂੰ ਮਿਲਿਆ। ਅਮਰੀਕਾ ਦੇ ਭਾਰਤੀ ਪ੍ਰਵਾਸੀਆਂ ਦੇ ਮਸਲਿਆਂ ਬਾਰੇ ਇਕ ਅਹਿਮ ਮੀਟਿੰਗ ਕੈਲੇਫੋਰਨੀਆਂ ਦੇ ਸ਼ਹਿਰ ਪੋਰਟਲੈਂਡ ਵਿਚ ਕਰਨਾ ਚਾਹੁੰਦੇ ਸਨ। ਇਸ ਮੀਟਿੰਗ ਵਿਚ ਸੰਤੋਖ ਸਿੰਘ ਵੀ ਪਹੁੰਚੇ। ਇਸੇ ਮੀਟਿੰਗ ਵਿੱਚ ਉਹ ਪਹਿਲੀ ਵਾਰ ਭਾਈ ਜਵਾਲਾ ਸਿੰਘ ਹੁਰਾਂ ਨੂੰ ਮਿਲੇ। ਵਿਦੇਸ਼ਾਂ ਵਿੱਚ ਇਸ ਤਰਾਂ ਦੀ ਪਹਿਲਾਂ ਕੋਈ ਇਕੱਤਰਤਾ ਨਹੀਂ ਸੀ ਹੋਈ ਜਿਸ ਵਿੱਚ ਭਾਰਤੀ ਕੇਵਲ ਭਾਰਤੀ ਬਣ ਕੇ ਹੀ ਜੁੜ ਬੈਠੇ ਹੋਣ। ਇਸੇ ਇਕੱਤਰਤਾ ਨਾਲ ਹੀ ਗ਼ਦਰ ਪਾਰਟੀ ਦਾ ਅਸਲ ਵਿਚ ਮੁੱਢ ਬੱਝਾ ਸੀ। ਜੇ ਇਸ ਮੀਟਿੰਗ ਦੇ ਸਮੇਂ ਵੱਲ ਧਿਆਨ



ਦਿੱਤਾ ਜਾਵੇ ਤਾਂ ਇਹ ਮੀਟਿੰਗ ਦੇ ਸਮੇਂ ਸੰਤੋਖ ਸਿੰਘ ਅਜੇ ਨਵਾਂ-ਨਵਾਂ ਹੀ ਕੈਨੇਡਾ ਪਹੁੰਚਿਆ ਸੀ। ਗ਼ਦਰ ਦੀ ਪਹਿਲੀ ਮੀਟਿੰਗ ਦਾ ਸਿਧਾਂਤਿਕ ਨੁਕਤਾ ਵੀ ਇੱਥੇ ਹੀ ਬੀਜ ਰੂਪ ਵਿੱਚ ਪੁੰਗਰਿਆ ਤੇ ਪ੍ਰਵਾਨ ਚੜਿਆ ਸੀ।

ਕੈਨੇਡਾ ਦੀ ਮਾੜੀ ਹਾਲਤ ਤੇ ਬੇਰੁਜ਼ਗਾਰੀ ਦੇ ਆਥਾਹ ਵਾਧੇ ਕਰਕੇ ਬਹੁਤ ਸਾਰੇ ਭਾਰਤੀ ਕੈਨੇਡਾ ਤੋਂ ਅਮਰੀਕਾ ਜਾਣ ਲੱਗੇ। ਸੰਨ 1911 ਵਿੱਚ ਸੰਤੋਖ ਸਿੰਘ ਵੀ ਅਮਰੀਕਾ ਚਲੇ ਗਏ।

ਦਸੰਬਰ 1911 ਨੂੰ ਬਾਬਾ ਜਵਾਲਾ ਸਿੰਘ, ਬਾਬਾ ਵਿਸਾਖਾ ਸਿੰਘ ਤੇ ਭਾਈ ਸੰਤੋਖ ਸਿੰਘ ਹੁਰਾਂ ਨੇ ਬਾਕੀ ਸਾਥੀਆਂ ਨਾਲ ਮਿਲ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ। ਭਾਰਤ ਤੇ ਭਾਰਤੀਆਂ ਦੇ ਰਾਜਸੀ ਮਸਲਿਆਂ ਬਾਰੇ ਇੱਕ ਕਮੇਟੀ ਸਰਬਸੰਮਤੀ ਨਾਲ ਬਣਾਈ ਗਈ। ਜਿਸ ਦੇ ਪ੍ਰਧਾਨ ਬਾਬਾ ਜਵਾਲਾ ਸਿੰਘ ਨੂੰ ਬਣਾਇਆ ਗਿਆ ਤੇ ਸਕੱਤਰ ਦੀਆਂ ਜ਼ਿੰਮੇਵਾਰੀਆਂ ਨੌਜਵਾਨ ਸੰਤੋਖ ਸਿੰਘ ਨੂੰ ਦਿੱਤੀਆਂ ਗਈਆਂ। ਉਸ ਵੇਲੇ ਸੰਤੋਖ ਸਿੰਘ ਦੀ ਉਮਰ ਮਹਿਜ਼ 18 ਸਾਲ ਦੀ ਹੀ ਸੀ। ਉਸ ਸਮੇਂ ਸਟਾਕਟਨ ਖ਼ਾਲਸਾ ਦੀਵਾਨ ਦਾ ਸਕੱਤਰ ਨੌਜਵਾਨ ਸੰਤੋਖ ਸਿੰਘ ਸੀ ਜਿਸ ਨੇ ਇਸ ਗੁਰਦੁਆਰੇ ਨੂੰ ਉਸਾਰਨ ਤੇ ਮਾਨਵੀ ਰੰਗ ਵਿੱਚ ਰੰਗਣ ਦਾ ਇਤਿਹਾਸਕ ਫੈਸਲਾ ਲਿਆ ਸੀ।

ਫਰਵਰੀ 1912 ਦੇ ਅੰਤਲੇ ਦਿਨਾਂ ਵਿੱਚ ਨੌਜਵਾਨ ਸੰਤੋਖ ਸਿੰਘ ਨੇ ਜਵਾਲਾ ਸਿੰਘ ਤੇ ਵਿਸਾਖਾ ਸਿੰਘ ਨਾਲ ਰਲ ਕੇ ਇੱਕ ਇਕੱਤਰਤਾ ਵਿੱਚ ਗੁਰੂ ਗ੍ਰੰਥ ਸਾਹਿਬ ਮੋਹਰੇ ਖੜ੍ਹੇ ਹੋ ਕੇ ਕਸਮ ਖਾਦੀ "ਅੱਜ ਤੋਂ ਅਸੀਂ ਆਪਣਾ ਜੀਵਨ ਦੇਸ਼ ਦੀ ਸੇਵਾ ਤੇ ਭਾਰਤ ਦੀ ਆਜ਼ਾਦੀ ਦੇ ਸੰਗ਼ਰਾਮ ਦੇ ਲੇਖੇ ਲਾਉਂਦੇ ਹਾਂ। ਅਸੀਂ ਕਸਮ ਖਾਂਦੇ ਹਾਂ ਕਿ ਇਸ ਉੱਚੇ ਸੁੱਚੇ ਮਨੋਰਥ ਲਈ ਆਪਣੀ ਜਾਨ ਵਾਰਨ ਤੋਂ ਵੀ ਨਹੀਂ ਝਿਜਕਾਂਗੇ।" ਇਹ ਕਸਮ ਤਿੰਨਾਂ ਨੇ ਹੀ ਆਖਰੀ ਸਾਹਾਂ ਤੱਕ ਨਿਭਾਈ।

ਉਸ ਸਮੇਂ ਅਮਰੀਕਾ ਵਿਚ ਜੇ.ਡੀ ਕੁਮਾਰ, ਬਾਬੂ ਹਰਨਾਮ ਸਿੰਘ ਸਾਹਰੀ, ਸ੍ਰੀ ਤਾਰਕਨਾਥ ਦਾਸ, ਸੰਤ ਤੇਜਾ ਸਿੰਘ ਆਦਿ ਵੀ ਦੇਸ਼ ਦੀ ਆਜ਼ਾਦੀ ਲਈ ਕੰਮ ਕਰ ਰਹੇ ਸਨ। ਇਹਨਾਂ ਦਾ ਵੀ ਇਹੀ ਮਤ ਸੀ ਕਿ ਸਾਡੀਆਂ ਸਾਰੀਆਂ ਸਮੱਸਿਆਂਵਾਂ ਦਾ ਹੱਲ ਆਜ਼ਾਦੀ ਹੈ। ਇਸ ਸਮੇਂ ਸਵਦੇਸ਼ ਸੇਵਕ, ਪਰਦੇਸ਼ੀ ਖਾਲਸਾ, ਸੰਸਾਰ, ਫਰੀ ਹਿੰਦੋਸਤਾਨ ਵਰਗੀਆਂ ਅਖ਼ਬਾਰਾਂ ਵੀ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇੱਕ ਮਤ ਹੋਣ ਤੇ ਹਥਿਆਬੰਦ ਵਿਦਰੋਹ ਕਰਨ ਦਾ ਹੋਕਾ ਦੇ ਰਹੀਆਂ ਸਨ।

ਮਾਰਚ 1913 ਨੂੰ ਅਮਰੀਕਾ ਦੇ ਸ਼ਾਂਤ ਸਾਗਰੀ ਤੱਟ ਤੇ ਭਾਰਤੀ ਆਜ਼ਾਦੀ ਲਈ ਹਿੰਦੀ ਐਸੋਸੀਏਸ਼ਨ ਕਾਇਮ ਕੀਤੀ। ਉਸ ਵਿੱਚ ਪਹਿਲੇ ਦਿਨ ਤੋਂ ਹੀ ਮੁੱਢਲੇ ਮੈਂਬਰ ਵਜੋਂ ਸੰਤੋਖ ਸਿੰਘ ਸ਼ਾਮਲ ਹੋਏ। ਇਸ ਵੱਡੀ ਮੀਟਿੰਗ ਵਿੱਚ ਸਾਰੀਆਂ ਇਕਾਈਆਂ ਦੀ ਸਾਂਝੀ ਜਥੇਬੰਦੀ ਬਣਾਕੇ ਉਸ ਦਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਬਣਾਇਆ ਗਿਆ ਤੇ ਜਨਰਲ ਸਕੱਤਰ ਲਾਲਾ ਹਰਦਿਆਲ ਨੂੰ ਬਣਾਇਆ ਗਿਆ। ਜਿਨ੍ਹਾਂ ਦੋਹਾਂ ਨਾਲ ਭਾਈ ਸੰਤੋਖ ਸਿੰਘ ਦੇ ਨਿੱਜੀ ਸੰਬੰਧ ਸਨ। ਬਾਬਾ ਜੀ ਦੇ ਨਾਲ ਜਿੱਥੇ ਉਨ੍ਹਾਂ ਨੇ ਆਰਾ ਮਿੱਲ ਵਿੱਚ ਇਕੱਠਿਆਂ ਕੰਮ ਕੀਤਾ ਸੀ ਉੱਥੇ ਲਾਲਾ ਜੀ ਦੇ ਨਾਲ ਰਹਿ ਕੇ ਉਨ੍ਹਾਂ ਨੇ ਰਾਜਸੀ ਤੇ ਸਮਾਜਕ ਗਿਆਨ ਪ੍ਰਾਪਤ ਕੀਤਾ ਸੀ। ਇਹੋ ਹੀ ਕਾਰਨ ਸੀ ਕਿ ਭਾਈ ਸੰਤੋਖ ਸਿੰਘ ਨੂੰ ਲਾਲਾ ਹਰਦਿਆਲ ਨੇ ਅਖ਼ਬਾਰ ਦੇ ਐਡੀਟੋਰੀਅਲ ਬੋਰਡ ਦਾ ਮੈਂਬਰ ਸ਼ੁਰੂ ਵਿਚ ਹੀ ਬਣਾ ਲਿਆ ਸੀ।

ਆਸਟਰੀਆ ਵਿਖੇ 21 ਅਪ੍ਰੈਲ,1913 ਨੂੰ ਹਿੰਦੁਸਤਾਨੀ ਪਰਵਾਸੀਆਂ ਨੇ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫ਼ਿਕ ਕੋਸਟ' ਕਾਇਮ ਕਰ ਲਈ ਜੋ ਕੁਝ ਸਮਾਂ ਪਾ ਕੇ ਹਿੰਦੁਸਤਾਨ ਗ਼ਦਰ ਪਾਰਟੀ ਦੇ ਨਾਮ ਨਾਲ ਜਾਣੀ ਜਾਣ ਲੱਗ ਪਈ। 1913 ਵਿਚ ਕ੍ਰਿਸਮਿਸ ਦੀਆਂ ਛੁੱਟੀਆਂ ਦੌਰਾਨ ਇਸ ਐਸੋਸੀਏਸ਼ਨ ਦੇ ਕਰਤਾ-ਧਰਤਾ ਭਾਈ ਸੋਹਣ ਸਿੰਘ ਭਕਨਾ (ਪ੍ਰਧਾਨ), ਲਾਲਾ ਹਰਦਿਆਲ (ਜਨਰਲ ਸਕੱਤਰ) ਅਤੇ ਪੰਡਿਤ ਕਾਂਸ਼ੀ ਰਾਮ ਮੜੌਲੀ (ਖਜ਼ਾਨਚੀ) ਆਦਿ ਨੇ ਸੈਕਰਾਮੈਂਟੋ ਵਿਖੇ ਮੀਟਿੰਗ ਕਰਕੇ ਭਾਈ ਸੰਤੋਖ ਸਿੰਘ ਜੀ ਨੂੰ ਗ਼ਦਰ ਪਾਰਟੀ ਦੇ ਐਗਜ਼ਿਕਟਿਵ ਮੈਂਬਰ ਵਜੋਂ ਇਸ ਵਿੱਚ ਸ਼ਾਮਲ ਕਰ ਲਿਆ।

ਇਸ ਐਸੋਸੀਏਸਨ ਨੇ ਗ਼ਦਰ ਨਾਂ ਦਾ ਅਖ਼ਬਾਰ ਸ਼ੁਰੂ ਕੀਤਾ ਤੇ ਲੋਕਾਂ ਨੇ ਅਖਬਾਰ ਦੇ ਨਾਮ ਤੋਂ ਇਸ ਸੰਸਥਾ ਨੂੰ ਗ਼ਦਰ ਕਹਿਣਾ ਸ਼ੁਰੂ ਕਰ ਦਿੱਤਾ ਜੋ ਗ਼ਦਰ ਪਾਰਟੀ ਬਣ ਗਈ। ਇਹ ਅਖ਼ਬਾਰ ਵਿਦੇਸ਼ਾਂ ਵਿੱਚ ਵਸਦੇ ਭਾਰਤੀਆਂ ਵਿੱਚ ਇੱਕ ਦਮ ਹਰਮਨ ਪਿਆਰਾ ਹੋ ਗਿਆ। ਇਹ ਅਖ਼ਬਾਰ ਛੇਤੀ ਹੀ ਹਕੂਮਤਾਂ ਦੀਆਂ ਅੱਖਾਂ ਵਿੱਚ ਵੀ ਰੜਕਣ ਲੱਗ ਪਿਆ। ਕਿਉਂਕਿ ਕਿ ਇਹ ਅਖਬਾਰ ਬਿਨ੍ਹਾਂ ਕਿਸੇ ਡਰ ਦੇ ਭਾਰਤੀ ਆਜ਼ਾਦੀ ਦੀ ਗੱਲ ਕਰਦੀ ਸੀ। ਇਸੇ ਕਰਕੇ ਲਾਲਾ ਹਰਦਿਆਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ 25 ਮਾਰਚ 1914 ਨੂੰ ਜਮਾਨਤ ਤੇ ਛੱਡਿਆ ਗਿਆ। ਬਰਤਾਨਵੀ ਸਰਕਾਰ ਨੇ ਆਪਣੀਆਂ ਬਸਤੀਆਂ ਵਿੱਚ ਇਸ ਅਖ਼ਬਾਰ ਦੇ ਦਾਖਲੇ ਤੇ ਪਾਬੰਦੀ ਲਗਾ ਦਿੱਤੀ।

ਲਾਲਾ ਹਰਦਿਆਲ ਦੇ ਅਚਾਨਕ ਸਰਗਰਮ ਸਿਆਸਤ ਵਿਚੋਂ ਬਾਹਰ ਚਲੇ ਜਾਣ ਦੀ ਮਜ਼ਬੂਰੀ ਨੇ ਗ਼ਦਰ ਪਾਰਟੀ ਦੇ ਅਹੁਦੇਦਾਰਾਂ ਨੂੰ ਵੱਡੇ ਫ਼ਿਕਰਾਂ ਵਿਚ ਪਾ ਦਿੱਤਾ। ਇਸ ਘਾਟ ਨੂੰ ਪੂਰਾ ਕਰਨ ਲਈ ਇੱਕੀ ਸਾਲਾਂ ਦੇ ਨੌਜਵਾਨ ਭਾਈ ਸੰਤੋਖ ਸਿੰਘ ਨੂੰ ਪਾਰਟੀ ਜਨਰਲ ਸਕੱਤਰ ਦੀ ਸਭ ਤੋਂ ਅਹਿਮ ਡਿਊਟੀ ਸੌਂਪ ਦਿੱਤੀ ਗਈ। ਅਖ਼ਬਾਰ ਦਾ ਕੰਮ ਦੇਖਣ ਲਈ ਇੱਕ ਬੋਰਡ ਬਣਾ ਦਿੱਤਾ ਗਿਆ। ਭਾਈ ਸੰਤੋਖ ਸਿੰਘ, ਪੰਡਤ ਰਾਮ ਚੰਦ ਪਿਸ਼ਾਵਰੀ, ਪੰਡਿਤ ਸੋਹਣ ਲਾਲ ਪਾਠਕ ਪੱਟੀ ਤੇ ਪੰਡਿਤ ਜਗਤ ਰਾਮ ਹਰਿਆਣਾ ਚਾਰ ਸਾਥੀਆਂ ਦਾ ਐਡੀਟੋਰੀਅਲ ਬੋਰਡ ਬਣਾ ਦਿੱਤਾ ਗਿਆ।

ਜਥੇਬੰਦੀ ਨੇ ਇਕ ਇਤਿਹਾਸਕ ਫੈਸਲਾ ਲਿਆ ਕਿ ਹੁਣ ਭਾਰਤੀ ਮਜ਼ਦੂਰ ਉਨ੍ਹਾਂ ਥਾਵਾਂ 'ਤੇ ਜਾ ਕੇ ਕੰਮ ਨਹੀਂ ਕਰਨਗੇ ਜਿਨ੍ਹਾਂ ਥਾਵਾਂ 'ਤੇ ਗੋਰੇ ਮਜ਼ਦੂਰ ਆਪਣੇ ਹੱਕਾਂ ਦੀ ਰਾਖੀ ਲਈ ਹੜਤਾਲ ਕਰ ਰਹੇ ਹੋਣਗੇ। ਇਹ ਇਤਿਹਾਸਕ ਫੈਸਲਾ ਭਾਈ ਸੰਤੋਖ ਸਿੰਘ ਦੀ ਅਗਵਾਈ ਵਿੱਚ ਹੀ ਲਿਆ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਹੌਲੀ-ਹੌਲੀ ਗੋਰੇ ਮਜਦੂਰਾਂ ਦੇ ਮਨਾਂ ਅੰਦਰ ਭਾਰਤੀ ਮਜਦੂਰਾਂ ਲਈ ਵੀ ਪਿਆਰ ਤੇ ਸਤਿਕਾਰ ਦੀ ਥਾਂ ਬਣੀ। ਉਨ੍ਹਾਂ ਦੇ ਮਨਾਂ ਦੇ ਅੰਦਰ ਈਰਖਾ ਘਟਣ ਨਾਲ ਭਾਰਤੀਆਂ 'ਤੇ ਹੋਣ ਵਾਲੇ ਨਸਲੀ ਹਮਲੇ ਵੀ ਘੱਟ ਗਏ। ਇਹ ਤਬਦੀਲੀ ਇੱਥੋਂ ਤੱਕ ਹੋਈ ਕਿ ਗੋਰੇ ਮਜ਼ਦੂਰ ਹਿੰਦੀਆਂ ਦੀ ਆਜ਼ਾਦੀ ਦੀ ਲਹਿਰ ਦੇ ਹਮਦਰਦ ਬਣ ਗਏ ਤੇ ਗ਼ਦਰ ਪਾਰਟੀ ਦੀ ਮਦਦ ਕਰਨ ਲੱਗੇ ।

ਉਸ ਸਮੇਂ ਪਾਰਟੀ ਨੂੰ ਇਸ ਗੱਲ ਦਾ ਪੂਰਾ ਗਿਆਨ ਸੀ ਕਿ ਬੰਗਾਲ ਤੋਂ ਬਿਨਾਂ ਭਾਰਤ ਦੇ ਹੋਰ ਕਿਸੇ ਵੀ ਹਿੱਸੇ ਵਿੱਚ ਹਥਿਆਰਬੰਦ ਘੋਲ਼ ਕਰਨ ਵਾਲੇ ਜਥੇਬੰਧਕ ਗਰੁੱਪ ਸਰਗਰਮ ਨਹੀਂ ਹਨ। ਇਸ ਲਈ ਪਾਰਟੀ ਭਾਰਤ ਵਿੱਚ ਹਥਿਆਰਬੰਦ ਘੋਲ ਕਰ ਰਹੇ ਬੰਗਾਲੀ ਗਰੁੱਪਾਂ ਦੇ ਨਾਲ ਸੰਪਰਕ ਸਥਾਪਿਤ ਕਰਨ ਦਾ ਪ੍ਰਬੰਧ ਕਰਨ ਲੱਗੀ। ਪਾਰਟੀ ਦੀਆਂ ਜੜ੍ਹਾਂ ਅਜੇ ਭਾਰਤ ਅੰਦਰ ਪੂਰੀ ਤਰ੍ਹਾਂ ਨਹੀਂ ਸਨ ਲੱਗੀਆਂ ਇਸ ਲਈ ਇਹ ਸਕੀਮ ਬਣਾਈ ਗਈ ਕਿ ਹਿੰਦ ਤੋਂ ਬਾਹਰੋਂ ਪੰਜਾਬ ਦੇ ਲਾਗੇ ਕਿਸੇ ਥਾਂ 'ਤੇ ਹਮਲਾ ਕਰਕੇ ਇਸ ਨੂੰ ਆਜ਼ਾਦ ਕਰਵਾ ਕੇ ਅੱਡਾ ਜਮਾ ਲੈਣ ਨਾਲ ਪੰਜਾਬ ਨੂੰ ਨਾਲ ਰਲਾਉਣਾ ਤੇ ਆਜ਼ਾਦ ਕਰਵਾਉਣਾ ਸੌਖਾ ਹੈ। ਸਲਾਹ ਬਣਾਈ ਕਿ ਅਮਰੀਕਾ ਵਿੱਚੋਂ ਚੋਣਵੇਂ ਲੜਾਕੂ ਤੇ ਜੋਧੇ ਵਲੰਟੀਅਰਾਂ ਦੀ ਫੌਜ ਲੈ ਕੇ ਚੀਨ ਵਿੱਚ ਦੀ ਹੋ ਕੇ ਜਾਇਆ ਜਾਵੇ।

ਇਸ ਤਰ੍ਹਾਂ ਪਹਾੜਾਂ ਵਿੱਚ ਘਿਰੇ ਹੋਏ ਇਲਾਕੇ ਨੂੰ ਆਜ਼ਾਦ ਕਰਵਾ ਕੇ ਅਗਾਂਹ ਸਰਹੱਦੀ ਸੂਬੇ ਤੇ ਪੰਜਾਬ ਨਾਲ ਸੰਬੰਧ ਜੋੜ ਕੇ ਤੇ ਬਰਤਾਨੀਆ ਦੀ ਹਮਾਇਤ 'ਤੇ ਆਈਆਂ ਅੰਗਰੇਜ਼ੀ ਫੌਜਾਂ ਦਾ ਮੁਕਾਬਲਾ ਕਰਨਾ ਆਸਾਨ ਸੀ, ਕਸ਼ਮੀਰੋਂ ਸਰਹੱਦੀ ਸੂਬਾ, ਅੱਗੇ ਪੰਜਾਬ, ਪੰਜਾਬੋਂ ਅੱਗੇ ਹੋਰ ਸੂਬੇ ਜਿੱਤੀ ਤੁਰੇ ਜਾਣ ਦੀ ਸਕੀਮ ਸੀ। ਆਪਣੇ ਮਨੋਰਥ ਦੀ ਪ੍ਰਾਪਤੀ ਲਈ ਯੁਗੰਤਰ ਆਸ਼ਰਮ ਵਿੱਚ ਹਿੰਦੋਸਤਾਨ ਦੇ ਲਟਕ ਰਹੇ ਨਕਸ਼ੇ ਵਿੱਚ ਕਸ਼ਮੀਰ ਦੀਆਂ ਹੱਦਾਂ ਨੂੰ ਲਾਲ ਸਿਆਹੀ ਨਾਲ ਉਲੀਕ ਲਿਆ ਤੇ ਵਿੱਚ ਮੋਟੇ ਮੋਟੇ ਅੱਖਰਾਂ ਨਾਲ ਲਿਖ ਦਿੱਤਾ..."ਕਸ਼ਮੀਰ ਵਿਖੇ 1925 ਵਿੱਚ ਰੀਪਬਲਿਕ"।

**ਬਾਕੀ ਸਫਾ 41 'ਤੇ**



"ਕਾਮਾਗਾਟਾ ਮਾਰੂ ਨੇ 23 ਜੁਲਾਈ 1914 ਨੂੰ ਆਪਣਾ ਵਾਪਸੀ ਦਾ ਸਫ਼ਰ ਸ਼ੁਰੂ ਕੀਤਾ। ਇਸ ਜਹਾਜ਼ ਦੀ ਵਾਪਸੀ ਸਮੇਂ ਬਾਬਾ ਸੋਹਣ ਸਿੰਘ ਭਕਨਾ ਨੇ ਯੋਕੋਹਾਮਾ ਵਿਖੇ ਜਾ ਕੇ ਇਸ ਦੇ ਮੁਸਾਫ਼ਰਾਂ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ। ਜਦੋਂ ਬਾਬਾ ਭਕਨਾ ਇਸ ਜਹਾਜ਼ ਦੇ ਮੁਸਾਫ਼ਰਾਂ ਨੂੰ ਮਿਲਣ ਲਈ ਅਮਰੀਕਾ ਤੋਂ ਗਏ ਉਦੋਂ ਪਾਰਟੀ ਵਿੱਚ ਕੇਵਲ ਦੋ ਵਿਅਕਤੀਆਂ ਨੂੰ ਹੀ ਇਸ ਪ੍ਰੋਗਰਾਮ ਦਾ ਪਤਾ ਸੀ। ਇਨ੍ਹਾਂ ਵਿੱਚੋਂ ਇੱਕ ਸੀ ਭਾਈ ਸੰਤੋਖ ਸਿੰਘ ਜਿਨ੍ਹਾਂ ਨੇ ਪ੍ਰਧਾਨ ਜੀ ਦੇ ਸਫ਼ਰ ਦਾ ਪ੍ਰਬੰਧ ਕਰਨਾ ਸੀ ਤੇ ਦੂਸਰਾ ਸੀ ਕਰਤਾਰ ਸਿੰਘ ਸਰਾਭਾ ਜਿਸ ਨੇ ਹਥਿਆਰਾਂ ਦਾ ਪ੍ਰਬੰਧ ਕਰਕੇ ਬਾਬਾ ਜੀ ਦੇ ਨਾਲ ਹਥਿਆਰ ਭੇਜਣੇ ਸਨ।

4 ਅਗਸਤ, 1914 ਨੂੰ ਜੰਗ ਛਿੜਨ ਸਾਰ ਹੀ ਹਰਿੰਦਰ ਨਾਥ ਚਟੋਪਾਧਿਆਇ ਨੇ ਭਾਰਤ ਦੀ ਆਜ਼ਾਦੀ ਲਈ ਸਹਾਇਤਾ ਪ੍ਰਾਪਤ ਕਰਨ ਲਈ ਜਰਮਨ ਸਰਕਾਰ ਦੇ ਪ੍ਰਤੀਨਿਧਾਂ ਨਾਲ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੱਤਾ ਸੀ। ਗ਼ਦਰ ਪਾਰਟੀ ਬਰਤਾਨੀਆ ਲਈ ਕੰਮ ਕਰਦੀਆਂ ਭਾਰਤੀ ਫ਼ੌਜਾਂ ਅੰਦਰ ਬਗ਼ਾਵਤ ਕਰਵਾ ਕੇ ਭਾਰਤ ਨੂੰ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਵਾਉਣਾ ਚਾਹੁੰਦੀ ਸੀ।

ਗ਼ਦਰ ਪਾਰਟੀ ਦੇ ਰੂਪ ਵਿੱਚ ਉੱਠੀ ਕੌਮੀ ਇਨਕਲਾਬੀ ਲਹਿਰ ਨਿਰੀ ਅਮਰੀਕਾ ਦੇ ਉੱਤਰੀ ਮਹਾਂਦੀਪ ਤੱਕ ਹੀ ਸੀਮਤ ਨਹੀਂ ਰਹੀ। ਇਸ ਨੇ ਸ਼ਾਂਤ ਮਹਾਂਸਾਗਰ ਦੇ ਏਸ਼ੀਆਈ ਪੱਤਣ ਮਨੀਲਾ, ਸ਼ੰਘਾਈ, ਹਾਂਗਕਾਂਗ, ਸਿੰਘਾਪੁਰ ਵਿੱਚ ਵਸ ਰਹੇ ਹਿੰਦੀਆਂ ਨੂੰ ਵੀ ਆਪਣੇ ਵਿੱਚ ਸਮੋ ਲਿਆ। ਗ਼ਦਰ ਪਾਰਟੀ ਦੀ ਇਨਕਲਾਬੀ ਸੱਦੇ ਉੱਤੇ ਇਹਨਾਂ ਸ਼ਹਿਰਾਂ ਤੋਂ ਵੀ ਹਜ਼ਾਰਾਂ ਹੀ ਹਿੰਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਭਾਰਤ ਆਏ।

ਰਾਮ ਚੰਦਰ ਨੇ ਸਮੁੱਚੀ ਮੁਹਿੰਮ ਦੀ ਨਿਗਰਾਨੀ ਲਈ ਸੰਤੋਖ ਸਿੰਘ ਨੂੰ ਗ਼ਦਰ ਪਾਰਟੀ ਦੇ ਪ੍ਰਤੀਨਿਧ ਦੇ ਤੌਰ 'ਤੇ ਸਿਆਮ ਵਿੱਚ ਭੇਜ ਦਿੱਤਾ ਸੀ। ਉਹ ਪਹਿਲਾਂ ਸ਼ੰਘਾਈ ਤੇ ਫਿਰ 1915 ਵਿੱਚ ਸਿਆਮ ਪਹੁੰਚਿਆ ਸੀ।

ਜਦੋਂ ਬਰਤਾਨਵੀ ਹਕੂਮਤ ਨੂੰ ਸਿਆਮ ਵਿੱਚ ਭਾਰਤੀ ਇਨਕਲਾਬੀਆਂ ਦਾ ਪਤਾ ਲੱਗਾ ਉਦੋਂ ਤੋਂ ਹੀ ਗ੍ਰਿਫ਼ਤਾਰੀਆਂ ਦਾ ਦੌਰ ਵੱਡੇ ਪੱਧਰ 'ਤੇ ਸ਼ੁਰੂ ਹੋ ਗਿਆ। ਸੰਤੋਖ ਸਿੰਘ ਇਨ੍ਹਾਂ ਗ੍ਰਿਫ਼ਤਾਰੀਆਂ ਤੋਂ ਵਾਲ-ਵਾਲ ਬਚੇ ਸਨ।

ਸੋਹਣ ਲਾਲ ਪਾਠਕ ਦੀ ਸ਼ਹਾਦਤ ਨੇ ਭਾਈ ਸੰਤੋਖ ਸਿੰਘ ਦੇ ਸਰੀਰ 'ਚੋਂ ਜਿਵੇਂ ਇੱਕ ਹਿੱਸਾ ਖ਼ਤਮ ਕਰ ਦਿੱਤਾ ਸੀ। ਰਹਿੰਦੀ ਕਸਰ ਹਰਨਾਮ ਸਿੰਘ ਕਾਹਰੀ ਸਾਹਰੀ ਦੀ ਗ੍ਰਿਫ਼ਤਾਰੀ ਨੇ ਕੱਢ ਦਿੱਤੀ ਸੀ। ਉਹ ਵੀ ਸਿਆਮ ਨੂੰ ਵਾਪਸ ਆਉਂਦਾ ਸਯਾਵਾੜੀ ਵਿਖੇ ਫੜਿਆ ਗਿਆ ਸੀ। ਇਸ ਮੁਹਿੰਮ ਵਿੱਚੋਂ ਸਿਰਫ਼ ਭਾਈ ਸੰਤੋਖ ਸਿੰਘ ਹੀ ਬਰਤਾਨਵੀ ਸਾਮਰਾਜੀਆਂ ਦੀ ਪਕੜ ਵਿੱਚ ਆਉਣ ਤੋਂ ਬਚ ਸਕਿਆ ਸੀ। ਬੈਂਕਾਕ, ਸਿਆਮ ਤੇ ਬਰਮਾ ਵਿੱਚ ਲਗਭਗ ਡੇਢ ਦਰਜਨ ਵੱਡੇ ਆਗੂ ਇਨ੍ਹਾਂ ਦਿਨਾਂ ਵਿੱਚ ਹੀ ਫੜੇ ਗਏ ਸਨ। ਅਜਿਹੀਆਂ ਸਥਿਤੀਆਂ ਵਿੱਚ ਭਾਈ ਸਾਹਿਬ ਲਈ ਇੱਥੇ ਕੰਮ ਕਰਨਾ ਬਹੁਤ ਮੁਸ਼ਕਲ ਹੋ ਗਿਆ ਸੀ।

ਸਰਕਾਰ ਦੀਆਂ ਗੁਪਤ ਰਿਪੋਰਟਾਂ ਵਿੱਚ ਕਿਹਾ ਗਿਆ ਹੈ, "ਸੰਤੋਖ ਸਿੰਘ ਨਵੰਬਰ ਜਾਂ ਦਸੰਬਰ 1914 ਵਿੱਚ ਕਿਸੇ ਸਮੇਂ ਸ਼ੰਘਾਈ ਪੁੱਜਿਆ। ਉਹ ਇੱਕ ਹਫ਼ਤੇ ਲਈ 24 ਹੋਰ ਆਦਮੀਆਂ ਸਮੇਤ ਟਹਿਲ ਸਿੰਘ ਦੇ ਘਰ ਗਿਆ।" ਸਰਕਾਰ ਦੀਆਂ ਗੁਪਤ ਫ਼ਾਈਲਾਂ ਇਹ ਵੀ ਦੱਸਦੀਆਂ ਹਨ ਕਿ ਸੰਤੋਖ ਸਿੰਘ ਆਪਣੇ ਸਥਾਨਕ ਸਾਥੀਆਂ ਨਾਲ ਮਿਲਕੇ ਕੰਮ ਕਰ ਰਹੇ ਸਨ। ਜਰਮਨ ਉਹਨਾਂ ਨੂੰ ਹਥਿਆਰ ਤੇ ਗੋਲੀ-ਸਿੱਕਾ ਦੇ ਰਿਹਾ ਸੀ। ਅਮਰੀਕਾ ਅਤੇ ਮਨੀਲਾ ਤੋਂ ਹੋਰ ਹਥਿਆਰਾਂ ਦੇ ਪੁੱਜਣ ਦੀ ਆਸ ਸੀ। ਸੰਤੋਖ ਸਿੰਘ ਨੂੰ ਸਿਆਮ ਦੇ ਉੱਤਰ ਵੱਲ ਭੇਜਿਆ ਗਿਆ, ਤਾਂ ਜੋ ਹਥਿਆਰਾਂ ਨੂੰ ਛੁਪਾਉਣ ਲਈ ਧਰਤੀ ਹੇਠ ਭੋਰੇ ਬਣਾਏ ਜਾਣ। ਉਹਨੂੰ ਮਿੱਟੀ ਪੁੱਟਣ ਦੇ ਸੰਦ ਦਿੱਤੇ ਗਏ।

ਭਾਈ ਸੰਤੋਖ ਸਿੰਘ ਏਸ਼ੀਆ ਦੇ ਇਸ ਖਿੱਤੇ ਰਾਹੀਂ ਹਥਿਆਰਬੰਦ ਬਗ਼ਾਵਤ ਨੂੰ ਕਿਸੇ ਵੀ ਕੀਮਤ 'ਤੇ ਫੇਲ੍ਹ ਨਹੀਂ ਸੀ ਹੋਣ ਦੇਣਾ ਚਾਹੁੰਦੇ। ਇਸ ਕਰਕੇ ਇਥੇ ਵੱਡੇ ਪੱਧਰ 'ਤੇ ਫ਼ੌਜੀਆਂ ਵਿੱਚ ਕੰਮ ਕੀਤਾ ਗਿਆ। ਪਾਰਟੀ ਨੂੰ ਬੰਬ ਬਣਾਉਣ ਦੀ ਸਿਖਲਾਈ ਦਿੱਤੀ ਗਈ। ਇਸ ਕੰਮ ਦੀ ਅਗਵਾਈ ਸੋਹਣ ਲਾਲ ਪਾਠਕ ਕਰ ਚੁੱਕੇ ਸਨ। ਭਾਰਤ ਉੱਤੇ ਚੜ੍ਹਾਈ ਕਰਨ ਲਈ ਦੋ ਮੁਹਿੰਮਾਂ ਸੋਚੀਆਂ ਗਈਆਂ। ਇਕ ਸਿਆਸੀ ਸਰਹੱਦ ਤੋਂ ਬਰਮਾਂ ਰਾਹੀਂ ਅਤੇ ਦੂਜੀ ਚੀਨੀ ਇਲਾਕੇ ਯੇਨਾਨ ਰਾਹੀਂ। ਭਾਵੇਂ ਪੂਰੀਆਂ ਫ਼ੌਜੀ ਤਿਆਰੀਆਂ ਕੀਤੀਆਂ ਗਈਆਂ ਪਰ ਇਹ ਮੁਹਿੰਮ ਬਰਤਾਨਵੀ ਤੰਤਰ ਦੇ ਫ਼ੈਲੇ ਜਾਲ ਕਰਕੇ ਸਿਰੇ ਨਾ ਚੜ੍ਹ ਸਕੀ। ਕਿਉਂਕਿ ਬਰਤਾਨਵੀ ਸਰਕਾਰ ਨੂੰ ਗ਼ਦਰੀਆਂ ਦੇ ਚਿੱਠੀ ਪੱਤਰ ਹੱਥ ਲੱਗ ਗਏ ਸਨ। ਉਸ ਸਮੇਂ ਬਰਤਾਨਵੀ ਤੰਤਰ ਸੰਤੋਖ ਸਿੰਘ ਦੇ ਮਗਰ ਲੱਗਿਆ ਹੋਇਆ ਸੀ। ਗ਼ਦਰੀਆਂ ਦੇ ਸੂਹੀਆ ਵਿਭਾਗ ਨੇ ਇਹ ਖ਼ਬਰਾਂ ਸੰਤੋਖ ਸਿੰਘ ਤੱਕ ਪਹੁੰਚਾ ਦਿੱਤੀਆਂ ਸਨ ਕਿ ਸਾਰਾ ਬਰਤਾਨਵੀ ਅਮਲਾ ਫ਼ੈਲਾ ਸੰਤੋਖ ਸਿੰਘ ਦੀ ਤਲਾਸ਼ ਵਿੱਚ ਹਰਲ-ਹਰਲ ਕਰਦਾ ਫਿਰ ਰਿਹਾ ਹੈ।

ਸੰਤੋਖ ਸਿੰਘ ਆਪਣੀ ਜਾਨ ਹਥੇਲੀ ਉੱਤੇ ਰੱਖ ਕੇ ਅਮਰੀਕਾ ਵਾਪਸ ਮੁੜਿਆ। ਉਹ ਉੱਤਰ ਰਾਹੀਂ, ਸ਼ਾਇਦ ਚੀਨ ਵਿੱਚੋਂ ਦੀ ਬਚ ਕੇ ਨਿਕਲਿਆ। ਉਹ 1916 ਵਿੱਚ ਜਪਾਨ ਪੁੱਜਿਆ ਅਤੇ 15 ਨਵੰਬਰ 1916 ਨੂੰ ਅਮਰੀਕਾ ਪੁੱਜ ਗਿਆ। ਉਦੋਂ ਉਸ ਦੀ ਉਮਰ ਕੇਵਲ 23 ਵਰ੍ਹਿਆਂ ਦੀ ਹੀ ਸੀ। ਉਸ ਨੂੰ ਜਿਉਂਦਿਆਂ ਵਾਪਸ ਪਰਤਿਆ ਦੇਖ ਕੇ ਰਾਮ ਚੰਦਰ ਹੱਕਾ-ਬੱਕਾ ਰਹਿ ਗਿਆ ਕਿਉਂਕਿ ਬਾਕੀ ਸਾਰੇ ਮਾਰੇ ਜਾ ਚੁੱਕੇ ਸਨ ਜਾਂ ਜੇਲ੍ਹਾਂ ਅੰਦਰ ਕੈਦ ਸਨ। ਦੋ ਸਾਲ ਏਸ਼ੀਆ ਦੇ ਇਸ ਸ਼ਾਂਤ ਮਹਾਂਸਾਗਰ ਦੇ ਅਸ਼ਾਂਤ ਲੋਕਾਂ ਵਿੱਚ ਭਾਈ ਸੰਤੋਖ ਸਿੰਘ ਨੇ ਇੱਕ ਲਹਿਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਨੇ ਬਰਤਾਨਵੀ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਸਿੰਘਾਪੁਰ ਵਰਗੇ ਦੇਸ਼ਾਂ ਵਿੱਚ ਕੁੱਝ ਦਿਨਾਂ ਲਈ ਗ਼ਦਰੀਆਂ ਦੀਆਂ ਕੋਸ਼ਿਸ਼ਾਂ ਸਫ਼ਲ ਵੀ ਰਹੀਆਂ। ਪਰ ਵੱਡੇ ਪੱਧਰ 'ਤੇ ਲਹਿਰ ਦੇ ਆਗੂਆਂ ਦਾ ਬਹੁਤ ਹੀ ਜ਼ਿਆਦਾ ਨੁਕਸਾਨ ਹੋਇਆ।

ਬਰਤਾਨੀਆ ਨੇ ਆਪਣਾ ਸਾਮਰਾਜੀ ਰਸੂਖ ਵਰਤ ਕੇ ਅਮਰੀਕਾ ਦੀ ਧਰਤੀ ਤੋਂ ਉੱਠੇ ਗ਼ਦਰ ਨੂੰ ਉੱਥੇ ਹੀ ਦਫ਼ਨ ਕਰਨ ਦਾ ਫ਼ੈਸਲਾ ਲਿਆ। ਗ਼ਦਰੀਆਂ ਖਿਲਾਫ਼ ਅਮਰੀਕਾ ਵਿੱਚ ਮੁਕੱਦਮਾ ਚਲਾਇਆ ਗਿਆ । ਇਸ ਮੁਕੱਦਮੇ ਦਾ ਸਿੱਧਾ ਸੰਬੰਧ ਗ਼ਦਰ ਪਾਰਟੀ ਦੇ ਉਨ੍ਹਾਂ ਆਗੂਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣਾ ਸੀ ਜਿਹੜੇ ਭਾਰਤੀ ਗ਼ਦਰ ਦੇ ਅਸਲ ਕਰਤਾ ਧਰਤਾ ਸਨ।

8 ਅਪ੍ਰੈਲ ਨੂੰ ਸੰਤਖ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਹੁਣ ਜਦੋਂ ਦੋਵੇਂ ਦੇਸ਼ ਇੱਕ ਦੂਸਰੇ ਦੀ ਧਿਰ ਬਣ ਕੇ ਇਸ ਯੁੱਧ ਵਿੱਚ ਲੜ੍ਹ ਰਹੇ ਸਨ ਤਾਂ ਉਸ ਸਮੇ ਬਰਤਾਨਵੀ ਸ਼ਾਸਕਾਂ ਕੋਲ ਸਭ ਤੋਂ ਵਧੀਆ ਵਕਤ ਸੀ ਕਿ 1857 ਦੇ ਗ਼ਦਰ ਤੋਂ ਬਾਅਦ ਬਰਤਾਨਵੀ ਬਸਤੀਵਾਦ ਦੀਆਂ ਨੀਹਾਂ ਹਥਿਆਰਬੰਦ ਘੋਲ ਨਾਲ ਹਿਲਾ ਦੇਣ ਵਾਲੇ ਗ਼ਦਰੀਆਂ ਦੇ ਕੇਂਦਰ ਨੂੰ ਵੀ ਤਬਾਹ ਕੀਤਾ ਜਾਵੇ। ਗ਼ਦਰ ਲਹਿਰ ਨੂੰ ਪੂਰੇ ਇਤਿਹਾਸਕ ਪ੍ਰਸੰਗ ਵਿੱਚ ਸਮਝਣ ਲਈ ਇਸ ਸਾਜ਼ਿਸ ਕੇਸ ਨੂੰ ਸਮਝਣਾ ਬਹੁਤ ਹੀ ਜ਼ਰੂਰੀ ਹੈ।

ਇਸ ਮੁਕੱਦਮੇ ਵਿੱਚ ਪਹਿਲਾਂ 98 ਵਿਅਕਤੀਆਂ ਦੇ ਨਾਮ ਸਨ ਪਰ ਕੇਵਲ 42 ਵਿਅਕਤੀ ਹੀ ਹਿਰਾਸਤ ਵਿੱਚ ਲਏ ਜਾ ਸਕੇ। ਕੁੱਝ ਇੱਕ ਦੇ ਮੁਕੱਦਮੇ ਇਸ ਕਰਕੇ ਖ਼ਾਰਜ ਕਰ ਦਿੱਤੇ ਗਏ ਕਿਉਂਕਿ ਉਹ ਵਾਅਦਾ ਮੁਆਫ ਗਵਾਹ ਬਣ ਗਏ ਸਨ।

ਇਸ ਮੁਕੱਦਮੇ ਦੀ ਕਾਰਵਾਈ ਸਾਨਫ਼੍ਰਾਂਸਿਸਕੋ ਦੀ ਸੰਗੀ ਜ਼ਿਲ੍ਹਾ ਅਦਾਲਤ ਵਿੱਚ ਹੋਈ। 20 ਨਵੰਬਰ 1917 ਨੂੰ ਇਸ ਮੁਕੱਦਮੇ ਦੀ ਕਾਰਵਾਈ ਆਰੰਭ ਹੋਈ। ਇਤਿਹਾਸ ਦਾ ਸਭ ਤੋਂ ਸੁਨਿਹਰੀ ਪੰਨਾ ਵੀ ਇਨ੍ਹਾਂ ਦਿਨਾਂ ਵਿੱਚ ਹੀ ਲਿਖਿਆ ਗਿਆ ਜਦੋਂ ਹਰ ਕਿਸਮ ਦੇ ਬਸਤੀਵਾਦ ਦੇ ਖ਼ਿਲਾਫ਼ ਸਮਾਜਵਾਦੀ ਧਿਰਾਂ ਦਾ ਆਗੂ ਸਾਥੀ ਵੀ. ਆਈ. ਲੈਨਿਨ ਇੱਕ ਸ਼ਕਤੀਸ਼ਾਲੀ ਸ਼ਾਸਕ ਵਜੋਂ ਰੂਸੀ ਸੱਤਾ 'ਤੇ ਕਾਬਜ਼ ਹੋ ਰਿਹਾ ਸੀ। ਇਸ ਆਸ ਦੇ ਸੂਰਜ ਦਾ ਉਦੈ 7 ਅਕਤੂਬਰ 1917 ਨੂੰ ਹੋ ਚੁੱਕਾ ਸੀ। ਬਸਤੀਵਾਦੀ ਲੁੱਟ ਲਈ ਇਹ ਕਿਰਤੀ ਰਾਜ ਇਕ ਵੱਡੀ ਵੰਗਾਰ ਸਾਬਤ ਹੋਣ ਵਾਲਾ ਸੀ।

ਇਸ ਮੁਕੱਦਮੇ ਨੇ ਚਾਰ ਕਿਸਮਾਂ ਦੀਆਂ ਧਿਰਾਂ ਇਕੱਠੀਆਂ ਕਰ ਦਿੱਤੀਆਂ ਸਨ। ਇੱਕ ਧਿਰ ਭਾਈ ਸੰਤੋਖ ਸਿੰਘ ਦੀ ਅਗਵਾਈ ਵਾਲੀ ਸੀ। ਦੂਸਰੇ ਉਹ ਸਨ, ਜਿਨ੍ਹਾਂ ਦੀ ਅਗਵਾਈ ਪੰਡਿਤ ਰਾਮ ਚੰਦਰ ਪਿਸ਼ੌਰੀਆ ਕਰ ਰਿਹਾ ਸੀ, ਜਿਸ ਦੇ ਜਰਮਨ ਸਫ਼ਾਰਤਖਾਨੇ ਨਾਲ ਸੰਬੰਧ ਸਥਾਪਿਤ ਹੋ ਚੁੱਕੇ ਸਨ। ਤੀਸਰੀ ਧਿਰ ਉਨ੍ਹਾਂ ਕ੍ਰਾਂਤੀਕਾਰੀਆਂ ਦੀ ਸੀ, ਜਿਹੜੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜਰਮਨ ਦੀ ਮਦਦ ਨਾਲ ਹੋਰ ਸਰਗਰਮ ਹੋ ਗਏ ਸਨ। ਚੌਥੀ ਧਿਰ ਉਨ੍ਹਾਂ ਗ਼ਦਰੀਆਂ ਦੀ ਸੀ, ਜਿਨ੍ਹਾਂ ਨੇ ਕਦੀ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਸੁਪਨਾ ਲਿਆ ਸੀ। ਪਰ ਸਮੇਂ ਦੀਆਂ ਬਦਲੀਆਂ ਪਰਸਥਿਤੀਆਂ ਨੇ ਉਨ੍ਹਾਂ ਵਿੱਚੋਂ ਕਈਆਂ ਦੀਆਂ ਵਫ਼ਾਦਾਰੀਆਂ ਬਦਲ ਦਿੱਤੀਆਂ ਸਨ। ਭਾਰਤ ਦੀ ਆਜ਼ਾਦੀ ਦਾ ਇਹ ਸਾਰਿਆਂ ਤੋਂ ਵੱਡਾ ਮੁਕੱਦਮਾ ਗ਼ਦਰੀਆਂ ਦੇ ਆਪਸੀ ਅੰਤਰ ਵਿਰੋਧਾਂ ਨੂੰ ਸਮਝਣ ਲਈ ਵੀ ਬਹੁਤ ਹੀ ਸਹਾਇਕ ਸਿੱਧ ਹੋ ਸਕਦਾ ਹੈ।

ਪਾਰਟੀ ਦੇ ਅੰਦਰ ਜਦੋਂ ਇਸ ਗੱਲ ਨੂੰ ਲੈ ਕੇ ਬੇਚੈਨੀ ਵਧਣ ਲੱਗੀ ਤਾਂ ਭਾਈ ਸੰਤੋਖ ਸਿੰਘ ਹੁਰਾਂ ਨੇ ਇਸ ਮਾਮਲੇ ਵਿੱਚ ਦਖ਼ਲ ਦੇਣਾ ਆਰੰਭ ਕੀਤਾ। ਰਾਮ ਚੰਦਰ ਹਿਸਾਬ ਕਿਤਾਬ ਜਨਤਕ ਕਰਨ ਦੀ ਦਲੀਲ ਨੂੰ ਇਹ ਕਹਿ ਕੇ ਰੱਦ ਕਰ ਰਹੇ ਸਨ ਕਿ ਕਿਸੇ ਵੀ ਇਨਕਲਾਬੀ ਪਾਰਟੀ ਦੀਆਂ ਅੰਦਰੂਨੀ ਗੱਲਾਂ ਜਨਤਕ ਨਹੀਂ ਕੀਤੀਆਂ ਜਾ ਸਕਦੀਆਂ। ਉਨ੍ਹਾਂ ਦੀ ਦਲੀਲ ਦਾ ਸਾਥ ਉਨ੍ਹਾਂ ਦੇ ਕੁੱਝ ਸਾਥੀ ਵੀ ਦੇ ਰਹੇ ਸਨ। ਪਰ ਪਾਰਟੀ ਆਪਣੇ ਆਗੂਆਂ ਨੂੰ ਇਸ ਮਾਮਲੇ ਵਿੱਚ ਬੇਚੈਨ ਵੀ ਨਹੀਂ ਸੀ ਦੇਖ ਸਕਦੀ। ਕਿਉਂਕਿ ਪਾਣੀ ਸਿਰ ਤੋਂ ਲੰਘ ਗਿਆ ਸੀ। ਰਾਮ ਚੰਦਰ ਪਾਰਟੀ ਦੀਆਂ ਅੰਦਰੂਨੀ ਗੱਲਾਂ ਨੂੰ ਮੀਟਿੰਗ ਵਿੱਚ ਵਿਚਾਰਨਾ ਹੀ ਨਹੀਂ ਚਾਹੁੰਦੇ ਸਨ ਤੇ ਇਹ ਦਲੀਲ ਦਿੰਦੇ ਸਨ ਕਿ ਇਨਕਲਾਬੀ ਪਾਰਟੀ ਦੀਆਂ ਅੰਦਰੂਨੀ ਗਤੀਵਿਧੀਆਂ ਮੀਟਿੰਗ ਵਿੱਚ ਨਹੀਂ ਵਿਚਾਰੀਆਂ ਜਾ ਸਕਦੀਆਂ ਬਰਤਾਨਵੀ ਸਾਮਰਾਜ ਨਾਲ ਲੜ ਕੇ ਹਾਰ ਨਾ ਮੰਨਣ ਵਾਲੇ ਭਾਈ ਸੰਤੋਖ ਸਿੰਘ ਲਈ ਇਤਿਹਾਸ ਦੀ ਸਭ ਤੋਂ ਪਰੇਸ਼ਾਨ ਕਰਨ ਵਾਲੀ ਲੜਾਈ ਉਨਾਂ ਦੇ ਮੋਢਿਆਂ 'ਤੇ ਆ ਪਈ ਸੀ। ਸਭ ਤੋਂ ਵੱਡਾ ਸਵਾਲ ਹੁਣ ਇਹ ਸੀ ਕਿ ਰਾਮ ਚੰਦਰ ਪਿਸ਼ੌਰੀਏ ਤੇ ਉਸ ਦੇ ਕੁੱਝ ਚੇਲਿਆਂ ਵੱਲੋਂ ਪੈਦਾ ਕੀਤੀ ਇਸ ਨਵੀਂ ਬਦਮਗ਼ਜ਼ੀ ਦਾ ਆਖ਼ਰ ਕੀ ਇਲਾਜ ਕੀਤਾ ਜਾਵੇ? ਨਵੀਆਂ ਪਰਸਥਿਤੀਆਂ ਵਿੱਚ ਗ਼ਦਰ ਕਿਵੇਂ ਜਾਰੀ ਰੱਖਿਆ ਜਾਵੇ?

ਜਦੋਂ ਰਾਮ ਚੰਦਰ ਦੀ ਬਿਮਾਰੀ ਦਾ ਕੋਈ ਇਲਾਜ ਨਾ ਰਿਹਾ ਤਾਂ ਭਾਈ ਸੰਤੋਖ ਸਿੰਘ ਤੇ ਭਾਈ ਭਗਵਾਨ ਸਿੰਘ ਜੀ ਨੇ ਨਵੀਂ ਗ਼ਦਰ ਪਾਰਟੀ ਕਾਇਮ ਕਰਨ ਦਾ ਫ਼ੈਸਲਾ ਕੀਤਾ। ਜਿਸ ਵਿੱਚ ਭਾਈ ਰਤਨ ਸਿੰਘ ਜੀ ਪ੍ਰਧਾਨ ਤੇ ਭਾਈ ਸੰਤੋਖ ਸਿੰਘ ਜੀ ਜਨਰਲ ਸੈਕਟਰੀ ਚੁਣੇ ਗਏ

ਭਾਵੇਂ ਸਾਰੇ ਯਤਨਾਂ ਦੇ ਬਾਵਜੂਦ ਉਸ ਸਮੇਂ ਅਮਰੀਕਾ ਵਿੱਚ ਦੋ ਗ਼ਦਰ ਪਾਰਟੀਆਂ ਚਲ ਰਹੀਆਂ ਸਨ ਤੇ ਦੋ ਗ਼ਦਰ ਅਖ਼ਬਾਰਾਂ ਇੱਕ ਦੂਸਰੀ ਪਾਰਟੀ ਨੂੰ ਥੱਲੇ ਲਗਾਉਣ ਲਈ ਨਿਕਲ ਰਹੀਆਂ ਸਨ। ਸਾਂਝ ਦੀਆਂ ਸਾਰੀਆਂ ਸੰਭਾਵਨਾਵਾਂ ਲਗਭਗ ਖ਼ਤਮ ਹੋ ਗਈਆਂ ਸਨ ਪਰ ਬਰਤਾਨਵੀ ਹਕੂਮਤ ਦੇ ਇਸ਼ਾਰੇ 'ਤੇ ਚੱਲੇ ਸਾਨਫ਼੍ਰਾਂਸਿਸਕੋ ਸਾਜ਼ਿਸ਼ ਕੇਸ ਨੇ ਇਨ੍ਹਾਂ ਨੂੰ ਇੱਕੋ ਹੀ ਕੇਸ ਵਿੱਚ ਲਪੇਟ ਲਿਆ ਸੀ। ਪਾਰਟੀ ਦੀ ਆਪਸੀ ਧੜੇਬੰਦੀ ਦੀ ਬਦੌਲਤ 'ਭਾਈ ਸੰਤੋਖ ਸਿੰਘ ਚੁੱਪ-ਚਾਪ ਰਹਿਣ ਵਾਲਾ ਤੇ ਪਿੱਛੇ ਰਹਿ ਕੇ ਕੰਮ ਕਰਨ ਵਾਲਾ ਗੰਭੀਰ ਚਿੱਤ ਆਦਮੀ ਬਣ ਗਿਆ ਸੀ।

ਇਸ ਕੇਸ ਵਿੱਚ ਸਭ ਤੋਂ ਵੱਧ ਸਜ਼ਾ ਤਾਰਕਨਾਥ ਦਾਸ ਤੇ ਭਾਈ ਸੰਤੋਖ ਨੂੰ ਸੁਣਾਈ ਗਈ। ਇਹ ਸਜ਼ਾ ਮੈਕਨੈੱਲ 'ਚ ਟਾਪੂ ਵਿਖੇ ਦਿੱਤੀ ਗਈ। ਜਿਥੇ ਦੀਆਂ ਸਥਿਤੀਆਂ ਬਹੁਤ ਹੀ ਅਣਮਨੁੱਖੀ ਸਨ।

ਬਾਕੀ ਗ਼ਦਰੀਆਂ ਬਾਰੇ ਬਰਤਾਨਵੀ ਸਰਕਾਰ ਏਨੀ ਚਿੰਤਾਤੁਰ ਨਹੀਂ ਸੀ। ਉਹ ਸੰਤੋਖ ਸਿੰਘ, ਪ੍ਰੋ ਤਾਰਕਨਾਥ ਦਾਸ ਤੇ ਗੋਪਾਲ ਸਿੰਘ ਨੂੰ ਹਰ ਹਾਲ ਵਿੱਚ ਅਮਰੀਕਾ ਤੋਂ ਭਾਰਤ ਲੈ ਕੇ ਜਾਣਾ ਚਾਹੁੰਦੀ ਸੀ।

ਅਮਰੀਕਾ ਦੇ ਮੈਕਨਲਜ਼ ਟਾਪੂ 'ਤੇ ਕੈਦ ਕੱਟ ਰਹੇ ਗ਼ਦਰੀਆਂ ਕੋਲ ਇਸ ਜੰਗ ਨੂੰ ਦੇਖਣ ਦਾ ਮਾਰਕਸਵਾਦੀ ਨਜ਼ਰੀਆ ਸੀ ਉਹ ਇਸ ਦ੍ਰਿਸ਼ਟੀ ਤੋਂ ਇਸ ਜੰਗ ਨੂੰ ਦੇਖਦੇ ਇਸ ਦਾ ਵਿਸ਼ਲੇਸ਼ਣ ਕਰ ਰਹੇ ਸਨ। ਦੇਸ਼ ਵਾਸੀਆਂ ਦੇ ਬਰਤਾਨੀਆ ਦੇ ਹੱਕ ਵਿੱਚ ਭੁਗਤਣ ਬਾਰੇ ਗ਼ਦਰੀ ਲਹਿਰ ਦੇ ਸਾਰੇ ਹੀ ਵੱਡੇ ਆਗੂ ਚਿੰਤਤ ਸਨ। ਇਸ ਗ਼ੁਲਾਮ ਜ਼ਹਿਨੀਅਤ ਬਾਰੇ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਇਸ ਨਾਜ਼ੁਕ ਘੜੀ, ਭਾਰਤ ਦੀ ਅਖੌਤੀ ਕੌਮ-ਪ੍ਰਸਤ ਪਾਰਟੀ ਤੇ ਇਹਦੇ ਨੇਤਾ ਬਰਤਾਨੀਆ ਦੀ ਸਹਾਇਤਾ ਲਈ ਵਚਨਬੱਧ ਹੋ ਗਏ ਸਨ ਤੇ ਅਸਲ ਵਿੱਚ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਕਰ ਰਹੇ ਸਨ। ਇਨ੍ਹਾਂ ਨੇਤਾਵਾਂ ਦੀ ਸਹਾਇਤਾ ਨਾਲ ਬਰਤਾਨਵੀ ਸਰਕਾਰ ਇਨਕਲਾਬੀਆਂ ਵਿਰੁੱਧ ਆਮ ਲੋਕਾਂ ਦੇ ਮਨਾਂ ਵਿੱਚ ਇਹ ਆਖਕੇ ਜ਼ਹਿਰ ਭਰ ਰਹੀ ਸੀ ਕਿ ਇਹ ਧਰਮ ਦੇ ਦੋਖੀ ਹਨ ਤੇ ਉਨ੍ਹਾਂ ਨੂੰ ਡਾਕੂ ਆਖ ਕੇ ਬਦਨਾਮ ਕੀਤਾ ਜਾ ਰਿਹਾ ਸੀ। ਜੋ ਜਨਤਕ ਅਮਨ ਤੇ ਲੋਕਾਂ ਦੇ ਜਾਨ ਮਾਲ ਲਈ ਖ਼ਤਰਨਾਕ ਸਨ। ਉਸ ਵੇਲੇ ਆਮ ਲੋਕ ਸੁਤੰਤਰਤਾ ਤੇ ਆਜ਼ਾਦੀ ਆਦਿ ਦੇ ਅਰਥਾਂ ਤੋਂ ਲਗਭਗ ਬੇਖ਼ਬਰ ਹੀ ਸਨ।

ਭਾਈ ਸੰਤੋਖ ਸਿੰਘ ਆਪਣੇ ਸਾਥੀਆਂ ਨਾਲ ਅਮਰੀਕਾ ਦੀ ਜੇਲ੍ਹ ਵਿੱਚੋਂ ਰਿਹਾਅ ਹੋ ਕੇ ਬਾਹਰ ਆਏ ਤਾਂ ਉਨ੍ਹਾਂ ਦਾ ਭਾਰਤ ਨੂੰ ਆਜ਼ਾਦ ਦੇਖਣ ਦਾ ਸੁਪਨਾ ਸਗੋਂ ਹੋਰ ਪ੍ਰਪੱਕ ਹੋ ਗਿਆ ਸੀ। ਉਸ ਸੁਪਨੇ ਨੂੰ ਪੂਰਾ ਕਰਨ ਲਈ ਮਾਰਕਸਵਾਦ ਬਤੌਰ ਵਿਚਾਰਧਾਰਕ ਹਥਿਆਰ ਵਜੋਂ ਉਨ੍ਹਾਂ ਦੀ ਚੇਤਨਾ ਦਾ ਅੰਗ ਬਣ ਚੁੱਕਿਆ ਸੀ।

ਬਾਹਰ ਆ ਕੇ ਪਹਿਲਾ ਵੱਡਾ ਕੰਮ ਗ਼ਦਰ ਪਾਰਟੀ ਦੀ ਡਾਂਵਾਡੋਲ ਹਾਲਤ ਨੂੰ ਮੁੜ ਸਧਾਰਨਾ ਤੇ ਪੈਰਾਂ 'ਤੇ ਖੜੇ ਕਰਨਾ ਸੀ। ਪਾਰਟੀ ਕੇਵਲ ਆਰਥਿਕ ਤੌਰ 'ਤੇ ਹੀ ਨਹੀਂ ਸੀ ਟੁੱਟ ਚੁੱਕੀ ਸਗੋਂ ਜਥੇਬੰਦਕ ਤੌਰ 'ਤੇ ਵੀ ਖਿੰਡਰ ਚੁੱਕੀ ਸੀ। ਕੁਝ ਲੋਕ ਘਰ ਵਾਪਸ ਪਰਤ ਜਾਣ ਦੀਆਂ ਦਲੀਲਾਂ ਦੇ ਰਹੇ ਸਨ।

ਹੁਣ ਸੰਤੋਖ ਸਿੰਘ, ਰਤਨ ਸਿੰਘ ਰਾਏਪੁਰ ਡੱਬਾ, ਬਾਬਾ ਹਰਜਾਪ ਸਿੰਘ, ਸ. ਗੋਪਾਲ ਸਿੰਘ ਜੀ-ਜਾਨ ਨਾਲ ਪਾਰਟੀ ਨੂੰ ਮੁੜ ਲੀਹਾਂ ਤੇ ਲਿਆਉਣ ਲਈ ਘਰੋਂ ਘਰੀ ਸੰਪਰਕ ਕਰ ਰਹੇ ਸਨ। ਉਹ ਇਸ ਗੱਲ ਉੱਪਰ ਜ਼ੋਰ ਦੇ ਰਹੇ ਸਨ ਕਿ ਆਜ਼ਾਦੀ ਪ੍ਰਾਪਤ ਕਰਨ ਤੋਂ ਪਹਿਲਾਂ ਪਾਰਟੀ ਨੂੰ ਛੱਡ ਕੇ ਘਰ ਬੈਠ ਜਾਣਾ ਖੁਦਕੁਸ਼ੀ ਕਰਨ ਦੇ ਬਰਾਬਰ ਹੈ। ਅੰਗਰੇਜ਼ਾ ਦੁਆਰਾ ਤਿਆਰ ਕੀਤੀ 30 ਨਵੰਬਰ, 1920 ਦੀ ਇੱਕ ਗੁਪਤ ਰਿਪੋਰਟ ਵਿਚ ਕਿਹਾ ਗਿਆ ਹੈ, ਕਿ ਸੰਤੋਖ ਸਿੰਘ ਲੋਕਾਂ ਨੂੰ ਮਾਰਕਸਵਾਦੀ ਸਿਧਾਂਤ ਪੜ੍ਹਨ ਤੇ ਰੂਸੀ (ਭਾਸ਼ਾ) ਸਿੱਖਣ ਲਈ ਆਖ ਰਿਹਾ ਸੀ ਅਤੇ ਉਹਦੀਆਂ ਹਦਾਇਤਾਂ ਅਧੀਨ ਹੀ ਕੈਲੇਫ਼ੋਰਨੀਆਂ ਦੇ ਇੱਕ ਨੌਜਵਾਨ ਮਰਹੱਟੇ, ਸ਼ਾਸਤਰੀ ਨੇ ਹਿੰਦੋਸਤਾਨ ਨੂੰ ਇਹ ਪਤਾ ਕਰਨ ਲਈ ਲਈ ਖ਼ਤ ਲਿਖਿਆ ਸੀ ਕਿ ਕੀ ਭਾਰਤ ਵਿਚ ਗ਼ਦਰੀ ਸਾਹਿਤ ਪ੍ਰਚਾਰਿਆ ਜਾ ਸਕਦਾ ਹੈ?

ਪਾਰਟੀ ਨੂੰ ਨਵੇਂ ਸਿਰੇ ਤੋਂ ਜਥੇਬੰਦ ਕਰਨ ਦੇ ਨਾਲ-ਨਾਲ ਜਿਹੜਾ ਕੰਮ ਪੁਨਰ-ਗਠਨ ਦੇ ਦੌਰ ਵਿੱਚ ਕੀਤਾ ਗਿਆ ਸੀ ਉਹ ਸੀ 'ਇੰਡੀਪੈਂਡੈਂਟ ਹਿੰਦੋਸਤਾਨ' ਨਾਮ ਦਾ ਅੰਗ਼ਰੇਜ਼ੀ ਪਰਚਾ ਪ੍ਰਕਾਸ਼ਤ ਕਰਨਾ। ਇਸ ਦਾ ਪਹਿਲਾ ਅੰਕ ਸਤੰਬਰ, 1920 ਵਿਚ ਪ੍ਰਕਾਸ਼ਤ ਹੋਇਆ ਸੀ ਸੁਰਿੰਦਰ ਨਾਥ ਕਾਰ ਇਸ ਦੇ ਪਹਿਲੇ ਮੁਖ ਸੰਪਾਦਕ ਸਨ।

ਅਮਰੀਕਾ ਵਿਚ ਤਾਂ ਖ਼ਾਸ ਤੌਰ 'ਤੇ ਗ਼ਦਰੀਆਂ ਦੀ ਹਰ ਗਤੀ ਵਿਧੀ ਨੂੰ ਨੋਟ ਕੀਤਾ ਜਾ ਰਿਹਾ ਸੀ। ਜਦੋਂ ਕਮਿਊਨਿਸਟ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਸੰਤੋਖ ਸਿੰਘ ਅਤੇ ਰਤਨ ਸਿੰਘ ਨੂੰ ਕੈਲੀਫ਼ੋਰਨੀਆਂ ਤੋਂ ਸੱਦਿਆ ਗਿਆ ਸੀ।

ਤੀਜੀ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ 5 ਨਵੰਬਰ ਤੋਂ 5 ਦਸੰਬਰ ਤੱਕ ਚੱਲੀ। ਪ੍ਰਾਪਤ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਇਸ ਸਮੇਂ ਦੌਰਾਨ ਸੁਰਖ਼ ਕੌਮਾਂਤਰੀ ਮਜ਼ਦੂਰ ਸੰਗਠਨਾਂ ਦੀ ਦੂਜੀ ਕਾਂਗਰਸ ਵੀ ਹੋਈ। ਜਿਸ ਕਾਂਗਰਸ ਵਿੱਚ ਸੰਤੋਖ ਸਿੰਘ ਤੇ ਰਤਨ ਸਿੰਘ ਦੋਵੇਂ ਸ਼ਾਮਿਲ ਹੋਏ ਸਨ। ਕੌਮਾਂਤਰੀ ਮਜ਼ਦੂਰ ਸੰਗਠਨਾਂ ਦੀ ਕਾਂਗਰਸ ਵਿੱਚ ਸੰਤੋਖ ਸਿੰਘ ਨੇ ਗ਼ਦਰ ਪਾਰਟੀ ਬਾਰੇ ਵਿਸਥਾਰਪੂਰਵਕ ਤਕਰੀਰ ਵੀ ਦਿੱਤੀ ਸੀ। ਜਿਸ ਵਿੱਚ ਉਨ੍ਹਾਂ ਨੇ ਗ਼ਦਰੀਆਂ ਦੇ ਹੌਸਲੇ ਅਤੇ ਬਲੀਦਾਨ ਦੀ ਗੱਲ ਕਰਦਿਆਂ ਇਸ ਬਗ਼ਾਵਤ ਦੇ ਅਸਫ਼ਲ ਰਹਿ ਜਾਣ ਦੇ ਕਾਰਨਾਂ ਬਾਰੇ ਚਾਨਣਾ ਪਾਇਆ ਸੀ।

ਇਸ ਕਾਂਗਰਸ ਵਿੱਚ ਕਾਮਰੇਡ ਵੀ.ਆਈ. ਲੈਨਿਨ ਨੇ ਕੁੰਜੀਵਤ ਭਾਸ਼ਨ ਦਿੱਤਾ। ਉਨ੍ਹਾਂ ਦਾ ਵਿਸ਼ਾ ਸੀ, "ਰਸ਼ੀਅਨ ਇਨਕਲਾਬ ਦੇ ਪੰਜ ਸਾਲ ਤੇ ਸੰਸਾਰ ਇਨਕਲਾਬ ਦੀਆਂ ਸੰਭਾਵਨਾਵਾਂ" ਇਸ ਕਾਂਗਰਸ ਵਿਚ ਭਾਰਤ ਦੇ ਕਿਰਤੀ ਲੋਕਾਂ ਦੀਆਂ ਸੰਭਾਵਨਾਵਾਂ ਬਾਰੇ ਵਿਸਥਾਰਪੂਰਵਕ ਨੋਟਿਸ ਲਿਆ ਗਿਆ ਸੀ।

ਸੰਤੋਖ ਸਿੰਘ ਲਈ ਇਤਿਹਾਸਕ ਸਬਕ ਸਨ ਜਿਹੜੇ ਚੌਥੀ ਕਾਂਗਰਸ ਨੇ ਦਿੱਤੇ ਸਨ। ਇਨ੍ਹਾਂ ਸਬਕਾਂ ਨੂੰ ਹਕੀਕਤ ਵਿੱਚ ਲਾਗੂ ਕਰਨ ਲਈ ਉਸ ਦਾ ਮਨ ਅੰਗੜਾਈਆਂ ਭਰਨ ਲੱਗਾ। ਇਸੇ ਨੂੰ ਲਾਗੂ ਕਰਨ ਲਈ ਉਸ ਨੇ ਸੀਸ ਤਲੀ 'ਤੇ ਰੱਖ ਕੇ ਭਾਰਤ ਵਾਪਸ ਆਉਣ ਦਾ ਫ਼ੈਸਲਾ ਲਿਆ। ਭਾਵੇਂ ਉਸ ਨੂੰ ਪਤਾ ਸੀ ਕਿ ਸਿਆਮ ਵਾਲੀ ਸਾਰੀ ਬਗ਼ਾਵਤ ਦਾ ਸੂਤਰਧਾਰ ਉਹ ਹੋਣ ਕਰਕੇ ਉਸ ਨੂੰ ਫ਼ਾਂਸੀ ਵੀ ਦਿੱਤੀ ਜਾ ਸਕਦੀ ਹੈ।

ਬਾਕੀ ਅਗਲੇ ਅੰਕ 'ਚ

Harjeet Sandhu
REALTOR
''Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Polaris
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
REALTOR©
MLS MULTIPLE LISTING SERVICE
Member - Edmonton Real Estate Board, Residential & Commercial Divsion

# ਅੰਨ੍ਹੀ ਮਾਂ ਦਾ ਪੁੱਤ



ਰਾਮ ਸਰੂਪ ਅਣਖੀ

'ਅੰਨ੍ਹੀ ਮਾਂ ਦਾ ਪੁੱਤ ' ਇੱਕੋ ਵੇਲੇ ਪਿਆਰ ਅਤੇ ਵਿਅੰਗ ਦਾ ਚਿੱਤਰ ਪੇਸ਼ ਕਰਦੀ ਕਹਾਣੀ ਹੈ। ਛੋਟੀ ਉਮਰ ਦਾ, ਗਰੀਬ ਘਰ ਦਾ ਬੱਚਾ, ਆਪਣੀ ਅੰਨ੍ਹੀ ਮਾਂ ਦੀਆਂ ਅੱਖਾਂ ਦੇ ਇਲਾਜ ਲਈ ਇੱਕ ਦੰਭੀ ਸੰਨਿਆਸੀ ਤੋਂ ਨਕਲੀ, ਸਗੋਂ ਝੂਠੀ, ਦਵਾ ਖ਼ਰੀਦ ਲਿਆਉਂਦਾ ਹੈ। ਉਹ ਬਾਰ-ਬਾਰ ਅੰਨੀ ਮਾਂ ਦਾ ਪੁੱਤ ਅਖਵਾਏ ਜਾਣ ਦੇ ਮਿਹਣੇ ਤੋਂ ਮੁਕਤ ਹੋਣਾ ਚਾਹੁੰਦਾ ਹੈ, ਪਰ ਅਜਿਹਾ ਕਰਕੇ ਉਹ ਇਹ ਮਿਹਣਾ ਹੋਰ ਪੱਕਾ ਕਰ ਦਿੰਦਾ ਹੈ। ਦੀਪੇ ਵੱਲੋਂ ਸੰਨਿਆਸੀ ਪਾਸੋਂ ਖਰੀਦੀ ਦਵਾ ਉਸਦੀ ਮਾਂ ਲਈ ਪਿਆਰ ਨੂੰ ਵੀ ਜ਼ਾਹਰ ਕਰਦੀ ਹੈ ਅਤੇ ਸਾਦਗੀ ਨੂੰ ਵੀ, ਸਾਦਗੀ ਜਿਸ ਵਿੱਚੋਂ ਉਹਦੀ ਜਹਾਲਤ ਦੀ ਝਲਕ ਦਿਸਦੀ ਹੈ।

ਇਹ ਕਹਾਣੀ ਆਧੁਨਿਕ ਭਾਰਤ ਦੀ ਵੀ ਤਸਵੀਰ ਹੈ। ਗ਼ਰੀਬੀ ਨੇ ਭਾਰਤ ਮਾਂ ਨੂੰ ਜਿਵੇਂ ਅੰਨ੍ਹੀ ਹੀ ਬਣਾ ਦਿੱਤਾ ਹੈ। ਇਸਦੇ ਕਈ ਦੁੱਖ ਹਨ, ਜਿਨ੍ਹਾਂ ਦਾ ਇਲਾਜ ਕਰਨ ਵਿੱਚ ਅਸੀਂ ਅਸਮਰੱਥ ਹਾਂ। ਅਸਮਰੱਥਾ ਦਾ ਮੁੱਖ ਕਾਰਨ ਵਸੀਲਿਆਂ ਦੀ ਤੰਗੀ ਜਾਂ ਗ਼ਰੀਬੀ ਹੈ। ਅਸੀਂ ਆਪਣੇ ਦੁੱਖਾਂ ਦਾ ਅਸਲ ਇਲਾਜ ਤਾਂ ਕਰ ਨਹੀਂ ਸਕਦੇ, ਸਗੋਂ ਪਖੰਡੀਆਂ ਦੀਆਂ ਗੱਲਾਂ ਵਿੱਚ ਆ ਜਾਂਦੇ ਹਾਂ। ਹਿੰਦੁਸਤਾਨ ਪਖੰਡੀਆਂ ਨਾਲ ਭਰਿਆ ਪਿਐ ਤੇ ਇਸ ਨਾਲ ਪਖੰਡ ਦੀ ਦੁਕਾਨ ਚੱਲੀ ਜਾਂਦੀ ਹੈ। ਇਹ ਇਸ ਕਹਾਣੀ ਦਾ ਪ੍ਰਤੀਕਾਤਮਕ ਸੁਨੇਹਾ ਹੈ।

**ਇਹ ਇੱਕ ਛੋਟੇ ਕਿਸਾਨ ਪਰਿਵਾਰ ਦੀ ਕਹਾਣੀ ਹੈ। ਮੁੱਖ ਪਾਤਰ ਦੀਪੇ ਦਾ ਪਿਓ ਘਰ ਦੀ ਆਰਥਿਕ ਮੰਦਹਾਲੀ ਵਿੱਚ ਨਪੀੜਿਆ ਹੋਇਆ ਮਨੁੱਖ ਹੈ, ਜਦੋਂ ਕਿ ਦੀਪੇ ਦੀ ਮਾਂ ਬਿਲਕੁਲ ਅੰਨ੍ਹੀ ਹੈ। ਦੀਪਾ ਪਸ਼ੂਆਂ ਦੀ ਮੰਡੀ ਗਿਆ ਆਪਣੇ ਖਾਣ ਪੀਣ ਦੀ ਕੋਈ ਚੀਜ਼ ਨਹੀਂ ਖਰੀਦਦਾ, ਸਗੋਂ ਆਪਣੀ ਮਾਂ ਦੀਆਂ ਅੱਖਾਂ ਵਾਸਤੇ ਇੱਕ ਸਨਿਆਸੀ ਬਾਵੇ ਤੋਂ ਸੁਰਮਾ ਲੈ ਕੇ ਆਉਂਦਾ ਹੈ। ਦੀਪਾ ਮਾਂ ਲਈ ਆਪਣੇ ਸਾਰੇ ਸ਼ੌਕ ਕੁਰਬਾਨ ਕਰ ਦੇਣ ਵਾਲਾ ਮੁੰਡਾ ਹੈ। ਇਹ ਬਾਲ-ਮਨੋਵਿਗਿਆਨ ਦੀ ਕਹਾਣੀ ਹੈ।**

ਰੋਜ ਵਾਂਗ ਅੱਜ ਆਥਣੇ ਵੀ ਮੁੰਡੇ ਕੁੜੀਆਂ ਸੱਥ ਵਿੱਚ ਪੱਕੇ ਥੜ੍ਹੇ ਉੱਤੇ ਆ ਜੁੜੇ। ਕੋਈ ਤਾਸ਼ ਖੇਡਦਾ ਸੀ, ਕੋਈ ਰੋੜੇ ਤੇ ਪੀਚੋ੍-ਬੱਕਰੀ! ਦੀਪਾ ਪੀਚੋ੍-ਬੱਕਰੀ ਖੇਡ ਰਿਹਾ ਸੀ। ਉਹਦੇ ਨਾਲ ਦੋ ਕੁੜੀਆਂ ਤੇ ਇੱਕ ਮੁੰਡਾ ਹੋਰ ਵੀ ਇਹੀ ਖੇਡ, ਖੇਡ ਰਹੇ ਸਨ। ਦੀਪਾ ਆਪਣੀ ਵਾਰੀ ਭੁਗਤਾ ਰਿਹਾ ਸੀ। ਉਹਦਾ ਪੈਰ ਲਕੀਰ ਉੱਤੇ ਟਿਕ ਗਿਆ। ਪਰ ਉਹ ਫਟਾਫਟ ਸਾਰੇ ਘਰ ਟੱਪ ਕੇ ਪਾਰ ਕਰ ਗਿਆ ਜਿਵੇਂ ਲਕੀਰ ਉੱਤੇ ਟਿਕੀ ਉਹਦੀ ਪੈੜ ਦਾ ਕਿਸੇ ਨੂੰ ਪਤਾ ਹੀ ਨਾ ਲੱਗਿਆ ਹੋਵੇ। ਪਰ ਨਾਲ ਖੇਡਦੀ ਇੱਕ ਕੁੜੀ ਨੇ ਝੱਟ ਰੌਲਾ ਪਾ ਦਿੱਤਾ,"ਲੀਖਰ ਵੱਢ 'ਤੀ, ਲੀਖਰ ਵੱਢ 'ਤੀ।"

ਦੀਪੇ ਨੇ ਕਿਹਾ-"ਤੂੰ ਐਵੇਂ ਕਹਿਨੀ ਐਂ।"

"ਅੰਨ੍ਹਾ ਹੋਇਐਂ? ਮੇਰੇ ਕੀ ਅੱਖਾਂ ਨੀ?" ਕੁੜੀ ਬੋਲਦੀ ਸੀ, ਨਾਲੇ ਟਪਦੀ ਸੀ।

'ਅੱਖਾਂ ਹੁੰਦੀਆਂ ਤਾਂ ਉਦੋਂ ਈ ਨਾ ਬੋਲਦੀ?' ਦੀਪਾ ਮੁਕਰਦਾ ਲਗਦਾ ਸੀ।

"ਅੱਖਾਂ ਤੇਰੀਆਂ ਈ ਫੁੱਟੀਆਂ ਹੋਣਗੀਆਂ! ਅੰਨ੍ਹੀ ਮਾਂ ਦਾ ਪੁੱਤ ਨਾ ਹੋਵੇ, ਜਾ ਵੱਢਾ।" ਕੁੜੀ ਪੂਰੀ ਤਰ੍ਹਾਂ ਲਾਚੜ ਗਈ ਸੀ।

"ਤੇਰੀ ਮਾਂ ਨਾ ਅੰਨ੍ਹੀ।" ਦੀਪੇ ਨੇ ਕੱਚਾ ਜਿਹਾ ਹੋ ਕੇ ਕਿਹਾ।

"ਜਾਹ, ਨਹੀਂ ਖੇਡਣਾ ਤਾਂ ਨਾ ਖੇਡ।" ਇਹ ਆਖ ਕੇ ਕੁੜੀ ਨੇ ਖੇਡ ਬੰਦ ਕਰ ਦਿੱਤੀ। ਦੀਪਾ ਨਿਰਾਸ਼ ਜਿਹਾ ਹੋ ਕੇ ਘਰ ਤੁਰ ਪਿਆ। ਉਹਨੂੰ ਕੁੜੀ ਦੇ 'ਅੰਨ੍ਹੀ ਮਾਂ ਦਾ ਪੁੱਤ' ਆਖਣ ਉੱਤੇ ਬੜਾ ਗੁੱਸਾ ਲੱਗਿਆ ਸੀ। ਉਹ ਆਪਣੀ ਮਾਂ ਨੂੰ ਬਹੁਤ ਪਿਆਰ ਕਰਦਾ ਸੀ। ਪਰ ਉਹ ਕੁੜੀ ਨਾਲ ਲੜ ਨਹੀਂ ਸਕਿਆ ਕਿਉਂਕਿ ਖੇਡ ਵਿਚ ਉਹਦੀ ਚਲਾਕੀ ਫੜੀ ਗਈ ਸੀ।

ਉਹ ਘਰ ਆਇਆ ਤਾਂ ਉਹਦੀ ਮਾਂ ਆਪਣੇ ਪੈਰ ਉਤੇ ਲੀਰ ਬੰਨ੍ਹ ਰਹੀ ਸੀ।

"ਮਾਂ ਇਹ ਕੀ ਹੋ ਗਿਆ?" ਦੀਪੇ ਨੇ ਪੁੱਛਿਆ।

"ਵੇ, ਹਾਰੇ 'ਚੋਂ ਦਾਲ ਆਲਾ ਤਪਲਾ ਕੱਢਣ ਲੱਗੀ ਸੀ। ਹੱਥਾਂ 'ਚ ਤਪਲਾ ਸੀ। ਦਿੱਸਿਆ ਨਾ। ਪੀੜ੍ਹੀ 'ਚ ਅੜ੍ਹਕ ਕੇ ਡਿੱਗ ਪੀ। ਸੱਟ ਲੱਗੀ ਪੈਰ 'ਤੇ। ਦੀਂਹਦਾ ਕੀ ਐ ਸੁਆਹ ਸੱਤਾਂ ਚੁੱਲਿਆਂ ਦੀ ਮੈਨੂੰ?" ਮਾਂ ਨੇ ਸਰਸਰੀ ਦੱਸ ਦਿੱਤਾ।

ਦੀਪਾ ਜਿਵੇਂ ਸੁੰਨ ਹੀ ਹੋ ਗਿਆ। ਪੀਚੋ੍-ਬਕਰੀ ਖੇਡਣ ਵਾਲੀ ਕੁੜੀ ਦੀ ਗੱਲ ਉਹਦੇ ਹੱਡ 'ਤੇ ਲੱਗੀ-ਅੰਨ੍ਹੀ ਮਾਂ ਦਾ ਪੁੱਤ।

ਖੇਤੋਂ ਉਹਦਾ ਪਿਓ ਆਇਆ। ਨ੍ਹਾ ਧੋ ਕੇ ਰੋਟੀ ਖਾਣ ਬੈਠਾ ਤੇ ਦੀਪੇ ਨੂੰ ਹਾਕ ਮਾਰੀ-"ਪਾਣੀ ਦਾ ਗਲਾਸ ਭਰ ਕੇ ਲਿਆਈਂ ਓਏ ਤੌੜੇ 'ਚੋਂ।"

ਪਹਿੰਡੀ ਉੱਤੇ ਪਏ ਤੌੜੇ ਨੂੰ ਟੇਢਾ ਕਰਕੇ ਪਾਣੀ ਦੀ ਗੜਵੀ ਭਰਨ ਲੱਗਿਆ। ਤੌੜੇ ਵਿੱਚ ਪਾਣੀ ਥੋੜਾ ਸੀ। ਉਹਦਾ ਧਿਆਨ ਪਾਣੀ ਤੇ ਗੜਵੀ ਵੱਲ ਬਹੁਤਾ ਹੋ ਗਿਆ। ਤੌੜਾ ਪਹਿੰਡੀ ਉਤੋਂ ਐਨਾ ਨਿਉਂ ਗਿਆ ਕਿ ਉਸ ਤੋਂ ਸੰਭਿਆ ਨਾ ਤੇ ਥੱਲੇ ਹੀ ਗਲ-ਪਰਨੇ ਡਿੱਗ ਪਿਆ। ਉਸ ਨੇ ਦੰਦਾਂ ਵਿਚ ਜੀਭ ਦੱਬੀ। ਤੌੜਾ ਕੀਚਰ-ਕੀਚਰ ਹੋ ਗਿਆ ਸੀ।

"ਪਾਣੀ ਗਲਾਸ ਨਾਲ ਵਿੱਚੋਂ ਨੀ ਸੀ ਭਰੀਂਦਾ? ਗੜਵੀ ਨਾਲ ਇਉਂ ਪਾਣੀ ਪਾਉਣ ਨੂੰ ਤੈਨੂੰ ਕੀਹਨੇ ਆਖਿਆ ਸੀ? ਦੀਂਹਦਾ ਨੀ ਸੀ ਅੰਨ੍ਹੀਂ ਦਿਆ ਪੁੱਤਾ?" ਦੀਪੇ ਦਾ ਪਿਓ ਜਿਵੇਂ ਖੇਤੋਂ ਹੀ ਅੱਕ ਕੇ ਆਇਆ ਸੀ। ਦੀਪੇ ਨੂੰ ਉਹਦੀ ਗੱਲ ਦਾ ਬੜਾ ਗੁੱਸਾ ਲੱਗਿਆ। ਉਹ ਮੂੰਹ ਵੱਟ ਕੇ ਪਰ੍ਹੇ ਬੈਠ ਗਿਆ।

"ਤੈਥੋਂ ਆਪ ਨੀ ਸੀ ਉੱਠ ਕੇ ਲਈਂਦਾ? ਜੇ ਮੇਰੇ 'ਤੇ ਰੱਬ ਨੇ ਭਾਵੀ ਵਰਤਾ 'ਤੀ ਤਾਂ ਜਰੂਰ ਮੈਨੂੰ ਅੰਨ੍ਹੀ ਆਖਣੈ? ਜੇਠ ਹਾੜ ਦੀਆਂ ਧੁੱਪਾਂ ਵਿੱਚ ਤੇਰਾ ਲੰਗਰ ਢੋਂਦੀ ਰਹੀ ਆਂ-ਉੱਲਾਂ ਉਠੀਆਂ ਤੋਂ ਵੀ ਜੇ ਉਦੋਂ 'ਲਾਜ ਹੋ ਜਾਂਦਾ ਤਾਂ ਏਸ ਮੁਸੀਬਤ ਨੂੰ ਕਾਹਨੂੰ ਪਹੁੰਚਦੀ?" ਦੀਪੋ ਦੀ ਮਾਂ ਨੇ ਪੂਰੀ ਖਿਝ ਮੰਨੀ।

" 'ਲਾਜ ਨੂੰ ਕੀ ਮੇਰੇ ਕੋਲ ਰੋਕੜੀ ਪਈ ਸੀ?" ਉਹ ਵੀ ਤਿੜਕ ਪਿਆ।

"ਜੇ ਨਾ ਰੋਕੜੀ ਪਈ ਸੀ ਤਾਂ ਹੁਣ ਅੰਨ੍ਹੀ ਕਾਹਨੂੰ ਪਰਖਦੈਂ?" ਦੀਪੇ ਦੀ ਮਾਂ ਟੁੱਟੀ ਪਈ ਸੀ।

"ਤੂੰ ਅੰਨ੍ਹੀ ਕਾਹਨੂੰ ਐਂ, ਮੈਂ ਈ 'ਨ੍ਹੇਰਾ ਢੋਨਾਂ। ਹਲ ਮਗਰ ਖੁਚਾਂ ਤੜੋਂਦੇ ਦੀ ਬੱਸ ਹੋ ਜਾਂਦੀ ਐ ਤੇ ਘਰ ਆ ਕੇ ਚੱਜ ਨਾਲ ਟੁੱਕ ਵੀ ਨਹੀਂ ਜੁੜਦਾ।" ਦੀਪੇ ਦੇ ਪਿਓ ਦੇ ਇਹ ਸ਼ਬਦ ਉਸ ਦੇ ਘਰ ਦੀ ਸਾਰੀ ਦਸ਼ਾ ਦੱਸ ਗਏ ਸਨ।

ਦੀਪਾ ਇਕੱਲਾ ਪੁੱਤ ਸੀ। ਭੈਣਾਂ ਤਿੰਨ ਵੱਡੀਆਂ, ਸਭ ਵਿਆਹੀਆਂ ਵਰੀਆਂ ਆਪਣੇ-ਆਪਣੇ ਘਰੀਂ ਚਲੀਆਂ ਗਈਆਂ ਸਨ। ਇਨ੍ਹਾਂ ਤਿੰਨਾਂ ਕੁੜੀਆਂ ਦੇ ਵਿਆਹਾਂ ਨੇ ਹੀ ਘਰ ਵਿਚ ਹੂੰਝਾ ਫੇਰ ਦਿੱਤਾ ਸੀ। ਹੁਣ ਨਿੱਕੀ ਜਿਹੀ ਟੱਬਰੀ ਮਸਾਂ ਜੂਨ-ਗੁਜ਼ਾਰਾ ਕਰਦੀ ਸੀ।

ਦੀਪੇ ਦੀ ਮਾਂ ਦੇ ਜਦ ਉੱਲਾਂ ਉੱਠ ਖੜੀਆਂ ਸਨ, ਅੱਖਾਂ ਦੀਆਂ ਡੇਲੀਆਂ ਪਾਟ-ਪਾਟ ਡਿਗਦੀਆਂ ਸਨ। ਪੁੜਪੜੀਆਂ ਵਿੱਚ ਜਿਵੇਂ ਹੁੱਜਾਂ ਵਜਦੀਆਂ ਹੋਣ। ਉੱਤੋਂ ਕਣਕ ਦੀ ਗਹਾਈ ਦਾ ਜ਼ੋਰ ਸੀ। ਪਿੜ ਵੀ ਉਹਨਾਂ ਦਾ ਖੇਤ ਵਿੱਚ ਹੀ ਸੀ-ਕੋਹ ਭਰ ਦੂਰ। ਦੀਪੋ ਤੋਂ ਮਾਲ-ਢਾਂਡਾ ਹੀ ਮਸਾਂ ਸੰਭਦਾ ਸੀ। ਉਸ ਦੀ ਮਾਂ ਨੇ ਬਥੇਰਾ ਕੁਰਲਾਇਆ ਕਿ ਉਹਦਾ ਪਿਓ ਸ਼ਹਿਰ ਜਾ ਕੇ ਅੱਖਾਂ ਦਿਖਾ ਲਿਆਵੇ। ਪਰ ਉਸਨੂੰ ਉਹਦੀਆਂ ਅੱਖਾਂ ਨਾਲੋਂ ਪਿੜ ਦਾ ਫਿਕਰ ਬਹੁਤਾ ਸੀ। ਅੱਧੀ-ਅੱਧੀ ਰਾਤ ਤੱਕ ਉਹ ਸਿਰ ਫੜ ਕੇ ਬੈਠੀ ਰਹਿੰਦੀ।

"ਜਦੋਂ ਮੇਰੀ ਜਾਨ ਮੁੱਕ 'ਗੀ, ਤੂੰ ਉਦੋਂ ਈ ਕੁਸ ਕਰੇਂਗਾ?" ਦੀਪੇ ਦੀ ਮਾਂ ਨੇ ਪੂਰੇ ਤਰਲੇ ਨਾਲ ਕਿਹਾ ਸੀ।

"ਐਨੇ ਪੈਸੇ ਈ ਕਿਥੇ ਨੇ ਡਾਕਧਾਰ ਨਾਲ ਮੱਥਾ ਲੌਣ ਨੂੰ? ਤੂੰ ਅੱਜ ਰਸੌਂਤ ਪਾ ਕੇ ਦੇਖ!" ਦੀਪੋ ਦਾ ਪਿਓ ਮਜ਼ਬੂਰ ਸੀ।

ਤੇ ਓਸ ਰਾਤ ਦੀਪੇ ਦੀ ਮਾਂ ਨੇ ਰਸੌਂਤ ਘੋਲ ਕੇ ਅੱਖਾਂ ਵਿਚ ਪਾ ਲਈ ਸੀ। ਉਹਦੀਆਂ ਅੱਖਾਂ ਜਿਵੇਂ ਛਿੱਲੀਆਂ ਹੀ ਗਈਆਂ। ਉਸ ਨੂੰ ਤਰੇਲੀ ਆ ਗਈ। ਉਸ ਨੇ ਚੀਸ ਵੱਟੀ ਜਿਵੇ ਡੇਲੀਆਂ ਵਿੱਚ ਮੇਰੂ ਹੋ ਗਏ ਹੋਣ। ਸਾਰੀ ਰਾਤ ਉਹ ਪਾਵੇ ਨਾਲ ਸਿਰ ਲਾ ਕੇ ਬੈਠੀ ਰਹੀ ਸੀ। ਅਗਲੀ ਸਵੇਰ ਉਸ ਨੂੰ ਡਾਕਟਰ ਕੋਲ ਲਿਜਾਣਾ ਪਿਆ ਸੀ। ਪੈਸਾ ਤਾਂ ਉਦੋਂ ਵਿਹੁ ਖਾਣ ਨੂੰ ਵੀ ਜੇਬ ਵਿੱਚ ਨਹੀਂ ਸੀ। ਕਿਸੇ ਤੋਂ ਚਾਲੀ ਰੁਪਈਏ ਲੈ ਕੇ ਤੇ ਕਣਕ ਨਿਕਲੀ ਤੋਂ ਦੇਣੇ ਕਰਕੇ ਉਹ ਸ਼ਹਿਰ ਗਏ ਸਨ।

ਦੀਪੇ ਦੀ ਮਾਂ ਦਾ ਦੁੱਖ ਤਾਂ ਦੂਰ ਹੋ ਗਿਆ ਸੀ, ਪਰ ਨਜ਼ਰ ਚੌਥਾ ਹਿੱਸਾ ਵੀ ਨਹੀਂ ਰਹੀ ਸੀ।

ਦੀਪੇ ਦਾ ਪਿਓ ਮਸਾਂ ਦਿਨ-ਕਟੀ ਕਰਦਾ ਸੀ। ਦੀਪੇ ਦੀ ਮਾਂ ਅੰਨ੍ਹੀ ਨਹੀਂ ਤਾਂ ਅੰਨ੍ਹਿਆਂ ਵਰਗੀ ਜ਼ਰੂਰ ਹੋ ਗਈ ਸੀ। ਦੀਪਾ ਆਪ ਇੱਕ ਖੱਲੜ ਜਿਹੀ ਮਹਿੰ, ਇੱਕ ਬੱਕਰੀ ਤੇ ਇੱਕ ਵੱਛਾ ਬਾਹਰੋਂ ਚਾਰ ਕੇ ਲਿਆਉਣ ਵਿੱਚ ਹੀ ਸਾਰਾ ਦਿਨ ਉਲਝਿਆ ਰਹਿੰਦਾ ਸੀ।

ਇੱਕ ਦਿਨ ਸਾਰੇ ਪਾਲ਼ੀ ਪਿਛਲੇ ਪਹਿਰ ਦੀ ਚਾਹ ਨਾਲ ਰੋਟੀ ਖਾਣ ਲੱਗੇ। ਦੀਪੇ ਨੇ ਪੋਣੇ ਲੜੋਂ ਮਿੱਸੀ ਰੋਟੀ ਖੋਲ੍ਹੀ। ਸੁਆਹ ਨਾਲ ਲਿਬੜੀ ਹੋਈ ਸੀ।



"ਰੋਟੀ ਤੋਂ ਸੁਆਹ ਨਹੀਂ ਲਾਹੀ, ਅੰਨ੍ਹੀ ਮਾਂ ਦਿਆ ਪੁੱਤਾ?" ਇੱਕ ਮੁੰਡੇ ਨੇ ਚੋਟ ਕੀਤੀ।

ਦੀਪੇ ਦੀਆਂ ਅੱਖਾਂ ਵਿੱਚ ਪਾਣੀ ਆ ਗਿਆ। ਉਸ ਨੇ ਨੀਵੀਂ ਪਾ ਕੇ ਰੁੱਖੀ ਰੋਟੀ ਚਾਹ ਨਾਲ ਅੰਦਰ ਸੁੱਟ ਲਈ।

ਐਤਕੀ ਮੀਹ ਚੰਗਾ ਪੈ ਗਿਆ ਸੀ ਤੇ ਏਦੂੰ ਵੱਧ ਹੋਰ ਲੋੜ ਵੀ ਨਹੀਂ ਸੀ। ਸਾਵਣ ਦੀ ਮੰਡੀ ਕਾਫ਼ੀ ਭਰਨੀ ਸੀ। ਦੀਪੇ ਦੇ ਤਿੰਨ ਚਾਰ ਪਾਲ਼ੀ ਦੋਸਤਾਂ ਨੇ ਸਲਾਹ ਕੀਤੀ ਕਿ ਮੰਡੀ ਉੱਤੇ ਚੱਲੀਏ। ਦੀਪੇ ਨੇ ਬਥੇਰੀ ਹਿੰਡ ਕੀਤੀ ਕਿ ਉਹਨੇ ਆਪਣੇ ਵੱਛੇ ਲਈ ਘੁੰਗਰਾਲ ਲਿਆਉਣੀ ਹੈ ਪਰ ਉਸ ਦੇ ਪਿਓ ਨੇ ਮਸਾਂ ਇੱਕ ਅਠਿਆਨੀ ਹੀ ਦਿੱਤੀ। ਇੱਕ ਰੁਪਈਆ ਉਸ ਨੇ ਐਤਕੀਂ ਹਾੜੀਆਂ ਵੇਲੇ ਖੇਤਾਂ ਖਿੱਲਰੀਆਂ ਪਈਆਂ ਛੋਲਿਆਂ ਦੀਆਂ ਟਾਟਾਂ ਇੱਕਠੀਆਂ ਕਰ ਕੇ, ਵਿੱਚੋਂ ਦਾਣੇ ਕੱਢ ਕੇ ਤੇ ਵੇਚ ਕੇ ਇੱਕਠਾ ਕਰ ਲਿਆ ਸੀ।

ਤਿੰਨੇ ਚਾਰੇ ਪਾਲ਼ੀ ਮੁੰਡੇ ਉੱਥੇ ਗਏ। ਹਥਨੀ ਵਰਗੀਆਂ ਝੋਟੀਆਂ, ਹੰਸਾਂ ਵਰਗੇ ਗੋਰੇ ਚਿੱਟੇ ਵਹਿੜਕੇ ਤੇ ਕਲਿਹਰੀ ਮੋਰ ਦੀ ਤੋਰ ਵਾਲੇ ਬੋਤਿਆਂ ਨਾਲ ਮੰਡੀ ਝਿਲ-ਮਿਲ ਕਰ ਰਹੀ ਸੀ। ਕਿਸੇ ਨੇ ਘੁੰਗਰਾਲ ਖਰੀਦੀ, ਕਿਸੇ ਨੇ ਗਾਨੀ, ਕਿਸੇ ਨੇ ਬੱਕਰੀ ਦੀਆਂ ਝਾਂਜਰਾਂ ਪਰ ਦੀਪੇ ਨੇ ਸਾਰੀ ਮੰਡੀ ਗਾਹ ਦਿੱਤੀ ਫੇਰ ਵੀ ਉਸ ਨੂੰ ਕੋਈ ਚੀਜ਼ ਪਸੰਦ ਨਾ ਆਈ।

ਇੱਕ ਥਾਂ ਇੱਕ ਸਨਿਆਸੀ ਦਵਾਈਆਂ ਵੇਚ ਰਿਹਾ ਸੀ। ਉਸਦੀ ਜਵਾਨ ਆਰੀ ਵਾਂਗ ਚਲਦੀ ਸੀ।

"ਇਹ ਹੈ ਸੁਰਮੇ ਦੀ ਡਲੀ। ਇਹ ਉਹ ਸੁਰਮਾ ਨਹੀਂ ਜਿਹੜਾ ਬਜ਼ਾਰ ਵਿੱਚ ਦੁਕਾਨ ਤੋਂ ਆਮ ਮਿਲਦਾ ਹੈ। ਬਾਰਾਂ ਤੇ ਬਾਰਾਂ ਚੌਵੀ ਤੇ ਆਹ"- ਉਸ ਨੇ ਆਪਣੇ ਦੋਵਾਂ ਹੱਥਾਂ ਦੀਆਂ ਦਸੇ ਉਂਗਲਾਂ ਖੋਲੀਆਂ ਤੇ ਫਿਰ ਸੱਜੇ ਹੱਥ ਦੀਆਂ ਦੋ ਉਗਲੀਆਂ ਖੜੀਆਂ ਕਰਕੇ ਕਿਹਾ-ਪੂਰੀਆਂ ਛੱਤੀ ਜੜੀ-ਬੂਟੀਆਂ ਦਾ ਇਸ ਪ੍ਰਯੋਗ ਕੀਤਾ ਗਿਆ ਹੈ। ਇੱਕ ਫੁੰਕਾਰੇ ਨਾਲ ਸਾਹ ਸੂਤ ਜਾਣ ਵਾਲੇ ਕਾਲੇ ਨਾਗ ਦੇ ਮੂੰਹ ਵਿਚ ਇਸ ਨੂੰ ਪੂਰਾ ਸਵਾ ਮਹੀਨਾ ਰੱਖਿਆ ਗਿਆ ਤੇ ਫਿਰ ਬਸੰਤਰ ਵਿਚ ਸੋਧਿਆ ਗਿਆ ਹੈ। ਕੋਰੀ ਠੂਠੀ ਘਸਾ ਕੇ ਰਾਤ ਨੂੰ ਪੈਣ ਲੱਗੇ ਤਿੰਨ ਡੰਗ ਇਸ ਦਾ ਸੇਵਨ ਕਰੋ, ਚਿੱਟੇ ਮੋਤੀਏ ਦੀ ਜੜ੍ਹ ਖਤਮ। ਸੱਤ ਡੰਗ ਪਾਓ, ਕਾਲਾ ਮੋਤੀਆ ਵੀ ਖਤਮ ਕਰੇਗਾ। ਨਜ਼ਰ ਨੂੰ ਤੇਜ ਕਰੇਗਾ। ਸੂਈ ਦੇ ਨੱਕੇ ਵਿੱਚ ਧਾਗਾ ਪਾਓ। ਕੀੜੀ ਫਿਰਦੀ ਦੇਖੋ। ਅੰਨ੍ਹੇ ਪੁਰਸ਼ ਸੁਜਾਖੇ ਹੋ ਜਾਓ। ਇਕ ਡਲੀ ਕੀਮਤ ਸਿਰਫ ਅੱਠ ਆਨੇ।

'ਅੰਨ੍ਹੀ ਮਾਂ ਦਾ ਪੁੱਤ'- ਦੀਪੇ ਦੇ ਦਿਮਾਗ ਵਿੱਚ ਹਥੌੜੀਆਂ ਵੱਜ ਰਹੀਆਂ ਸਨ। ਮੰਡੀ ਵਿਚ ਉਸ ਨੇ ਨਾ ਕੁੱਝ ਖਾਧਾ ਸੀ ਤੇ ਨਾ ਪੀਤਾ ਸੀ। ਅੱਠ ਆਨੇ ਜੇਬ ਵਿੱਚੋਂ ਕੱਢ ਕੇ ਸੰਨਿਆਸੀ ਬਾਵੇ ਦੀ ਹਥੇਲੀ ਉੱਤੇ ਉਸਨੇ ਰੱਖ ਦਿੱਤੇ। ਸਾਰੇ ਪਾਲੀਆਂ ਨੇ ਦੇਖਿਆ ਉਸ ਨੇ ਮੰਡੀ ਵਿੱਚੋਂ ਹੋਰ ਕੁੱਝ ਨਹੀਂ ਸੀ ਖਰੀਦਿਆ।

ਪਿੰਡ ਵਾਪਸ ਆਏ ਨੂੰ ਉਸ ਦੇ ਬਾਪੂ ਨੇ ਪੁੱਛਿਆ-"ਕੀ ਕੀ ਖਾਧਾ ਪੀਤਾ ਫੇਰ ਦਿਪਿਆ, ਮੰਡੀ 'ਚ?"

"ਸੁਰਮੇ ਦੀ ਡਲੀ ਲਿਆਂਦੀ ਐ ਬਾਪੂ, ਸਵਾ ਮਹੀਨਾ ਸੱਪ ਦੇ ਮੂੰਹ 'ਚ ਰੱਖੀ ਹੋਈ। ਬੱਸ ਹੁਣੇ ਬੇਬੇ ਦੀ ਨਿਗਾਅ ਤੇਜ਼ ਹੋ ਜੂ।" ਦੀਪੇ ਦੇ ਬੋਲਾਂ ਵਿੱਚ ਅਜੀਬ ਜਿੱਤ ਸੀ।

"ਦੇਖਾਂ? ਦਿਖਾ ਉਰੇ!" ਉਹਦੇ ਬਾਪੂ ਨੇ ਹੈਰਾਨੀ ਪ੍ਰਗਟ ਕੀਤੀ।

ਜੇਬ ਵਿੱਚੋਂ ਡਲੀ ਕੱਢ ਕੇ ਉਸ ਨੇ ਬਾਪੂ ਦੇ ਸਿਰ ਉਤੇ ਧਰ ਦਿੱਤੀ ਤੇ ਮੁਸਕਰਾਇਆ।

ਉਸ ਦੇ ਬਾਪੂ ਨੇ ਕਾਲੀ ਜਿਹੀ ਕੰਕਰੀ ਟੋਹ ਕੇ ਦੇਖੀ ਤੇ ਕਿਹਾ "ਇਹ ਪੱਥਰ ਦਾ ਕੋਲਾ ਜਿਹਾ ਕੀ ਐ ਓਏ? ਏਦੂੰ ਵੀ ਅੰਨ੍ਹੀ ਨਾ ਕਰਦੀਂ ਧਨੰਤਰਾ!"

# ਠਹਿਰੀ ਹੋਈ ਚਪੇੜ



ਅੰਜਨਾ ਸ਼ਿਵਦੀਪ

**ਟੀਵੀ ਅਤੇ ਕੰਪਿਊਟਰ ਦੇ ਆਉਣ ਨਾਲ ਤਕਨੀਕੀ ਖੇਤਰਾਂ ਵਿੱਚ ਭਾਵੇਂ ਅਸੀਂ ਕਾਫ਼ੀ ਤਰੱਕੀ ਕਰ ਲਈ ਹੈ ਪਰ ਟੀਵੀ 'ਤੇ ਦਿਖਾਏ ਜਾ ਰਹੇ ਲੱਚਰ ਪ੍ਰੋਗਰਾਮਾਂ ਨੇ ਸਾਡੀਆਂ ਅਮੀਰ ਸਮਾਜਿਕ ਕਦਰਾਂ-ਕੀਮਤਾਂ ਨੂੰ ਤਹਿਸ-ਨਹਿਸ ਕਰ ਕੇ ਰੱਖ ਦਿੱਤਾ ਹੈ। ਇੰਟਰਨੈਟ ਅਤੇ ਟੀਵੀ ਰਾਹੀਂ ਇੱਕ ਸੋਚੀ-ਸਮਝੀ ਸਾਜ਼ਿਸ਼ ਤਹਿਤ ਸਾਡਾ ਸਮਾਜਿਕ ਤਾਣਾ-ਬਾਣਾ ਬਦਲਿਆ ਜਾ ਰਿਹਾ ਹੈ, ਪਰ ਦੁੱਖ ਵਾਲੀ ਗੱਲ ਇਹ ਹੈ ਕਿ ਇਸ ਸਭ ਦਾ ਪਤਾ ਹੋਣ ਦੇ ਬਾਵਜੂਦ ਵੀ ਅਸੀਂ ਕੁੱਝ ਨਹੀਂ ਕਰ ਪਾ ਰਹੇ। ਬਸ ਮੂਕ ਦਰਸ਼ਕ ਬਣੇ ਤਮਾਸ਼ਾ ਦੇਖ ਰਹੇ ਹਾਂ। ਟੀਵੀ ਪ੍ਰੋਗਰਾਮਾਂ ਅਤੇ ਸੋਸ਼ਲ ਸਾਇਟਾਂ ਦਾ ਸਭ ਤੋਂ ਵੱਧ ਨਕਾਰਾਤਮਕ ਅਸਰ ਸਾਡੇ ਬੱਚਿਆਂ ਉੱਤੇ ਪੈ ਰਿਹਾ ਹੈ, ਸਮਾਜਿਕ ਕਦਰਾਂ-ਕੀਮਤਾਂ ਦੀ ਸਮਝ ਨਾ ਹੋਣ ਕਾਰਨ ਉਹ ਬੁੱਧੂ ਬਕਸੇ ਮਗਰ ਲੱਗੇ ਹੋਏ ਹਨ। ਜੇਕਰ ਅਸੀਂ ਟੀਵੀ ਅਤੇ ਇੰਟਰਨੈਟ ਦੇ ਰਾਹੀਂ ਆਏ ਨਕਾਰਤਮਕ ਰੁਝਾਨਾਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਨੂੰ ਠੱਲ ਨਹੀਂ ਪਾ ਸਕੇ ਤਾਂ ਨਿਸਚਿਤ ਹੀ ਸਾਡੇ ਬੱਚੇ ਸੱਭਿਆਚਾਰਕ ਪਹਿਚਾਣ ਗੁਆ ਬੈਠਣਗੇ। ਲੇਖਿਕਾ ਨੇ ਕਹਾਣੀ ਰਾਹੀਂ ਇਸੇ ਸਥਿਤੀ ਵੱਲ ਇਸ਼ਾਰਾ ਕੀਤਾ ਹੈ।**

ਹੱਥ ਮੇਰਾ ਹਵਾ 'ਚ ਉੱਠਿਆ... ਪਰ ਉੱਠਿਆ ਹੀ ਰਿਹਾ। ਮੇਰੇ ਤੋਂ ਚਪੇੜ ਵੱਜੀ ਨੀ.. ਇਹ ਨਹੀਂ ਕਿ ਮੈਂ ਚਪੇੜ ਮਾਰਨਾ ਨਹੀਂ ਚਾਹੁੰਦੀ ਸੀ.. ਪਰ ਮੇਰੇ ਗੁੱਟ ਤੋਂ ਲੈ ਕੇ ਮੋਢੇ ਤੱਕ ਅਸਿਹ ਪੀੜ ਉੱਠੀ... ਪਰ ਮੇਰਾ ਹੱਥ ਉੱਠਿਆ ਰਿਹਾ....।

ਬੱਚਿਆਂ ਦੀ ਖੇਡ ਦੇਖ ਕੇ.. ਦਿਮਾਗ ਚੱਕਰਭੂਟੇ ਵਾਂਗ ਘੁੰਮ ਗਿਆ.. ਇੱਕ ਪਲ..ਅੱਖਾਂ ਮੂਹਰੇ ਹਨੇਰਾ ਜਿਹਾ ਛਾ ਗਿਆ... ਮੇਰੀ ਜੀਭ ਜਿਵੇਂ ਲੱਕੜ ਦੀ ਹੋ ਗਈ .. ਨਾ ਮੈਨੂੰ ਕੋਈ ਸ਼ਬਦ ਔੜੇ.. ਨਾ ਮੈਂ ਕਹੇ..। ਮੈਂ ਦਿਮਾਗ 'ਚ ਇੱਕ ਮੌਨ ਚੀਖ਼ ਮਾਰੀ ਸੀ.... ਲੱਤਾਂ ਘੜੀਸਦੀ ਉਪਰੋਂ ਹੇਠਾਂ ਉੱਤਰੀ ਸੀ... ਇੱਕ-ਇੱਕ ਪੌੜੀ ਹਿਮਾਲਿਆ ਪਰਬਤ ਬਣੀ ਪਈ ਸੀ.. ਪਰ ਮੈਂ ਉਹਨਾਂ ਨੂੰ ਸਰ ਕਰਕੇ... ਸੋਫ਼ੇ ਤੇ ਡਿੱਗ ਪਈ ਸਾਂ.... ਮੈਂ ਕੀ ਸੋਚ ਰਹੀ ਸੀ? ...ਮੈਂ ਸੋਚ ਵੀ ਰਹੀ ਸੀ ਜਾ ਨਹੀਂ? ਮੈਨੂੰ ਲੱਗਿਆ ਮੇਰੀ ਸੋਚ ਦੇ ਸਭ ਘੋੜੇ ਘਾਹ ਚਰਨ ਨਹੀਂ ਗਏ.. ਸਗੋਂ ਲਗਾਮਾਂ ਛੁਡਾ ਕੇ ਭੱਜ ਗਏ ਹੋਣ...।

ਸੋਫੇ ਦੀ ਢੋਹ ਤੇ ਸਿਰ ਸੁੱਟੀ ਭਾਂਵੇ ਮੈਂ ਕੁੱਝ ਨਹੀਂ ਸੋਚ ਰਹੀ ਸੀ.. ਪਰ ਚੇਤਿਆਂ ਦੀ ਪੀਂਘ ਤੇ ਇੱਕ ਯਾਦ ਹੁਲਾਰੇ ਲੈ ਰਹੀ ਐ...। ਮੈਂ.. ਮੇਰੀ ਭੈਣ ਤੇ ਨਿੱਕਾ ਭਰਾ... ਭੈਣ ਮੇਰੇ ਤੋਂ ਵੱਡੀ ਐ... ਤੇ ਮੈਂ ਭਰਾ ਤੋਂ..। ਅਸੀਂ ਤਿੰਨੇ ਸੰਦੂਕਾਂ ਵਾਲੇ ਅੰਦਰ ... ਬੋਰੀ ਵਿਛਾਈ ਖੇਡ ਰਹੇ ਆਂ...। ਕਿੰਨੇ ਸਾਰੇ ਠੂਠੀਆਂ ਕੁੱਜੇ... ਬੇਰੀਆਂ ਦਾ ਬੂਰ.. ਇੱਕ ਰੋਟੀ.. ਇੱਕ ਗੁੜ ਦੀ ਡਲੀ ਸਾਡੇ ਕੋਲ ਐ... ਭੈਣ ਸਾਡੀ ਮਾਂ ਬਣੀ ਹੋਈ ਐ ...।

ਮੈਂ ਝੂਠੀ -ਮੂਠੀ ਦਾ ਰੋ ਰਹੀ ਆਂ.. ਮਾਂ ਬਣੀ ਭੈਣ ਕਹਿ ਰਹੀ ਐ.... "ਮੇਰੀ ਜੱਸੀ ਨੂੰ ਕਿਹਨੇ ਮਾਰਿਆ.. ਲੈ ਮੇਰੀ ਧੀ.. ਚੂਰੀ ਖਾ ਲੈ .." ਉਹ ਇੱਕ ਬੁਰਕੀ ਰੋਟੀ ਨਾਲ .. ਮੱਕੀ ਦੇ ਦਾਣੇ ਕੁ ਜਿੱਡਾ ਗੁੜ ਦਿੰਦੀ ਐ..। ਭਾਵੇਂ ਮੇਰੀ ਮਾਂ ਵਰਗੀ ਸਵਾਦ ਚੂਰੀ ਕੋਈ ਨੀ ਬਣਾ ਸਕਦਾ.. ਪਰ....ਮਾਂ ਬਣੀ ਭੈਣ ਹੱਥੋਂ .. ਬੁਰਕੀ ਤੇ ਗੁੜ .. ਚੂਰੀ ਵਰਗਾ ਲੱਗਦੈ... ।

ਫੇਰ ਮਾਂ ਬਣੀ ਭੈਣ ਨਿੱਕੇ ਵੀਰ ਦਾ ਜੂੜਾ ਕਰਦੀ ਐ.. ਤੇ ਉਹਨੂੰ ਸਕੂਲ ਤੋਰਦੀ ਐ.. ਮੇਰਾ ਭਰਾ.. ਧੁੱਪ ਨਾਲ ਭਰੇ ਵਿਹੜੇ ਦਾ ਛੋਟਾ ਜਿਹਾ ਚੱਕਰ ਕੱਟਦੈ .. ਮੁੜ ਸੰਦੂਕਾਂ ਵਾਲੇ ਅੰਦਰ ਆ ਖੜਦੈ....।

"ਬੀਬੀ.. ਮੈਨੂੰ ਛੁੱਟੀ ਹੋਗੀ।" ਮਾਂ ਬਣੀ ਅਮਰੋ ਭੈਣ ਉਹਨੂੰ ਗੋਦੀ 'ਚ ਬਿਠਾਉਂਦੀ ਐ ਤੇ ਕੁੱਜੇ 'ਚੋਂ ਪਾਣੀ ਦੀਆਂ ਘੁੱਟਾਂ ਭਰਵਾਉਂਦੀ ਐ....। "ਬੱਸ ਥੋੜਾ ਜਿਹਾ ਦੁੱਧ ਹੋਰ ਪੀ ਲੈ.. ਦੁੱਧ ਵਧਾਵੇ ਬੁੱਧ..।"

ਉਹ ਬਿਲਕੁਲ ਮਾਂ ਵਰਗੀਆਂ ਗੱਲਾਂ ਕਰਦੀ ਐ। ਮੈਨੂੰ ਯਕੀਨ ਐ ਭਰਾ ਨੂੰ ਪਾਣੀ ਦੀਆਂ ਘੁੱਟਾਂ ..ਜਰੂਰ ਦੁੱਧ ਲੱਗਦੀਆਂ ਹੋਣਗੀਆਂ।

ਫੇਰ ਮਾਂ ਬਣੀ ਭੈਣ ਰਾਤ ਪਾ ਦਿੰਦੀ ਐ। "ਰਾਤ ਹੋ ਗਈ ਚਲੋ ਸੌਂ ਜੋ.. ਜੱਸੀ, ਬਿੱਲੂ ਸੌਂ ਜੋ।" ਅਸੀਂ ਤਿੰਨੇ ਇੱਕ ਖੇਸੀ ਤਾਣ ਕੇ ਸੌਣ ਦਾ ਨਾਟਕ ਜਿਹਾ ਕਰਦੇ ਆਂ।

ਇਹ ਸਭ ਮੈਨੂੰ ਜਿਵੇਂ ਯਾਦ ਨੀ ਆਇਆ...ਸਗੋਂ ਇਸੇ ਡਰਾਇੰਗ-ਰੂਮ ਵਿੱਚ ਉਹ ਸਾਹਮਣੇ ਵਾਪਰ ਰਿਹਾ ਸੀ.. ਭਾਵੇਂ ਏਸ ਕਮਰੇ ਦੇ ਪੱਥਰਾਂ 'ਚ.. ਸੰਦੂਕਾਂ ਵਾਲੇ ਅੰਦਰੋਂ ਉੱਠਦੀ ਪਾਂਡੋ-ਮਿੱਟੀ ਦੀ ਮਹਿਕ ਨਹੀਂ ਸੀ.. ਭਾਵੇਂ ਏਥੇ ਪਿਆ ਕੀਮਤੀ ਸਮਾਨ... ਸਾਡੇ ਠੂਠੀਆਂ-ਕੁੱਜਿਆਂ ਨੂੰ ਏਥੇ ਵੜਨ ਦੀ ਇਜਾਜ਼ਤ ਨਹੀਂ ਦੇਣਗੇ.. ਪਰ ਸੱਚ ਮੰਨਿਓ.. ਮੈਂ ਹੁਣੇ ਦੇਖਿਐ.. ਉੱਥੇ ਸਾਹਮਣੇ ਅਸੀਂ ਤਿੰਨੇ.. ਮੈਂ...ਭੈਣ ਤੇ ਬਿੱਲੂ.. ਖੇਡ ਰਹੇ ਸੀ.. ਪਰ ਪਲਾਂ.. ਛਿਣਾਂ 'ਚ ਸਾਰੇ ਲੁੱਕ ਗਏ..।

ਮੇਰੀਆਂ ਅੱਖਾਂ 'ਚੋ ਹੰਝੂ ਆਪ-ਮੁਹਾਰੇ ਨਿਕਲ ਰਹੇ ਨੇ.. ਅੱਖਾਂ ਦੇ ਕਿਨਾਰਿਆਂ ਤੋਂ... ਤਿਲਕ.. ਤਿਲਕ.. ਕੰਨਾਂ ਕੋਲ ਦੀ ਵਗ ਰਹੇ ਨੇ... ਕੋਸੇ-ਕੋਸੇ ਹੰਝੂ ਮੇਰੇ ਦੁੱਖਾਂ ਤੇ ਜਿਵੇਂ.. ਟਕੋਰ ਕਰ ਰਹੇ ਨੇ..। ਦੁੱਖ.. ਮੈਨੂੰ ਕੀ ਦੁੱਖ ਨੇ...? ਘਰ.. ਪੈਸਾ.. ਗੱਡੀ.. ਨੌਕਰੀ.. ਪਤੀ.. ਬੱਚੇ ਸਭ ਕੁੱਝ ਤਾਂ ਹੈ.. ਪਰ .. ਦੁੱਖ.. ਫੇਰ ਦੁੱਖ ਕੈਸਾ..? ਪਰ ਸੱਚ ਕਹਾਂ.. ਨਾ ਤਾਂ ਮੈਨੂੰ ਚੈਨ ਰਿਹੈ.. ਨਾ ਈ ਨੀਂਦ ਆਉਂਦੀ ਐ.. ਬਸ ਅੰਦਰੋਂ-ਅੰਦਰ ਰਿੱਝਦੀ ਰਹਿਨੀ ਆਂ.. ਆਪਣਾ ਆਪ ਹਾਰਿਆ.. ਹਾਰਿਆ ਲੱਗਦੈ..। ਜਿਵੇਂ ਮੈਂ ਕੁੱਝ ਵੀ ਨਾ ਹੋਵਾਂ.. ਮੇਰੇ ਸਭ ਅਧਿਕਾਰਾਂ ਦਾ ਹਨਨ ਹੋ ਗਿਆ ਹੋਵੇ...। ਅਧਿਕਾਰ ਕੀ ਐ ਮੈਨੂੰ.. ਨਹੀਂ ਤਾਂ.. ਕੀ ਮੈਂ ਆਪਣੇ ਬੱਚਿਆਂ ਨੂੰ.. ਇੱਕ ਚਪੇੜ ਨੀ ਮਾਰ ਸਕਦੀ..? ਇੱਕ ਚਪੇੜ ਮਾਰਨ ਲਈ ਮੈਨੂੰ.. ਖੁਦਕੁਸ਼ੀ ਕਰਨ ਜਿੰਨੀ.. ਹਿੰਮਤ 'ਕੱਠੀ ਕਰਨੀ ਪਵੇਗੀ? ਹਿੰਮਤ .. ਹਿੰਮਤ ਕਿੱਥੇ ਸੀ ਮੇਰੇ 'ਚ? ਮੇਰੀ ਹਿੰਮਤ ਦੇ ਸਭ ਕਿਲੇ ਤਾਂ ਉਸ ਦਿਨ ਢੇਰੀ ਹੋ ਗਏ ਸੀ.. ਜਿਸ ਦਿਨ.. ਮੈਂ ਸਿੰਮੀ ਤੇ ਹੱਥ ਚੁੱਕਿਆ ਸੀ ...।

ਨਹੀਂ ਮੈਂ ਕੋਈ ਕਮਲੀ ਆਂ... ਉਈਂ ਮਾਰਨ ਪੈ ਗੀ... ਵਾਪਰਿਆ ਈ ਕੁੱਝ.. ਅਜਿਹਾ ਸੀ। ਪਿਛਲੇ ਮਹੀਨੇ ..ਉਹ ਚੌਦਾਂ ਦੀ ਹੋਈ ਐ... ਮੈਂ ਉਹਨੂੰ ਵੱਡਿਆਂ 'ਚ ਸੁਮਾਰ ਕਰ ਲਿਐ.. ਇੱਜਤ ਨਾਲ ਬੋਲਦੀ ਆਂ.. ਉਹਦੀ ਹਰ ਗੱਲ ਸੁਣਦੀ ਆਂ.. ਹਰ ਜ਼ਿੱਦ ਮੰਨਦੀ ਆਂ.. ਉਹਦੇ ਆਉਂਦੇ ਬਦਲਾਵ.. ਜਵਾਨ-ਉਮਰ ਦੀ ਆਮਦ ਸਮਝ ਕੇ.. ਸਵੀਕਾਰ ਕਰਦੀ ਆਂ.. ਉਸ ਦਿਨ.. ਉਹ ਉੱਚੀ-ਉੱਚੀ.. ਡੈੱਕ ਲਗਾ ਕੇ ਨੱਚ ਰਹੀ ਸੀ..। ਮੈਂ ਰਸੋਈ 'ਚ ਆਪਣੀਆਂ ਜ਼ਿੰਮੇਵਾਰੀਆਂ ਢੋਅ ਰਹੀ ਸੀ.. ਢੋਣਾ.. ਹੋਰ ਢੋਣਾ ਹੀ ਤਾਂ ਹੈ ਇਹ.. ਮੈਂ ਸਕੂਲ ਜਾਂਦੀ ਹਾਂ.. ਥੱਕ ਕੇ ਡਿੱਗਦੀ ਆਂ.. ਜੀ ਕਰਦੈ ਹੁਣ ਕੋਈ ਕੰਮ 'ਚ ਹੱਥ ਵਟਾਵੇ.. ਪਰ ਕੌਣ ? ਸਿੰਮੀ? ਉਹ ਨਾ ਆਪ ਕੰਮ ਵੱਲ ਮੂੰਹ ਕਰਦੀ ਐ.. ਨਾ ਮੈਂ ਕੰਮ ਦਾ ਮੂੰਹ ਉਸ ਵੱਲ ਕਰਦੀ ਆਂ..। ਸੋਚਦੀ ਆਂ.. ਸਕੂਲ ਜਾਂਦੀ ਐ.. ਫੇਰ ਟਿਊਸ਼ਨ.. ਹੋਰ ਟਿਊਸ਼ਨ.. ਮਸਾਂ ਤਾਂ ਘਰ ਆਉਂਦੀ ਐ...ਜਦੋਂ ਜ਼ਿੰਮੇਵਾਰੀ ਪਊਗੀ.. ਮੇਰੇ ਵਾਂਗ ਆਪੇ ਸਿੱਖ ਜਾਊਗੀ...।

ਮੇਰੀ ਮਾਂ ਨੇ ਵੀ ਮੈਨੂੰ.. ਕੰਮ ਦੇ ਗੱਡੇ ਮੂਹਰੇ ਨਹੀਂ ਜੋੜਿਆ ਸੀ..। ਬਸ ਆਪਣੇ ਸ਼ੌਕ ਨਾਲ ਕੰਮ ਸਿੱਖੇ... ਮਾਂ ਤਾਂ ਮੇਰੀ ਪੜ੍ਹਾਈ ਦਾ ਖਿਆਲ ਰੱਖਦੀ.. ਤਾਂ ਹੀ ਅੱਜ ਖੜੀ ਆਂ.. ਆਪਣੇ ਪੈਰਾਂ ਤੇ। ਹਾਂ... ਸਿੰਮੀ ਨੱਚ ਰਹੀ ਸੀ... ਸੰਗੀਤ ਸ਼ੋਰ ਬਣ ਰਿਹਾ ਸੀ। ਪਰ ਮੈਂ ਬੀਬੀ ਭਾਨੀ ਵਾਂਗ .. ਲੰਗਰ-ਪ੍ਰਥਾ ਨੂੰ ਸਮਰਪਿਤ ਸੀ ।

"ਪਾਪਾ ...ਏਥੇ ਆਓ...।"

ਓਹਦੀ ਅਵਾਜ਼ ਮੇਰਾ ਧਿਆਨ.. ਖਿੱਚਦੀ ਐ.. ਮੈਨੂੰ ਲੱਗਦੈ ਕਿ ਸ਼ਾਇਦ ਕੋਈ ਅਵਾਜ਼ .. ਮੇਰੇ ਲਈ ਵੀ ਆਵੇਗੀ..। ਪਰ ਉਹ ਫੇਰ ਪਾਪਾ ਨੂੰ ਪੁਕਾਰ ਰਹੀ ਐ। ਬਲਜੀਤ ਲੈਪਟਾਪ ਮੇਜ਼ ਤੇ ਸਰਕਾ ਕੇ.. ਉਹਦੇ ਕਮਰੇ ਵੱਲ ਜਾ ਰਿਹੈ.. ਮੈਂ ਸੋਚਿਆ ..ਮੈਂ ਵੀ ਦੇਖਾਂ.. ਕੀ ਕਹਿੰਦੀ ਐ ਉਹ। ਗੋਭੀ ਬਣ ਗਈ.. ਗੈਸ ਬੰਦ ਕਰਕੇ.. ਮੈਂ ਵੀ ਕਮਰੇ ਦੇ ਦਰਵਾਜ਼ੇ 'ਚ ਖੜ ਗਈ।

ਮਾਈ ਨੇਮ ਇਜ਼ ਸ਼ੀਲਾ
ਸ਼ੀਲਾ ਕੀ ਜਵਾਨੀ
ਆਈ ਐਮ ਟੂ...

ਬਸ ਅਗਲਾ ਸ਼ਬਦ ਸੁਣਿਆ.. ਟੀ.ਵੀ. 'ਤੇ ਨੱਚਦੀ ਅੱਧ-ਨੰਗੀ ਨਾਇਕਾ.. ਉਹ ਸਾਹਮਣੇ ਕੋਨੇ 'ਚ ਪਤਾ ਨਹੀਂ ਕਿੱਥੋਂ ਨੱਚ ਰਹੀ ਸੀ.. ਮਟਕ ਰਹੀ ਸੀ.. ਦੇਹ ਤੋੜ ਰਹੀ ਸੀ.. ਲੋਕ ਉਹਦੇ ਵੱਲ ਗੰਦੇ ਇਸ਼ਾਰੇ ਕਰ ਰਹੇ ਸੀ.. ਪਰ ਉਹ ਮਾਣ ਨਾਲ ਕਹਿ ਰਹੀ ਸੀ ..ਆਈ ਐਮ ਟੂ ਸੈਕਸੀ.. ਆਈ ਐਮ ਟੂ..। ਫੇਰ ਉਹ ਨਾਇਕਾ .. ਕਿੱਥੇ ਗਈ?.. ਸਿੰਮੀ.. ਨੱਚ ਰਹੀ ਐ.. ਮਟਕ ਰਹੀ ਐ... ਦੇਹ ਤੋੜ ਰਹੀ ਐ... ਮੈਨੂੰ ਔਖਾ ਲੱਗ ਰਿਹੈ.. ਉਹਨੂੰ ਦੇਖਣਾ.. ਮੈਨੂੰ ਜਿਵੇਂ ਸ਼ਰਮ ਆ ਰਹੀ ਐ..ਆਪਣੇ ਮਾਂ ਹੋਣ 'ਤੇ ....

ਮੈਂ ਇਹਨੂੰ ਕੰਮ ਨੀ ਸਿਖਾਇਆ... ਤਾਂ ਕੀ ਹੋਇਆ.. ਪਰ.. ਮੈਂ ਇਹ ਨੀ ਸਿਖਾਇਆ .. ਚੰਗੇ-ਮਾੜੇ 'ਚ ਫਰਕ ਕੀ ਐ..? ਮੂਰਖ ਕੁੜੀ.. ਬਾਪ ਮੂਹਰੇ ਨੱਚ ਰਹੀ ਐ...। ਇਹਨੂੰ ਗੀਤ ਦੇ ਅਰਥ ਪਤਾ ਨੇ... ਪਤਾ ਤਾਂ ਹੋਣਗੇ... ਫੇਰ... ਫੇਰ.. ਫੇਰ ਕੀ... ਮੇਰਾ ਹੱਥ ਹਵਾ 'ਚ ਉੱਠਿਆ ... ਹੱਥ ਇੱਕ ਚਪੇੜ ਬਣਕੇ...ਸਿੰਮੀ ਦੀ ਗੱਲ੍ਹ ਤੇ ਪਿਆ। ਤੜਾਕ!!! "ਮੰਮਾ...?" ਸਿੰਮੀ ਲੱਗਭਗ ਨਹੀਂ... ਸਗੋਂ ਸੱਚਮੁੱਚ ਚੀਖ਼ ਪਈ ਸੀ।

"ਕੀ ਐ .. ਕੀ ਐ ਇਹ ਬਕਵਾਸ ਗੀਤ ? ਕੁੱਝ ਹੋਰ ਲਾਕੇ ਨੱਚ...ਮੈਂ ਹੁਣ ਉਹਨੂੰ ਸਮਝਾਉਣ ਦੇ ਰੌਂ ਵਿੱਚ ਸੀ ।

"ਏਹ 'ਚ ਕੀ ਬੁਰਾਈ ਐ..?" ਉਹਦਾ ਮੂੰਹ ਗੁੱਸੇ 'ਚ ਲਾਲ ਹੋ ਰਿਹਾ ਸੀ। ਉਹ ਆਪਣੀਆਂ ਢਾਕਾਂ ਤੇ ਹੱਥ ਧਰੀ...ਲੜਾਕੀ ਸੌਕਣ ਵਾਗ ਫੁੰਕਾਰੇ ਮਾਰ ਰਹੀ ਸੀ। "ਏਹ ਗੀਤ ਤੇਰੇ ਪਾਪਾ ਮੂਹਰੇ.. ਨੱਚਣ ਵਾਲਾ ਨਈਂ...।" ਮੈਂ ਡੈੱਕ ਬੰਦ ਕੀਤਾ.. ਤੇ ਮੁੜ ਰਸੋਈ ਦੀ ਸ਼ਰਨ ਭਾਲਦੀ ਮੁੜੀ।

ਹਾਲੇ ਇੱਕ ਕਦਮ ਪੁੱਟਿਆ ਸੀ... ਉਹਨੇ ਡੈੱਕ ਫੇਰ ਲਗਾ ਲਿਆ... ਮੇਰਾ ਗੁੱਸਾ.. ਜਵਾਲਾਮੁਖੀ ਬਣ ਗਿਆ... ਮੈਂ ਹਾਲੇ ਹੱਥ ਉੱਪਰ ਕੀਤਾ ਈ ਸੀ... ਹੱਥ ਹਾਲੇ ਹਵਾ 'ਚ ਈ ਸੀ.. ਸਿੰਮੀ ਨੇ ਮੇਰੀ ਬਾਂਹ.. ਫੜ ਲਈ...ਐਨੀ ਜ਼ੋਰ ਦੀ... ਮੈਂ ਬਾਂਹ ਛੁਡਵਾਉਣੀ ਚਾਹੀ ... ਪਰ ਉਹਦੀ ਪਕੜ ਮਜ਼ਬੂਤ ਸੀ.. ਉਹਦੀਆਂ ਅੱਖਾਂ ਸੁਰਖ਼ ਸਨ... ਤੇ ਜੁਬਾਨ ਮਿਰਚ ਤੋਂ ਵੀ ਸੁਰਖ਼ । "ਹੁਣ ਮਾਰੋ... ਮਾਰੋ ਹੁਣ..." ਉਹਦੀਆਂ ਅੱਖਾਂ 'ਚ ਹੰਝੂ ਸੀ ਤੇ ਬੁੱਲਾਂ 'ਤੇ..ਕਠੋਰ.. ਵਿਅੰਗ ਭਰੀ ਮੁਸਰਾਹਟ..।



ਮੇਰੀ ਹਿੰਮਤ ਜਵਾਬ ਦੇ ਗਈ... ਨਾ ਕੋਈ ਸ਼ਬਦ ਮੈਨੂੰ ਸੁੱਝੇ.. ਮੇਰੇ ਕੋਸ਼ ਦੇ ਸਭ ਸ਼ਬਦ ਹਿਜ਼ਰਤ ਕਰ ਗਏ... ਸਾਰਾ ਵਿਆਕਰਨ ਡੀਲੀਟ ਹੋ ਗਿਆ... ਮੈਨੂੰ ਪੰਜਾਬੀ ਹਿੰਦੀ ਅੰਗਰੇਜ਼ੀ.. ਸਭ ਵਾਕਾਂ ਦੀ ਵਾਕ-ਬਣਤਰ ਭੁੱਲ ਗਈ। ਬਲਜੀਤ ਮੂਕ-ਦਰਸ਼ਕ ਵਾਲੇ ਕਿਰਦਾਰ ਤੋਂ.. ਬਾਹਰ ਆ ਗਿਆ ਸੀ.. ਪਰ ਉਹ ਕੀ ਕਹਿ ਰਿਹਾ ਸੀ... ਕਿਉਂ ਕਹਿ ਰਿਹਾ ਸੀ...? "ਸਿੰਮੂ... ਨੋ.. ਨੋ ਮਾਈ ਚਾਈਲਡ .. ਜੱਸੀ.. ਤੂੰ ਜਾਹ..।"

ਮੈਂ ਕਰਦਾਂ ਗੱਲ... ਸਿੰਮੂ ਕੂਲ ਡਾਊਨ ਮਾਈ ਬੇਬੀ... ਉਹਨੇ ਸਿੰਮੀ ਦੇ ਪੰਜੇ 'ਚੋਂ.. ਮੇਰੀ ਬਾਂਹ ਮੁਕਤ ਕੀਤੀ...।

ਮੇਰੀ ਸੱਜੀ ਬਾਂਹ... ਜਿਵੇਂ ਬਾਂਹ ਨਾ ਹੋਵੇ... ਮਾਸ ਦਾ ਲੋਥੜਾ ਹੋਵੇ.. ਬਸ ਮੇਰੇ ਸਰੀਰ ਨਾਲ... ਲਟਕ ਰਿਹਾ ਹੋਵੇ... ਮੈਂ ਜਿਵੇਂ ਰੇਤ 'ਚ ਧਸੇ ਪੈਰ ਘੜੀਸ ਰਹੀ ਹੋਵਾਂ... ਜਿਵੇਂ ਮੈਂ ਮਾਂ ਨਹੀਂ... ਕੋਈ ਕਾਤਲ ਹੋਵਾਂ.. ਮੁਜਰਿਮ ਹੋਵਾਂ...। ਉਸ ਦਿਨ ਵੀ ਮੈਂ ਸੋਫੇ ਤੇ.. ਇੰਝ ਹੀ ਨਿਢਾਲ ਪਈ ਸਾਂ.. ਹੰਝੂ ਮੇਰੇ ਦੁੱਖ ਤੇ.. ਕੋਸੀ ਟਕੋਰ ਕਰ ਰਹੇ ਸੀ..।

ਮੁੜਕੇ ਸਿੰਮੀ ਨੂੰ ਟੋਕਣ ਦੀ.. ਰੋਕਣ ਦੀ.. ਮੇਰੀ ਹਿੰਮਤ ਨਈ ਪਈ.. ਫੇਰ ਕਈ ਵਾਰ ਲਾਬੀ ਦੇ ਦੀਵਾਨ 'ਤੇ... ਵਿਛਾਈ ਫੁਲਕਾਰੀ ਉੱਪਰ.. ਸੁਰਿੰਦਰ ਕੌਰ ਗਾਉਂਦੀ ਦਿਸੀ.. ਉਹ ਸਾਹਮਣੇ.. ਹੱਥ 'ਚ ਘੁੰਗਰੂ ਨੇ..."ਮਾਵਾਂ-ਧੀਆਂ ਰਲ ਬੈਠੀਆਂ ਨੇ ਮਾਏ..।" ਮਾਵਾਂ ਤੇ ਧੀਆਂ... ਮਾਵਾਂ.. ਧੀਆਂ...ਕਿਹੜੀਆਂ ਮਾਵਾਂ-ਧੀਆਂ.... ਪਤਾ ਨਈ.. ਉਹ ਕੀਹਦੇ ਲਈ ਗਾ ਰਹੀ ਸੀ...।

ਸਿੰਮੀ ਤਾਂ ਮੈਨੂੰ ਉਹ ਬੋਟ ਲੱਗਦੀ ਐ.. ਜਿਹਨੂੰ ਹੁਣ ਉੱਡਣਾ ਆ ਗਿਐ... ਪਰ ਐਂ ਖੰਭ ਛੁਡਾਉਣ.. ਐਂ ਉੱਡੂ-ਉੱਡੂ ਕਰਨ ਦਾ ਕੀ ਮਤਲਬ...?

ਮੈਂ ਆਪਣਾ ਸਾਰਾ ਧਿਆਨ.. ਵਿੰਨੂ ਤੇ ਰਿੰਪੀ ਤੇ ਲਾ ਲਿਐ.. ਜੌੜੇ ਨੇ ਦੋਵੇਂ..। ਪਰ.. ਮੇਰਾ ਧਿਆਨ ਤਾਂ ਉਹਨਾਂ 'ਤੇ ਐ.. ਤੇ ਉਹਨਾਂ ਦਾ ਧਿਆਨ.. ਬਸ.. ਟੀ.ਵੀ. 'ਤੇ.. ਕੰਪਿਊਟਰ 'ਤੇ..। ਟੀ.ਵੀ.ਬੰਦ.. ਕੰਪਿਊਟਰ ਸ਼ੁਰੂ.. ਕੰਮਪਿਊਟਰ ਬੰਦ... ਟੀ.ਵੀ. ਸੁਰੂ.. ਜੇ ਦੋਵੇਂ ਬੰਦ ਕਰਵਾ ਦੇਵਾਂ.. ਐਂ ਫਿਰਨਗੇ.. ਜਿਵੇਂ ਮਾਂ ਮਰੀ ਹੋਵੇ...।

ਪਰ ਮੈਨੂੰ ਲੱਗਦੈ.. ਮਾਂ ਦੇ ਮਰਨ ਨਾਲੋਂ.. ਇਹਨਾਂ ਨੂੰ ਲਾਈਟ ਜਾਣ ਦਾ ਦੁੱਖ ਹੁੰਦੈ... ਲਾਈਟ ਚਲੀ ਜਾਵੇ.. ਝੱਟ ਬਾਹਰ ਭੱਜਦੇ ਨੇ... ਅਸੀਂ ਖੇਡਣੈ... ਮਾਂ ਆਂ.. ਫੇਰ ਸੋਚਦੀ ਆਂ.. ਖੇਡਣ ਦੇ.. ਬੱਚੇ ਨੇ.. ਹੁਣ ਨੀ ਖੇਡਣਗੇ.. ਕਦੋਂ ਖੇਡਣਗੇ..।

ਮਈ ਮਹੀਨੇ.. ਧੁੱਪ ਹੁੰਦੀ ਐ ਦੁਪਹਿਰੇ.. ਫੁੱਲ ਜਿਹੇ ਬੱਚਿਆਂ ਨੂੰ ਲੂੰਹਦੀ ਫਿਰਦੀ ਐ..। ਮੈਂ ਉਹਨਾਂ ਨੂੰ ਬਾਹਰ ਘੱਟ ਜਾਣ ਦਿੰਨੀ ਆਂ.. ਘਰੇ ਵੀ ਤਾਂ ਸਭ ਖੇਡਾਂ ਨੇ.. ਕੈਰਮ, ਲੁੱਡੋ, ਚੈਸ.. ਖਿਡੌਣੇ। ਅੱਜ ਵੀ ਤਾਂ ਖੇਡ ਈ ਰਹੇ ਸੀ..। ਮੈਂ ਸੋਚਿਆ ਪੁੱਛ ਲਵਾਂ ਹੋਮਵਰਕ ਪੂਰੈ...। ਉੱਪਰ ਕਮਰੇ ਦਾ ਦਰਵਾਜ਼ਾ ਅੱਧ-ਖੁੱਲਾ ਪਿਆ ਸੀ... ਵਿਨੂੰ ਨੇ ਗਲ੍ਹ 'ਚ ਰੁਮਾਲ ਬੰਨਿਆ ਹੋਇਆ ਸੀ.. ਕਮੀਜ਼ ਦੇ ਬਟਨ ਖੁੱਲੇ ਸੀ..। ਦੋ ਉਂਗਲੀਆਂ ਪਿਸਤੌਲ ਵਾਂਗ ਤਾਣੀਆਂ ਹੋਈਆਂ ਸੀ... ਹਮੇਸ਼ਾ ਕਹਿੰਦੈ.. ਮੰਮੀ.. ਮੈਂ ਪੁਲਿਸ ਬਣਾਗਾਂ.. ਦਿਲ ਖੁਸ਼ ਹੁੰਦੈ ਮੇਰਾ...।

ਰਿੰਪੀ ਪਰਾਂ ਤੋਂ.. ਮੇਰਾ ਪੁਰਾਣਾ ਪਰਸ ਮੋਢੇ ਪਾਈ... ਮਟਕ-ਮਟਕ ਆ ਰਹੀ ਐ.. ਵਿੰਨੂ ਨੇ ਉਹਨੂੰ ਘੇਰ ਲਿਐ... ਉਹਨੇ ਰਿੰਪੀ ਦੀ ਚੁੰਨੀ ਪਰਾਂ ਸੁੱਟ ਦਿੱਤੀ.. ਉਹਨੇ ਰਿੰਪੀ ਨੂੰ ਢਾਅ ਲਿਐ.. ਮੈਨੂੰ ਲੱਗਦੈ.. ਉਹ ਲੁਟੇਰੈ... ਰਿੰਪੀ ਦਾ ਪਰਸ ਲੁੱਟਣ ਵਾਲਾ.. ਪਰ ਉਹਦੀ ਗੱਲ ਸੁਣਕੇ.. ਦਿਮਾਗ ਚੱਕਰਭੂਟੇ ਵਾਂਗ ਘੁੰਮ ਗਿਆ... ਵਿੰਨੂ ਨੇ ਜ਼ਮੀਨ ਤੇ ਪਈ ਰਿੰਪੀ ਦੀਆਂ... ਬਾਹਾਂ ਫੜੀਆਂ..।

"ਤੂੰ ਬਚਾਓ- ਬਚਾਓ ਕਿਉਂ ਨੀ ਕਹਿੰਦੀ... ਮੈਂ ਤੇਰਾ ਰੇਪ ਕਰ ਰਿਹਾਂ.... ਬਚਾਓ ਬਚਾਓ ਚਿਲਾ ਨਾ..!"

ਉਹਦੀ ਸੁਣਕੇ.. ਮੇਰੇ ਕੰਨ ਬਹਿਰੇ ਹੋ ਗਏ.. ਕੰਨਾਂ 'ਚ ਸਾਂ...ਸਾਂ.. ਹੋ ਰਹੀ ਐ.. ਮੇਰੇ ਬੱਚੇ.. ਕੀ ਕਰ ਰਹੇ ਨੇ.. ਕੀ ਸਿਰਫ਼ .. ਮੇਰੇ ਈ ਬੱਚੇ..? ਏਹ ਕਿਹੋ ਜਿਹੀ ਖੇਡ ਐ..? ਕਿੱਥੇ ਕਮੀ ਰਹਿ ਗਈ.. ਮੇਰੀ ਪਰਵਰਿਸ਼ 'ਚ..।

ਉਹ ਸਾਹਮਣੇ ਕੋਨ 'ਚ ਕੋਈ ਦਰਿੰਦਾ.. ਮਾਸੂਮ ਬਾਲੜੀ ਨਾਲ.. ਰੇਪ ਕਰ ਰਿਹੈ... ਕੁਆਰੀਆਂ ਸੱਧਰਾਂ ਨੂੰ.. ਵਲੂੰਧਰ ਰਿਹੈ.. ਇੱਜ਼ਤ ਦੀ ਖਿੱਦੋ ਨੂੰ.. ਠੇਡੇ ਮਾਰ ਰਿਹੈ..। ਉਹਦਾ ਚਿਹਰਾ.. ਵਿੰਨੂ ਦੇ ਚਿਹਰੇ 'ਚ ਬਦਲਦੈ.. ਤੇ ਬਾਲੜੀ ਰਿੰਪੀ ਬਣ ਗਈ.. ਇਸ ਤੋਂ ਪਹਿਲਾਂ.. ਮੈਂ ਰਿੰਪੀ ਨੂੰ ਬਚਾਵਾਂ.. ਉਸ ਕੋਨੇ 'ਚ ਕੋਈ ਨਹੀਂ.. ਸਾਹਮਣੇ ਨੇ.. ਨਿੱਕੇ-ਨਿੱਕੇ ..ਰਿੰਪੀ ਤੇ ਵਿੰਨੂ..।

ਗੁੱਸਾ ਪੈਟਰੋਲ ਦੀ ਅੱਗ ਵਾਂਗ ਭੜਕਦੈ.. ਮੇਰਾ ਹੱਥ ਉੱਪਰ ਉਠਿਐ.. ਪੂਰੇ ਵੇਗ ਨਾਲ.. ਹਾਲੇ ਹੱਥ ਚਪੇੜ 'ਚ ਵਟ ਈ ਰਿਹਾ ਸੀ... ਹਾਏ... ਮੇਰੇ ਮੋਢੇ 'ਚ ਚੀਸ ਉੱਠ ਰਹੀ ਐ... ਮੇਰੇ ਮੋਢੇ ਤੋਂ ਗੁੱਟ ਤੱਕ ਪੀੜ ਹੋ ਰਹੀ ਹੈ... ਮੇਰੀ ਹਿੰਮਤ ਜਵਾਬ ਦੇ ਗਈ... ਤੇ ਇੱਕ ਠਹਿਰੀ ਹੋਈ ਚਪੇੜ ਮੇਰਾ ਮੂੰਹ ਚਿੜਾ ਰਹੀ ਐ.. ਠਹਿਰੀ ਹੋਈ ਚਪੇੜ.. ਰਿਸ਼ਤਿਆਂ ਦਾ ਮੂੰਹ ਚਿੜਾ ਰਹੀ ਐ... ਮੈਨੂੰ ਲੱਗਦੈ ਮੇਰੀ ਬਾਂਹ ਇੱਕ ਨਹੀਂ ਸਗੋਂ ਦੋ ਹੱਥਾਂ ਨੇ ਫੜ ਕੇ ਮਰੋੜ ਲਈ ਹੋਵੇ.......।

# Matrimonial

## ਵਰ ਦੀ ਲੋੜ

**Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.**
**Email: baljitsall62@hotmail.com**

## ਕੰਨਿਆ ਦੀ ਲੋੜ

26 ਸਾਲ 5'9" ਜੱਟ ਸਿੱਖ ਸੰਧੂ ਕਨੇਡੀਅਨ ਸਿਟਿਜ਼ਨ ਲੜਕੇ ਲਈ ਕਨੇਡਾ ਰਹਿੰਦੀ ਸੁਨੱਖੀ, ਪੜ੍ਹੀ ਲਿਖੀ ਪਰਿਵਾਰਕ ਲੜਕੀ ਦੀ ਜ਼ਰੂਰਤ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲਡ ਹੈ। ਸਟੂਡੈਂਟ/ਵਿਜ਼ਟਰ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਚਾਹਵਾਨ 780-669-0456 ਜਾਂ 780-628-2090 ਜਾਂ karan_sandhu@gmail.com ਤੇ ਸੰਪਰਕ ਕਰ ਸਕਦੇ ਹਨ।

## ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ। ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

## ਵਰ ਤੇ ਕੰਨਿਆ ਦੀ ਲੋੜ

ਕਨੇਡੀਅਨ ਇੰਮੀਗ੍ਰਾਂਟ ਜੱਟ ਸਿੱਖ 29 ਸਾਲ 5'3" ਇੰਚ ਸੁੰਦਰ ਪੜੀ ਲਿਖੀ ਲੜਕੀ ਲਈ ਇੰਡੀਅਨ ਲੜਕੇ ਦੀ ਲੋੜ ਹੈ। ਵਰਕ ਪਰਮਟ ਜਾਂ ਸਟੂਡੈਂਟ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸਿਰਫ਼ ਉਹੀ ਸੰਪਰਕ ਕਰਨ ਜੋ ਲੜਕੀ ਦੇ ਸਕੇ ਭਰਾ 25 ਸਾਲਾ 5'7" ਪੜੇ ਲਿਖੇ ਵੈਸ਼ਨੋ, ਪੇਡੂ ਅਤੇ ਸ਼ਹਿਰੀ ਜਾਇਦਾਦ ਵਾਲੇ ਇਕਲੌਤੇ ਲੜਕੇ ਲਈ ਕਨੇਡੀਅਨ ਸੁੰਦਰ, ਪੜੀ ਲਿਖੀ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ : ਹਰਦੀ ਧਾਲੀਵਾਲ 780-951-5601

## Change of Name

**I Mintoo Singh S/O Sewa Singh Brar #Chak Ganda Singh Wala, Muktsar Changed my name Mintoo Brar.**

## ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

## ਕੰਨਿਆ ਦੀ ਲੋੜ

**32 ਸਾਲਾ ਜੱਟ ਸਿੱਖ ਗਿੱਲ, ਪੰਜ ਫੁੱਟ ਦਸ ਇੰਚ** Divorced Well Settled, Truck Driver, **ਟਰਾਂਟੋ ਰਹਿੰਦੇ ਕੈਨੇਡੀਅਨ ਸਿਟੀਜ਼ਨ ਲੜਕੇ ਲਈ ਲੜਕੀ ਦੀ ਲੋੜ ਹੈ। ਲੜਕੀ ਚਾਹੇ ਕੈਨੇਡੀਅਨ ਹੋਵੇ ਜਾਂ ਵਿਜ਼ਟਰ ਵੀਜ਼ੇ ਜਾਂ ਪੜ੍ਹਨ ਆਈ ਹੋਵੇ। Separated ਜਾਂ Divorced (ਬਿਨਾਂ ਬੱਚੇ ਤੋਂ) ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦੀ ਉਮਰ 25 ਤੋਂ 32 ਸਾਲ ਹੋਵੇ। ਸੰਪਰਕ ਕਰਨ ਲਈ ਨੰਬਰ- 403-455-8275**

## ਕੰਨਿਆ ਦੀ ਲੋੜ

Seeking beautiful & compatible match for handsome professionally qualified Assistant Professor, 4.12 AM, 18-11-12, 6', Ludhiana born boy from reputed family of Mullapur (LDH.) Father Associate Professor in Govt. College, having 16 acres of agricultural land and urban properties. Only son, two sisters married. Pretty and educated girl required. contact 98785-31166, navneen.mlp@gmail.com

# Classified Plus

## ਨੈਨੀ ਦੀ ਲੋੜ

ਬਜੁਰਗਾਂ ਦੀ ਸਾਂਭ-ਸੰਭਾਲ ਲਈ ਨੈਨੀ ਦੀ ਜਰੂਰਤ ਹੈ। ਤਨਖ਼ਾਹ ਤਜ਼ਰਬੇ ਦੇ ਅਧਾਰ 'ਤੇ। ਵਧੇਰੇ ਜਾਣਕਾਰੀ ਲਈ ਫ਼ੋਨ ਕਰੋ: 780-863-0232

## HOUSE FOR RENT

**3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course. Call: 780 929 9504.**




## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
011 91 98147 11263 or 011 91 98729 73304


## ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।
*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

ਸੰਪਰਕ: ਜਸਮੇਰ ਸਿੰਘ 780-504-7254


## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm
Call: Baljit Minhas
5521A- 137 Ave Edmonton, AB T5A 3L4
780-478-1811



## Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।




Cell: 780-909-5154



9222-51 Avenue, Edmonton, AB T6E 5L8
Phone: 780-439-9818, Fax: 780-439-1257

# ਵੇਖਿਆ ਸ਼ਹਿਰ ਬੰਬਈ



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਇਹ ਸ਼ਾਇਦ 1976-77 ਦੀ ਗੱਲ ਹੈ। ਦਿੱਲੀ ਦੀ ਡੀ ਐਲ ਐਫ ਪ੍ਰਾਪਰਟੀ ਕੰਪਨੀ ਗੁੜਗਾਵਾਂ ਲਾਗੇ ਇਕ ਨਵਾਂ ਸ਼ਹਿਰ ਵਸਾਉਣ ਦੀ ਤਿਆਰੀ ਕਰ ਰਹੀ ਸੀ। ਇਸ ਕੰਪਨੀ ਨੇ ਪਹਿਲਾਂ ਦਿੱਲੀ ਦੀਆਂ ਕਈ ਕਾਲੋਨੀਆਂ ਵਸਾਈਆਂ ਸਨ। ਮੈਂ 175 ਰੁਪਏ ਦੇ ਹਿਸਾਬ ਨਾਲ ਪੰਜ ਪੰਜ ਸੌ ਗਜ਼ਾਂ ਦੇ ਦੋ ਪਲਾਟ ਖਰੀਦ ਲਏ ਸਨ। ਦੋਹਾਂ ਦੀ ਪਲਾਟਾਂ ਦੀ ਕੀਮਤਾਂ ਦੋ ਲੱਖ ਰੁਪਏ ਤੋਂ ਥੱਲੇ ਹੀ ਤਾਰੀ ਹੋਈ ਸੀ। ਹੁਣ ਪੰਦਰਾਂ ਸਾਲ ਬਾਅਦ ਉਥੇ ਅਜੇ ਵੀ ਏਨੀ ਡਿਵੈਲਪਮੈਂਟ ਨਹੀਂ ਸੀ ਹੋਈ ਜਿੰਨੀ ਕਿ ਖਰੀਦਣ ਵੇਲੇ ਦੱਸੀ ਗਈ ਸੀ, ਪਰ ਫਿਰ ਵੀ ਇਕ ਪਲਾਟ ਦੀ ਕੀਮਤ ਤਕਰੀਬਨ ਨੌਂ ਲੱਖ ਰੁਪਿਆ ਮਿਲ ਰਹੀ ਸੀ। ਮਾਰਕੀਟ ਬੜੀ ਡਾਊਨ ਜਾ ਰਹੀ ਸੀ, ਸੋਚਿਆ ਕਿ ਇਹਨਾਂ ਦੋ ਪਲਾਟਾਂ ਵਿਚੋਂ ਇਕ ਵੇਚ ਲਿਆ ਜਾਵੇ ਤਾਂ ਕਿ ਫਿਲਮ ਤਾਂ ਕੰਪਲੀਟ ਕੀਤੀ ਜਾ ਸਕੇ। ਫਿਲਮ ਵਿਕ ਜਾਵੇਗੀ ਤਾਂ ਪਲਾਟ ਫਿਰ ਵਾਪਿਸ ਖਰੀਦ ਲਵਾਂਗਾ।

ਪਲਾਟ ਵਿਕ ਗਿਆ, ਨੌਂ ਲੱਖ ਹੋਰ ਫਿਲਮ ਵਿਚ ਵੜ ਗਿਆ, ਪਤਾ ਹੀ ਨਾ ਲੱਗਾ ਕਿ ਕਦੋਂ ਆਇਆ ਤੇ ਕਿੱਥੇ ਗਿਆ। ਫਿਲਮ ਕਿਉਂਕਿ ਹੁਣ ਆਖਰੀ ਦੌਰ ਵਿਚੋਂ ਲੰਘ ਰਹੀ ਸੀ, ਇਸ ਲਈ ਕੁਝ ਖਰੀਦਦਾਰਾਂ ਨੇ ਇਸ ਵਿਚ ਇੰਟਰਸਟ ਲੈਣਾ ਸ਼ੁਰੂ ਕਰ ਦਿੱਤਾ ਸੀ।

ਫਿਲਮ ਖਰੀਦਦਾਰਾਂ ਦੇ ਆਪੋ ਅਪਣੇ ਵੱਖਰੇ ਵੱਖਰੇ ਇਲਾਕੇ ਵੰਡੇ ਹੁੰਦੇ ਹਨ, ਜਿਹਨਾਂ ਨੂੰ ਫਿਲਮੀ ਸਰਕਲ ਵਿਚ ਟੈਰੇਟਰੀ ਨਾਮ ਨਾਲ ਜਾਣਿਆ ਜਾਂਦਾ ਹੈ। ਜਿੰਨਾ ਵੱਡਾ ਕੋਈ ਏਰੀਆ ਹੈ, ਉਨੀ ਹੀ ਜ਼ਿਆਦਾ ਉਸਦੀ ਕੀਮਤ ਹੁੰਦੀ ਹੈ। ਕੁੱਲ ਮਿਲਾ ਕੇ ਉਸ ਵੇਲੇ ਤਕਰੀਬਨ ਨੌਂ ਦਸ ਟੈਰੇਟਰੀਜ਼ ਹੁੰਦੀਆਂ ਸਨ।

ਸਭ ਤੋਂ ਵੱਡਾ ਏਰੀਆ ਬੰਬਈ ਟੈਰੇਟਰੀ ਦਾ ਹੈ, ਉਸ ਤੋਂ ਬਾਅਦ ਦਿੱਲੀ, ਯੂ.ਪੀ. ਆਉਂਦੀ ਹੈ ਤੇ ਇਸੇ ਤਰ੍ਹਾਂ ਇਹਨਾਂ ਦੋ ਵੱਡੇ ਏਰੀਏ ਤੋਂ ਬਾਅਦ ਆਉਂਦੇ ਹਨ, ਬੰਗਾਲ, ਰਾਜਿਸਥਾਨ, ਬਿਹਾਰ, ਮੱਧ ਪ੍ਰਦੇਸ਼, ਉੜੀਸਾ, ਸਾਊਥ ਇੰਡੀਆ, ਪੰਜਾਬ ਤੇ ਓਵਰਸੀਜ਼।

ਜੇ ਕੋਈ ਫਿਲਮ ਇਕ ਕਰੋੜ ਵਿਚ ਬੰਬਈ ਲਈ ਵਿਕੇਗੀ ਤਾਂ ਅੱਸੀ ਨੱਬੇ ਲੱਖ ਵਿਚ ਦਿੱਲੀ, ਯੂ.ਪੀ. ਜਾਵੇਗੀ। ਇਸੇ ਤਰ੍ਹਾਂ ਫਿਰ ਅੱਗੇ ਕਿਸੇ ਟੈਰੇਟਰੀ ਦਾ ਸੱਤਰ, ਕਿਸੇ ਦਾ ਪੰਜਾਹ ਤੇ ਕਿਸੇ ਦਾ ਵੀਹ ਪ੍ਰਤੀਸ਼ਤ ਦੇ ਹਿਸਾਬ ਨਾਲ ਮਿਲਦਾ ਹੈ। ਸਾਊਥ ਇੰਡੀਆ ਵਿਚ ਹਿੰਦੀ ਫਿਲਮਾਂ ਬਹੁਤ ਘੱਟ ਚੱਲਦੀਆਂ ਹਨ, ਇਸ ਹਿਸਾਬ ਨਾਲ ਕਈ ਵਾਰੀ ਤਾਂ ਉਥੇ ਫਿਲਮ ਵਿਕਦੀ ਹੀ ਨਹੀਂ ਤੇ ਬਸ ਕਮਿਸ਼ਨ 'ਤੇ ਹੀ ਚਲਾਉਣੀ ਪੈਂਦੀ ਹੈ ਜਾਂ ਫਿਰ ਸਿਨੇਮਾ ਘਰ ਕਿਰਾਏ 'ਤੇ ਲੈ ਕੇ ਆਪ ਹੀ ਚਲਾਵੋ।

ਮੇਰੀ ਫਿਲਮ ਦੀ ਜੋ ਕੀਮਤ ਮਿਲ ਰਹੀ ਸੀ ਉਹ ਬਹੁਤ ਹੀ ਘੱਟ ਸੀ, ਸਿਰਫ ਪੰਦਰਾਂ ਲੱਖ ਰੁਪਿਆ ਬੰਬਈ ਦਾ। ਇਸ ਹਿਸਾਬ ਨਾਲ ਫਿਲਮ ਦੀ ਕੁੱਲ ਕੀਮਤ ਪਚੰਤਰ ਕੁ ਲੱਖ ਰੁਪਿਆ ਹੀ ਮਿਲ ਰਹੀ ਸੀ, ਜਦਕਿ ਮੇਰਾ ਇਕ ਕਰੋੜ ਤੋਂ ਉੱਪਰ ਖਰਚ ਹੋ ਚੁੱਕਿਆ ਸੀ। ਏਨੇ ਸਾਲਾਂ ਤੋਂ ਬਾਅਦ ਫਿਰ ਵੀ ਘਾਟਾ ਹੀ ਘਾਟਾ।

ਲੋਕਾਂ ਸਲਾਹ ਦਿੱਤੀ ਕਿ ਤੁਸੀਂ ਫਿਲਮ ਨੂੰ ਵੇਚਣਾ ਸ਼ੁਰੂ ਕਰੋ, ਜੇ ਚੱਲ ਗਈ ਤਾਂ ਓਵਰਫਲੋ ਆਵੇਗਾ ਤੇ ਸਭ ਘਾਟੇ ਪੂਰੇ ਹੋ ਜਾਣਗੇ, ਪਰ ਪੰਜੀ ਤੀਹ ਲੱਖ ਰੁਪਏ ਦਾ ਸਿੱਧਾ ਘਾਟਾ... ਤੇ ਇਸ ਤੋਂ ਉੱਪਰ ਪੰਜ ਛੇ ਸਾਲ ਮੇਰੀ ਜ਼ਿੰਦਗੀ ਦੇ ਤਸੀਹੇ... ਵਿਛੋੜੇ... ਅੱਥਰੂ ਇਸ ਸਭ ਦੀ ਕੀਮਤ ਮੈਨੂੰ ਹੋਰ ਤੀਹ ਲੱਖ ਰੁਪਿਆ ਦੇ ਕੇ ਚੁਕਾਣੀ ਪਵੇਗੀ?

ਪਰ ਫਿਲਮ ਤਾਂ ਅਜੇ ਵੀ ਪੂਰੀ ਤਰ੍ਹਾਂ ਤਿਆਰ ਨਹੀਂ ਸੀ ਹੋਈ, ਐਡੀਟਿੰਗ ਚੱਲ ਰਹੀ ਸੀ, ਬੈਕ ਗਰਾਊਂਡ ਮਿਊਜ਼ਿਕ ਅਜੇ ਡੱਬ ਕਰਨਾ ਸੀ, ਐਕਟਰਾਂ ਦੀ ਡਬਿੰਗ ਕਰਵਾਉਣੀ ਸੀ ਫਿਰ ਹੀ ਕਿਧਰੇ ਫਾਈਨਲ ਪ੍ਰਿੰਟ ਨਿਕਲਣਾ ਸੀ। ਇਹਨਾਂ ਤੋਂ ਇਲਾਵਾ ਲੈਬਾਰਟਰੀ ਦੇ ਖਰਚੇ, ਇਹ ਸਭ ਕੁਝ ਹੋਣ ਨੂੰ ਅਜੇ ਇਕ ਸਾਲ ਵੀ ਹੋਰ ਲੱਗ ਸਕਦਾ ਸੀ।

ਅਕਾਊਂਟੈਂਟ ਅਨਿਲ ਸੇਖੜੀ ਨੇ ਸਲਾਹ ਦਿੱਤੀ ਕਿ ਤੁਸੀਂ ਫਿਲਮ ਵੇਚਣ ਦੀ ਗੱਲ ਕਰੋ, ਜਿਹੜੀ ਵੀ ਪਾਰਟੀ ਚੰਗੀ ਮਿਲਦੀ ਹੈ, ਉਸ ਕੋਲੋਂ ਪੈਸੇ ਹੱਥ ਫੜੋ ਕਿਉਂਕਿ ਸੈਂਕੜੇ ਹੀ ਅਜਿਹੀਆਂ ਫਿਲਮਾਂ ਹਨ ਜਿਹੜੀਆਂ ਕਿ ਪੂਰੀਆਂ ਬਣ ਕੇ ਡੱਬਿਆਂ ਵਿਚ ਬੰਦ ਪਈਆਂ ਹਨ, ਕੋਈ ਖਰੀਦਦਾਰ ਨਹੀਂ ਹੈ... ਡੱਬਿਆਂ ਨੂੰ ਜੰਗ ਲੱਗ ਗਏ ਹਨ, ਤੁਸੀਂ ਤਾਂ ਫਿਰ ਵੀ ਲੱਕੀ ਹੋ ਕਿ ਫਿਲਮ ਵਿਕ ਰਹੀ ਹੈ।

ਅਸਲ ਵਿਚ ਫਿਲਮ ਨਾ ਤਾਂ ਮੇਰੇ ਨਾਂ ਉੱਪਰ ਵਿਕ ਰਹੀ ਸੀ ਨਾ ਹੀ ਸੁਖਵੰਤ ਦੇ ਨਾਂ 'ਤੇ। ਸਾਡੇ ਕੋਲ ਸਿਰਫ ਜੈਕੀ ਸ਼ਰਾਫ ਦਾ ਹੀ ਇਕ ਪੱਤਾ ਸੀ, ਜਿਸ ਉੱਪਰ ਖਰੀਦਦਾਰਾਂ ਦਾ ਇੰਟਰਸਟ ਬਣਿਆ ਹੋਇਆ ਸੀ।

ਬੜਾ ਹੀ ਟੇਢਾ ਫੀਲਡ ਹੈ, ਇਹਨਾਂ ਫਿਲਮ ਖਰੀਦਦਾਰਾਂ ਦਾ ਵੀ। ਫਿਲਮ ਡਿਸਟਰੀ ਬਿਊਟਰ ਤਾਂ ਬੈਠੇ ਹੁੰਦੇ ਹਨ ਕੋਈ ਕਲਕੱਤਾ, ਕੋਈ ਦਿੱਲੀ ਤੇ ਕੋਈ ਹੈਦਰਾਬਾਦ। ਬੰਬਈ ਦੇ ਫਿਲਮ ਵਿਕਰੇਤਾ ਏਜੰਟ ਇਨ੍ਹਾਂ ਡਿਸਟਰੀ ਬਿਊਟਰਾਂ ਨਾਲ ਅਪਨਾ ਸੰਪਰਕ ਬਣਾਈ ਰੱਖਦੇ ਹਨ ਕਿ ਕਿਹੜੀ ਫਿਲਮ ਗਰਮ ਹੈ, ਕਿੰਨੇ ਕੀਮਤ ਦੀ ਜਾ ਰਹੀ ਹੈ, ਉਸਦੀ ਟੈਰੀਟਰੀ ਵਿਚੋਂ ਹੋਰ ਕੌਣ ਆਇਆ ਹੋਇਆ ਹੈ। ਇਹ ਸਭ ਜਾਣਕਾਰੀ ਏਜੰਟ ਆਪੋ ਅਪਣੇ ਗਾਹਕਾਂ ਨੂੰ ਦਿੰਦੇ ਰਹਿੰਦੇ ਹਨ ਕਿਉਂਕਿ ਹਰ ਹਫਤੇ ਤਾਂ ਕੋਈ ਬੰਬਈ ਆ ਨਹੀਂ ਸਕਦਾ।

ਇਹਨਾਂ ਏਜੰਟਾਂ ਤੋਂ ਇਲਾਵਾ ਫਿਲਮਾਂ ਦੇ ਟਰੇਡ ਮੈਗਜ਼ੀਨ ਹਨ, ਜਿਹਨਾਂ ਵਿਚ ਹਰ ਫਿਲਮ ਬਾਰੇ ਪੂਰੀ ਜਾਣਕਾਰੀ ਭਰੀ ਹੁੰਦੀ ਹੈ। ਇਹਨਾਂ ਮੈਗਜ਼ੀਨਾਂ ਵਿਚੋਂ ਸਭ ਤੋਂ ਪੁਰਾਣਾ ਮਿਸਟਰ ਨਹਾਤਾ ਦਾ 'ਟਰੇਡ ਗਾਈਡ' ਹੈ ਜਦਕਿ ਦੂਸਰੇ ਦੋ 'ਫਿਲਮ ਇਨਫਰਮੇਸ਼ਨ' ਤੇ 'ਕੰਪਲੀਟ ਸਿਨੇਮਾ' ਹਨ। ਇਹ ਤਿੰਨੇ ਮੈਗਜ਼ੀਨ ਤਕਰੀਬਨ ਹਰ ਉਸ ਆਦਮੀ ਕੋਲ ਪਹੁੰਚਣੇ ਜ਼ਰੂਰੀ ਹੁੰਦੇ ਹਨ, ਜਿਹਨਾਂ ਦਾ ਫਿਲਮਾਂ ਨਾਲ ਥੋੜ੍ਹਾ ਬਹੁਤ ਵੀ ਸਬੰਧ ਹੋਵੇ।

ਜਦੋਂ ਵੀ ਕਿਸੇ ਨਵੀਂ ਫਿਲਮ ਦਾ ਮਹੂਰਤ ਹੁੰਦਾ ਹੈ ਤਾਂ ਸਭ ਤੋਂ ਪਹਿਲੀਆਂ ਖਬਰਾਂ ਇਹਨਾਂ ਵਿਚ ਹੀ ਛਪਦੀਆਂ ਹਨ। ਫਿਲਮ ਦੀ ਸ਼ੂਟਿੰਗ ਕਿੰਨੇ ਦਿਨ ਦੀ ਹੋਈ ਹੈ, ਸ਼ੂਟਿੰਗ ਵਿਚ ਕਿਸ ਕਿਸ ਨੇ ਹਿੱਸਾ ਲਿਆ, ਫਿਲਮ ਕਿਸ ਸਟੇਜ 'ਤੇ ਹੈ, ਐਡੀਟਿੰਗ ਹੋ ਰਹੀ ਹੈ, ਡਬਿੰਗ ਚਾਲੂ ਹੈ, ਫਿਲਮ ਦੀਆਂ ਕਿੰਨੀਆਂ ਟੈਰੇਟਰੀਜ਼ ਵਿਕ ਚੁੱਕੀਆਂ ਹਨ, ਕਿਸ ਨੇ ਖਰੀਦੀ ਹੈ, ਜਿਹੜੀ ਫਿਲਮ ਸ਼ੁੱਕਰਵਾਰ ਨੂੰ ਰਿਲੀਜ਼ ਹੋਈ ਹੈ ਉਸਦੀ ਕੁਲੈਕਸ਼ਨ ਕੀ ਹੈ। ਗੱਲ ਕੀ ਐਨਸਾਈਕਲੋਪੀਡੀਆ ਹੁੰਦੇ ਹਨ ਇਹ ਸਾਰੇ ਟਰੇਡ ਮੈਗਜ਼ੀਨ।

ਹਰ ਸ਼ਨਿੱਚਰਵਾਰ ਨੂੰ ਇਹ ਮੈਗਜ਼ੀਨ ਮਾਰਕੀਟ ਵਿਚ ਆਉਂਦੇ ਹਨ ਤੇ ਫਿਲਮੀ ਲੋਕ ਇਨ੍ਹਾਂ ਦੀ ਉਡੀਕ ਇੰਜ ਕਰਦੇ ਹਨ ਜਿਵੇਂ ਉਹਨਾਂ ਦੀ ਜ਼ਿੰਦਗੀ ਇਹਨਾਂ ਵਿਚ ਲਿਖੀ ਹੋਵੇ। ਫਿਲਮੀ ਦਫਤਰਾਂ ਵਿਚ ਭਾਵੇਂ ਤੁਸੀਂ ਕੋਈ ਵੀ ਹੋਰ ਕੰਮ ਕਰ ਰਹੇ ਹੋਵੋ, ਪਰ ਇਹ ਮੈਗਜ਼ੀਨ ਆਉਂਦਿਆਂ ਹੀ ਸਭ ਇਨ੍ਹਾਂ ਨੂੰ ਫਰੋਲਣ ਲਈ ਭੱਜਦੇ ਹਨ। ਗੱਲ ਠੀਕ ਵੀ ਹੁੰਦੀ ਹੈ ਕਿਉਂਕਿ ਇਹਨਾਂ ਵਿਚੋਂ ਹੀ ਪਤਾ ਲੱਗਦਾ ਹੈ ਕਿ ਬੰਬਈ ਦੇ ਮੈਟਰੋ ਸਿਨੇਮਾ ਦੇ ਪਹਿਲੇ ਸ਼ੋਅ ਦੀ ਕੀ ਵੱਟਤ ਹੋਈ ਹੈ, ਦਿੱਲੀ ਦੇ ਪਲਾਜ਼ਾ ਦਾ ਕਿਹੜਾ ਸ਼ੋਅ ਹਾਊਸ ਫੁੱਲ ਗਿਆ ਹੈ, ਜਲੰਧਰ ਦੇ ਜਿਓਤੀ ਦੀ ਕੀ ਕੁਲੈਕਸ਼ਨ ਹੈ।

ਮੇਰੀ ਫਿਲਮ 'ਅੰਤਿਮ ਨਿਆਏ' ਦੀ ਵੀ ਇਸ ਵਿਚ ਹਰ ਹਫਤੇ ਛੋਟੀ ਮੋਟੀ ਖ਼ਬਰ ਛਪਦੀ ਰਹਿੰਦੀ ਸੀ ਕਿ ਇਸ ਦੀਆਂ ਕਿੰਨੀਆਂ ਟੈਰੇਟਰੀਜ਼ ਵਿਕ ਗਈਆਂ ਹਨ। ਸਾਡੀ ਫਿਲਮ ਲਈ ਹੁਣ ਭਾਵੇਂ ਕਾਫੀ ਗਾਹਕ ਆ ਰਹੇ ਸਨ, ਪਰ ਉਹ ਕੀਮਤ ਨਹੀਂ ਸੀ ਮਿਲ ਰਹੀ ਜਿਸ ਨਾਲ ਲੱਗਿਆ ਪੈਸਾ ਵਾਪਿਸ ਆ ਜਾਂਦਾ।

ਇਹ ਤਾਂ ਆਮ ਅਸੂਲ ਹੈ ਈ ਕਿ ਜਦ ਵੀ ਅਸੀਂ ਕੋਈ ਨਵੀਂ ਚੀਜ਼ ਖਰੀਦਦੇ ਹਾਂ ਪਹਿਲੇ ਉਸ ਨੂੰ ਚੰਗੀ ਤਰ੍ਹਾਂ ਵੇਖਦੇ ਹਾਂ, ਕੋਈ ਸ਼ਰਟ ਖਰੀਦਣੀ ਹੋਵੇ, ਪੈਂਟ ਖਰੀਦਣੀ ਹੋਵੇ ਤਾਂ ਅਸੀਂ ਪਾ ਕੇ ਵੇਖਦੇ ਹਾਂ ਕਿ ਇਸ ਨਾਲ ਢਿੱਡ ਘੁੱਟਦਾ ਤਾਂ ਨਹੀਂ। ਟੈਲੀਵਿਜ਼ਨ, ਫਰਿੱਜ, ਗਹਿਣੇ, ਗੱਲ ਕੀ ਹਰ ਚੀਜ਼ ਖਰੀਦਣ ਵੇਲੇ ਅਸੀਂ ਪਹਿਲਾਂ ਉਸ ਨੂੰ ਪਰਖਦੇ ਹਾਂ ਫਿਰ ਜਾ ਕੇ ਫੈਸਲਾ ਕਰਦੇ ਹਾਂ ਕਿ ਕਿ ਇਹ ਚੀਜ਼ ਸਾਡੀ ਪਸੰਦ ਤੇ ਜ਼ਰੂਰਤ ਅਨੁਸਾਰ ਠੀਕ ਹੈ ਕਿ ਨਹੀਂ। ਫਿਲਮ ਖਰੀਦਾਰੀ ਤਾਂ ਬਹੁਤ ਵੱਡੀ ਗੱਲ ਹੈ, ਜਿਸ ਬਿਜ਼ਨਿਸ ਮੈਨ ਨੇ ਉਸ ਉੱਪਰ ਲੱਖਾਂ ਕਰੋੜਾਂ ਲਾਉਣਾ ਹੋਵੇ ਉਹ ਤਾਂ ਪਹਿਲੇ ਸੌ ਪਰਸੈਂਟ ਇਸ ਸੌਦੇ ਵਿਚ ਯਕੀਨ ਕਰੇਗਾ ਕਿ ਇਸ ਨਾਲ ਉਸ ਨੂੰ ਫਾਇਦਾ ਹੋਵੇਗਾ? ਮੁਨਾਫਾ ਹੋਵੇਗਾ?

ਗੱਲ ਸਿਰਫ ਖਰੀਦਣ ਤੱਕ ਵੀ ਸੀਮਤ ਨਹੀਂ ਹੁੰਦੀ। ਇਕ ਫਿਲਮ ਪ੍ਰੋਡਿਊਸਰ, ਡਿਸਟਰੀਬਿਊਟਰ ਨੂੰ ਵੇਖ ਕੇ ਉਸ ਨੂੰ ਸਿਰਫ ਦਸ ਸਾਲ ਲਈ ਫਿਲਮ ਚਲਾਉਣ ਦੇ ਅਧਿਕਾਰ ਦਿੰਦਾ ਹੈ। ਇਹ ਅਧਿਕਾਰ ਖਰੀਦਣ ਤੋਂ ਬਾਅਦ ਡਿਸਟਰੀਬਿਊਟਰ ਨੇ ਸਿਨੇਮਾ ਮਾਲਕਾਂ ਨਾਲ ਸੌਦੇ ਕਰਨੇ ਹੁੰਦੇ ਹਨ। ਇਕ ਟੈਰੇਟਰੀ ਵਿਚ ਜੇ ਵੀਹ ਸਿਨੇਮਾ ਘਰ ਹਨ ਤਾਂ ਘੱਟ ਤੋਂ ਘੱਟ ਪੰਦਰਾਂ ਸੋਲਾਂ ਪ੍ਰਿੰਟ ਤਾਂ ਤਿਆਰ ਕਰਵਾਉਣੇ ਪੈਂਦੇ ਹਨ। ਫਿਲਮ ਲੈਬਾਰਟਰੀ ਵਿਚ ਉਸ ਫਿਲਮ ਦਾ ਨੈਗੇਟਿਵ ਤਿਆਰ ਪਿਆ ਹੁੰਦਾ ਹੈ ਤੇ ਡਿਸਟਰੀ ਬਿਊਟਰਾਂ ਦੇ ਆਰਡਰ ਅਨੁਸਾਰ ਉਹ ਪੋਜ਼ੇਟਿਵ ਤਿਆਰ ਕਰਦੇ ਰਹਿੰਦੇ ਹਨ। ਉਸ ਵੇਲੇ ਇਕ ਪੋਜ਼ੈਟਿਵ ਤਿਆਰ ਕਰਨ ਉੱਪਰ ਤਕਰੀਬਨ ਤੀਹ ਚਾਲੀ ਹਜ਼ਾਰ ਰੁਪਿਆ ਖਰਚ ਆਉਂਦਾ ਸੀ ਜਦਕਿ ਇਹ ਕੀਮਤ ਵਧ ਕੇ ਹੁਣ ਸੱਤਰ ਪਚੰਤਰ ਹਜ਼ਾਰ ਹੋ ਚੁੱਕੀ ਹੈ।

ਕਿੰਨੀ ਵੱਡੀ ਕੋਈ ਫਿਲਮ ਹੈ, ਉਸਦੀ ਰਿਲੀਜ਼ ਵੀ ਉਸੇ ਹਿਸਾਬ ਨਾਲ ਹੀ ਕੀਤੀ ਜਾਂਦੀ ਹੈ। ਉਸ ਵੇਲੇ ਕਿਸੇ ਵੱਡੀ ਫਿਲਮ ਦੇ ਕਈ ਵਾਰੀ ਸੌ ਡੇਢ ਸੌ ਪ੍ਰਿੰਟ ਕੱਢੇ ਜਾਂਦੇ ਸਨ, ਪਰ ਅੱਜ ਕੱਲ੍ਹ ਤਾਂ ਤਿੰਨ ਸੌ ਤੱਕ ਪ੍ਰਿੰਟ ਵੀ ਬਣਾਏ ਜਾ ਰਹੇ ਹਨ। ਇਹ ਸਾਰਾ ਖਰਚਾ ਡਿਸਟਰੀਬਿਊਟਰਾਂ ਨੇ ਹੀ ਕਰਨਾ ਹੁੰਦਾ ਹੈ ਤੇ ਡਿਸਟਰੀਬਿਊਟਰਾਂ ਨੇ ਸਿਨੇਮਾ ਘਰਾਂ ਦੇ ਮਾਲਕਾਂ ਕੋਲੋਂ ਵਸੂਲ ਕਰਨਾ ਹੁੰਦਾ ਹੈ।

ਇਸ ਤੋਂ ਇਲਾਵਾ ਖਰਚਾ ਹੁੰਦਾ ਹੈ ਫਿਲਮ ਪਬਲੀਸਿਟੀ ਦਾ ਜਿਹੜਾ ਕਿ ਫਿਲਮ ਪ੍ਰੋਡਿਊਸਰ ਕਰਦਾ ਹੈ। ਪ੍ਰੋਡਿਊਸਰ ਨੇ ਫਿਲਮਾਂ ਦੇ ਪੋਸਟਰ, ਕਿਤਾਬਚੇ, ਫੋਟੋਗਰਾਫਜ਼, ਐਲਬਮ ਤੇ ਅਨੇਕਾਂ ਹੋਰ ਤਰ੍ਹਾਂ ਦਾ ਮੈਟਰ ਡਿਸਟਰੀਬਿਊਟਰਾਂ ਨੂੰ ਸਪਲਾਈ ਕਰਨਾ ਹੁੰਦਾ ਹੈ, ਜਿਸ ਨਾਲ ਵੱਧ ਤੋਂ ਵੱਧ ਫਿਲਮ ਦੀ ਮਸ਼ਹੂਰੀ ਹੋ ਸਕੇ। ਇਹ ਸਭ ਖਰਚੇ ਫਿਲਮ ਦੇ ਅਧਿਕਾਰ ਵੇਚਣ ਵੇਲੇ ਹੀ ਤੈਅ ਕਰ ਲਏ ਜਾਂਦੇ ਹਨ ਕਿ ਕਿਸ ਡਿਸਟਰੀਬਿਊਟਰ ਨੂੰ ਕਿੰਨਾ ਮੈਟੀਰੀਅਲ ਸਪਲਾਈ ਕਰਨਾ ਹੈ।

ਸਾਡੀ ਫਿਲਮ ਲਈ ਜਦ ਵੀ ਕੋਈ ਡਿਸਟਰੀ ਬਿਊਟਰ ਆਉਂਦਾ ਜਾਂ ਏਜੰਟ ਆਉਂਦਾ ਤਾਂ ਸਾਰਾ ਦਿਨ ਹੀ ਇਸ ਲਈ ਲਗ ਜਾਂਦਾ। ਪਹਿਲੇ ਆਟੋ ਰਿਕਸ਼ਾ ਲੈ ਕੇ ਐਡੀਟਿੰਗ ਆਫਿਸ ਜਾ ਕੇ ਤਿਆਰ ਹੋਈਆਂ ਰੀਲਾਂ ਚੁੱਕਦੇ, ਫਿਰ ਉਹਨਾਂ ਨੂੰ ਟਰਾਇਲ ਥੇਟਰ ਵਿਚ ਲੈ ਕੇ ਜਾਂਦੇ, ਡਿਸਟਰੀ ਬਿਊਟਰ ਆਉਂਦੇ, ਉਹਨਾਂ ਲਈ ਚਾਹ ਪਾਣੀ ਦਾ ਇੰਤਜ਼ਾਮ ਕਰਦੇ, ਕਈ ਵਾਰੀ ਡਿਨਰ 'ਤੇ ਲੈ ਕੇ ਜਾਂਦੇ ਤੇ ਫਿਰ ਦੂਸਰੇ ਦਿਨ ਟੈਲੀਫੋਨ ਅੱਗੇ ਬੈਠੇ ਰਹਿੰਦੇ, ਜਵਾਬ ਉਡੀਕਦੇ ਕਿ ਗਾਹਕ ਨੂੰ ਚੀਜ਼ ਪਸੰਦ ਆਈ ਹੈ ਕਿ ਨਹੀਂ, ਸੌਦਾ ਪਟੇਗਾ ਕਿ ਨਹੀਂ ਪਰ ਬਹੁਤੀ ਵਾਰੀ ਚਾਹ ਪਾਣੀ ਤੇ ਡਿਨਰ ਕਰਵਾਏ ਬੇਕਾਰ ਹੀ ਜਾਂਦੇ।

ਅਸੀਂ ਤਕਰੀਬਨ ਹਰ ਹਫਤੇ ਹੀ ਇਕ ਦੋ ਏਜੰਟ ਜਾਂ ਡਿਸਟਰੀਬਿਊਟਰਾਂ ਨੂੰ ਅਪਨੀ ਫਿਲਮ ਵਿਖਾਉਂਦੇ। ਇਹਨਾਂ ਟਰਾਇਲਾਂ ਉੱਪਰ ਖਰਚਾ ਵੀ ਕੋਈ ਘੱਟ ਨਹੀਂ ਆਉਂਦਾ, ਹਜ਼ਾਰਾਂ ਰੁਪਿਆ ਲੱਗ ਜਾਂਦਾ। ਇਸ ਤੋਂ ਬਾਅਦ ਜੇ ਫਿਲਮ ਵਿਕ ਵੀ ਜਾਂਦੀ ਹੈ ਤਾਂ ਡਿਸਟਰੀਬਿਊਟਰਾਂ ਕੋਲੋਂ ਰਕਮ ਉਗਰਾਹੁਣ ਦੀ ਗੱਲ ਆਉਂਦੀ ਹੈ, ਏਜੰਟਾਂ ਦੀਆਂ ਚਾਪਲੂਸੀਆਂ ਕਰਨੀਆਂ ਪੈਂਦੀਆਂ ਹਨ। ਅਨੇਕਾਂ ਹੀ ਫਿਲਮ ਪ੍ਰੋਡਿਊਸਰ ਹਨ ਫਿਲਮ ਨਗਰੀ ਵਿਚ ਜਿਹੜੇ ਹਰ ਰੋਜ਼ ਕਮਿਸ਼ਨ ਏਜੰਟਾਂ ਦੇ ਤਰਲੇ ਮਿੰਨਤਾਂ ਕਰਦੇ ਰਹਿੰਦੇ ਹਨ ਆਪੋ ਆਪਣੀਆਂ ਫਿਲਮਾਂ ਵੇਚਣ ਲਈ... ਕੁੱਤਾ ਬਣਿਆ ਰਹਿੰਦਾ ਹੈ ਨਵਾਂ ਬੰਦਾ ਇਸ ਕੰਮ ਵਿਚ, ਪੂਛ ਹਿਲਾਉਂਦਾ ਹੈ ਡਿਸਟਰੀ ਬਿਊਟਰਾਂ ਦੇ ਪਿੱਛੇ ਪਿੱਛੇ, ਏਜੰਟਾਂ ਦੇ ਪਿੱਛੇ, ਦਲਾਲਾਂ ਪਿੱਛੇ।




ਮੇਰੇ ਲੰਡਨ ਵਾਲੇ ਕਾਰੋਬਾਰ ਵਿਚ ਹੁਣ ਕੋਈ ਹੋਰ ਪੈਸਾ ਬਾਕੀ ਨਹੀਂ ਸੀ ਰਿਹਾ ਜਿਹੜਾ ਮੈਂ ਲਿਆ ਕੇ ਫਿਲਮ ਨੂੰ ਪੂਰੀ ਕਰ ਸਕਦਾ। ਬੈਂਕ ਦਾ ਓਵਰਡਰਾਫਟ ਲੈ ਲੈ ਕੇ ਸਪਲਾਇਰਜ਼ ਦੇ ਬਿੱਲ ਤਾਰ ਰਿਹਾ ਸਾਂ ਤੇ ਹੁਣ ਵਕਤ ਐਸਾ ਆ ਗਿਆ ਸੀ ਜਦ ਕਿ ਬੈਂਕ ਮੈਨੇਜਰ ਨੇ ਹੋਰ ਕਰਜ਼ਾ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਰਾਣੀ ਨੇ ਅਪਣੇ ਖਰਚਿਆਂ ਨੂੰ ਘਟਾ ਕੇ ਜਿਹੜਾ ਥੋੜ੍ਹਾ ਬਹੁਤ ਪੈਸਾ ਕੋਈ ਅਪਨਾ ਜੋੜਿਆ ਸੀ ਉਹ ਵੀ ਉਸ ਕੋਲੋਂ ਲੈ ਕੇ ਬੰਬਈ ਦੀ ਭੇਟਾ ਕਰ ਚੁੱਕਿਆ ਸਾਂ। ਸਿਰਫ ਇਹ ਹੀ ਉਮੀਦ ਸੀ ਕਿ ਫਿਲਮ ਜਦ ਵੀ ਰਿਲੀਜ਼ ਹੋਈ ਇਹ ਸਭ ਲਏ ਹੋਏ ਕਰਜ਼ੇ ਵਾਪਸ ਕਰ ਦਿਆਂਗਾ, ਸਭ ਨੂੰ ਖੁਸ਼ ਕਰ ਦਿਆਂਗਾ, ਬਸ ਸਿਰਫ ਜ਼ਰਾ ਵਕਤ ਦੀ ਹੀ ਗੱਲ ਹੈ।

ਹੁਣ ਜਦ ਰਿਲੀਜ਼ ਹੋ ਜਾਣ 'ਤੇ ਵੀ ਘਾਟਾ ਪੈਂਦਾ ਨਜ਼ਰ ਆਉਣ ਲੱਗਾ ਤਾਂ ਪਰੇਸ਼ਾਨੀ ਹੋਰ ਵਧਣ ਲੱਗੀ। ਅਸਲੀਅਤ ਇਹ ਹੋ ਗਈ ਕਿ ਮੇਰੇ ਵਿਚੋਂ ਫਿਲਮ ਦਾ ਜਨੂੰਨ ਲਗਪਗ ਖ਼ਤਮ ਹੋ ਗਿਆ ਸੀ, ਬਸ ਇਹ ਹੀ ਚਾਹੁੰਦਾ ਸਾਂ ਕਿ ਕਿਵੇਂ ਵੀ ਇਹ ਜਲਦੀ ਖਤਮ ਹੋ ਜਾਵੇ ਤੇ ਛੁਟਕਾਰਾ ਪਾ ਕੇ ਵਾਪਿਸ ਚਲਿਆ ਜਾਵਾਂ।

ਕਹਿੰਦੇ ਨੇ ਕਿ ਗੰਗਾ ਗਈਆਂ ਹੱਡੀਆਂ ਕਦੇ ਵਾਪਿਸ ਨਹੀਂ ਮੁੜਦੀਆਂ। ਮੇਰਾ ਲੱਗਿਆ ਪੈਸਾ ਹੁਣ ਇਹ ਹੱਡੀਆਂ ਹੀ ਬਣ ਗਿਆ ਸੀ ਜਿਹੜਾ ਬੰਬਈ ਦੇ ਪੈਗਾਂ ਵਿਚ ਮੈਂ ਰੋੜ ਚੁੱਕਿਆ ਸਾਂ।

ਹਰ ਇਨਸਾਨ ਵਿਚ ਆਪੋ ਅਪਣੇ ਖਿਆਲਾਂ ਤੇ ਸੋਚ ਅਨੁਸਾਰ ਸਹਿਣਸ਼ੀਲਤਾ ਦੀ ਹੱਦ ਹੁੰਦੀ ਹੈ ਤੇ ਜਦੋਂ ਇਹ ਸਹਿਣਸ਼ੀਲਤਾ ਬਰਦਾਸ਼ਤ ਤੋਂ ਬਾਹਰ ਹੋ ਜਾਵੇ ਤਾਂ ਫਿਰ ਕਈ ਮਾਨਸਿਕ ਬਿਮਾਰੀਆਂ ਆ ਚੰਬੜਦੀਆਂ ਹਨ ਤੇ ਇਸ ਤੋਂ ਬਾਅਦ ਅਗਲੀ ਸਟੇਜ ਵਿਚ ਸਰੀਰਕ ਬਿਮਾਰੀਆਂ ਆ ਘੇਰਦੀਆਂ ਹਨ।

ਸ਼ੁਕਰਗੁਜ਼ਾਰ ਸਾਂ ਉਸ ਪਰਵਰਦਿਗਾਰ ਦਾ ਕਿ ਮੇਰੀ ਮਾਨਸਿਕ ਸਹਿਣਸ਼ੀਲਤਾ ਦੀ ਸੋਚ ਤੇ ਤਾਕਤ ਕੁਝ ਇਸ ਤਰ੍ਹਾਂ ਦੀ ਬਣ ਗਈ ਸੀ ਕਿ ਮੈਂ ਇਸ ਤੋਂ ਟੁੱਟਿਆ ਨਹੀਂ ਸਾਂ ਤੇ ਜਦ ਟੁੱਟਣ ਹੀ ਲੱਗਾ ਸਾਂ ਤਾਂ ਕਿਸੇ ਦੀ ਦੋਸਤੀ ਨੇ ਆ ਕੇ ਮੈਨੂੰ ਟੁੱਟਣ ਤੋਂ ਬਚਾ ਲਿਆ ਸੀ, ਹੱਥੀਂ ਦਬੋਚ ਲਿਆ ਸੀ।

ਇਕ ਅਲੌਕਿਕ ਪਿਆਰ ਵਿਚ ਮੈਂ ਰੰਗਿਆ ਗਿਆ ਸਾਂ। ਜਿਵੇਂ ਯੋਗਾ ਕਰਕੇ ਇਨਸਾਨ ਅਪਣੇ ਸਰੀਰ ਤੇ ਮਾਨਸਿਕ ਸਥਿਤੀਆਂ ਸੰਤੁਲਤ ਕਰ ਲੈਂਦਾ ਹੈ ਇਵੇਂ ਹੀ ਮੁਹੱਬਤ ਦੀ ਖੁਸ਼ਬੂ ਨੂੰ ਮੈਂ ਅਪਣੇ ਸਾਹਾਂ ਵਿਚ ਸਮੇਟਦਾ ਹੋਇਆ ਬਿਲਕੁਲ ਸੰਤੁਲਤ ਹੋ ਗਿਆ ਸਾਂ। ਹਰ ਰੋਜ਼ ਦੀਆਂ ਪਰਸਥਿਤੀਆਂ ਮੇਰੇ ਲਈ ਆਮ ਵਰਗੀਆਂ ਹੋ ਗਈਆਂ ਸਨ, ਜਿਹਨਾਂ ਨੂੰ ਅਪਨੀ ਗਹਿਰੀ ਸੋਚ ਵਿਚ ਲਿਆ ਕੇ ਅਪਣੇ ਆਪ ਨੂੰ ਮੈਂ ਹੋਰ ਤਬਾਹ ਨਹੀਂ ਸੀ ਕਰਨਾ ਚਾਹੁੰਦਾ।

ਇੱਥੇ ਆ ਕੇ ਮੈਂ ਮੁਹੱਬਤ, ਪਿਆਰ, ਇਸ਼ਕ ਤੇ ਜ਼ਿੰਦਗੀ ਦੇ ਨਵੇਂ ਰਸਤੇ ਲੱਭੇ ਸਨ। ਅਧਿਆਤਮਕ ਰਿਸ਼ਤੇ, ਜਿਹਨਾਂ ਮੈਨੂੰ ਨਵੀਂ ਜ਼ਿੰਦਗੀ ਤੇ ਜ਼ਿੰਦਗੀ ਨੂੰ ਸਮਝਣ ਦੀ ਸੋਚ ਦਿੱਤੀ ਸੀ।

ਮੁਹੱਬਤ ਕੀ ਹੈ? ਕੀ ਆਦਮੀ ਤੇ ਔਰਤ ਦੇ ਸਰੀਰਕ ਰਿਸ਼ਤਿਆਂ ਦਾ ਹੀ ਨਾਂ ਮੁਹੱਬਤ ਹੈ, ਕੀ ਕਿਸੇ ਨੂੰ ਅਪਣੀਆਂ ਬਾਹਵਾਂ ਵਿਚ ਭਰ ਕੇ ਸੈਕਸ ਕਰਨ ਦਾ ਨਾਂ ਹੀ ਮੁਹੱਬਤ ਹੈ? ਕੀ ਕਿਸੇ ਦੇ ਹੋਠਾਂ ਨੂੰ ਚੁੰਮਣਾ, ਕੇਸੂਆਂ ਵਿਚ ਉਂਗਲਾਂ ਤੇ ਛਾਤੀਆਂ ਦੀਆਂ ਗੋਲਾਈਆਂ ਨਾਲ ਖੇਡਣਾ ਹੀ ਮੁਹੱਬਤ ਹੈ। ਕੀ ਅੱਛੀ ਦੋਸਤੀ ਮੁਹੱਬਤ ਹੋ ਸਕਦੀ ਹੈ?

ਪਰ ਸ਼ਾਇਦ ਸਾਡੇ ਸਮਾਜ ਵਿਚ ਇਸ ਤਰ੍ਹਾਂ ਦੇ ਇਸ਼ਕ ਦਾ ਨਾਂ ਹੀ ਮੁਹੱਬਤ ਹੈ, ਪਿਆਰ ਹੈ। ਇਹਨਾਂ ਖਿਆਲਾਂ ਵਿਚ ਜਿਊਣਾ ਹੀ ਅਸਲੀ ਇਸ਼ਕ ਹੈ, ਕਿਸੇ ਨੂੰ ਸੇਜ 'ਤੇ ਪਾ ਲੈਣਾ ਹੀ ਇਸ਼ਕ ਹੈ ਤੇ ਫਿਰ ਇਕ ਦਿਨ ਜਿਸ ਸਰੀਰ ਨੂੰ ਪਾ ਲੈਣ ਲਈ ਤੁਸੀਂ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਸੀ, ਉਸ ਨੂੰ ਹੀ ਜ਼ਿੰਦਗੀ 'ਚੋਂ ਕੱਢ ਦੇਣਾ, ਮੱਖਣ ਵਿਚੋਂ ਵਾਲ ਕੱਢਣ ਵਾਂਗ ਖਾਣੇ ਵਿਚੋਂ ਮੱਛਰ ਮੱਖੀ ਕੱਢਣ ਵਾਂਗ ਜਾਂ ਫਿਰ ਵਧੀਆ ਖਾ ਲੈਣ ਤੋਂ ਬਾਅਦ ਬਾਹਰ ਕੱਢਣ ਵਾਂਗ।

(ਚਲਦਾ)




# ਈਵਨ ਦੇ ਰੇਨ
## ਲੋਕ ਸੰਗਰਾਮ ਦੀ ਨਿਰੰਤਰਤਾ ਦੀ ਗਾਥਾ

ਰੌਸ਼ਨ ਕੁੱਸਾ



''ਉਹਨਾਂ ਨੇ ਸਾਡੇ ਖੂਹ ਵੇਚੇ, ਸਾਡੀਆਂ ਝੀਲਾਂ ਵੇਚੀਆਂ ਅਤੇ ਇੱਥੋਂ ਤੱਕ ਕਿ ਸਾਡੇ ਸਿਰਾਂ 'ਤੇ ਪੈਣ ਵਾਲਾ ਮੀਂਹ ਵੀ। ਕਾਨੂੰਨ ਮੁਤਾਬਕ ਅਸੀ ਮੀਂਹ ਦਾ ਪਾਣੀ ਵੀ ਇਕੱਠਾ ਨਹੀਂ ਕਰ ਸਕਦੇ। . . . ਤੇ ਮੀਂਹ ਕਿਸ ਨੇ ਲਿਆ? ਕੰਪਨੀਆਂ ਨੇ। ਜਿਹਨਾਂ ਦੇ ਮਾਲਕ ਲੰਡਨ, ਕੈਲੇਫੋਰਨੀਆ ਬੈਠੇ ਹਨ। ਅੱਗੇ ਉਹ ਕੀ ਲੈਣਗੇ, ਸਾਡੇ ਸਾਹਾਂ ਦੀ ਹਵਾ?''

ਇਹ ਸ਼ਬਦ ਹਨ ਫਿਲਮ "ਈਵਨ ਦੀ ਰੇਨ'' (ਤੇ ਮੀਂਹ ਵੀ) ਦੇ ਪਾਤਰ ਡੇਨੀਅਲ ਦੇ। ਜਿਹੜਾ ਇੱਕ ਮੁਜ਼ਾਹਰੇ ਨੂੰ ਸੰਬੋਧਨ ਕਰ ਰਿਹਾ ਹੈ। ਜਿਸਦੀ ਸ਼ਕਲ ਸੁਹੱਪਣ ਦੇ ਕੁਝ ਖਾਸ ਮਿਆਰਾਂ ਦੇ ਕਿਸੇ ਵੀ ਤਰਾਂ ਮੇਚ ਦੀ ਨਹੀਂ। ਪਰ ਉਸਦੀ ਸ਼ਕਲ ਅਤੇ ਉਸਦੇ ਬੋਲ, ਲੋਕ-ਟਾਕਰੇ ਦੇ ਇਤਿਹਾਸ ਦੀ ਨਿਰੰਤਰਤਾ ਦੇ ਤਰਜਮਾਨ ਹਨ। ਜਿਸ ਨੇ 'ਕੋਲੰਬਸ' ਅਤੇ ਉਸਦੇ ਪਿੱਛੇ ਆਏ ਯੂਰਪੀਅਨ ਧਾੜਵੀਆਂ ਅਤੇ ਅੱਜ ਦੀਆਂ ਬਹੁਕੌਮੀ ਕੰਪਨੀਆਂ ਦਾ ਆਪੋ-ਆਪਣੇ ਸਮਿਆਂ 'ਚ ਮੁਕਾਬਲਾ ਕੀਤਾ।

ਬੋਲੀਵੀਆ ਲਾਤੀਨੀ ਅਮਰੀਕਾ ਦਾ ਉਹ ਦੇਸ ਹੈ ਜਿਹੜਾ ਨਵੀਆਂ ਆਰਥਿਕ ਨੀਤੀਆਂ ਦੀ ਪਹਿਲੀ ਪ੍ਰਯੋਗਸ਼ਾਲਾ ਬਣਿਆ ਅਤੇ ਜਿੱਥੇ ਨਿੱਜੀਕਰਨ ਦੇ ਦੈਂਤ ਦੇ ਸੰਗਲ ਖੋਲੇ ਗਏ। ਇਹ ਦੈਂਤ ਬਾਕੀ ਵਸੀਲਿਆਂ ਨੂੰ ਹੜੱਪਣ ਤੋਂ ਬਾਅਦ ਪਾਣੀ 'ਤੇ ਝਪਟਿਆ। ਇਹੀ ਪਾਣੀ ਬੋਲੀਵੀਆ ਦੀਆਂ 'ਪਾਣੀ ਜੰਗਾਂ' ਦਾ ਧਰਾਤਲ ਬਣਦਾ ਹੈ ਅਤੇ ਫਿਲਮ 'ਈਵਨ ਦ ਰੇਨ' ਦਾ ਵੀ।

ਕਹਾਣੀ ਕੁਝ ਫਿਲਮਸਾਜ਼ਾਂ ਤੋਂ ਸ਼ੁਰੂ ਹੁੰਦੀ ਹੈ। ਨਿਰਮਾਤਾ 'ਕੌਸਟਾ' ਅਤੇ ਨਿਰਦੇਸ਼ਕ 'ਸੈਬੇਸਤੀਅਨ' ਕੋਲੰਬਸ ਦੇ ਅਮਰੀਕਾ ਲੱਭਣ ਅਤੇ ਉਹਨਾਂ ਦੀਆਂ 'ਇੰਡੀਅਨਾਂ' (ਸਥਾਨਿਕ ਮੂਲ ਵਾਸੀਆਂ) ਨਾਲ ਲੜਾਈਆਂ 'ਤੇ ਫਿਲਮ ਬਣਾਉਣ ਬੋਲੀਵੀਆ ਆਏ ਹਨ। ਇੰਡੀਅਨਾਂ ਦੇ ਕਿਰਦਾਰਾਂ ਲਈ ਸਥਾਨਕ ਲੋਕਾਂ ਦੀ ਚੋਣ ਕੀਤੀ ਜਾਂਦੀ ਹੈ। ਇਸ ਦੌਰਾਨ ਹੀ, ਖਾੜਕੂ ਸੁਭਾਅ ਅਤੇ ਇੰਡੀਅਨ ਸ਼ਕਲ ਵਾਲੇ 'ਡੇਨੀਅਲ' ਅਤੇ ਉਸਦੀ ਧੀ ਨੂੰ ਵੀ ਦੋ ਡਾਲਰ ਦਿਹਾੜੀ 'ਤੇ ਲੈ ਲਿਆ ਜਾਂਦਾ ਹੈ। ਡੇਨੀਅਲ ਹਰ ਧੱਕੇ ਖਿਲਾਫ਼ ਅੜਨ ਵਾਲਾ ਖਾੜਕੂ ਸੁਭਾਅ ਦਾ ਬੰਦਾ ਹੈ ਅਤੇ ਬਣਾਈ ਜਾ ਰਹੀ ਫਿਲਮ ਵਿੱਚ ਉਸਦਾ ਕਿਰਦਾਰ ਕੋਲੰਬਸ ਅਤੇ ਯੂਰਪੀਅਨ ਧਾੜਵੀਆਂ ਖਿਲਾਫ਼ ਬਗ਼ਾਵਤ ਦੇ ਆਗੂ ਦਾ ਹੈ ਜਿਹਨਾਂ ਦੇ ਸੋਨੇ ਦੀ ਚਮਕ ਕੋਲੰਬਸ ਨੂੰ ਏਨੀ ਦੂਰ ਖਿੱਚ ਲਿਆਈ ਹੈ।

ਏਸੇ ਦੌਰਾਨ ਪਹਿਲਾਂ ਹੀ ਬੁਨਿਆਦੀ ਸਹੂਲਤਾਂ ਖੁਣੋਂ ਤੰਗੀ ਝੱਲ ਰਹੇ ਲੋਕਾਂ 'ਤੇ ਪਾਣੀ ਦੇ ਨਿੱਜੀਕਰਨ ਦੀ ਬਿਪਤਾ ਆ ਪੈਂਦੀ ਹੈ। ਲੋਕਾਂ ਦੇ ਚੱਟਾਨਾਂ ਵਿੱਚ ਆਪਣੇ ਹੱਥੀ ਪੁੱਟੇ ਖੂਹਾਂ ਨੂੰ ਬੰਦ ਕਰਵਾ ਦਿੱਤਾ ਜਾਂਦਾ ਹੈ। ਡੇਨੀਅਲ ਪਾਣੀ ਦੇ ਨਿੱਜੀਕਰਨ ਦਾ ਵਿਰੋਧ ਕਰਨ ਵਾਲੇ ਪਹਿਲੇ ਬੰਦਿਆਂ 'ਚੋਂ ਹੈ ਤੇ ਸੰਘਰਸ਼ ਦਾ ਸਥਾਨਕ ਆਗੂ ਵੀ। ਪਰ ਉਹਦਾ ਲੜਾਈ ਵਿੱਚ ਸ਼ਾਮਲ ਹੋਣਾ ਫਿਲਮਸਾਜ਼ਾਂ ਲਈ ਮੁਸੀਬਤ ਹੈ। ਫਿਲਮਸਾਜ਼, ਜਿਹੜੇ ਇਤਿਹਾਸ ਦੇ ਕਿਸੇ ਇੱਕ ਦੌਰ ਵਿਚਲੇ ਧੱਕੇ ਅਤੇ ਉਸਦੇ ਟਾਕਰੇ 'ਤੇ ਫਿਲਮ ਬਣਾ ਰਹੇ ਹਨ ਅਤੇ ਵਰਤਮਾਨ ਦੇ ਇਤਿਹਾਸਕ-ਟਾਕਰੇ ਤੋਂ ਆਪਣੇ ਸਰੋਕਾਰਾਂ ਨੂੰ ਨਿਰਲੇਪ ਰੱਖਦੇ ਹਨ। ਇਹ ਟਾਕਰਾ ਉਹਨਾਂ ਲਈ ਸਮੱਸਿਆ ਹੈ ਕਿਉਂਕਿ ਉਹਨਾਂ ਦਾ ਇੱਕ ਕਲਾਕਾਰ ਉਸਦਾ ਹਿੱਸਾ ਹੈ।

ਡੇਨੀਅਲ ਅਤੇ ਉਸਦੇ ਸਾਥੀ ਪੂਰੇ ਬੋਲੀਵੀਆ ਤੱਕ ਸੰਘਰਸ਼ ਫੈਲਾਉਣ ਦਾ ਐਲਾਨ ਕਰਦੇ ਹਨ ਅਤੇ ਪਾਣੀ 'ਤੇ ਕਾਬਜ਼ ਕੰਪਨੀਆਂ ਦੇ ਦਫ਼ਤਰਾਂ ਨੂੰ ਘੇਰਨਾ ਸ਼ੁਰੂ ਕਰਦੇ ਹਨ। ਲਾਠੀਚਾਰਜ, ਅੱਥਰੂ ਗੈਸ ਅਤੇ ਗ੍ਰਿਫਤਾਰੀਆਂ ਦੇ ਦੌਰ ਚੱਲਦੇ ਹਨ। ਲੋਕਾਂ ਦੇ ਹਜੂਮ ਦੇ ਸਾਂਝੇ ਨਾਅਰੇ ਹਨ ''ਪਾਣੀ ਕਿਸਦਾ ਹੈ . . . ਸਾਡੇ ਬੱਚਿਆਂ ਦਾ'' ਅਤੇ ''ਗਲ ਪੈ ਜਾਣ ਜੇ ਅੱਕੇ ਲੋਕ, ਬੰਬ ਬੰਦੂਖ਼ਾਂ ਸਕਣ ਨਾ ਰੋਕ।'' ਇਹ ਸਾਂਝ ਹੈ, ਇਤਫ਼ਾਕ ਨਹੀਂ ਕਿ ਇਹੀ ਨਾਅਰਾ ਪੰਜਾਬ ਦੇ ਸੰਘਰਸ਼ੀਲ ਲੋਕਾਂ ਦਾ ਵੀ ਹੈ।

ਉੱਧਰ ਫਿਲਮਸਾਜ਼ ਆਪਣੀ ਫਿਲਮ ਪੂਰੀ ਕਰਨ ਲਈ ਛਟਪਟਾ ਰਹੇ ਹਨ। ਫਿਲਮ ਦਾ ਅਹਿਮ ਕਲਾਕਾਰ ਡੇਨੀਅਲ ਲਾਠੀਚਾਰਜ ਵਿੱਚ ਜ਼ਖ਼ਮੀ ਹੈ। ਜਦੋਂ ਫਿਲਮ ਨਿਰਮਾਤਾ ਕੌਸਟਾ ਉਸ 'ਤੇ ਵਰਦਾ ਹੈ ਤਾਂ ਡੇਨੀਅਲ ਜਵਾਬ ਦਿੰਦਾ ਹੈ, ''ਫਿਲਮ ਏਨੀ ਜ਼ਰੂਰੀ ਨਹੀਂ, ਬਹੁਤ ਕੁਝ ਫਿਲਮ ਤੋਂ ਜ਼ਿਆਦਾ ਜ਼ਰੂਰੀ ਹੈ।''

> ''ਉਹਨਾਂ ਨੇ ਸਾਡੇ ਖੂਹ ਵੇਚੇ, ਸਾਡੀਆਂ ਝੀਲਾਂ ਵੇਚੀਆਂ ਅਤੇ ਇੱਥੋਂ ਤੱਕ ਕਿ ਸਾਡੇ ਸਿਰਾਂ 'ਤੇ ਪੈਣ ਵਾਲਾ ਮੀਂਹ ਵੀ। ਕਾਨੂੰਨ ਮੁਤਾਬਕ ਅਸੀਂ ਮੀਂਹ ਦਾ ਪਾਣੀ ਵੀ ਇਕੱਠਾ ਨਹੀਂ ਕਰ ਸਕਦੇ। . . . ਤੇ ਮੀਂਹ ਕਿਸ ਨੇ ਲਿਆ? ਕੰਪਨੀਆਂ ਨੇ। ਜਿਹਨਾਂ ਦੇ ਮਾਲਕ ਲੰਡਨ, ਕੈਲੇਫੋਰਨੀਆ ਬੈਠੇ ਹਨ। ਅੱਗੇ ਉਹ ਕੀ ਲੈਣਗੇ, ਸਾਡੇ ਸਾਹਾਂ ਦੀ ਹਵਾ?''

ਜ਼ਰੂਰੀ ਕੀ ਹੈ? ਲੜਾਈ ਦਾ ਬਰਕਰਾਰ ਰਹਿਣਾ। ਕੋਲੰਬਸ ਹੁਰਾਂ ਦੀ ਆਮਦ ਸਮੇਂ ਲੁਟੇਰਿਆਂ ਦੀ ਲੁੱਟ ਅਧੂਰੀ ਰਹਿ ਗਈ ਸੀ ਅਤੇ ਬਾਗੀਆਂ ਦੀ ਬਗਾਵਤ ਵੀ। ਉਦੋਂ 'ਮਾਤਾ-ਧਰਤ' ਲੁੱਟੀ ਗਈ ਸੀ ਤਾਂ ਹੁਣ 'ਪਾਣੀ-ਪਿਤਾ' ਦੀ ਵਾਰੀ ਸੀ। 'ਡੇਨੀਅਲ' ਉਦੋਂ ਵੀ ਧਰਤੀ ਦੀ ਰਾਖੀ ਲਈ ਲੜੇ ਸਨ ਅਤੇ 'ਡੇਨੀਅਲ' ਅੱਜ ਵੀ ਪਾਣੀ ਲਈ ਲੜ ਰਹੇ ਹਨ। ਬਹੁਤ ਕੁਝ ਸੱਚੀਓਂ ਹੀ ਫਿਲਮ ਤੋਂ ਜ਼ਰੂਰੀ ਸੀ।

ਪਾਣੀ ਦੇ 'ਸੰਘਰਸ਼' ਪਾਣੀ ਦੀਆਂ 'ਜੰਗਾਂ' ਦਾ ਰੂਪ ਧਾਰਦੇ ਜਾ ਰਹੇ ਹਨ। ਕੁਲੀਨ ਵਰਗ ਦੀ ਇੱਕ ਦਾਅਵਤ ਵਿੱਚ ਕੋਈ ਕਹਿ ਰਿਹਾ ਹੈ ਕਿ '' . . . ਵੱਡੇ ਵਿਦੇਸ਼ੀ ਨਿਵੇਸ਼ ਤੋਂ ਬਿਨਾਂ ਪਾਣੀ ਦੀ ਸਪਲਾਈ ਚਾਲੂ ਨਹੀਂ ਰੱਖੀ ਜਾ ਸਕਦੀ। ਇਹ ਲੋਕ (ਸੰਘਰਸ਼ ਕਰਨ ਵਾਲੇ) ਸਮਝਦੇ ਹਨ ਕਿ ਸਰਕਾਰੀ ਪੈਸਾ ਦਰੱਖਤਾਂ ਨੂੰ ਲੱਗਦਾ ਹੈ।'' ਉਹ ਬੋਲਦਾ ਹੋਇਆ ਭਾਰਤ ਦੀ ਕੌਮੀ ਜਲ ਨੀਤੀ 2012 ਦੀ ਵਕਾਲਤ ਕਰਦਾ ਜਾਪਦਾ ਹੈ ਕਿਉਂਕਿ ਪਾਣੀ ਹੜੱਪਣ ਵਾਲਿਆਂ ਦੇ ਸੰਸਾਰ ਪੱਧਰੇ 'ਵਕੀਲ' ਇਹੀ ਸੰਸਾਰ ਪੱਧਰੀ 'ਦਲੀਲ' ਦਿੰਦੇ ਹਨ।

ਪਾਣੀ-ਜੰਗਾਂ ਜ਼ੋਰ ਫੜ ਰਹੀਆਂ ਹਨ ਅਤੇ ਡੇਨੀਅਲ ਨੂੰ ਫੜ ਕੇ ਜੇਲ ਵਿੱਚ ਸੁੱਟ ਦਿੱਤਾ ਜਾਂਦਾ ਹੈ। ਫ਼ਿਲਮ ਦਾ ਇੱਕ ਜ਼ਰੂਰੀ ਸੀਨ ਫਿਲਮਾਉਣਾ ਬਾਕੀ ਹੈ ਅਤੇ ਉਸ ਲਈ ਡੇਨੀਅਲ ਚਾਹੀਦਾ ਹੈ। ਨਿਰਮਾਤਾ ਕੌਸਟਾ ਪੁਲਸੀਆਂ ਨੂੰ ਰਿਸ਼ਵਤ ਦੇ ਕੇ ਡੇਨੀਅਲ ਨੂੰ ਇੱਕ ਦਿਨ ਲਈ ਛੁੜਵਾ ਲੈਂਦਾ ਹੈ। ਉਹ ਸੀਨ ਕੀ ਹੈ?

ਜੰਗਲ ਵਿੱਚ ਉਹ ਬਾਗ਼ੀ ਬੰਨੇ ਹੋਏ ਹਨ ਜਿਹਨਾਂ ਨੇ ਕੋਲੰਬਸੀ ਧਾੜਵੀਆਂ ਖਿਲਾਫ਼ ਬਗ਼ਾਵਤ ਕੀਤੀ ਹੈ। ਉਹਨਾਂ ਨੂੰ ਸਲੀਬ ਦਿੱਤੀ ਜਾ ਰਹੀ ਹੈ। ਉਹਨਾਂ ਵਿਚ ਬਾਗ਼ੀ ਆਗੂ ਦੀ ਭੂਮਿਕਾ ਵਿੱਚ ਡੇਨੀਅਲ ਵੀ ਖੜਾ ਹੈ। ਸਲੀਬ ਦੇਣ ਵੇਲੇ ਇਹਨਾਂ ਅਧਨੰਗੇ ਬਾਗ਼ੀਆਂ, ਜਿਹਨਾਂ ਨੂੰ ਕਿਸੇ ਵੇਲੇ ਇਸਾਈ ਬਣਾਇਆ ਗਿਆ ਸੀ, ਨੂੰ ਈਸਾ ਤੋਂ ਮਾਫ਼ੀ ਮੰਗਣ ਲਈ ਕਿਹਾ ਜਾ ਰਿਹਾ ਹੈ। ਪਰ ਉਹ ਤਰੰਨਮ ਵਿੱਚ ਅਲਾਪ ਰਹੇ ਹਨ, ''ਅਸੀਂ ਤੁਹਾਡੇ ਰੱਬ ਨੂੰ ਨਫ਼ਰਤ ਕਰਦੇ ਹਾਂ।'' ਇਹ ਧਾੜਵੀਆਂ ਅਤੇ ਪੀੜਤਾਂ ਦੇ ਰੱਬਾਂ ਦੇ ਵੱਖ-ਵੱਖ ਹੋਣ ਦੀ ਨਿਸ਼ਾਨਦੇਹੀ ਹੈ।

ਇੰਨੇ ਵਿੱਚ ਹੀ ਪੁਲਿਸ ਆਉਂਦੀ ਹੈ ਤੇ ਡੇਨੀਅਲ ਨੂੰ ਗ੍ਰਿਫਤਾਰ ਕਰਕੇ ਗੱਡੀ ਵਿੱਚ ਸੁੱਟ ਲੈਂਦੀ ਹੈ। ਡੇਨੀਅਲ ਦੇ ਸਾਥੀ ਕਲਾਕਾਰ ਪੁਲਿਸ ਨਾਲ ਭਿੜਦੇ ਹਨ ਅਤੇ ਗੱਡੀ ਮੂਧੀ ਮਾਰ ਦਿੰਦੇ ਹਨ। ਇਹ ਦ੍ਰਿਸ਼ ਹੈ ਜਿਹੜਾ ਇਤਿਹਾਸ ਦੇ ਟਾਕਰੇ ਨੂੰ ਹੀ ਵਰਤਮਾਨ ਦੀ ਲੁੱਟ ਦੇ ਵਿਰੋਧ ਦਾ ਚਿੰਨ ਵਿਖਾਉਂਦਾ ਹੈ। ਇਤਿਹਾਸ 'ਚੋਂ ਆਏ ਅਧਨੰਗੇ ਇੰਡੀਅਨ ਬੋਲੀਵੀਆ ਦੀ ਵਰਤਾਮਾਨ ਪੁਲਿਸ ਨਾਲ ਭਿੜ ਰਹੇ ਹਨ। ਸੰਘਰਸ਼ ਦੀ ਰਵਾਇਤ ਦਾ ਵਰਤਮਾਨ ਦੇ ਮੁਨਾਫ਼ੇ ਦੀ ਲਲਕ ਦੇ ਮੂੰਹ 'ਤੇ ਥੱਪੜ ਪੈਂਦਾ ਹੈ ਅਤੇ ਉਹ ਅਧਨੰਗੇ ਜਿਹੇ ਲੋਕ ਡੇਨੀਅਲ ਨੂੰ ਛੁਡਾ ਕੇ ਲੈ ਜਾਂਦੇ ਹਨ।

ਹੁਣ ਪੂਰਾ ਬੋਲੀਵੀਆ ਮੱਚ ਰਿਹਾ ਹੈ। ਸੜਕਾਂ ਜਾਮ ਹਨ, ਦੇਸ਼ ਵਿੱਚ ਐਮਰਜੈਂਸੀ ਦਾ ਐਲਾਨ ਹੋ ਚੁੱਕਿਆ ਹੈ, ਸੜਕਾਂ ਤੇ ਫੌਜ ਦਾ ਆਤੰਕ ਹੈ, ਗਲੀਆਂ ਵਿੱਚ ਲੋਕਾਂ ਅਤੇ ਫੌਜ ਦੀਆਂ ਝੜਪਾਂ ਹਨ, ਡੇਨੀਅਲ ਦੀ ਧੀ ਜਖ਼ਮੀ ਹੈ, ਅਤੇ ਫਿਲਮ ਵਾਲੇ ਡਰੇ ਹੋਏ ਹਨ। ਅੰਤ ਏਸ ਰਾਤ ਦੀ ਸੁਬਾਹ ਹੁੰਦੀ ਹੈ। ਧੂੰਏ ਦੇ ਬੱਦਲਾਂ 'ਚੋਂ ਇੱਕ ਪਾਦਰੀ ਦੀ ਆਵਾਜ਼ ਆਉਂਦੀ ਹੈ ''ਤੁਹਾਡਾ ਪਾਣੀ ਤੁਹਾਡਾ ਹੀ ਹੈ''। ਅੱਜ ਦੇ ਕੋਲੰਬਸ ਝੁਕਾ ਲਏ ਜਾਂਦੇ ਹਨ, ਨਿੱਜੀਕਰਨ ਰੋਕ ਦਿੱਤਾ ਜਾਂਦਾ ਹੈ। ਬੋਲੀਵੀਆ ਪਾਣੀ ਦੇ ਸੰਘਰਸ਼ ਦਾ ਪ੍ਰਤੀਕ ਹੋ ਨਿੱਬੜਦਾ ਹੈ ਕਿ ਪਾਣੀ ਲਈ ਲੜਨਾ ਬੋਲੀਵੀਆ ਤੋਂ ਸਿੱਖੋ।

ਪਰ ਗੱਲ ਸਿਰਫ਼ ਪਾਣੀ ਦੀ ਨਹੀਂ। ਸਗੋਂ ਗੱਲ ਪਾਣੀ ਤੱਕ ਵਧ ਚੁੱਕੀ ਹੈ। ਫਿਲਮ ਦੇ ਸ਼ੁਰੂ ਵਿੱਚ ਵਿਦੇਸ਼ੀ ਕਲਾਕਾਰ ਇੰਡੀਅਨਾਂ ਤੋਂ ਮੌਜ ਵਜੋਂ ਉਹਨਾਂ ਦੀ ਸ਼ਬਦਾਵਲੀ ਪੁੱਛ ਰਿਹਾ ਹੈ। ਤੇ ਉਸ ਨੂੰ ਪਤਾ ਲੱਗਦਾ ਹੈ ਕਿ ਉਹਨਾਂ ਦੀ ਭਾਸ਼ਾ ਵਿੱਚ ਪਾਣੀ 'ਯਾਕੂ' ਹੈ। ਦੂਜਾ ਕਲਾਕਾਰ ਕਹਿੰਦਾ ਹੈ ਕਿ ਕੀ ਫਾਇਦਾ ਇਹ ਪੁੱਛਣ ਦਾ ਕਿਉਂਕਿ ਉਹ ਪਾਣੀ ਦੇ ਯਾਕੂ ਹੋਣ ਨੂੰ ਬਹੁਤੀ ਦੇਰ ਯਾਦ ਨਹੀਂ ਰੱਖੇਗਾ। ਅੰਤ ਵਿੱਚ ਡੇਨੀਅਲ ਕੌਸਟਾ ਨੂੰ ਇੱਕ ਤੋਹਫ਼ਾ ਦਿੰਦਾ ਹੈ। ਉਹ ਤੋਹਫ਼ਾ ਖੋਲਦਾ ਹੈ ਤਾਂ ਇਹ ਇੱਕ ਪਾਣੀ ਦੀ ਸ਼ੀਸ਼ੀ ਹੈ। ਉਸਦੇ ਮੂੰਹ 'ਚੋਂ ਆਪ-ਮੁਹਾਰੇ ਨਿਕਲਦਾ ਹੈ ਯਾਕੂ। ਅਰਥ ਸਪੱਸ਼ਟ ਹੈ, ਕੌਸਟਾ ਕਦੇ ਵੀ ਭੁਲਾ ਨਹੀਂ ਸਕੇਗਾ ਕਿ ਇੰਡੀਅਨ ਪਾਣੀ ਨੂੰ 'ਯਾਕੂ' ਕਹਿੰਦੇ ਹਨ।




Royal
Royal
Executive Homes
Executive Homes
TOWN HOUSES IN WILDWOOD
HAPPY NEW YEAR!
Only 10 Left
Available from 1232 sq ft. to 1589 sq ft. with attached Single and Double Garage. Starting price: $ 309,900
PRICE REDUCED
Now only $289,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
Anthony Henday
19th St.
Commercial Land
17th St.
34th Ave
FUTURE SHOPPING CENTER
23rd Ave
SHOW HOME OPEN
NOW
For Show Home Hours: Contact 780-965-7390
Wild Wood
TOWN HOUSES
1820, 34th Ave
Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call Sales Contact :
Roohi@ 780-905-6970 OR
Kul Bhatia @ 780-266-5500

**Sohail Quadri, MLA Edmonton Mill Woods presenting CIP (Community Initiative Program) Grant cheques**







**From L-R: Mill Woods Seniors Activity Centre, Ramgarhia Gursikh Society of Edmonton, Paralympic Sports Association, Mill Woods Hockey Association, Igbo Cultural Association of Edmonton, Weinlos School and to the South Side Athletic Club.**

101 9807 34 Ave
Edmonton AB T6E 5X9
(780) 414-1000
(780) 850-4080

I am accessible anytime at
edmonton.millwoods@assembly.ab.ca
http://quadri.mypcmla.ca

We also provide Notary and Commissioner of Oaths Services (Appointments Only)

Our office is also accepting Food Bank Donations. Please drop by and support the Edmonton Food Bank.

**BRIDGEPORT HOMES LTD.**

**BEST PRICES IN TOWN**
**WE ASSURE BEATING MARKET PRICE**

Diwali Bumper Offer in $350000.00 Only

**Now New Homes in wildwood crs (South Edmonton)**
**loaded with Upgrades & Ready to Move**



2 Car Detached Garage Homes only in $350000.00

ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

**For more information Call: DOLLY CHAUHAN @ 780-935-7718**